$40
Tanya's
$20 BEAUTY SALOON
THREADING / WAXING, FACIAL (MEN & WOMEN)
ANTI-AGING FACIAL, BLEACH, HAIR CUT, COLOR & STYLE
40-39 75ST. JACKSON HEIGHTS
NY TEL : 718-478-9009
137-40 JAMAICA AVE., JAMAICA
NY 11435 TEL : 718-297-1019
85-03 ROOSEVELT AVE.,
JACKSON HEIGHTS NY 11373 TEL : 718-205-7832

Ad Space Available
Call: 847-359-0746

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜ਼ਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
ਬੌਬੀ ਸਿੰਘ
(ਸੈਲ): 718-757-7809
ਫੋਨ (ਦਫਤਰ): 516-439-5420
(ਫੈਕਸ): 516-439-5418
ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

Sixteenth Year of Publication ਨਿਊ ਯਾਰਕ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 16, Issue 10, March 7, 2015 20451 N Plum Grove Rd., Palatine, IL 60074 Ph:847-359-0746, Fax:847-705-9388

# ਪੰਜਾਬ 'ਚ ਨਿੱਕੀਆਂ ਚੋਣਾਂ ਨੇ ਦਿੱਤਾ ਵੱਡਾ ਸੁਨੇਹਾ

## ਅਗਲੀਆਂ ਵਿਧਾਨ ਸਭਾ ਚੋਣਾਂ ਦਾ ਪਿੜ ਬੰਨ੍ਹਿਆ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਪੰਜਾਬ ਵਿਚ ਸ਼ਹਿਰੀ ਸੰਸਥਾਵਾਂ ਦੀਆਂ ਚੋਣਾਂ ਦੇ ਨਤੀਜਿਆਂ ਨੇ ਸੂਬੇ ਦੀ ਸਿਆਸਤ ਨੂੰ ਨਵੀਂ ਸੇਧ ਦੇਣ ਵੱਲ ਸੈਨਤ ਮਾਰ ਦਿੱਤੀ ਹੈ। ਇਨ੍ਹਾਂ ਚੋਣਾਂ ਵਿਚ ਕਿਸੇ ਸਿਆਸੀ ਪਾਰਟੀ ਦੀ ਥਾਂ ਉਮੀਦਵਾਰ ਦੇ ਨਿੱਜੀ ਆਧਾਰ ਨੂੰ ਫਤਵਾ ਮਿਲਿਆ ਹੈ। ਸੂਬੇ ਦੀਆਂ 128 ਨਗਰ ਕੌਂਸਲ, ਨਗਰ ਪੰਚਾਇਤਾਂ ਤੇ ਨਗਰ ਨਿਗਮ ਚੋਣਾਂ ਦੇ ਨਤੀਜਿਆਂ ਨੇ ਸਿਆਸੀ ਪਾਰਟੀਆਂ ਦੇ ਕੰਨ ਖੜ੍ਹੇ ਕਰ ਦਿੱਤੇ ਹਨ। ਚੋਣਾਂ ਵਿਚ ਆਜ਼ਾਦ ਉਮੀਦਵਾਰਾਂ ਨੂੰ ਮਿਲੇ ਭਰਵੇਂ ਹੁੰਗਾਰੇ ਨੇ ਸੰਕੇਤ ਦਿੱਤਾ ਹੈ ਕਿ ਪੰਜਾਬ ਦੀ ਜਨਤਾ ਦਾ ਰਵਾਇਤੀ ਪਾਰਟੀਆਂ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਤੋਂ ਮੋਹ-ਭੰਗ ਹੋ ਚੁੱਕਾ ਹੈ ਤੇ ਹੁਣ ਉਹ ਲੋਕ ਮਸਲੇ ਚੁੱਕਣ ਵਾਲੀ ਕਿਸੇ ਧਿਰ ਦੀ ਉਡੀਕ ਵਿਚ ਹਨ। ਰਵਾਇਤੀ ਪਾਰਟੀਆਂ ਲਈ ਨਮੋਸ਼ੀ ਦੀ ਗੱਲ ਇਹ ਵੀ ਹੈ ਕਿ ਚੋਣ ਜਿੱਤੇ ਜ਼ਿਆਦਾਤਰ ਆਜ਼ਾਦ ਉਮੀਦਵਾਰ ਇਨ੍ਹਾਂ ਪਾਰਟੀਆਂ ਤੋਂ ਬਾਗੀ ਹੋਏ ਉਮੀਦਵਾਰ ਹਨ।

ਨਗਰ ਕੌਂਸਲਾਂ ਦੇ ਕੁੱਲ 2044 ਵਾਰਡਾਂ ਵਿਚੋਂ 813 ਅਕਾਲੀ, 624 ਆਜ਼ਾਦ, 348 ਭਾਜਪਾ ਤੇ 253 ਉਤੇ ਕਾਂਗਰਸ ਨੇ ਜਿੱਤ ਹਾਸਲ ਕੀਤੀ ਹੈ। ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਭਾਵੇਂ ਸਭ ਤੋਂ ਵੱਧ ਸੀਟਾਂ ਜਿੱਤਣ ਵਿਚ ਸਫਲ ਰਿਹਾ, ਪਰ ਜਿੱਤ ਪੱਖੋਂ ਦੂਜੇ ਨੰਬਰ 'ਤੇ ਰਹਿ ਕੇ ਆਜ਼ਾਦ ਉਮੀਦਵਾਰਾਂ ਨੇ ਸਿਆਸੀ ਧਿਰਾਂ ਦੀ ਗਿਣਤੀ-ਮਿਣਤੀ ਹਿਲਾ ਦਿੱਤੀ ਹੈ। ਲੋਕ ਸਭਾ ਚੋਣਾਂ ਤੋਂ ਬਾਅਦ ਰਾਜਸੀ ਪਾਰਟੀਆਂ ਲਈ ਲੋਕ ਕਚਹਿਰੀ ਵਿਚ ਜਾਣ ਦੀ ਇਹ ਪਹਿਲੀ ਪ੍ਰੀਖਿਆ ਸੀ। ਇਸ ਵਿਚ ਕਾਂਗਰਸ ਨੂੰ ਵੱਡਾ ਝਟਕਾ ਲੱਗਿਆ ਅਤੇ ਭਾਜਪਾ ਨੂੰ ਵੀ ਆਸ ਮੁਤਾਬਕ ਲੋਕਾਂ ਦਾ ਸਮਰਥਨ ਨਹੀਂ ਮਿਲਿਆ। ਜੇ ਪਾਰਟੀ ਮੁਤਾਬਕ ਮੁਲੰਕਣ ਕੀਤਾ ਜਾਵੇ, ਤਾਂ ਅਕਾਲੀ ਦਲ ਨੂੰ 301 ਵਾਰਡਾਂ ਵਿਚੋਂ ਸਿਰਫ਼ 80, ਭਾਵ 27 ਫ਼ੀਸਦੀ ਵਾਰਡਾਂ ਉਤੇ ਜਿੱਤ ਹਾਸਲ ਹੋਈ ਹੈ। ਇਸੇ ਤਰ੍ਹਾਂ ਭਾਜਪਾ ਨੂੰ 28 ਫ਼ੀਸਦੀ, ਭਾਵ 85 ਵਾਰਡਾਂ ਵਿਚ ਸਫ਼ਲਤਾ ਮਿਲੀ। ਦੂਜੇ ਪਾਸੇ ਕਾਂਗਰਸ 22 ਫ਼ੀਸਦੀ ਅਤੇ ਆਜ਼ਾਦ 21 ਫ਼ੀਸਦੀ ਵਾਰਡ ਜਿੱਤਣ ਵਿਚ ਸਫ਼ਲ ਰਹੇ। ਇਨ੍ਹਾਂ ਦੋਵਾਂ ਨੂੰ ਕ੍ਰਮਵਾਰ 67 ਤੇ 64 ਥਾਂਵਾਂ 'ਤੇ ਜਿੱਤ ਮਿਲੀ ਹੈ। ਬਸਪਾ ਵੀ ਦੋ ਥਾਂ ਖਾਤਾ ਖੋਲ੍ਹਣ ਵਿਚ ਸਫ਼ਲ ਰਹੀ।

ਉਧਰ, ਨਗਰ ਨਿਗਮ ਚੋਣਾਂ ਦੇ ਨਤੀਜਿਆਂ ਵਿਚ ਵੀ ਆਜ਼ਾਦ ਉਮੀਦਵਾਰਾਂ ਨੇ ਰਵਾਇਤੀ ਪਾਰਟੀਆਂ ਨੂੰ ਬਰਾਬਰ ਦੀ ਟੱਕਰ ਦਿੱਤੀ ਹੈ। ਮੁਹਾਲੀ ਵਿਚ ਅਕਾਲੀ ਦਲ ਨੂੰ 16, ਭਾਜਪਾ ਨੂੰ ਸੱਤ ਤੇ ਕਾਂਗਰਸ ਨੂੰ 14 ਸੀਟਾਂ ਮਿਲੀਆਂ ਜਦੋਂ

(ਬਾਕੀ ਸਫਾ 6 'ਤੇ)



### ਭਾਜਪਾ ਦਾ 'ਅਕੇਲਾ ਚਲੋ' ਵਾਲਾ ਭਰਮ ਟੁੱਟਿਆ

ਲੋਕ ਸਭਾ ਚੋਣਾਂ ਤੋਂ ਬਾਅਦ ਭਾਜਪਾ ਵੱਲੋਂ ਜਨ ਆਧਾਰ ਵਧਣ ਦਾ ਭਰਮ ਪਾਲਿਆ ਜਾ ਰਿਹਾ ਸੀ ਤੇ ਭਾਈਵਾਲ ਅਕਾਲੀ ਦਲ ਨੂੰ ਲਗਾਤਾਰ ਅੱਖਾਂ ਵਿਖਾਈਆਂ ਜਾ ਰਹੀਆਂ ਸਨ, ਪਰ ਸ਼ਹਿਰੀ ਸੰਸਥਾਵਾਂ ਦੀਆਂ ਚੋਣਾਂ ਨੇ ਭਾਜਪਾ ਦਾ ਇਹ ਭਰਮ ਤੋੜ ਦਿੱਤਾ ਹੈ। ਤਰਨਤਾਰਨ, ਬਟਾਲਾ ਤੇ ਨਡਾਲਾ ਵਿਚ ਦੋਵਾਂ ਧਿਰਾਂ ਵੱਲੋਂ ਇਕ-ਦੂਜੇ ਦੇ ਖ਼ਿਲਾਫ਼ ਚੋਣ ਲੜੀ ਗਈ। ਹੋਰ ਵੀ ਤਕਰੀਬਨ ਸਾਰੇ ਸ਼ਹਿਰਾਂ ਵਿਚ ਕੁਝ ਨਾ ਕੁਝ ਵਾਰਡਾਂ ਵਿਚ ਦੋਵੇਂ ਹਿੱਸੇਦਾਰਾਂ ਨੇ ਇਕ-ਦੂਜੇ ਖ਼ਿਲਾਫ਼ ਚੋਣ ਲੜੀ। ਤਰਨਤਾਰਨ ਦੀਆਂ 23 ਸੀਟਾਂ ਵਿਚੋਂ ਅਕਾਲੀ ਦਲ ਨੇ 16 ਜਿੱਤ ਲਈਆਂ ਤੇ ਬਟਾਲਾ, ਜਿਥੇ ਅਕਾਲੀ-ਭਾਜਪਾ ਆਹਮੋ-ਸਾਹਮਣੇ ਸਨ, ਵਿਚ ਵੀ ਅਕਾਲੀਆਂ ਨੇ ਬਾਕੀ ਪਾਰਟੀਆਂ ਨੂੰ ਪਛਾੜ ਦਿੱਤਾ। ਦੂਜੇ ਪਾਸੇ ਨਗਰ ਕੌਂਸਲ ਚੋਣਾਂ ਵਿਚ ਆਪਣੇ ਦਮ 'ਤੇ ਮੁਕਾਬਲਾ ਕਰਨ ਦਾ ਯਤਨ ਕਰ ਰਹੀ ਭਾਜਪਾ ਦੇ ਹੱਥ ਵੀ ਜ਼ਿਆਦਾ ਸਫ਼ਲਤਾ ਨਹੀਂ ਲੱਗੀ।

# 'ਆਪ' ਵਿਚ ਆਪੋ-ਧਾਪ



**ਚੰਡੀਗੜ੍ਹ:** ਦਿੱਲੀ ਵਿਧਾਨ ਸਭਾ ਚੋਣਾਂ ਵਿਚ ਰਵਾਇਤੀ ਪਾਰਟੀਆਂ ਦੀ ਗਿਣਤੀ-ਮਿਣਤੀ ਹਿਲਾਉਣ ਵਾਲੀ ਆਮ ਆਦਮੀ ਪਾਰਟੀ (ਆਪ) ਅੰਦਰੂਨੀ ਕਲੇਸ਼ ਵਿਚ ਉਲਝ ਗਈ ਹੈ। 'ਆਪ' ਦੀ ਕੇਂਦਰੀ ਇਕਾਈ ਵਿਚ ਅਰਵਿੰਦ ਕੇਜਰੀਵਾਲ ਦੀ ਭੂਮਿਕਾ ਉਤੇ 'ਇਕ ਬੰਦਾ-ਇਕ ਅਹੁਦਾ' ਦੀ ਮੰਗ ਨੂੰ ਲੈ ਕੇ ਗੰਭੀਰ ਮਤਭੇਦ ਪੈਦਾ ਹੋ ਗਏ ਹਨ ਤੇ ਪਾਰਟੀ ਦੇ ਸੀਨੀਅਰ ਆਗੂ ਪ੍ਰਸ਼ਾਂਤ ਭੂਸ਼ਨ ਤੇ ਯੋਗੇਂਦਰ ਯਾਦਵ 'ਤੇ ਕੇਜਰੀਵਾਲ ਨੂੰ ਕਨਵੀਨਰ ਦੇ ਅਹੁਦੇ ਤੋਂ ਹਟਾਉਣ ਦੇ ਯਤਨਾਂ ਦੇ ਦੋਸ਼ ਲੱਗੇ ਹਨ। ਦੂਜੇ ਪਾਸੇ 'ਆਪ' ਦੇ ਮੁਖੀ ਅਰਵਿੰਦ ਕੇਜਰੀਵਾਲ ਨੇ ਕਿਹਾ ਹੈ ਕਿ ਇਸ 'ਕੋਝੀ ਲੜਾਈ' ਨੇ ਲੋਕਾਂ ਵਲੋਂ ਪਾਰਟੀ ਵਿਚ ਪ੍ਰਗਟਾਇਆ ਭਰੋਸਾ ਤੋੜਿਆ ਹੈ।

ਪਾਰਟੀ ਦਾ ਅੰਦਰੂਨੀ ਸੰਕਟ ਉਸ ਸਮੇਂ ਡੂੰਘਾ ਹੋ ਗਿਆ ਸੀ ਜਦੋਂ ਪ੍ਰਸ਼ਾਂਤ ਭੂਸ਼ਣ ਵਲੋਂ ਪਿਛਲੇ ਹਫ਼ਤੇ ਲਿਖੀ ਚਿੱਠੀ ਜਨਤਕ ਹੋ ਗਈ ਸੀ। ਇਸ ਚਿੱਠੀ ਵਿਚ ਭੂਸ਼ਣ ਨੇ ਕਿਹਾ ਸੀ ਕਿ 'ਇਕ ਵਿਅਕਤੀ ਕੇਂਦਰਤ' ਪ੍ਰਚਾਰ ਮੁਹਿੰਮ ਨਾਲ ਪਾਰਟੀ ਦੂਜੀਆਂ ਪਾਰਟੀਆਂ ਵਾਂਗ ਦਿਖੇਗੀ ਅਤੇ ਉਨ੍ਹਾਂ ਨੇ ਪਾਰਟੀ ਅੰਦਰ ਜ਼ਿਆਦਾ ਸਵੈਰਾਜ ਦੀ ਪੈਰਵੀ ਕੀਤੀ ਸੀ। ਯਾਦਵ ਦੇ ਨਾਲ ਭੂਸ਼ਣ ਨੇ ਕੌਮੀ ਕਾਰਜਕਾਰਨੀ ਨੂੰ ਸਾਂਝੀ ਚਿੱਠੀ ਵੀ ਦਿੱਤੀ ਸੀ ਅਤੇ ਨੈਤਿਕਤਾ ਤੇ ਸ਼ਿਕਾਇਤ ਕਮੇਟੀ ਦੀਆਂ ਗੱਲਾਂ ਨੂੰ ਲਾਗੂ ਕਰਨ ਦੀ ਮੰਗ ਕੀਤੀ ਸੀ।

ਦੱਸਣਯੋਗ ਹੈ ਕਿ 'ਆਪ' ਦੀ ਸਿਆਸੀ ਮਾਮਲਿਆਂ ਬਾਰੇ ਕਮੇਟੀ (ਪੀ.ਏ.ਸੀ.) ਦੇ ਮੈਂਬਰ ਪ੍ਰਸ਼ਾਂਤ ਭੂਸਣ ਵੱਲੋਂ 26 ਫਰਵਰੀ ਨੂੰ ਪਾਰਟੀ ਦੀ ਕੌਮੀ ਕਾਰਜਕਾਰਨੀ ਦੇ ਮੈਂਬਰਾਂ ਨੂੰ ਲਿਖੇ ਪੱਤਰ ਵਿਚ ਕਈ ਨੁਕਤੇ ਉਠਾਏ ਸਨ। ਸ੍ਰੀ ਭੂਸ਼ਣ ਮੁਤਾਬਕ ਹੋਰ ਪਾਰਟੀਆਂ ਵਿਚੋਂ ਲਿਆਂਦੇ ਉਮੀਦਵਾਰਾਂ ਨਾਲ ਪਾਰਟੀ ਮੂਲ

(ਬਾਕੀ ਸਫਾ 6 'ਤੇ)

## ਪੰਜਾਬ ਵਿਚ ਵੀ ਨਹੀਂ ਖੈਰਾਂ...

ਆਮ ਆਦਮੀ ਪਾਰਟੀ (ਆਪ) ਦੀ ਪੰਜਾਬ ਇਕਾਈ ਵਿਚ ਵੀ ਘਮਾਸਾਣ ਚੱਲ ਰਿਹਾ ਹੈ। ਪੰਜਾਬ ਇਕਾਈ ਦਾ ਮਾਮਲਾ ਹੁਣ ਦਿੱਲੀ ਦਰਬਾਰ ਪੁੱਜ ਗਿਆ ਹੈ ਜਿਸ ਕਾਰਨ ਪੰਜਾਬ ਇਕਾਈ ਦੇ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਦੀ ਕੁਰਸੀ ਨੂੰ ਵੀ ਖ਼ਤਰਾ ਖੜ੍ਹਾ ਹੋ ਗਿਆ ਹੈ। ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਬੁਲਾਰੇ ਸੁਖਪਾਲ ਸਿੰਘ ਖਹਿਰਾ ਦੀ 'ਆਪ' ਵਿਚ ਸ਼ਮੂਲੀਅਤ ਦੇ ਮਾਮਲੇ ਨੇ ਪਾਰਟੀ ਆਗੂਆਂ ਵਿਚ ਦੂਰੀ ਵਧਾ ਦਿੱਤੀ ਹੈ। ਪਾਰਟੀ ਦੇ ਪੰਜਾਬ ਤੋਂ ਚਾਰ ਸੰਸਦ ਮੈਂਬਰਾਂ ਵੱਲੋਂ ਸ. ਛੋਟੇਪੁਰ ਉਤੇ ਆਪਹੁਦਰੇਪਣ ਦੇ ਦੋਸ਼ ਲਾਏ ਜਾ ਰਹੇ ਹਨ। ਅਸਲ ਵਿਚ ਸੰਸਦ ਮੈਂਬਰਾਂ ਸਮੇਤ ਸੂਬੇ ਦੇ ਕਈ ਹੋਰ ਆਗੂ, ਸੁਖਪਾਲ ਸਿੰਘ ਖਹਿਰਾ ਨੂੰ 'ਆਪ' ਵਿਚ

(ਬਾਕੀ ਸਫਾ 6 'ਤੇ)

ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25 2,800 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਦੁਨੀਆਂ ਦੇ ਕਿਸੇ ਫੋਨ ਵਿੱਚ ਅਸੀਂ ਪੈਸੇ ਪਾ ਸਕਦੇ ਹਾਂ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ।
✓ ਵਧੀਆ, ਸਾਫ਼ ਆਵਾਜ਼
✓ ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
✓ ਬਗੈਰ ਪਿੰਨ ਤੋਂ ਵਰਤੋ
✓ ਸਪੀਡ ਵਾਲੇ ਨੰਬਰ ਸੈਟ ਕਰੋ
Limited Time Offer. Restrictions & Additional Fees Apply.
800.914.1013 • 408.659.9400

# ਪੀ.ਡੀ.ਪੀ. ਤੇ ਭਾਜਪਾ ਸਰਕਾਰ ਵਿਚਕਾਰ ਪਹਿਲੇ ਦਿਨ ਹੀ ਰੱਫੜ

**ਜੰਮੂ:** ਜੰਮੂ ਕਸ਼ਮੀਰ ਵਿਚ ਨਵੀਂ ਬਣੀ ਪੀਪਲਜ਼ ਡੈਮੋਕਰੈਟਿਕ ਪਾਰਟੀ (ਪੀ.ਡੀ.ਪੀ.) ਤੇ ਭਾਜਪਾ ਦੀ ਸਾਂਝੀ ਸਰਕਾਰ ਵਿਵਾਦਾਂ ਵਿਚ ਘਿਰ ਗਈ ਹੈ। ਸਹੁੰ ਚੁਕਣ ਤੋਂ ਤੁਰਤ ਬਾਅਦ ਮੁੱਖ ਮੰਤਰੀ ਮੁਫ਼ਤੀ ਮੁਹੰਮਦ ਸਈਦ ਨੇ ਇਹ ਕਹਿ ਕੇ ਵਿਵਾਦ ਖੜਾ ਕਰ ਦਿੱਤਾ ਹੈ ਕਿ ਹੁਰੀਅਤ, ਅਤਿਵਾਦੀ ਸੰਗਠਨਾਂ ਤੇ ਸਰਹੱਦ ਪਾਰ ਤੋਂ ਲੋਕਾਂ ਨੇ ਕਸ਼ਮੀਰ ਵਿਚ ਵਿਧਾਨ ਸਭਾ ਚੋਣਾਂ ਲਈ ਬਿਹਤਰ ਮਾਹੌਲ ਤਿਆਰ ਕੀਤਾ। ਉਨ੍ਹਾਂ ਦਾ ਅਸਿੱਧਾ ਇਸ਼ਾਰਾ ਪਾਕਿਸਤਾਨ ਵੱਲ ਸੀ।

ਸਈਦ ਵੱਲੋਂ ਸੂਬੇ ਵਿਚ ਹੋਈਆਂ ਅਮਨਪੂਰਵਕ ਚੋਣਾਂ ਦਾ ਸਿਹਰਾ ਪਾਕਿਸਤਾਨ, ਹੁਰੀਅਤ ਤੇ ਅਤਿਵਾਦੀਆਂ ਸਿਰ ਬੰਨ੍ਹਣ ਦਾ ਲੋਕ ਸਭਾ ਤੇ ਰਾਜ ਸਭਾ ਵਿਚ ਕਾਂਗਰਸ ਸਮੇਤ ਸਭ ਵਿਰੋਧੀ ਪਾਰਟੀਆਂ ਨੇ ਜ਼ੋਰਦਾਰ ਵਿਰੋਧ ਕੀਤਾ ਹੈ। ਉਨ੍ਹਾਂ ਨੇ ਬਿਆਨ ਨੂੰ ਗੰਭੀਰ ਤੇ ਰਾਸ਼ਟਰ ਵਿਰੋਧੀ ਕਰਾਰ ਦਿੰਦਿਆਂ ਇਸ ਬਾਰੇ ਪ੍ਰਧਾਨ ਮੰਤਰੀ ਦੇ ਬਿਆਨ ਦੀ ਮੰਗ ਕੀਤੀ। ਭਾਜਪਾ ਨੂੰ ਮੁੱਖ ਮੰਤਰੀ ਦੇ ਬਿਆਨ ਨਾਲੋਂ ਆਪਣੇ-ਆਪ ਨੂੰ ਵੱਖ ਕਰਨਾ ਪਿਆ। ਇਸੇ ਦੌਰਾਨ ਮੁਫਤੀ ਮੁਹੰਮਦ ਸਈਦ ਨੇ ਕਿਹਾ ਕਿ ਉਹ ਆਪਣੇ ਬਿਆਨ 'ਤੇ ਕਾਇਮ ਹਨ ਤੇ ਮਹਿਬੂਬਾ ਮੁਫਤੀ ਨੇ ਵੀ ਆਪਣੇ ਪਿਤਾ ਨੂੰ ਸਹੀ ਕਰਾਰ ਦਿੱਤਾ।

ਪੀ.ਡੀ.ਪੀ. ਦੇ ਸੀਨੀਅਰ ਆਗੂ ਤੇ ਲੋਕ ਸਭਾ ਮੈਂਬਰ ਮੁਜ਼ੱਫਰ ਹੁਸੈਨ ਬੇਗ ਅਨੁਸਾਰ ਪੀ.ਡੀ.ਪੀ.-ਭਾਜਪਾ ਸਰਕਾਰ ਦਾ ਆਗਾਜ਼ ਅੱਛਾ ਨਹੀਂ ਰਿਹਾ। ਕੇਂਦਰੀ ਮੰਤਰੀ ਮੁਖਤਾਰ ਅੱਬਾਸ ਨਕਵੀ ਨੇ ਕਿਹਾ ਕਿ ਜੰਮੂ-ਕਸ਼ਮੀਰ ਦੇ ਲੋਕਾਂ, ਸੁਰੱਖਿਆ ਬਲਾਂ ਤੇ ਚੋਣ ਕਮਿਸ਼ਨ ਸਿਰ ਹੀ ਹਿੰਸਾਮੁਕਤ ਚੋਣਾਂ ਦਾ ਸਿਹਰਾ ਬੰਨ੍ਹਿਆ ਜਾ ਸਕਦਾ ਹੈ। ਕਾਂਗਰਸ ਦਾ ਕਹਿਣਾ ਹੈ ਕਿ ਅਤਿਵਾਦੀਆਂ ਨੂੰ ਅਮਨਪੂਰਵਕ ਚੋਣਾਂ ਲਈ ਜ਼ਿੰਮੇਵਾਰ ਮੰਨਣਾ, ਲੋਕਾਂ ਦੀ ਤੌਹੀਨ ਹੈ। ਸਿਫਰ ਕਾਲ ਦੌਰਾਨ ਰੋਹ ਵਿਚ ਆਈ ਵਿਰੋਧੀ ਧਿਰ ਨੇ ਲੋਕ ਸਭਾ ਵਿਚ ਸਦਨ ਵੱਲੋਂ ਸਈਦ ਦੇ ਬਿਆਨ ਦੀ ਨਿੰਦਾ ਕਰਦਾ ਮਤਾ ਵੀ ਗ੍ਰਹਿਣ ਕਰਨ ਦੀ ਮੰਗ ਕੀਤੀ। ਸਈਦ ਦੀ ਇਸ ਟਿੱਪਣੀ ਦੀ ਨੈਸ਼ਨਲ ਕਾਨਫਰੰਸ ਦੇ ਆਗੂ ਉਮਰ ਅਬਦੁੱਲਾ ਨੇ ਸਖ਼ਤ ਆਲੋਚਨਾ ਕਰਦਿਆਂ ਭਾਜਪਾ ਨੂੰ ਰੁਖ ਸਪਸ਼ਟ ਕਰਨ ਨੂੰ ਕਿਹਾ ਜਦਕਿ ਭਾਜਪਾ ਨੇ ਕਿਹਾ ਕਿ ਜੰਮੂ ਕਸ਼ਮੀਰ ਵਿਚ ਸ਼ਾਂਤਮਈ ਚੋਣਾਂ ਸੰਵਿਧਾਨ ਵਿਚ ਭਰੋਸਾ ਰੱਖਣ ਵਾਲਿਆਂ ਕਾਰਨ ਹੋਈਆਂ।

## ਮੁੱਖ ਮੰਤਰੀ ਸਈਦ ਨੇ ਅਮਨਪੂਰਵਕ ਚੋਣਾਂ ਦਾ ਸਿਹਰਾ ਪਾਕਿਸਤਾਨ ਤੇ ਅਤਿਵਾਦੀਆਂ ਸਿਰ ਬੰਨ੍ਹਿਆ



## ਪੀ.ਡੀ.ਪੀ. ਨੇ ਅਫ਼ਜ਼ਲ ਗੁਰੂ ਦੀਆਂ ਅਸਥੀਆਂ ਮੰਗੀਆਂ

**ਜੰਮੂ:** ਜੰਮੂ ਕਸ਼ਮੀਰ ਦੀ ਸੱਤਾ 'ਤੇ ਕਾਬਜ਼ ਪੀਪਲਜ਼ ਡੈਮੋਕਰੈਟਿਕ ਪਾਰਟੀ (ਪੀ.ਡੀ.ਪੀ.) ਨੇ ਪਾਰਲੀਮੈਂਟ ਹਮਲੇ ਦੇ ਮੁੱਖ ਦੋਸ਼ੀ ਅਫ਼ਜ਼ਲ ਗੁਰੂ ਦੀਆਂ ਅਸਥੀਆਂ ਮੰਗ ਕੇ ਨਵਾਂ ਵਿਵਾਦ ਛੇੜ ਦਿੱਤਾ ਹੈ। ਪੀ.ਡੀ.ਪੀ. ਦੇ ਅੱਠ ਵਿਧਾਇਕਾਂ ਨੇ ਬਿਆਨ ਜਾਰੀ ਕਰਦਿਆਂ ਕਿਹਾ ਕਿ ਪਾਰਟੀ ਨੇ ਅਫ਼ਜ਼ਲ ਗੁਰੂ ਦੀਆਂ ਅਸਥੀਆਂ ਵਾਪਸ ਲੈਣ ਦਾ ਵਾਅਦਾ ਕੀਤਾ ਸੀ ਤੇ ਹੁਣ ਸਮਾਂ ਆ ਗਿਆ ਹੈ ਕਿ ਇਸ ਵਾਅਦੇ ਨੂੰ ਨਿਭਾਇਆ ਜਾਵੇ। ਜ਼ਿਕਰਯੋਗ ਹੈ ਕਿ ਅਫ਼ਜ਼ਲ ਗੁਰੂ ਨੂੰ 9 ਫਰਵਰੀ 2013 ਨੂੰ ਫਾਂਸੀ ਦਿੱਤੀ ਗਈ ਸੀ। ਇਸ ਬਿਆਨ ਨਾਲ ਭਾਜਪਾ ਬਹੁਤ ਕਸੂਤੀ ਫਸ ਗਈ ਹੈ। ਇਸ ਨੇ ਪੀ.ਡੀ.ਪੀ. ਵਿਧਾਇਕਾਂ ਦੀ ਇਸ ਮੰਗ ਦੀ ਆਲੋਚਨਾ ਕੀਤੀ ਹੈ।

## ਪੁਲਿਸ ਨੂੰ ਹੁਣ ਬਦਲਣਾ ਪਵੇਗਾ: ਓਬਾਮਾ

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਕਿਹਾ ਹੈ ਕਿ ਮਿਸੂਰੀ ਤੇ ਨਿਊ ਯਾਰਕ ਵਿਚ ਨਿਹੱਥੇ ਸਿਆਹਫਾਮ ਦੋ ਵਿਅਕਤੀਆਂ ਦੇ ਮਾਰੇ ਜਾਣ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਪੁਲਿਸ ਨੂੰ ਹੁਣ ਆਪਣੇ ਕੰਮ ਕਰਨ ਦਾ ਢੰਗ-ਤਰੀਕਾ ਬਦਲਣਾ ਚਾਹੀਦਾ ਹੈ ਤਾਂ ਕਿ ਘੱਟ-ਗਿਣਤੀ ਭਾਈਚਾਰਿਆਂ ਦਾ ਭਰੋਸਾ ਇਸ ਵਿਚ ਬਣਾਇਆ ਜਾ ਸਕੇ।

ਰਾਸ਼ਟਰਪਤੀ ਓਬਾਮਾ ਨੇ ਕਿਹਾ ਕਿ ਫਰਗੂਸਨ ਵਿਚ ਮਾਈਕਲ ਬ੍ਰਾਊਨ ਦੀ ਅਤੇ ਨਿਊ ਯਾਰਕ ਵਿਚ ਐਰਿਕ ਗਾਰਨਰ ਦੀਆਂ ਮੌਤਾਂ ਨੇ ਕਈ ਭਾਈਚਾਰਿਆਂ ਵਿਚ ਧੁਰ ਅੰਦਰ ਤੱਕ ਜੜ੍ਹਾਂ ਜਮਾ ਕੇ ਬੈਠੀ ਨਿਰਾਸ਼ਾ ਸਾਹਮਣੇ ਲਿਆਂਦੀ ਹੈ ਤੇ ਪੁਲਿਸ ਟਾਸਕ ਫੋਰਸ ਨੇ ਇਹ ਸਿੱਟਾ ਕੱਢਿਆ ਹੈ ਕਿ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਅਤੇ ਭਾਈਚਾਰਿਆਂ ਵਿਚ ਵਧੇਰੇ ਸਹਿਯੋਗ ਹੋਣਾ ਜ਼ਰੂਰੀ ਹੈ। ਇਸ ਸਮੇਂ ਸਾਨੂੰ ਇਹ ਅਹਿਮ ਤਬਦੀਲੀਆਂ ਲਿਆਉਣ ਦੀ ਲੋੜ ਹੈ। ਅੱਜ ਦੇ ਯੁੱਗ ਦੀ ਪੁਲਿਸਿੰਗ ਬਾਰੇ ਟਾਸਕ ਫੋਰਸ ਦੀ ਰਿਪੋਰਟ ਹਾਸਲ ਕਰਨ ਮਗਰੋਂ ਉਨ੍ਹਾਂ ਕਿਹਾ ਕਿ ਬਿਨਾਂ ਸ਼ੱਕ ਵੱਡੇ ਟਕਰਾਅ ਤੇ ਦੁਖਾਂਤ ਵਿਚੋਂ ਸਾਨੂੰ ਵੱਡਾ ਮੌਕਾ ਮਿਲਿਆ ਹੈ ਕਿ ਅਸੀਂ ਹੁਣ ਬਦਲੀਏ। ਯਾਦ ਰਹੇ ਕਿ ਪਿਛਲੇ ਸਾਲ ਦਸੰਬਰ ਵਿਚ ਕਾਇਮ ਕੀਤੀ ਗਈ ਟਾਸਕ ਫੋਰਸ ਨੇ ਪੁਲਿਸ ਸਿਖਲਾਈ ਸਰਵੋਤਮ ਪ੍ਰੈਕਟਿਸ ਤੇ ਪੱਖਪਾਤ ਘੱਟ ਕਰਨ ਅਤੇ ਅਫਸਰਾਂ ਨੂੰ ਤਣਾਅ ਤੋਂ ਰਾਹਤ ਪਾਉਣ ਲਈ ਢੰਗ-ਤਰੀਕਿਆਂ ਦੀ ਸਿਫਾਰਸ਼ ਕੀਤੀ ਹੈ।

# ਅਕਾਲੀ ਦਲ ਜ਼ਮੀਨ ਗ੍ਰਹਿਣ ਬਿਲ ਦਾ ਵਿਰੋਧ ਕਰੇਗਾ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਕੇਂਦਰ ਸਰਕਾਰ ਵਲੋਂ ਸੰਸਦ ਵਿਚ ਲਿਆਂਦੇ ਜਾਣ ਵਾਲੇ ਜ਼ਮੀਨ ਗ੍ਰਹਿਣ ਬਿਲ ਦਾ ਵਿਰੋਧ ਕਰਨ ਦਾ ਫੈਸਲਾ ਕੀਤਾ ਹੈ। ਦਲ ਦੀ ਕੋਰ ਕਮੇਟੀ ਦੀ ਹੰਗਾਮੀ ਮੀਟਿੰਗ ਨਵੀਂ ਦਿੱਲੀ ਵਿਚ ਹੋਈ ਜਿਸ ਵਿਚ ਅਕਾਲੀ ਦਲ ਨੇ ਜ਼ਮੀਨ ਗ੍ਰਹਿਣ ਤੇ ਮੁੜ-ਵਸੇਬੇ ਲਈ ਯੋਗ ਮੁਆਵਜ਼ੇ ਤੇ ਪਾਰਦਰਸ਼ਤਾ ਦਾ ਅਧਿਕਾਰ ਕਾਨੂੰਨ 2013 ਉਤੇ ਵੀ ਕਈ ਸੁਆਲ ਉਠਾਏ ਹਨ। ਸ਼ਿਵ ਸੈਨਾ ਅਤੇ ਲੋਕ ਜਨ ਸ਼ਕਤੀ ਪਾਰਟੀ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਕੌਮੀ ਜਮਹੂਰੀ ਗਠਜੋੜ (ਐਨ.ਡੀ.ਏ.) ਦਾ ਤੀਜਾ ਭਾਈਵਾਲ ਹੈ ਜਿਸ ਨੇ ਕੇਂਦਰ ਸਰਕਾਰ ਦੇ ਫੈਸਲੇ ਦਾ ਵਿਰੋਧ ਕਰਨ ਦਾ ਫੈਸਲਾ ਕੀਤਾ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਦਲ ਦੇ ਪ੍ਰਧਾਨ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਹਾਜ਼ਰੀ ਵਿਚ ਕੋਰ ਕਮੇਟੀ ਨੇ ਮੀਟਿੰਗ ਦੌਰਾਨ ਤਜਵੀਜ਼ਤ ਜ਼ਮੀਨ ਗ੍ਰਹਿਣ ਬਿੱਲ ਬਾਰੇ ਸਪਸ਼ਟ ਕੀਤਾ ਕਿ ਇਸ ਦਾ ਵਿਰੋਧ ਕੀਤਾ ਜਾਵੇਗਾ। ਸਰਕਾਰ ਵਲੋਂ ਨਿੱਜੀ ਕਾਰੋਬਾਰੀਆਂ ਲਈ ਜ਼ਮੀਨ ਗ੍ਰਹਿਣ ਦਾ ਵਿਰੋਧ ਕਰਦੇ ਹੋਏ ਪਾਰਟੀ ਨੇ ਕਿਹਾ ਕਿ ਜ਼ਮੀਨ ਸਿਰਫ ਜਨਤਕ ਮੰਤਵਾਂ ਲਈ ਹੀ ਗ੍ਰਹਿਣ ਕੀਤੀ ਜਾਵੇ। ਕਿਸਾਨਾਂ ਨੂੰ ਆਪਣੀਆਂ ਸ਼ਿਕਾਇਤਾਂ ਦੇ ਨਿਵਾਰਨ ਲਈ ਅਦਾਲਤ ਵਿਚ ਪਹੁੰਚ ਕਰਨ ਦੇ ਅਧਿਕਾਰ ਤੋਂ ਵਾਂਝਾ ਨਹੀਂ ਕਰਨਾ ਚਾਹੀਦਾ।

ਕੋਰ ਕਮੇਟੀ ਨੇ ਇਹ ਵੀ ਕਿਹਾ ਹੈ ਕਿ 2013 ਦਾ ਜ਼ਮੀਨ ਗ੍ਰਹਿਣ ਕਾਨੂੰਨ ਅਤੇ ਇਹ ਬਿੱਲ ਕਿਸਾਨਾਂ ਨੂੰ ਜ਼ਮੀਨ ਗ੍ਰਹਿਣ ਕਰਨ ਮੌਕੇ ਅਸਲ ਮਾਰਕੀਟ ਕੀਮਤ ਵਾਲਾ ਮੁਆਵਜ਼ਾ ਦੇਣ ਦੀ ਸੁਰੱਖਿਆ ਪੂਰੀ ਤਰ੍ਹਾਂ ਨਹੀਂ ਦਿੰਦਾ ਹੈ। ਇਸ ਬਿੱਲ ਵਿਚ ਪਿਛਲੇ ਤਿੰਨ ਸਾਲ ਦੀਆਂ ਰਜਿਸਟਰੀਆਂ ਦਾ ਔਸਤ ਮੁੱਲ ਦੇਣ ਦੀ ਤਜਵੀਜ਼ ਹੈ। ਇਸ ਨਾਲ ਤਾਂ ਚਾਰ ਗੁਣਾ ਕੀਮਤ ਮਹਿਜ਼ ਛਲਾਵਾ ਹੈ ਅਤੇ ਮੁਸ਼ਕਿਲ ਨਾਲ ਹੀ ਮਾਰਕੀਟ ਰੇਟ ਤੱਕ ਪੁੱਜਦੀ ਹੈ। ਇਸ ਨੂੰ ਪੰਜਾਬ ਸਰਕਾਰ ਦੀ ਜ਼ਮੀਨ ਗ੍ਰਹਿਣ ਨੀਤੀ ਮੁਤਾਬਕ ਸੋਧਿਆ ਜਾਣਾ ਚਾਹੀਦਾ ਹੈ। ਇਸ ਨੀਤੀ ਅਨੁਸਾਰ ਸਬੰਧਤ ਖੇਤਰ ਦੀ ਸਭ ਤੋਂ ਵੱਧ ਪੈਸੇ ਦੀ ਰਜਿਸਟਰੀ ਨੂੰ ਆਧਾਰ ਬਣਾਇਆ ਜਾਂਦਾ ਹੈ।

ਜਾਣਕਾਰੀ ਅਨੁਸਾਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵਲੋਂ ਪਿਛਲੇ ਕਈ ਦਿਨਾਂ ਤੋਂ ਅਫਸਰਾਂ ਨਾਲ ਕੀਤੀਆਂ ਮੀਟਿੰਗਾਂ ਦੌਰਾਨ ਇਹ ਰਾਇ ਬਣੀ ਕਿ ਜ਼ਮੀਨ ਗ੍ਰਹਿਣ ਕਾਨੂੰਨ 2013 ਸਹਿਮਤੀ ਨਾਲ ਬਣਾਇਆ ਗਿਆ ਸੀ, ਕੇਂਦਰ ਸਰਕਾਰ ਵਲੋਂ ਇਸ ਨੂੰ ਬਿਨਾਂ ਲਾਗੂ ਕੀਤੇ ਹੀ ਬਦਲਣ ਨਾਲ ਸਰਕਾਰ ਦਾ ਅਕਸ ਕਿਸਾਨ ਵਿਰੋਧੀ ਵਾਲਾ ਬਣ ਰਿਹਾ ਹੈ। ਅਕਾਲੀ ਦਲ ਨੂੰ ਇਹ ਸਿਆਸੀ ਤੌਰ ਉੱਤੇ ਮਹਿੰਗਾ ਪੈ ਸਕਦਾ ਹੈ। ਮੀਟਿੰਗ ਤੋਂ ਬਾਅਦ ਕਮੇਟੀ ਮੈਂਬਰ ਬਲਵਿੰਦਰ ਸਿੰਘ ਭੂੰਦੜ ਨੇ ਦੱਸਿਆ ਕਿ ਕੋਰ ਕਮੇਟੀ ਦਾ ਫੈਸਲਾ ਚਿੱਠੀ ਦੇ ਰੂਪ ਵਿਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਭੇਜਿਆ ਜਾਵੇਗਾ ਅਤੇ ਸੰਸਦ ਵਿਚ ਪਾਰਟੀ ਦੇ ਮੈਂਬਰ ਆਪਣੀ ਰਾਇ ਰੱਖਣਗੇ।

## 'ਆਪ' ਹਮਾਇਤੀ ਪਰਵਾਸੀ ਭਾਰਤੀ ਖਿਲਾਫ ਕੇਸ ਰੱਦ

**ਚੰਡੀਗੜ੍ਹ:** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਕੈਨੇਡਾ ਰਹਿੰਦੇ ਪਰਵਾਸੀ ਭਾਰਤੀ ਪਰਮਜੋਤ ਸਿੰਘ ਸਵੈਚ ਜੋ ਪਿਛਲੇ ਸਾਲ ਲੋਕ ਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ (ਆਪ) ਦੇ ਹੱਕ ਵਿਚ ਪ੍ਰਚਾਰ ਕਰਨ ਆਇਆ ਸੀ, ਖਿਲਾਫ਼ ਦਰਜ ਐਫ.ਆਈ.ਆਰ. ਖਾਰਜ ਕਰਦਿਆਂ ਆਖਿਆ ਕਿ ਇਸ ਤਰ੍ਹਾਂ ਦੀ ਸਿਆਸੀ ਬਦਲਾਖੋਰੀ ਕੌਮਾਂਤਰੀ ਪੱਧਰ 'ਤੇ ਭਾਰਤ ਦਾ ਨਾਂ ਖਰਾਬ ਕਰਦੀ ਹੈ।

ਯਾਦ ਰਹੇ ਕਿ ਪਿਛਲੇ ਸਾਲ 21 ਅਪਰੈਲ ਨੂੰ ਸਮਰਾਲਾ ਵਿਚ ਐਨ.ਆਰ.ਆਈ. ਪਰਮਜੋਤ ਸਿੰਘ ਸਵੈਚ ਖ਼ਿਲਾਫ਼ ਐਸ.ਸੀ./ਐਸ.ਟੀ. ਐਕਟ ਤਹਿਤ ਕੇਸ ਦਰਜ ਕਰ ਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਸੀ। ਮੀਡੀਆ ਤੋਂ ਇਲਾਵਾ, ਕੈਨੇਡੀਅਨ ਮੀਡੀਆ ਨੇ ਪੰਜਾਬ ਪੁਲਿਸ ਦੀ ਇਸ ਵਧੀਕੀ ਨੂੰ ਜ਼ੋਰ-ਸ਼ੋਰ ਨਾਲ ਉਭਾਰਿਆ ਸੀ।

## ਡੇਰਾ ਸਿਰਸਾ ਮੁਖੀ ਦੀ ਫ਼ਿਲਮ 'ਤੇ ਰੋਕ ਵਾਲੀ ਪਟੀਸ਼ਨ ਖਾਰਜ

**ਚੰਡੀਗੜ੍ਹ:** ਪੰਜਾਬ ਅਤੇ ਹਰਿਆਣਾ ਹਾਈਕੋਰਟ ਵਲੋਂ ਕਰੀਬ ਇਕ ਮਹੀਨਾ ਪਹਿਲਾਂ ਡੇਰਾ ਸਿਰਸਾ ਮੁਖੀ ਦੀ ਵਿਵਾਦਤ ਫਿਲਮ 'ਐਮ.ਐਸ.ਜੀ.- ਦਿ ਮੈਸੇਂਜਰ' ਉਤੇ ਰੋਕ ਲਾਉਣ ਤੋਂ ਇਨਕਾਰ ਕੀਤੇ ਜਾਣ ਮਗਰੋਂ ਇਸ ਮੰਗ ਹਿਤ ਵਿਚਾਰ ਅਧੀਨ ਪਟੀਸ਼ਨ ਵੀ ਰੱਦ ਕਰ ਦਿੱਤੀ ਗਈ।

ਇਹ ਪਟੀਸ਼ਨ ਸਿੱਖ ਜਥੇਬੰਦੀ ਕਲਗੀਧਰ ਸੇਵਕ ਜਥਾ ਦੇ ਪ੍ਰਧਾਨ ਜਤਿੰਦਰਪਾਲ ਸਿੰਘ ਜੇ.ਪੀ. ਵਲੋਂ ਦਾਇਰ ਕੀਤੀ ਗਈ ਸੀ। ਉਨ੍ਹਾਂ ਡੇਰਾ ਸਿਰਸਾ ਮੁਖੀ ਖਿਲਾਫ ਕਤਲ, ਜਬਰ-ਜਨਾਹ, ਸ਼ਰਧਾਲੂਆਂ ਨੂੰ ਨਪੁੰਸਕ ਬਣਾਉਣ ਆਦਿ ਕੇਸਾਂ ਦਾ ਹਵਾਲਾ ਦਿੰਦਿਆਂ ਦਾਅਵਾ ਕੀਤਾ ਕਿ ਅਜਿਹੀ ਵਿਵਾਦਪੂਰਨ ਸ਼ਖ਼ਸੀਅਤ ਨੂੰ ਮੁੱਖ ਰੱਖ ਕੇ ਬਣੀ ਫਿਲਮ ਮਾਹੌਲ ਖਰਾਬ ਕਰੇਗੀ।

## ਛੇ ਹਜ਼ਾਰ ਭਾਰਤੀ 71 ਦੇਸ਼ਾਂ ਦੀਆਂ ਜੇਲ੍ਹਾਂ 'ਚ ਬੰਦ

**ਨਵੀਂ ਦਿੱਲੀ:** ਭਾਰਤ ਦੇ 6,443 ਨਾਗਰਿਕ 71 ਦੇਸ਼ਾਂ ਦੀਆਂ ਜੇਲ੍ਹਾਂ ਵਿਚ ਬੰਦ ਹਨ। ਇਸ ਤੋਂ ਇਲਾਵਾ ਪਾਕਿਸਤਾਨ ਦੀ ਜੇਲ੍ਹ ਵਿਚ ਭਾਰਤੀ ਸੈਨਾਵਾਂ ਦੇ 74 ਲਾਪਤਾ ਜਵਾਨ ਹੋਣ ਦਾ ਖਦਸ਼ਾ ਹੈ। ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਲੋਕ ਸਭਾ ਵਿਚ ਦੱਸਿਆ ਕਿ ਸਭ ਤੋਂ ਜ਼ਿਆਦਾ 1,534 ਭਾਰਤੀ ਸਾਊਦੀ ਅਰਬ ਵਿਚ, 833 ਯੂਏਈ, 352 ਪਾਕਿਸਤਾਨ ਤੇ 73 ਭਾਰਤੀ ਸ੍ਰੀਲੰਕਾ ਦੀ ਜੇਲ੍ਹ ਵਿਚ ਬੰਦ ਹਨ। ਉਨ੍ਹਾਂ ਕਿਹਾ ਕਿ ਮੰਨਿਆ ਜਾ ਰਿਹਾ ਹੈ ਕਿ 74 ਲਾਪਤਾ ਜਵਾਨ ਪਾਕਿਸਤਾਨ ਦੀਆਂ ਜੇਲ੍ਹਾਂ ਵਿਚ 1971 ਤੋਂ ਬੰਦ ਹਨ। ਉਨ੍ਹਾਂ ਕਿਹਾ ਕਿ ਇਹ ਗੱਲ ਪਾਕਿਸਤਾਨ ਸਰਕਾਰ ਤੱਕ ਕਈ ਵਾਰ ਪਹੁੰਚਾਉਣ ਦੇ ਬਾਵਜੂਦ ਬੰਦੀਆਂ ਦੀ ਰਿਹਾਈ ਲਈ ਪੂਰਾ ਹੁੰਗਾਰਾ ਨਹੀਂ ਭਰਿਆ ਜਾ ਰਿਹਾ।

ਇਸ ਤੋਂ ਇਲਾਵਾ ਬੰਗਲਾਦੇਸ਼ ਵਿਚ 257, ਚੀਨ ਵਿਚ 117, ਇਟਲੀ ਵਿਚ 145, ਕੁਵੈਤ ਵਿਚ 290, ਨੇਪਾਲ ਵਿਚ 614 ਤੇ ਕਤਰ ਦੀਆਂ ਜੇਲ੍ਹਾਂ ਵਿਚ 96 ਭਾਰਤੀ ਬੰਦ ਹਨ। ਯੂਕੇ ਦੀਆਂ ਜੇਲ੍ਹਾਂ ਵਿਚ 291 ਭਾਰਤੀ ਬੰਦ ਹਨ।

## ਸਿੱਖ ਡੇ ਪਰੇਡ ਮੌਕੇ ਛਪਣ ਵਾਲੇ ਸੋਵੀਨਾਰ ਦੀਆਂ ਤਿਆਰੀਆਂ ਅਰੰਭ

**ਨਿਊ ਯਾਰਕ (ਬਿਊਰੋ):** ਨਿਊ ਯਾਰਕ ਸਿਟੀ ਵਿਚ ਨਿਕਲ ਵਾਲੀ ਸਾਲਾਨਾ ਸਿੱਖ ਡੇ ਪਰੇਡ ਮੌਕੇ ਛਪਣ ਵਾਲੇ ਸੋਵੀਨਾਰ ਦੀਆਂ ਤਿਆਰੀਆਂ ਅਰੰਭ ਦਿੱਤੀਆਂ ਗਈਆਂ ਹਨ। ਇਹ 28ਵੀਂ ਪਰੇਡ ਇਸ ਵਾਰ 25 ਅਪਰੈਲ ਨੂੰ ਕੀਤੀ ਜਾ ਰਹੀ ਹੈ।



ਇਸ ਸਬੰਧੀ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ, ਰਿਚਮੰਡ ਦੇ ਇਕ ਬੁਲਾਰੇ ਸ. ਭੁਪਿੰਦਰ ਸਿੰਘ ਅਟਵਾਲ ਨੇ ਦੱਸਿਆ ਕਿ ਇਸ ਸੋਵੀਨਾਰ ਵਿਚ ਕਾਰੋਬਾਰੀਆਂ ਵਲੋਂ ਆਪਣੇ ਕਾਰੋਬਾਰ ਦੇ ਵਿਗਿਆਪਨ ਛਪਵਾਏ ਜਾਂਦੇ ਹਨ ਅਤੇ ਵਿਸਾਖੀ ਦੀਆਂ ਵਧਾਈਆਂ ਦਿੱਤੀਆਂ ਜਾਂਦੀਆਂ ਹਨ। ਸੋਵੀਨਾਰ ਸਬੰਧੀ ਸ. ਅਟਵਾਲ ਨਾਲ ਫੋਨ 347-837-5615 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

## ਪਾਕਿਸਤਾਨ ਸਿੱਖ ਕੌਂਸਲ ਦਾ ਵਫਦ ਸਿੰਧ ਸੂਬੇ ਦੇ ਮੁੱਖ ਸਕੱਤਰ ਨੂੰ ਮਿਲਿਆ

**ਕਰਾਚੀ (ਬਿਊਰੋ):** ਪਾਕਿਸਤਾਨ ਸਿੱਖ ਕੌਂਸਲ ਦੇ ਇਕ ਉਚ ਪੱਧਰੀ ਵਫਦ ਨੇ ਸਿੰਧ ਸੂਬੇ ਦੇ ਮੁੱਖ ਸਕੱਤਰ ਸਾਜਿਦ ਸਲੀਮ ਹੋਤੀਆਨਾ ਨਾਲ ਉਨ੍ਹਾਂ ਦੇ ਗ੍ਰਹਿ ਕਰਾਚੀ ਵਿਖੇ ਅਹਿਮ ਮੁਲਾਕਾਤ ਕੀਤੀ। ਵਫਦ ਵਿਚ ਪਾਕਿਸਤਾਨ ਸਿੱਖ ਕੌਂਸਲ ਦੇ ਚੀਫ ਪੈਟਰਨ ਰਮੇਸ਼ ਸਿੰਘ ਖਾਲਸਾ, ਪ੍ਰਧਾਨ ਤਾਰਾ ਸਿੰਘ ਅਤੇ ਵਿੱਤ ਸਕੱਤਰ ਮਨਮੋਹਨ ਸਿੰਘ ਵਿਸ਼ੇਸ਼ ਤੌਰ 'ਤੇ ਸ਼ਾਮਿਲ ਸਨ।

ਇਸ ਮੌਕੇ ਵਫਦ ਨੇ ਸਿੰਧ ਵਿਚ ਸਿੱਖਾਂ ਨੂੰ ਦਰਪੇਸ਼ ਮੁਸ਼ਕਿਲਾਂ ਸਬੰਧੀ ਗੱਲਬਾਤ ਕੀਤੀ ਗਈ ਅਤੇ ਘੱਟ ਗਿਣਤੀਆਂ ਲਈ ਸਿਹਤ ਸਿੱਖਿਆ ਵਿਚ 5 ਫੀਸਦੀ ਨੌਕਰੀ ਦਾ ਕੋਟਾ ਅਤੇ ਸਿੰਧ ਸੂਬੇ ਦੇ ਗੁਰਦੁਆਰਿਆਂ ਦੀ ਸੁਰੱਖਿਆ ਸਬੰਧੀ ਵੀ ਮਸਲੇ ਵਿਚਾਰੇ ਗਏ।



*ਸਿੰਧ ਸੂਬੇ ਦੇ ਮੁੱਖ ਸਕੱਤਰ ਸਾਜਿਦ ਸਲੀਮ ਹੋਤੀਆਨਾ ਨਾਲ ਸਿੱਖ ਆਗੂ*





ਬੱਦੋਵਾਲ ਬੀਬੀਆਂ ਦਾ ਢਾਡੀ ਜੱਥਾ
1 ਅਪ੍ਰੈਲ 2015 ਤੋਂ ਅਮਰੀਕਾ ਦੌਰੇ ਤੇ
ਢਾਡੀ ਜੱਥੇ ਦਾ ਪ੍ਰੋਗਰਾਮ ਲੈਣ ਲਈ ਜੱਥੇ ਦੇ ਫੋਨ ਨੰ. +91 985-587-9288 ਤੇ ਸੰਪਰਕ ਕਰੋ ਜੀ ।
ਜੱਥੇ ਦੀ ਨਵੀਂ ਐਲਬਮ "ਸ਼ਹੀਦੀ ਸਾਕਾ ਸਰਹੰਦ"
ਢਾਡੀ ਜੱਥੇ ਦੀ ਨਵੀਂ ਵਾਰ ਆਪ "ਜਸ ਪੰਜਾਬੀ ਟੀ.ਵੀ. ਤੇ ਰੋਜ਼ਾਨਾ ਸੁਖਮਨੀ ਸਾਹਿਬ ਦੇ ਪਾਠ ਤੋਂ ਤੁਰੰਤ ਬਾਅਦ ਸਰਵਣ ਕਰ ਸਕਦੇ ਹੋ (8:55 ਸਵੇਰੇ)
ਢਾਡੀ ਜੱਥੇ ਵੱਲੋਂ ਡੀ.ਵੀ.ਡੀ. ਅਤੇ ਐਮ.ਪੀ.3. ਦੀ ਸੰਸਾਰ ਭਰ ਵਿਚ ਭੇਟਾ ਰਹਿਤ ਸੇਵਾ ਕੀਤੀ ਜਾ ਰਹੀ ਹੈ । google + & youtube ਤੇ ਢਾਡੀ ਜੱਥੇ ਦੀਆਂ ਵੀਡੀਓ ਆਪ ਸਰਵਣ ਕਰ ਸਕਦੇ ਹੋ ।

# ਬੁਢਾਪਾ ਪੈਨਸ਼ਨਾਂ ਦੀ ਰਕਮ ਸਰਪੰਚ ਹੀ ਛਕ ਗਏ

**ਬਠਿੰਡਾ:** ਪੰਜਾਬ ਦੇ ਸੈਂਕੜੇ ਪਿੰਡਾਂ ਦੇ ਸਰਪੰਚ ਬੁਢਾਪਾ ਪੈਨਸ਼ਨਾਂ ਦੇ ਕਰੀਬ 164 ਕਰੋੜ ਰੁਪਏ ਛਕ ਗਏ। ਇਨ੍ਹਾਂ ਵਿਚ ਮੌਜੂਦਾ ਅਤੇ ਸਾਬਕਾ ਅਕਾਲੀ ਸਰਪੰਚਾਂ ਤੋਂ ਇਲਾਵਾ ਕੁਝ ਕਾਂਗਰਸੀ ਸਰਪੰਚ ਵੀ ਸ਼ਾਮਲ ਹਨ। ਸਰਕਾਰ ਵਲੋਂ ਇਨ੍ਹਾਂ ਸਰਪੰਚਾਂ ਤੋਂ ਬੁਢਾਪਾ ਪੈਨਸ਼ਨਾਂ ਦੀ ਰਾਸ਼ੀ ਵਸੂਲੀ ਨਹੀਂ ਜਾ ਰਹੀ। ਇੱਥੋਂ ਤੱਕ ਕਿ ਪੰਜ ਵਰ੍ਹੇ ਪਹਿਲਾਂ ਜਾਰੀ ਪੈਸੇ ਦਾ ਵੀ ਸਰਪੰਚਾਂ ਨੇ ਸਰਕਾਰ ਨੂੰ ਹਿਸਾਬ-ਕਿਤਾਬ ਨਹੀਂ ਦਿੱਤਾ।

ਪੰਜਾਬ ਦੇ ਸਮਾਜਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਤੋਂ ਆਰ.ਟੀ.ਆਈ. ਰਾਹੀਂ ਪ੍ਰਾਪਤ ਵੇਰਵਿਆਂ ਅਨੁਸਾਰ ਸਰਪੰਚਾਂ ਨੇ ਬੁਢਾਪਾ ਪੈਨਸ਼ਨ ਦੇ 164.24 ਕਰੋੜ ਰੁਪਇਆਂ ਦਾ ਕੋਈ ਹਿਸਾਬ-ਕਿਤਾਬ ਨਹੀਂ ਦਿੱਤਾ ਹੈ। ਮਹਿਕਮਾ ਆਖ ਰਿਹਾ ਹੈ ਕਿ ਇਨ੍ਹਾਂ ਸਰਪੰਚਾਂ ਨੇ ਏ.ਪੀ.ਆਰ. (ਐਕਚੂਅਲ ਪੇਈ ਰਸੀਟ) ਜਮ੍ਹਾਂ ਨਹੀਂ ਕਰਾਈ ਹੈ। ਸਰਕਾਰ ਵਲੋਂ ਪਹਿਲਾਂ ਬੈਂਕਾਂ ਰਾਹੀਂ ਬੁਢਾਪਾ ਪੈਨਸ਼ਨ ਵੰਡੀ ਜਾਂਦੀ ਸੀ, ਪਰ ਜੁਲਾਈ 2008 ਤੋਂ ਪੈਨਸ਼ਨ ਦੀ ਵੰਡ ਸਰਪੰਚਾਂ ਰਾਹੀਂ ਕਰ ਦਿੱਤੀ ਗਈ ਸੀ।

ਬੁਢਾਪਾ ਪੈਨਸ਼ਨ ਦੀ ਰਾਸ਼ੀ ਭੇਜਣ ਮਗਰੋਂ ਸਰਪੰਚਾਂ ਨੇ 10 ਦਿਨਾਂ ਦੇ ਅੰਦਰ ਪੈਨਸ਼ਨ ਵੰਡਣੀ ਹੁੰਦੀ ਹੈ ਅਤੇ ਇੱਕ ਮਹੀਨੇ ਦੇ ਅੰਦਰ-ਅੰਦਰ ਵੰਡੀ ਪੈਨਸ਼ਨ ਦੀ ਏ.ਪੀ.ਆਰ. ਮਹਿਕਮੇ ਕੋਲ ਜਮ੍ਹਾਂ ਕਰਾਉਣੀ ਹੁੰਦੀ ਹੈ। ਜ਼ਿਲ੍ਹਾ ਫਿਰੋਜ਼ਪੁਰ ਇਸ ਮਾਮਲੇ ਵਿਚ ਪਹਿਲੇ ਨੰਬਰ 'ਤੇ ਹੈ ਜਿਥੋਂ ਦੇ ਸਰਪੰਚ ਬੁਢਾਪਾ ਪੈਨਸ਼ਨਾਂ ਦੀ 33.17 ਕਰੋੜ ਰੁਪਏ ਦੀ ਰਾਸ਼ੀ ਛਕ ਗਏ ਹਨ।

ਦੂਜਾ ਨੰਬਰ ਜ਼ਿਲ੍ਹਾ ਸੰਗਰੂਰ ਦਾ ਹੈ ਜਿਥੋਂ ਦੇ ਸਰਪੰਚਾਂ ਨੇ 29.72 ਕਰੋੜ ਦੀ ਬੁਢਾਪਾ ਪੈਨਸ਼ਨ ਦਾ ਹਿਸਾਬ ਨਹੀਂ ਦਿੱਤਾ ਹੈ। ਤੀਜਾ ਨੰਬਰ ਅੰਮ੍ਰਿਤਸਰ ਦਾ ਹੈ ਜਿਥੋਂ ਦੇ ਸਰਪੰਚਾਂ ਨੇ 19.30 ਕਰੋੜ ਦਾ ਹਿਸਾਬ ਨਹੀਂ ਦਿੱਤਾ। ਕੁਝ ਸਰਪੰਚਾਂ ਨੇ ਤਾਂ ਸਾਲ 2010 ਵਿਚ ਆਏ 8.14 ਲੱਖ ਰੁਪਏ ਦਾ ਵੀ ਕੋਈ ਹਿਸਾਬ ਨਹੀਂ ਦਿੱਤਾ ਹੈ। ਇਕੱਲਾ ਮਾਨਸਾ ਹੀ ਅਜਿਹਾ ਜ਼ਿਲ੍ਹਾ ਹੈ ਜਿਥੇ ਰਿਕਾਰਡ ਮੁਤਾਬਕ ਸਾਰੀ ਬੁਢਾਪਾ ਪੈਨਸ਼ਨ ਲਾਭਪਾਤਰੀਆਂ ਨੂੰ ਮਿਲ ਚੁੱਕੀ ਹੈ। ਪਟਿਆਲਾ, ਮੁਕਤਸਰ ਤੇ ਪਠਾਨਕੋਟ ਜ਼ਿਲ੍ਹਿਆਂ ਦੀ ਸਥਿਤੀ ਇਸ ਮਾਮਲੇ ਵਿਚ ਬਿਹਤਰ ਹੈ ਅਤੇ ਇਨ੍ਹਾਂ ਜ਼ਿਲ੍ਹਿਆਂ ਦੇ ਸਰਪੰਚਾਂ ਵੱਲ ਮਾਮੂਲੀ ਰਾਸ਼ੀ ਹੀ ਬਕਾਇਆ ਖੜ੍ਹੀ ਹੈ।

ਸਮਾਜਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਸੁਰਜੀਤ ਕੁਮਾਰ ਜਿਆਣੀ ਮੁਤਾਬਕ ਸਰਪੰਚਾਂ ਵੱਲ ਇੰਨੀ ਵੱਡੀ ਬਕਾਇਆ ਰਕਮ ਨਹੀਂ ਹੋ ਸਕਦੀ। ਫਿਰ ਵੀ ਉਹ ਇਸ ਮਾਮਲੇ ਬਾਰੇ ਪਤਾ ਕਰਨਗੇ।

ਪੰਚਾਇਤ ਯੂਨੀਅਨ ਪੰਜਾਬ ਦੇ ਸੰਸਥਾਪਕ ਯਾਦਵਿੰਦਰ ਸਿੰਘ ਸਿੱਧੂ ਦਾ ਕਹਿਣਾ ਹੈ ਕਿ ਬੁਢਾਪਾ ਪੈਨਸ਼ਨ ਦੀ ਰਾਸ਼ੀ ਕਈ ਦਫਾ ਸਰਪੰਚ ਹੋਰ ਕੰਮਾਂ 'ਤੇ ਖਰਚ ਬੈਠਦੇ ਹਨ ਅਤੇ ਕਈ ਵਾਰੀ ਮਹਿਕਮੇ ਦੇ ਮੁਲਾਜ਼ਮ ਹੀ ਸਮੇਂ ਸਿਰ ਸਰਕਾਰ ਕੋਲ ਏ.ਪੀ.ਆਰਜ਼ ਜਮ੍ਹਾਂ ਨਹੀਂ ਕਰਾਉਂਦੇ ਜਿਸ ਕਰ ਕੇ ਪੈਸਾ ਸਰਪੰਚਾਂ ਵੱਲ ਬੋਲਦਾ ਰਹਿੰਦਾ ਹੈ।

**American Khalsa Transportation, Inc.**
Wanted Semi Truck on rent or purchase.

Ph: 847-477-9968
email: khalsausa55@gmail.com

**Gas Station for lease**
Gas Station for lease in Indianapolis IN,
Contact 317-985-0715
ਇੰਡੀਅਨਐਪੋਲਿਸ ਵਿਚ ਗੈਸ ਸਟੇਸ਼ਨ
ਲੀਜ਼ ਲਈ ਉਪਲਬਧ ਹੈ
ਸੰਪਰਕ ਕਰੋ: 317-985-0715
(9-10)

**ਕੱਰੀ ਕੁਕ ਤੇ ਹੈਲਪਰ ਦੀ ਲੋੜ ਹੈ**
ਵਚੀਟਾ, ਕੈਨਸਸ ਵਿਚ ਭਾਰਤੀ ਰੈਸਟੋਰੈਂਟ ਲਈ ਕੱਰੀ
ਕੁਕ ਅਤੇ ਹੈਲਪਰ ਦੀ ਲੋੜ ਹੈ
ਚੰਗੀ ਤਨਖਾਹ, ਰਿਹਾਇਸ਼ ਮੁਫਤ
ਸੰਪਰਕ ਕਰੋ:
316-518-5382 ਜਾਂ 316-708-9896
8=4

*To Advertise with Punjab Times Call: 847-359-0746*

Punjabi RADIO USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200

**ਸਬਤੋਂ ਸਸਤੇ ਟਿਕ੍ਟ ਰੇਟ 'ਇੰਡੀਆ/ਪਾਕ'**
HAPPY HOLI
TRAVELOPOD.COM

Fares from $660
BOOK BY PHONE
& SAVE UPTO
$100
ਸਸਤੇ ਰੇਟ ਲਈ ਅੱਜ ਹੀ ਕਾੱਲ ਕਰੋਂ
1-855-436-0728
★★★★★ Excellent Service
24/7 24x7 Live Support

Fly to INDIA and PAKISTAN with fares starting from :

| | From | NYC | DC | DFW | CHI | ATL | HOU | SFO | LA |
|---|---|---|---|---|---|---|---|---|---|
| To | DEL/BOM | 737 | 715 | 711 | 696 | 780 | 762 | 759 | 717 |
| | MAA/HYD | 721 | 692 | 688 | 681 | 725 | 714 | 930 | 850 |
| | BLR | 697 | 702 | 699 | 692 | 755 | 702 | 920 | 823 |
| | AMD | 880 | 833 | 1042 | 855 | 855 | 836 | 955 | 923 |
| | COK | 748 | 882 | 841 | 919 | 945 | 893 | 1146 | 1144 |
| | KARACHI | 705 | 690 | 686 | 849 | 865 | 797 | 909 | 942 |
| | ISLAMABAD | 682 | 707 | 690 | 688 | 730 | 689 | 777 | 750 |

Domestic & International Special Deals available from ALL CITIES.

LUXURY HOLIDAY TOURS
Rajasthan : $500
Enchanting Kerala from : $650
African Tours : $750
Europe Tours from : $790

Travelopod- BEST FARES ALWAYS
CST # 2112418-40


# ਐਤਕੀਂ ਕੇਂਦਰੀ ਬਜਟ ਵਿਚ ਪੰਜਾਬ ਨੂੰ ਨਾ ਪਈ ਖੈਰ

**ਚੰਡੀਗੜ੍ਹ:** ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਵਲੋਂ ਪੇਸ਼ ਕੀਤੇ ਗਏ ਆਮ ਬਜਟ ਵਿਚ ਪੰਜਾਬ ਤੇ ਪੰਜਾਬੀਆਂ ਨੂੰ ਨਜ਼ਰਅੰਦਾਜ਼ ਕਰ ਦਿੱਤਾ ਗਿਆ ਹੈ। ਬਜਟ ਤੋਂ ਪਹਿਲਾਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵਲੋਂ ਇਕ ਤੋਂ ਬਾਅਦ ਇਕ ਲਾਏ ਦਿੱਲੀ ਦੇ ਗੇੜੇ ਵੀ ਪੰਜਾਬ ਨੂੰ ਕੁਝ ਨਾ ਦਵਾ ਸਕੇ। ਪੰਜਾਬ ਸਿਰ ਚੜ੍ਹੇ ਹੋਏ ਤਕਰੀਬਨ ਇਕ ਲੱਖ ਕਰੋੜ ਰੁਪਏ ਦੇ ਕਰਜ਼ੇ ਤੋਂ ਰਾਹਤ ਦੇਣ ਦਾ ਬਜਟ ਵਿਚ ਕੋਈ ਜ਼ਿਕਰ ਨਹੀਂ ਹੈ। ਬਜਟ ਵਿਚ ਗੰਗਾ ਸਾਫ ਕਰਨ ਲਈ 4173 ਕਰੋੜ ਰੁਪਏ ਦਾ ਉਪਬੰਧ ਹੈ ਪਰ ਪੰਜਾਬ ਦੇ ਦਰਿਆਵਾਂ ਦੇ ਪਾਣੀ ਨੂੰ ਸ਼ੁੱਧ ਕਰਨ ਲਈ ਸੂਬਾ ਸਰਕਾਰ ਵਲੋਂ ਮੰਗੀ ਗਈ ਵਿੱਤੀ ਮਦਦ ਨੂੰ ਨਜ਼ਰਅੰਦਾਜ਼ ਕਰ ਦਿੱਤਾ ਗਿਆ ਹੈ। ਬਜਟ ਵਿਚ ਪੇਸ਼ 5300 ਕਰੋੜ ਰੁਪਏ ਦੀ ਖੇਤੀ ਸਿੰਜਾਈ ਯੋਜਨਾ ਦਾ ਵੀ ਪੰਜਾਬ ਨੂੰ ਬਹੁਤਾ ਲਾਭ ਨਹੀਂ ਹੋਣਾ ਕਿਉਂਕਿ ਪੰਜਾਬ ਦੀ ਵਾਹੀਯੋਗ ਭੂਮੀ ਲਈ ਪਹਿਲਾਂ ਹੀ ਸਿੰਚਾਈ ਸਾਧਨ ਉਪਲਬਧ ਹਨ।

ਆਮ ਬਜਟ ਦਾ ਪੰਜਾਬ ਲਈ ਸਭ ਤੋਂ ਨਾਂਹ-ਪੱਖੀ ਪੱਖ ਇਸ ਦਾ ਕਿਸਾਨੀ ਹਿੱਤਾਂ ਨੂੰ ਨਜ਼ਰਅੰਦਾਜ਼ ਕਰਨਾ ਹੈ। ਬਜਟ ਤਜਵੀਜ਼ਾਂ ਵਿਚ ਖੇਤੀ ਫਸਲਾਂ ਦੇ ਭਾਅ ਡਾ. ਸਵਾਮੀਨਾਥਨ ਕਮੇਟੀ ਦੀਆਂ ਸਿਫਾਰਸ਼ਾਂ ਅਨੁਸਾਰ ਨਿਸ਼ਚਿਤ ਕਰਨ ਦੇ ਨਾਲ-ਨਾਲ ਘੱਟੋ-ਘੱਟ ਸਮਰਥਨ ਮੁੱਲ 'ਤੇ ਫਸਲਾਂ ਦੀ ਖ਼ਰੀਦ ਨੀਤੀ ਤੋਂ ਟਾਲਾ ਵੱਟਣ, ਖੇਤੀ ਫਸਲਾਂ ਲਈ ਬੀਮਾ ਸਕੀਮ ਤੋਂ ਹੱਥ ਪਿੱਛੇ ਖਿੱਚਣ, ਸਨਅਤਾਂ ਵਾਂਗ ਖੇਤੀ ਕਰਜ਼ੇ ਮੁਆਫ ਕਰਨ ਦੀ ਸਕੀਮ ਦੀ ਅਣਹੋਂਦ ਤੇ ਫਸਲਾਂ ਦੇ ਮੰਡੀਕਰਨ ਦਾ ਨੈਟਵਰਕ ਮਜ਼ਬੂਤ ਕਰਨ ਦਾ ਉਪਬੰਧ ਨਾ ਹੋਣ ਦੀਆਂ ਨੀਤੀਆਂ ਖੇਤੀ-ਪ੍ਰਧਾਨ ਪੰਜਾਬ ਲਈ ਵੱਧ ਨੁਕਸਾਨਦੇਹ ਹਨ। ਇਸ ਵਾਰ ਦੇ ਆਮ ਬਜਟ 'ਚ ਪੰਜਾਬ ਲਈ ਅੰਮ੍ਰਿਤਸਰ 'ਚ ਕੌਮੀ ਬਾਗ਼ਬਾਨੀ ਖੋਜ ਸੰਸਥਾ ਤੇ ਸੂਬੇ ਵਿਚ ਇਕ ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ਼ (ਏਮਜ਼) ਦੀ ਤਰਜ਼ 'ਤੇ ਮੈਡੀਕਲ ਸੰਸਥਾ ਦੀ ਸਥਾਪਨਾ ਹੀ ਜ਼ਿਕਰਯੋਗ ਪ੍ਰਾਪਤੀਆਂ ਹਨ।

ਅੰਮ੍ਰਿਤਸਰ ਨਾਲ ਆਪਣੇ ਸਨੇਹ ਦਾ ਪ੍ਰਗਟਾਵਾ ਕਰਦਿਆਂ ਵਿੱਤ ਮੰਤਰੀ ਨੇ ਜਲ੍ਹਿਆਂਵਾਲਾ ਬਾਗ਼ ਨੂੰ ਵਿਸ਼ਵ ਵਿਰਾਸਤ ਦਾ ਦਰਜਾ ਦੇਣ ਦਾ ਵੀ ਐਲਾਨ ਕੀਤਾ ਹੈ। ਇਨ੍ਹਾਂ ਤਿੰਨ ਮੁੱਖ ਮੱਦਾਂ ਤੋਂ ਇਲਾਵਾ ਆਮ ਬਜਟ ਵਿਚ ਪੰਜਾਬ ਲਈ ਕੁਝ ਵੀ ਖ਼ਾਸ ਨਹੀਂ ਜਾਪਦਾ। ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਬਜਟ ਤੋਂ ਪਹਿਲਾਂ ਵਿੱਤ ਮੰਤਰੀ ਅਰੁਣ ਜੇਤਲੀ ਨੂੰ ਮਿਲ ਕੇ ਪੰਜਾਬ ਦੀਆਂ ਕੁਝ ਅਹਿਮ ਮੰਗਾਂ ਜਿਵੇਂ ਨਸ਼ਾ ਛੁਡਾਊ ਕਾਰਜਾਂ ਲਈ 50 ਕਰੋੜ ਦੀ ਗ੍ਰਾਂਟ, ਖੇਤੀ ਸੰਦਾਂ ਨੂੰ ਕੇਂਦਰੀ ਕਰ ਤੋਂ ਛੋਟ ਤੇ ਖੇਤੀ ਸਹਾਇਕ ਧੰਦਿਆਂ ਲਈ ਆਮਦਨ ਕਰ ਤੋਂ ਛੋਟ ਵੱਲ ਧਿਆਨ ਦਿਵਾਇਆ ਸੀ ਪਰ ਉਨ੍ਹਾਂ ਦੀਆਂ ਮੰਗਾਂ ਪ੍ਰਵਾਨ ਨਹੀਂ ਹੋਈਆਂ। ਪੰਜਾਬ ਨੂੰ ਆਮ ਬਜਟ ਵਿਚ ਸਰਹੱਦੀ ਖੇਤਰ ਵਜੋਂ ਉਦਯੋਗਿਕ ਪੈਕੇਜ, ਸੈਰ-ਸਪਾਟੇ ਦੇ ਵਿਕਾਸ, ਪੁਲਿਸ ਦੇ ਆਧੁਨਿਕੀਕਰਨ ਲਈ ਵਿੱਤੀ ਮਦਦ, ਕਿਸਾਨੀ ਕਰਜ਼ਿਆਂ ਵਿਚ ਰਿਆਇਤ ਤੇ ਛੋਟੀਆਂ ਬੱਚਤਾਂ ਉਤੇ ਕਰਜ਼ੇ ਉਤੇ ਰਾਹਤ ਦੀ ਵੀ ਆਸ ਸੀ ਪਰ ਵਿੱਤ ਮੰਤਰੀ ਨੇ ਇਨ੍ਹਾਂ ਬਾਰੇ ਵੀ ਕੋਈ ਹੁੰਗਾਰਾ ਨਾ ਭਰਿਆ। ਪੰਜਾਬ ਵਿਚ ਕੋਈ ਵੱਡੀ ਸਨਅਤ ਲਗਾਏ ਜਾਣ ਦੇ ਐਲਾਨ ਦੀ ਉਮੀਦ ਸੀ ਪਰ ਵਿੱਤ ਮੰਤਰੀ ਨੇ ਇਹ ਵੀ ਪੂਰੀ ਨਹੀਂ ਕੀਤੀ। ਬਜਟ ਵਿਚ ਪੰਜਾਬ ਨੂੰ ਸਨਅਤ, ਖੇਤੀ ਤੇ ਆਰਥਿਕ ਪੱਖ ਤੋਂ ਅਣਗੌਲਿਆ ਕੀਤਾ ਗਿਆ ਹੈ।

### ਬਾਦਲ ਦੇ ਲਾਏ ਦਿੱਲੀ ਗੇੜੇ ਵੀ ਕਿਸੇ ਕੰਮ ਨਾ ਆਏ



### ਕੇਂਦਰੀ ਯੋਜਨਾਵਾਂ ਵੀ ਸੂਬਿਆਂ ਦੇ ਪੇਟੇ ਪਾਈਆਂ

**ਨਵੀਂ ਦਿੱਲੀ:** ਕੇਂਦਰ ਦੀ ਸਹਾਇਤਾ ਨਾਲ ਚੱਲਣ ਵਾਲੀਆਂ ਅੱਧੀਆਂ ਤੋਂ ਵੱਧ ਯੋਜਨਾਵਾਂ ਲਈ ਸੂਬਾ ਸਰਕਾਰਾਂ ਨੂੰ ਪੂਰਾ ਵਿੱਤੀ ਬੋਝ ਸਹਿਣਾ ਪਏਗਾ ਜਾਂ ਵੱਧ ਰਕਮ ਕੱਢਣੀ ਪਏਗੀ। ਘੱਟੋ-ਘੱਟ ਅੱਠ ਕੇਂਦਰ ਆਧਾਰਤ ਯੋਜਨਾਵਾਂ ਵਿਚ ਕੇਂਦਰ ਤੋਂ ਇਕ ਵੀ ਪੈਸਾ ਨਹੀਂ ਮਿਲੇਗਾ। ਇਸੇ ਤਰ੍ਹਾਂ 24 ਯੋਜਨਾਵਾਂ ਵਿਚ ਕੇਂਦਰੀ ਹਿੱਸੇ ਵਿਚ ਵੱਡੀ ਕਟੌਤੀ ਹੋਏਗੀ ਤੇ ਸੂਬਿਆਂ ਨੂੰ ਖ਼ੁਦ ਹੀ ਇਸ ਲਈ ਰਕਮ ਦਾ ਜੁਗਾੜ ਕਰਨਾ ਪਏਗਾ। ਅੱਠ ਯੋਜਨਾਵਾਂ, ਜਿਨ੍ਹਾਂ ਨੂੰ ਕੇਂਦਰੀ ਫੰਡਾਂ ਤੋਂ ਵੱਖ ਕੀਤਾ ਗਿਆ ਹੈ, ਵਿਚ ਰਾਸ਼ਟਰੀ ਈ-ਗਵਰਨੈਂਸ ਯੋਜਨਾ, ਪੱਛੜੇ ਇਲਾਕੇ ਗਰਾਂਟ ਫੰਡ, ਪੁਲਿਸ ਆਧੁਨਿਕੀਕਰਨ, ਬਰਾਮਦ ਬੁਨਿਆਦੀ ਢਾਂਚੇ ਨੂੰ ਵਿਕਸਤ ਕਰਨ, 6000 ਮਾਡਲ ਸਕੂਲ ਸਥਾਪਤ ਕਰਨ, ਫੂਡ ਪ੍ਰਾਸੈਸਿੰਗ ਕੌਮੀ ਮਿਸ਼ਨ, ਰਾਜੀਵ ਗਾਂਧੀ ਪੰਚਾਇਤ ਸ਼ਸ਼ਕਤੀਕਰਨ ਯੋਜਨਾ ਤੇ ਸੈਰ-ਸਪਾਟਾ ਬੁਨਿਆਦੀ ਢਾਂਚਾ ਯੋਜਨਾਵਾਂ ਸ਼ਾਮਲ ਹਨ।

ਕੇਂਦਰ ਵਲੋਂ ਮੌਜੂਦਾ ਸਮੇਂ ਵਿਚ 63 ਪ੍ਰੋਗਰਾਮਾਂ ਤੇ ਯੋਜਨਾਵਾਂ ਲਈ ਰਾਜਾਂ ਨੂੰ ਸਹਾਇਤਾ ਦਿੱਤੀ ਜਾਂਦੀ ਹੈ। ਇਨ੍ਹਾਂ ਵਿਚੋਂ ਹੁਣ ਕੇਂਦਰ ਸਿਰਫ 31 ਯੋਜਨਾਵਾਂ ਲਈ ਹੀ ਪੂਰਾ ਪੈਸਾ ਦੇਵੇਗਾ। ਸਰਕਾਰ ਵਲੋਂ 14ਵੇਂ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਮੰਨਣ ਕਰਕੇ ਖਰਚਿਆਂ ਦੇ ਪੁਨਰਗਠਨ ਦੀ ਪ੍ਰਕਿਰਿਆ ਵਿਚ ਸੁਧਾਰ ਕੀਤਾ ਜਾ ਰਿਹਾ ਹੈ।

## ਬਾਦਲ ਸਰਕਾਰ ਨੇ ਵਿਦਿਆਰਥੀਆਂ ਲਈ ਆਈ ਗ੍ਰਾਂਟ ਵੀ ਡਕਾਰੀ

**ਪਟਿਆਲਾ:** ਪੰਜਾਬ ਸਰਕਾਰ ਨੇ ਕੇਂਦਰ ਵੱਲੋਂ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਲਈ ਪੋਸਟ-ਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ ਦਿੱਤੀ ਗ੍ਰਾਂਟ ਦੱਬ ਲਈ ਹੈ। ਪੰਜਾਬ ਸਰਕਾਰ ਨੂੰ ਇਹ ਗ੍ਰਾਂਟ ਤਿੰਨ ਮਹੀਨੇ ਪਹਿਲਾਂ ਮਿਲ ਗਈ ਸੀ ਪਰ ਗ੍ਰਾਂਟ ਅਦਾਰਿਆਂ ਤੱਕ ਨਹੀਂ ਪੁੱਜੀ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਅਨੁਸੂਚਿਤ ਜਾਤੀ ਨਾਲ ਸਬੰਧਤ ਵਿਦਿਆਰਥੀਆਂ ਦੇ ਦਾਖ਼ਲੇ ਜੁਲਾਈ 2014 ਵਿਚ ਕੀਤੇ ਗਏ ਸਨ ਤੇ ਸਰਕਾਰ ਦੇ ਹੁਕਮਾਂ ਅਨੁਸਾਰ ਇਨ੍ਹਾਂ ਵਿਦਿਆਰਥੀਆਂ ਤੋਂ ਫ਼ੀਸ ਨਹੀਂ ਸੀ ਲਈ। ਵਰਸਿਟੀ ਕੈਂਪਸ ਵਿਚ 1245 ਤੇ ਪੰਜਾਬੀ ਯੂਨੀਵਰਸਿਟੀ ਅਧੀਨ ਚੱਲ ਰਹੇ 28 ਸੈਂਟਰਾਂ ਦੇ 3134 ਵਿਦਿਆਰਥੀਆਂ ਨੂੰ ਇਹ ਲਾਭ ਮਿਲਿਆ ਹੈ। ਇਨ੍ਹਾਂ ਵਿਚ ਯਾਦਵਿੰਦਰਾ ਕਾਲਜ ਤਲਵੰਡੀ ਸਾਬੋ ਦੇ 198, ਚੁੰਨੀ ਕਲਾਂ ਕਾਲਜ ਫ਼ਤਿਹਗੜ੍ਹ ਸਾਹਿਬ ਦੇ 310, ਮਾਲਵਾ ਕਾਲਜ ਬਠਿੰਡਾ ਦੇ 623 ਵਿਦਿਆਰਥੀ ਸ਼ਾਮਲ ਹਨ। ਪੰਜਾਬ ਸਰਕਾਰ ਨੇ ਵਰਸਿਟੀ ਕੈਂਪਸ ਦੇ 4.21 ਕਰੋੜ ਰੁਪਏ ਦੇਣੇ ਹਨ, ਪਰ ਦਿੱਤੇ 16 ਲੱਖ ਰੁਪਏ ਹਨ। ਸੈਂਟਰਾਂ ਸਮੇਤ ਪੰਜਾਬੀ ਯੂਨੀਵਰਸਿਟੀ ਨੂੰ ਪੰਜਾਬ ਸਰਕਾਰ ਨੇ 8.97 ਕਰੋੜ ਰੁਪਏ ਦੇਣੇ ਹਨ ਪਰ 2.25 ਕਰੋੜ ਰੁਪਏ ਹੀ ਦਿੱਤੇ ਗਏ ਹਨ।

ਯੂਨੀਵਰਸਿਟੀ ਦੇ ਫਾਈਨਾਂਸ ਅਫ਼ਸਰ ਡਾ. ਬਲਜੀਤ ਸਿੰਘ ਸਿੱਧੂ ਦਾ ਕਹਿਣਾ ਹੈ ਕਿ ਸਰਕਾਰ ਨਾਲ ਗੱਲ ਚੱਲ ਰਹੀ ਹੈ, ਆਸ ਹੈ ਕਿ ਰਹਿੰਦੇ ਪੈਸੇ ਛੇਤੀ ਮਿਲ ਜਾਣਗੇ। ਉਧਰ, ਅਨੁਸੂਚਿਤ ਜਾਤੀ ਕਮਿਸ਼ਨ ਪੰਜਾਬ ਦੇ ਚੇਅਰਮੈਨ ਰਾਜੇਸ਼ ਬਾਘਾ ਨੇ ਕਿਹਾ ਕਿ ਉਨ੍ਹਾਂ ਨੂੰ ਭਲਾਈ ਵਿਭਾਗ ਨੇ ਰਿਪੋਰਟ ਦਿੱਤੀ ਹੈ ਕਿ ਪੋਸਟ-ਮੈਟ੍ਰਿਕ ਸਕੀਮ ਦੇ ਪੈਸੇ ਸਬੰਧਤ ਸੰਸਥਾਵਾਂ ਦੇ ਖਾਤੇ ਵਿਚ ਪਾ ਦਿੱਤੇ ਹਨ। ਕੈਬਨਿਟ ਮੰਤਰੀ ਗੁਲਜ਼ਾਰ ਸਿੰਘ ਰਣੀਕੇ ਮੁਤਾਬਕ ਇਹ ਮਾਮਲਾ ਉਨ੍ਹਾਂ ਦੇ ਨੋਟਿਸ ਵਿਚ ਨਹੀਂ ਹੈ, ਉਹ ਪੜਤਾਲ ਕਰਵਾ ਕੇ ਬਣਦੇ ਪੈਸੇ ਅਦਾਰਿਆਂ ਦੇ ਖਾਤਿਆਂ ਵਿਚ ਜਮ੍ਹਾਂ ਕਰਵਾ ਦੇਣਗੇ।

## ਰੇਲ ਬਜਟ: ਪੰਜਾਬ ਉਤੇ ਨਾ ਹੋਈ 'ਪ੍ਰਭੂ' ਦੀ ਮਿਹਰ

**ਬਠਿੰਡਾ:** ਰੇਲ ਬਜਟ ਵਿਚ ਕੇਂਦਰੀ ਰੇਲਵੇ ਮੰਤਰੀ ਸੁਰੇਸ਼ ਪ੍ਰਭੂ ਦੀ ਮਿਹਰ ਤੋਂ ਪੰਜਾਬ ਵਾਂਝਾ ਹੀ ਰਿਹਾ। ਦੋ ਵਰ੍ਹਿਆਂ ਮਗਰੋਂ ਵੀ ਤਖ਼ਤ ਦਮਦਮਾ ਸਾਹਿਬ ਰੇਲ ਲਿੰਕ ਨਾਲ ਜੋੜਨ ਦੀ ਪ੍ਰਕਿਰਿਆ ਸ਼ੁਰੂ ਨਹੀਂ ਹੋ ਸਕੀ ਹੈ ਤੇ ਇਸ ਬਜਟ ਵਿਚ ਇਸ ਯੋਜਨਾ ਬਾਰੇ ਕੋਈ ਜ਼ਿਕਰ ਨਹੀਂ ਕੀਤਾ ਗਿਆ। ਤਤਕਾਲੀ ਰੇਲ ਮੰਤਰੀ ਪਵਨ ਬਾਂਸਲ ਨੇ ਰੇਲਵੇ ਬਜਟ ਵਿਚ ਤਖ਼ਤ ਦਮਦਮਾ ਸਾਹਿਬ ਨੂੰ ਰੇਲ ਲਿੰਕ ਨਾਲ ਜੋੜਨ ਦਾ ਪ੍ਰਾਜੈਕਟ ਐਲਾਨਿਆ ਸੀ। ਪੰਜ ਤਖ਼ਤਾਂ ਵਿਚੋਂ ਸਿਰਫ ਤਖ਼ਤ ਦਮਦਮਾ ਸਾਹਿਬ ਨੂੰ ਹੀ ਰੇਲ ਲਿੰਕ ਦੀ ਸਹੂਲਤ ਨਹੀਂ ਹੈ। ਸ੍ਰੀ ਅਨੰਦਪੁਰ ਸਾਹਿਬ ਤੋਂ ਗੁਰੂ ਨਗਰੀ ਅੰਮ੍ਰਿਤਸਰ ਰੇਲ ਲਿੰਕ ਸਥਾਪਤ ਕਰਨ ਦੀ ਮੰਗ ਬਾਰੇ ਵੀ ਕੇਂਦਰੀ ਮੰਤਰੀ ਨੇ ਕੋਈ ਗੌਰ ਨਹੀਂ ਕੀਤੀ।

ਰੇਲ ਬਜਟ ਦੌਰਾਨ ਅੰਮ੍ਰਿਤਸਰ-ਫਿਰੋਜ਼ਪੁਰ ਰੇਲ ਮਾਰਗ ਬਾਰੇ ਵੀ ਕੋਈ ਜ਼ਿਕਰ ਨਹੀਂ ਕੀਤਾ ਗਿਆ। ਸਾਬਕਾ ਰੇਲ ਮੰਤਰੀ ਨੇ ਪਿਛਲੇ ਵਰ੍ਹੇ ਬਜਟ ਵਿਚ ਐਲਾਨ ਕੀਤਾ ਸੀ ਕਿ ਅੰਮ੍ਰਿਤਸਰ-ਫਿਰੋਜ਼ਪੁਰ ਰੇਲ ਮਾਰਗ ਨੂੰ ਸ਼ੁਰੂ ਕਰਨ ਲਈ ਕੰਮ ਕੀਤਾ ਜਾਵੇਗਾ। ਇਸ ਰੇਲ ਮਾਰਗ ਨੂੰ ਸ਼ੁਰੂ ਕਰਨ ਲਈ 25.47 ਕਿਲੋਮੀਟਰ ਰੇਲ ਪਟੜੀ ਵਿਛਾਉਣ ਦੀ ਲੋੜ ਹੈ। ਨਵੇਂ ਰੇਲ ਬਜਟ ਵਿਚ ਕਿਸੇ ਨਵੀਂ ਗੱਡੀ ਦਾ ਐਲਾਨ ਨਹੀਂ ਕੀਤਾ ਗਿਆ ਜਿਸ ਕਾਰਨ ਇਨ੍ਹਾਂ ਇਲਾਕਿਆਂ ਦੇ ਵਸਨੀਕਾਂ ਵਲੋਂ ਭਾਜਪਾ ਦੇ ਪਹਿਲੇ ਰੇਲ ਬਜਟ ਤੋਂ ਲਾਈਆਂ ਆਸਾਂ 'ਤੇ ਪਾਣੀ ਫਿਰ ਗਿਆ। ਇਸ ਦੇ ਇਲਾਵਾ ਫਿਰੋਜ਼ਪੁਰ ਤੋਂ ਮੁੰਬਈ ਵਿਚਕਾਰ ਚੱਲਣ ਵਾਲੀ ਇਤਿਹਾਸਕ ਪੰਜਾਬ ਮੇਲ ਨੂੰ ਫਿਰੋਜ਼ਪੁਰ ਤੋਂ ਫਾਜ਼ਿਲਕਾ ਤੱਕ ਵਧਾਉਣ ਦੇ ਐਲਾਨ 'ਤੇ ਵੀ ਅਮਲ ਨਹੀਂ ਹੋ ਸਕਿਆ ਤੇ ਅਜੇ ਤੱਕ ਫਿਰੋਜ਼ਪੁਰ-ਬਠਿੰਡਾ




ਸੈਕਸ਼ਨ ਦੇ ਰੇਲ ਪਟੜੀ ਦੇ ਦੋਹਰੀਕਰਣ ਦਾ ਕਾਰਜ ਵੀ ਸ਼ੁਰੂ ਨਹੀਂ ਹੋਇਆ ਜਦਕਿ ਇਸ ਬਾਰੇ ਐਲਾਨ ਪਿਛਲੇ ਬਜਟ ਵਿਚ ਕੀਤਾ ਗਿਆ ਸੀ। ਇਸ ਦੇ ਨਾਲ ਹੀ ਫਿਰੋਜ਼ਪੁਰ-ਅਬੋਹਰ-ਸ੍ਰੀਗੰਗਾਨਗਰ ਰੇਲ ਪਟੜੀ ਦੇ ਦੋਹਰੀਕਰਣ ਦਾ ਐਲਾਨ ਵੀ ਹੋ ਚੁੱਕਾ ਹੈ ਜਦਕਿ ਕਾਦੀਆਂ-ਬਿਆਸ ਰੇਲ ਸੰਪਰਕ ਤੇ ਚੰਡੀਗੜ੍ਹ-ਊਨਾ ਬਰਾਸਤਾ ਅਨੰਦਪੁਰ ਸਾਹਿਬ ਰੇਲ ਪਟੜੀ ਦੇ ਦੋਹਰੀਕਰਣ ਦਾ ਸੁਪਨਾ ਵੀ ਵਿਚਾਲੇ ਹੀ ਹੈ। ਚੰਡੀਗੜ੍ਹ ਤੋਂ ਹਰਿਦੁਆਰ ਲਈ ਇਕ ਹੋਰ ਧਾਰਮਿਕ ਰੇਲ ਗੱਡੀ ਚਲਾਉਣ ਦੀ ਮੰਗ ਵੀ ਲੰਬੇ ਸਮੇਂ ਤੋਂ ਅੱਧ ਵਿਚਾਲੇ ਲਟਕ ਰਹੀ ਹੈ।

## ਸਰਕਾਰ ਵਲੋਂ ਬੰਦੀ ਸਿੱਖਾਂ ਦੀ ਰਿਹਾਈ ਤੋਂ ਕੋਰੀ ਨਾਂਹ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਜੇਲ੍ਹਾਂ ਵਿਚ ਬੰਦ ਸਿੰਘਾਂ ਦੀ ਰਿਹਾਈ ਤੋਂ ਕੋਰੀ ਨਾਂਹ ਕਰ ਦਿੱਤੀ ਹੈ। ਪੰਜਾਬ ਪੁਲਿਸ ਦੇ ਮੁਖੀ ਸੁਮੇਧ ਸੈਣੀ ਨੇ 82 ਬੰਦੀ ਸਿੰਘਾਂ ਦੀ ਰਿਹਾਈ ਲਈ ਲੁਧਿਆਣਾ ਵਿਚ ਮਰਨ ਵਰਤ 'ਤੇ ਬੈਠੇ ਸੂਰਤ ਸਿੰਘ ਖ਼ਾਲਸਾ ਦੀ ਮੰਗ ਬਾਰੇ ਕਿਹਾ ਕਿ ਕਾਨੂੰਨ ਮੁਤਾਬਕ ਇਨ੍ਹਾਂ ਵਿਚੋਂ ਕਿਸੇ ਨੂੰ ਵੀ ਰਿਹਾ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਪੰਜਾਬ ਦੀ ਸ਼ਾਂਤੀ ਨਾਲ ਕਿਸੇ ਵੀ ਤਰ੍ਹਾਂ ਦਾ ਸਮਝੌਤਾ ਨਹੀਂ ਕੀਤਾ ਜਾਵੇਗਾ ਤੇ ਕਿਸੇ ਵੀ ਗਲਤ ਮੰਗ ਅੱਗੇ ਝੁਕਣ ਦਾ ਸਵਾਲ ਪੈਦਾ ਨਹੀਂ ਹੁੰਦਾ। ਸ੍ਰੀ ਸੈਣੀ ਨੇ ਕਿਹਾ ਕਿ ਕਾਫੀ ਯਤਨਾਂ ਤੋਂ ਬਾਅਦ ਖਾੜਕੂ ਜਗਤਾਰ ਸਿੰਘ ਤਾਰਾ, ਹਰਮਿੰਦਰ ਸਿੰਘ ਮਿੰਟੂ, ਰਤਨਦੀਪ ਸਿੰਘ, ਗੁਰਪ੍ਰੀਤ ਸਿੰਘ ਉਰਫ ਗੋਪੀ ਤੇ ਰਮਨਦੀਪ ਸਿੰਘ ਉਰਫ ਗੋਲਡੀ ਆਦਿ ਨੂੰ ਪੁਲਿਸ ਨੇ ਗ੍ਰਿਫਤਾਰ ਕੀਤਾ ਹੈ।

ਪੁਲਿਸ ਮੁਖੀ ਨੇ ਕਿਹਾ ਕਿ ਸੂਰਤ ਸਿੰਘ ਖ਼ਾਲਸਾ ਨੇ 82 ਸਿੰਘਾਂ ਨੂੰ ਰਿਹਾ ਕਰਨ ਦੀ ਮੰਗ ਕੀਤੀ ਹੈ ਤੇ ਇਨ੍ਹਾਂ ਵਿਚੋਂ 25 ਵਿਅਕਤੀਆਂ ਨੂੰ ਹਾਲੇ ਤੱਕ ਸਜ਼ਾ ਨਹੀਂ ਮਿਲੀ। ਉਨ੍ਹਾਂ ਹੈਰਾਨੀ ਜ਼ਾਹਰ ਕੀਤੀ ਕਿ ਖ਼ਾਲਸਾ ਵਲੋਂ ਜਾਰੀ ਕੀਤੀ ਸੂਚੀ ਵਿਚ ਜਗਤਾਰ ਸਿੰਘ ਤਾਰਾ, ਮਿੰਟੂ, ਗੋਪੀ, ਗੋਲਡੀ ਤੇ ਰਤਨਦੀਪ ਸਿੰਘ ਵੀ ਸ਼ਾਮਲ ਹਨ। ਸੂਚੀ ਵਿਚ 16 ਅਜਿਹੇ ਕੈਦੀ ਹਨ, ਜਿਨ੍ਹਾਂ ਨੂੰ ਉਮਰ ਕੈਦ ਤੋਂ ਘੱਟ ਸਜ਼ਾ ਹੋਈ ਹੈ। ਸਜ਼ਾ ਪੂਰੀ ਹੋਣ ਤੋਂ ਬਾਅਦ ਉਨ੍ਹਾਂ ਨੇ ਆਪਣੇ ਆਪ ਰਿਹਾ ਹੋ ਜਾਣਾ ਹੈ। ਇਸ ਸੂਚੀ ਵਿਚੋਂ ਸ਼ਾਮਲ ਛੇ ਕੈਦੀ ਪਹਿਲਾਂ ਹੀ ਰਿਹਾ ਹੋ ਚੁੱਕੇ ਹਨ। ਖ਼ਾਲਸਾ ਵਲੋਂ ਜਿਹੜੇ ਅੱਠ ਸੀਨੀਅਰ ਨਾਗਰਿਕਾਂ ਦੀ ਰਿਹਾਈ ਮੰਗੀ ਗਈ ਹੈ ਉਹ ਵਿਅਕਤੀ ਸਾਲ 1987 ਵਿਚ ਲੁਧਿਆਣੇ ਦੇ ਬੈਂਕ ਵਿਚ ਡਾਕਾ ਮਾਰਨ ਦੇ ਦੋਸ਼ ਹੇਠ ਸਜ਼ਾ ਭੁਗਤ ਰਹੇ ਹਨ। ਇਨ੍ਹਾਂ ਨੂੰ 7 ਤੋਂ 10 ਸਾਲ ਦੀ ਸਜ਼ਾ ਮਿਲੀ ਹੈ। ਇਸ ਸੂਚੀ ਵਿਚ ਸ਼ਾਮਲ ਇਕ ਵਿਅਕਤੀ ਨੂੰ ਮੌਤ ਦੀ ਸਜ਼ਾ ਮਿਲੀ ਹੈ, ਜੋ ਚੰਡੀਗੜ੍ਹ ਨਾਲ ਸਬੰਧਤ ਹੈ।

ਪੰਜਾਬ ਵਿਚਲੇ ਪੰਜ ਉਮਰ ਕੈਦੀਆਂ ਵਿਚੋਂ ਤਿੰਨ ਦੀ ਸਜ਼ਾ ਮੁਆਫੀ ਲਈ ਨਿਰਧਾਰਤ ਘੱਟੋ ਘੱਟ ਸਜ਼ਾ ਵੀ ਹਾਲੇ ਪੂਰੀ ਨਹੀਂ ਹੋਈ। ਇਨ੍ਹਾਂ ਵਿਚੋਂ ਦੋ ਕੈਦੀ ਨਿਰਧਾਰਤ ਸਜ਼ਾ ਪੂਰੀ ਕਰ ਚੁਕੇ ਹਨ ਪਰ ਜੁਲਾਈ 2014 ਦੇ ਸੁਪਰੀਮ ਕੋਰਟ ਦੇ ਫੈਸਲੇ ਮੁਤਾਬਕ ਉਨ੍ਹਾਂ ਨੂੰ ਰਾਜ ਸਰਕਾਰ ਰਿਹਾ ਨਹੀਂ ਕਰ ਸਕਦੀ। ਪੰਜਾਬ ਸਰਕਾਰ ਵਲੋਂ 8 ਜਨਵਰੀ ਨੂੰ ਸੁਪਰੀਮ ਕੋਰਟ ਵਿਚ ਇਸ ਮਾਮਲੇ ਦੀ ਸੁਣਵਾਈ ਜਲਦ ਕਰਨ ਦੀ ਅਪੀਲ ਪਾਈ ਗਈ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਦੀਆਂ ਜੇਲ੍ਹਾਂ ਵਿਚ ਇਸ ਵੇਲੇ 3665 ਉਮਰ ਕੈਦੀ ਹਨ ਤੇ ਫਿਲਹਾਲ 223 ਕੈਦੀ ਹੀ ਅਜਿਹੇ ਹਨ ਜੋ ਰਿਹਾ ਕੀਤੇ ਜਾਣ ਲਈ ਨਿਰਧਾਰਤ ਸ਼ਰਤਾਂ ਪੂਰੀਆਂ ਕਰਦੇ ਹਨ। ਦੱਸਣਯੋਗ ਹੈ ਕਿ ਸੂਰਤ ਸਿੰਘ ਖ਼ਾਲਸਾ ਦੇ ਸੰਘਰਸ਼ ਦੀ ਹਮਾਇਤ ਵਿਚ ਦਲ ਖ਼ਾਲਸਾ, ਅਕਾਲੀ ਦਲ (ਪੰਚ ਪ੍ਰਧਾਨੀ), ਯੂਨਾਈਟਿਡ ਅਕਾਲੀ ਦਲ ਤੇ ਅਕਾਲੀ ਦਲ (ਅ) ਆਦਿ ਨੇ ਤਿੰਨ ਮਾਰਚ ਨੂੰ ਸਾਂਝੇ ਤੌਰ 'ਤੇ ਦਿੱਲੀ ਵਿਚ ਰਾਸ਼ਟਰਪਤੀ ਭਵਨ ਵੱਲ ਮਾਰਚ ਕਰਨ ਦਾ ਐਲਾਨ ਕੀਤਾ ਸੀ।



### ਸੁਮੇਧ ਸੈਣੀ ਉਤੇ ਗੁੰਮਰਾਹ ਕਰਨ ਦੇ ਦੋਸ਼

ਚੰਡੀਗੜ੍ਹ: ਯੂਨਾਈਟਿਡ ਅਕਾਲੀ ਦਲ ਨੇ ਆਖਿਆ ਹੈ ਕਿ ਪੰਜਾਬ ਪੁਲਿਸ ਦੇ ਮੁਖੀ ਸੁਮੇਧ ਸਿੰਘ ਸੈਣੀ ਸਿਆਸੀ ਬਿਆਨਬਾਜ਼ੀ ਕਰਕੇ ਸਿੱਖਾਂ ਦੇ ਜ਼ਖਮਾਂ ਉਪਰ ਨਮਕ ਛਿੜਕ ਰਹੇ ਹਨ। ਉਨ੍ਹਾਂ ਕਿਹਾ ਕਿ ਭਾਈ ਸੂਰਤ ਸਿੰਘ ਖਾਲਸਾ ਜਮਹੂਰੀ ਢੰਗ ਨਾਲ ਮਰਨ ਵਰਤ ਰੱਖ ਕੇ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਕਰ ਰਹੇ ਹਨ। ਇਸੇ ਲੜੀ ਤਹਿਤ ਯੂਨਾਈਟਿਡ ਅਕਾਲੀ ਦਲ ਪੁਰਅਮਨ ਢੰਗ ਨਾਲ ਇਸ ਸੰਘਰਸ਼ ਦੀ ਹਮਾਇਤ ਕਰ ਰਿਹਾ ਹੈ। ਪੰਜਾਬ ਪੁਲਿਸ ਨੇ ਪੂਰੀ ਤਰ੍ਹਾਂ ਸਿੱਖਾਂ ਦਾ ਮੂੰਹ ਬੰਦ ਕਰਨ ਦੇ ਰਾਹ ਪੈਂਦਿਆਂ ਯੂਨਾਈਟਿਡ ਅਕਾਲੀ ਦਲ ਦੇ ਪ੍ਰਧਾਨ ਭਾਈ ਮੋਹਕਮ ਸਿੰਘ ਤੇ ਸਕੱਤਰ ਜਨਰਲ ਭਾਈ ਗੁਰਦੀਪ ਸਿੰਘ ਬਠਿੰਡਾ ਨੂੰ ਹਿਰਾਸਤ ਵਿਚ ਲੈ ਲਿਆ ਹੈ। ਉਨ੍ਹਾਂ ਕਿਹਾ ਕਿ ਕਿਸੇ ਵੇਲੇ ਖੁਦ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਮੋਰਚੇ ਲਾ ਕੇ ਸਿੱਖਾਂ ਦੀ ਰਿਹਾਈ ਦੀ ਮੰਗ ਕਰਦੇ ਰਹੇ ਹਨ। ਹੁਣ ਯੂਨਾਈਟਿਡ ਅਕਾਲੀ ਦਲ ਇਸ ਲੜੀ ਨੂੰ ਅੱਗੇ ਚਲਾ ਕੇ ਸਜ਼ਾ ਪੂਰੀ ਕਰ ਚੁੱਕੇ ਸਿੱਖਾਂ ਦੀ ਰਿਹਾਈ ਦੀ ਮੰਗ ਕਰ ਰਿਹਾ ਹੈ, ਜਿਸ ਨੂੰ ਹੁਣ ਪੰਜਾਬ ਸਰਕਾਰ ਵਲੋਂ ਗੁਨਾਹ ਮੰਨਿਆ ਜਾ ਰਿਹਾ ਹੈ।

## ਫੂਲਕਾ ਦੀ ਸ਼ਿਕਾਇਤ 'ਤੇ ਟਾਈਟਲਰ ਖ਼ਿਲਾਫ ਦੋਸ਼ ਆਇਦ

**ਨਵੀਂ ਦਿੱਲੀ:** ਸਥਾਨਕ ਅਦਾਲਤ ਨੇ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਖ਼ਿਲਾਫ ਮਾਣਹਾਨੀ ਦੇ ਦੋਸ਼ ਆਇਦ ਕੀਤੇ ਹਨ। ਇਸ ਮਾਮਲੇ ਬਾਰੇ ਸੀਨੀਅਰ ਵਕੀਲ ਐਚ.ਐਸ. ਫੂਲਕਾ ਨੇ ਸ਼ਿਕਾਇਤ ਕੀਤੀ ਸੀ ਕਿ ਟਾਈਟਲਰ ਨੇ ਇਕ ਟੀ.ਵੀ. ਸ਼ੋਅ ਦੌਰਾਨ ਉਨ੍ਹਾਂ ਖ਼ਿਲਾਫ ਝੂਠੇ ਦੋਸ਼ ਲਗਾਏ ਸਨ। ਇਹ ਟੀ.ਵੀ. ਸ਼ੋਅ ਸਤੰਬਰ 2004 ਵਿਚ ਨਸ਼ਰ ਹੋਇਆ ਸੀ। ਇਸ ਮਾਮਲੇ ਬਾਰੇ ਸ਼ਿਕਾਇਤ 2006 ਵਿਚ ਕੀਤੀ ਗਈ ਸੀ। ਅਦਾਲਤ ਨੇ ਟਾਈਟਲਰ ਨੂੰ ਨੋਟਿਸ ਜਾਰੀ ਕਰਦਿਆਂ ਇਸ ਕੇਸ ਬਾਰੇ ਆਪਣਾ ਪੱਖ ਜ਼ਾਹਰ ਕਰਨ ਲਈ ਕਿਹਾ।

ਐਡੀਸ਼ਨਲ ਚੀਫ ਮੈਟਰੋਪਾਲੀਟਨ ਮੈਜਿਸਟਰੇਟ ਗੌਰਵ ਰਾਓ ਦੇ ਹੁਕਮਾਂ ਅਨੁਸਾਰ ਟਾਈਟਲਰ ਨੂੰ ਇਹ ਦੋਸ਼ ਪੜ੍ਹ ਕੇ ਸੁਣਾਏ ਗਏ ਤੇ ਕੇਸ ਦੀ ਅਗਲੀ ਸੁਣਵਾਈ ਦੋ ਮਈ ਨੂੰ ਹੋਵੇਗੀ। ਇਸ ਕੇਸ ਦੀ ਬਹਿਸ ਦੌਰਾਨ ਟਾਈਟਲਰ ਦੇ ਵਕੀਲ ਨੇ ਅਦਾਲਤ ਦੇ ਧਿਆਨ ਵਿਚ ਲਿਆਂਦਾ ਕਿ ਮਾਣਹਾਨੀ ਦਾ ਇਹ ਕੇਸ ਕਈ ਸਾਲ ਪੁਰਾਣਾ ਹੈ ਤੇ ਫੂਲਕਾ ਨੇ ਕੁਝ ਸਾਲ ਪਹਿਲਾਂ ਇਸ ਮਾਮਲੇ ਬਾਰੇ ਕਾਰਵਾਈ ਕਿਉਂ ਨਹੀਂ ਮੰਗੀ ਸੀ। ਅਦਾਲਤ ਨੇ ਇਸ ਟਿੱਪਣੀ ਨੂੰ ਖਾਰਜ ਕਰਦਿਆਂ ਕਿਹਾ ਕਿ ਟਾਈਟਲਰ ਨੇ ਜੇਕਰ ਫੂਲਕਾ ਖ਼ਿਲਾਫ ਟਿੱਪਣੀ ਕੀਤੀ ਹੈ ਤਾਂ ਕਾਰਵਾਈ ਜ਼ਰੂਰ ਹੋਵੇਗੀ।

# ਪੰਜਾਬ ਸਰਕਾਰ ਲਈ ਨਮੋਸ਼ੀ ਦਾ ਸਬੱਬ ਬਣੇ ਕੇਂਦਰ ਦੇ ਫੈਸਲੇ

**ਜਲੰਧਰ:** ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵਲੋਂ ਪੰਜਾਬ ਪ੍ਰਤੀ ਅਪਨਾਇਆ ਵਤੀਰਾ ਭਾਈਵਾਲ ਅਕਾਲੀਆਂ ਲਈ ਨਮੋਸ਼ੀ ਦਾ ਸਬੱਬ ਬਣਦਾ ਜਾ ਰਿਹਾ ਹੈ। ਮੋਦੀ ਸਰਕਾਰ ਵਲੋਂ ਲਏ ਤਾਜ਼ਾ ਫੈਸਲੇ ਆਰਥਿਕ ਤੰਗੀ ਵਿਚ ਘਿਰੀ ਪੰਜਾਬ ਸਰਕਾਰ ਨੂੰ ਕਾਫੀ ਮਹਿੰਗੇ ਪੈਣ ਵਾਲੇ ਹਨ। ਕੇਂਦਰ ਸਰਕਾਰ ਨੇ ਮਾਲੀ ਤੰਗੀ ਵਾਲੇ ਵਰਗ ਵਿਚੋਂ ਪੰਜਾਬ ਨੂੰ ਬਾਹਰ ਕਰਕੇ ਵੱਡਾ ਧੱਕਾ ਦਿੱਤਾ ਹੈ। ਇਸ ਤੋਂ ਇਲਾਵਾ ਐਫ.ਸੀ.ਆਈ. ਵਲੋਂ ਸੂਬੇ ਵਿਚੋਂ ਕਣਕ ਦੀ ਖਰੀਦ 50 ਫੀਸਦੀ ਘਟਾਉਣ ਤੇ ਜ਼ਮੀਨ ਪ੍ਰਾਪਤੀ ਆਰਡੀਨੈਂਸ ਵਰਗੇ ਕੇਂਦਰੀ ਫੈਸਲਿਆਂ ਦਾ ਬਾਦਲ ਸਰਕਾਰ ਨੂੰ ਜਵਾਬ ਦੇਣਾ ਔਖਾ ਹੋਇਆ ਹੈ।



ਪੰਜਾਬ ਸਰਕਾਰ ਨੂੰ ਕੇਂਦਰ ਤੋਂ ਇਸ ਵਾਰ ਜ਼ਿਆਦਾ ਉਮੀਦ ਸੀ। ਕੇਂਦਰੀ ਟੈਕਸਾਂ ਵਿਚੋਂ ਸੂਬਿਆਂ ਦਾ ਹਿੱਸਾ ਵਧਾਉਣ ਦੇ ਬਾਵਜੂਦ ਪੰਜਾਬ ਨੂੰ ਲਾਭ ਦੀ ਬਜਾਇ ਨੁਕਸਾਨ ਹੋਵੇਗਾ। ਕੇਂਦਰ ਸਰਕਾਰ ਵਲੋਂ ਸਟੇਟ ਤੇ ਸੈਕਟਰ ਆਧਾਰਿਤ ਦਿੱਤੀਆਂ ਜਾਂਦੀਆਂ ਗ੍ਰਾਂਟਾਂ ਵਿਚੋਂ ਹੀ ਪੰਜਾਬ ਨੂੰ 700 ਕਰੋੜ ਰੁਪਏ ਘੱਟ ਮਿਲਣਗੇ। ਇਸ ਨਾਲ ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ, ਰਾਸ਼ਟਰੀ ਖੁਰਾਕ ਮਿਸ਼ਨ ਵਰਗੀਆਂ ਤਮਾਮ ਸਕੀਮਾਂ ਤਕਰੀਬਨ ਬੰਦ ਹੋ ਜਾਣ ਨਾਲ ਖੇਤੀ ਖੇਤਰ ਨੂੰ ਨੁਕਸਾਨ ਹੋਣ ਦੀ ਸੰਭਾਵਨਾ ਹੈ। ਟੈਕਸਾਂ ਤੋਂ 10 ਫੀਸਦੀ ਹਿੱਸਾ ਵਧਾ ਕੇ ਸੂਬੇ ਨੂੰ ਅੱਠ ਹਜ਼ਾਰ ਕਰੋੜ ਰੁਪਏ ਜ਼ਿਆਦਾ ਮਿਲਣੇ ਹਨ ਜਦਕਿ ਪਿਛਲੇ ਸਾਲ ਪੰਜ ਹਜ਼ਾਰ ਕਰੋੜ ਰੁਪਏ ਮਿਲੇ ਸਨ। ਤਿੰਨ ਹਜ਼ਾਰ ਕਰੋੜ ਜ਼ਿਆਦਾ ਮਿਲਣ ਦੇ ਮੁਕਾਬਲੇ ਯੋਜਨਾਗਤ ਖ਼ਰਚੇ ਉਤੇ ਅੱਠ ਫੀਸਦੀ ਕਟੌਤੀ ਕਰਨ ਨਾਲ ਯੋਜਨਾਗਤ ਖ਼ਰਚੇ ਵਿਚੋਂ 2200 ਕਰੋੜ ਰੁਪਏ ਦੇ ਕਰੀਬ ਹਿੱਸਾ ਘੱਟ ਮਿਲੇਗਾ। ਪੰਜਾਬ ਨੂੰ ਕਣਕ-ਝੋਨੇ ਦੇ ਫਸਲੀ ਚੱਕਰ ਵਿਚੋਂ ਕੱਢਣ ਲਈ ਫਸਲੀ ਵੰਨ-ਸੁਵੰਨਤਾ ਨੂੰ ਉਤਸ਼ਾਹਿਤ ਕਰਨ ਲਈ ਪੰਜ ਸਾਲ ਲਈ ਸੱਤ ਹਜ਼ਾਰ ਕਰੋੜ ਰੁਪਏ ਦੀ ਯੋਜਨਾ ਬਣਾਉਣ ਦੀ ਮੰਗ ਵੀ ਕੀਤੀ ਗਈ ਸੀ ਪਰ ਇਹ ਸਾਰੀਆਂ ਮੰਗਾਂ ਨਜ਼ਰਅੰਦਾਜ਼ ਹੋ ਗਈਆਂ ਹਨ। ਕੇਂਦਰ ਸਰਕਾਰ ਵਿਚ ਭਾਈਵਾਲ ਹੋਣ ਦੇ ਬਾਵਜੂਦ ਪੰਜਾਬ ਸਰਕਾਰ ਨੇ ਇਸ ਮਾਮਲੇ ਉਤੇ ਦੱਬਵੀਂ ਜ਼ੁਬਾਨ ਨਾਲ ਨਾਰਾਜ਼ਗੀ ਜਤਾਈ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਟੈਕਸਾਂ ਵਿਚ ਰਾਜ ਸਰਕਾਰਾਂ ਦਾ ਹਿੱਸਾ ਵਧਾਉਣ ਦਾ ਸਵਾਗਤ ਕਰਦੇ ਹੋਏ ਸੂਬੇ ਦੀਆਂ ਮੰਗਾਂ ਨੂੰ ਦੁਹਰਾਇਆ ਹੈ ਜਿਸ ਵਿਚ ਖੇਤੀ ਵੰਨ-ਸੁਵੰਨਤਾ ਨੂੰ ਲਾਗੂ ਕਰਨ ਲਈ ਕੇਂਦਰ ਸਰਕਾਰ ਤੋਂ ਖੁੱਲ੍ਹੀ ਗ੍ਰਾਂਟ ਦੀ ਮੰਗ ਕੀਤੀ ਹੈ।

ਪੰਜਾਬ ਨੂੰ ਮਾਲੀ ਤੰਗੀ ਵਾਲੇ ਰਾਜਾਂ ਵਿਚੋਂ ਬਾਹਰ ਕੱਢਣ ਉਤੇ ਵੀ ਸੂਬਾ ਸਰਕਾਰ ਨੂੰ ਤਕਲੀਫ ਹੋਈ ਹੈ। ਹਾਲਾਂਕਿ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਨੇ ਪੰਜਾਬ ਸਰਕਾਰ ਨੂੰ ਪਹਿਲਾਂ ਹੀ ਕੋਈ ਵਿਸ਼ੇਸ਼ ਪੈਕੇਜ ਦੇਣ ਦੀ ਸੰਭਾਵਨਾ ਤੋਂ ਇਨਕਾਰ ਕਰ ਦਿੱਤਾ ਸੀ ਪਰ ਫਿਰ ਵੀ ਪੰਜਾਬ ਸਰਕਾਰ ਨੇ ਇਸ ਮਾਮਲੇ ਉਤੇ ਆਪਣਾ ਦਬਾਅ ਜਾਰੀ ਰੱਖਿਆ ਹੋਇਆ ਸੀ। ਸੂਬਾ ਸਰਕਾਰ ਨੇ 14ਵੇਂ ਵਿੱਤ ਕਮਿਸ਼ਨ ਨੂੰ ਦਿੱਤੇ ਮੰਗ ਪੱਤਰ ਵਿਚ ਕੇਂਦਰੀ ਟੈਕਸਾਂ ਵਿਚੋਂ 50 ਫੀਸਦੀ ਹਿੱਸੇ ਦੀ ਮੰਗ ਕੀਤੀ ਸੀ। ਟੈਕਸਾਂ ਦੇ ਹਿੱਸੇ ਲਈ ਬਣਨ ਵਾਲੇ ਮਾਪਦੰਡਾਂ ਵਿਚ ਸੂਬਾ ਸਰਕਾਰ ਨੇ ਜਨਸੰਖਿਆ ਨੂੰ 35 ਫੀਸਦੀ ਮਹੱਤਵ ਦੇਣ ਉਤੇ ਆਪਣੀ ਰਾਇ ਰੱਖਦਿਆਂ ਇਸ ਨੂੰ ਨਿਆਂਸੰਗਤ ਬਣਾਉਣ ਲਈ ਅਨੁਸੂਚਿਤ ਜਾਤੀ ਤੇ ਅਨੁਸੂਚਿਤ ਕਬੀਲੇ ਦੀ ਆਬਾਦੀ ਨੂੰ 15 ਫੀਸਦੀ ਮਹੱਤਵ ਦੇਣ ਦੀ ਮੰਗ ਕੀਤੀ ਸੀ। ਰਾਜ ਸਰਕਾਰ ਨੇ ਸੂਬੇ ਦੇ ਖੇਤਰ ਨੂੰ 15 ਫੀਸਦੀ, ਆਮਦਨ ਦੇ ਅੰਤਰ ਨੂੰ 15 ਫੀਸਦੀ ਤੇ ਹੋਰ ਰਾਜਾਂ ਦੇ ਮੁਕਾਬਲੇ ਕੁੱਲ ਘਰੇਲੂ ਪੈਦਾਵਾਰ ਨੂੰ 15 ਫੀਸਦੀ ਮਹੱਤਵ ਦੇਣ ਦਾ ਪ੍ਰਸਤਾਵ ਵੀ ਰੱਖਿਆ ਸੀ।

ਅਨੁਸੂਚਿਤ ਜਾਤਾਂ ਦੀ ਰਾਜ ਵਿਚ ਸਭ ਤੋਂ ਵੱਧ ਆਬਾਦੀ ਹੋਣ ਕਰਕੇ ਟੈਕਸਾਂ ਵਿਚੋਂ ਵੱਧ ਹਿੱਸਾ ਮਿਲਣ ਦੀ ਉਮੀਦ ਸੀ ਪਰ ਇਸ ਪੱਖ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕਰ ਦਿੱਤਾ ਗਿਆ। ਨਵੇਂ ਮਾਪਦੰਡਾਂ ਵਿਚ 7.5 ਫੀਸਦੀ ਮਹੱਤਵ ਜੰਗਲ ਨੂੰ ਦਿੱਤਾ ਗਿਆ ਹੈ। ਇਸ ਦਾ ਲਾਭ ਪਹਿਲਾਂ ਹੀ ਸਪੈਸ਼ਲ ਕੈਟਾਗਰੀ ਵਿਚ ਆ ਰਹੇ ਪਹਾੜੀ ਰਾਜਾਂ ਨੂੰ ਹੋਵੇਗਾ। ਪੰਜਾਬ ਵਿਚ ਮਹਿਜ਼ ਛੇ ਫੀਸਦੀ ਖੇਤਰ ਵਿਚ ਹੀ ਜੰਗਲ ਹਨ। ਰਾਜ ਨੂੰ ਮਾਲੀ ਦਬਾਅ ਵਾਲੇ ਰਾਜਾਂ ਦੀ ਕੈਟਾਗਰੀ ਵਿਚੋਂ ਕੱਢ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ ਪੱਛਮੀ ਬੰਗਾਲ, ਕੇਰਲਾ ਤੇ ਪੰਜਾਬ ਨੂੰ ਇਸ ਕੈਟਾਗਰੀ ਵਿਚ ਰੱਖਿਆ ਗਿਆ ਸੀ। ਹੁਣ ਇਸ ਕੈਟਾਗਰੀ ਵਿਚ ਸ਼ਾਮਲ ਕੀਤੇ ਗਏ 11 ਰਾਜਾਂ ਵਿਚ ਪੰਜਾਬ ਸ਼ਾਮਲ ਨਹੀਂ ਹੈ।

## ਬਾਦਲ ਕਾਰਨ ਨਾ ਮਿਲੀ ਕਰਜ਼ੇ ਤੋਂ ਰਾਹਤ: ਕੈਪਟਨ



**ਪਟਿਆਲਾ:** ਅੰਮ੍ਰਿਤਸਰ ਤੋਂ ਸੰਸਦ ਮੈਂਬਰ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਕਰਜ਼ੇ ਦੀ ਮਾਰ ਹੇਠ ਆਏ ਪੰਜਾਬ ਨੂੰ ਵਿੱਤ ਕਮਿਸ਼ਨ ਵਲੋਂ ਕਰਜ਼ੇ ਵਿਚ ਕੋਈ ਰਾਹਤ ਨਾ ਦੇਣ ਲਈ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਜ਼ਿੰਮੇਵਾਰ ਹੈ। ਉਨ੍ਹਾਂ ਕਿਹਾ ਕਿ ਆਰਥਿਕ ਫੈਸਲੇ ਕਿਸੇ ਤਰਜੀਹ ਜਾਂ ਪੱਖਪਾਤ ਨਾਲ ਨਹੀਂ ਲਏ ਜਾਂਦੇ, ਜਿਵੇਂ ਸ. ਬਾਦਲ ਆਰਥਿਕ ਤੇ ਵਿੱਤੀ ਆਧਾਰ 'ਤੇ ਦੱਸਣ ਦੀ ਕੋਸ਼ਿਸ਼ ਕਰ ਰਹੇ ਹਨ। ਚੰਗਾ ਹੁੰਦਾ ਜੇਕਰ ਸ. ਬਾਦਲ ਕੇਂਦਰੀ ਵਿੱਤ ਮੰਤਰੀ ਦਾ ਗੁਣਗਾਣ ਕਰਨ ਦੀ ਬਜਾਏ ਆਪਣਾ ਕੇਸ ਕੇਂਦਰ ਕੋਲ ਸਹੀ ਤਰੀਕੇ ਨਾਲ ਰੱਖਦੇ। ਜੇਕਰ ਕੇਰਲਾ ਤੇ ਪੱਛਮ ਬੰਗਾਲ ਵਰਗੇ ਭਾਜਪਾ ਵਿਰੋਧੀਆਂ ਦੀਆਂ ਸਰਕਾਰਾਂ ਵਾਲੇ ਪ੍ਰਦੇਸ਼ਾਂ ਨੂੰ ਕੇਂਦਰ ਤੋਂ ਕਰਜ਼ੇ ਵਿਚ ਰਾਹਤ ਮਿਲ ਸਕਦੀ ਹੈ, ਤਾਂ ਫਿਰ ਪੰਜਾਬ ਦੀ ਅਕਾਲੀ ਭਾਜਪਾ ਸਰਕਾਰ ਅਜਿਹੀ ਰਾਹਤ ਕਿਉਂ ਨਾ ਹਾਸਲ ਕਰ ਸਕੀ?

# ਪੰਜਾਬ ਕਾਂਗਰਸ ਦੀ ਕਪਤਾਨੀ ਦਾ ਗੁਣਾ ਲਾਲ ਸਿੰਘ 'ਤੇ ਪਿਆ!

**ਨਵੀਂ ਦਿੱਲੀ:** ਮਿਉਂਸਪਲ ਚੋਣਾਂ ਵਿਚ ਕਾਂਗਰਸ ਦੀ ਮਾੜੀ ਕਾਰਗੁਜ਼ਾਰੀ ਪਿੱਛੋਂ ਸੂਬਾ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਦੀ ਕੁਰਸੀ 'ਤੇ ਤਲਵਾਰ ਲਟਕ ਗਈ ਹੈ। ਉਨ੍ਹਾਂ ਨੂੰ ਹਟਾਉਣ ਦੇ ਚਰਚੇ ਸ਼ੁਰੂ ਹੋ ਗਏ ਹਨ ਤੇ ਉਨ੍ਹਾਂ ਦੀ ਥਾਂ ਲਾਲ ਸਿੰਘ ਦਾ ਨਾਂ ਸਭ ਤੋਂ ਅੱਗੇ ਚਲ ਰਿਹਾ ਹੈ। ਉਂਜ ਸ੍ਰੀ ਬਾਜਵਾ ਖ਼ਿਲਾਫ ਬਗਾਵਤ ਦਾ ਝੰਡਾ ਬੁਲੰਦ ਕਰਨ ਵਾਲੇ ਕੈਪਟਨ ਅਮਰਿੰਦਰ ਸਿੰਘ ਨੂੰ ਇਹ ਬਦਲਾਅ ਮਨਜ਼ੂਰ ਨਹੀਂ ਹੋਵੇਗਾ। ਕਾਂਗਰਸ ਹਾਈ ਕਮਾਂਡ ਪ੍ਰਦੇਸ਼ ਇਕਾਈਆਂ ਵਿਚ ਬਦਲਾਅ ਬਾਰੇ ਕਿਸੇ ਵੇਲੇ ਵੀ ਐਲਾਨ ਕਰ ਸਕਦੀ ਹੈ।



ਕਾਂਗਰਸ ਸੂਤਰਾਂ ਨੇ ਕਿਹਾ ਕਿ ਸਾਬਕਾ ਕੇਂਦਰੀ ਮੰਤਰੀ ਅੰਬਿਕਾ ਸੋਨੀ ਨੂੰ ਪੰਜਾਬ ਦਾ ਪ੍ਰਧਾਨ ਲਾਏ ਜਾਣ ਬਾਰੇ ਵੀ ਵਿਚਾਰਾਂ ਹੋ ਰਹੀਆਂ ਹਨ ਪਰ ਸਾਰੇ ਧੜਿਆਂ ਨੂੰ ਨਾਲ ਲੈ ਕੇ ਚੱਲਣ ਕਰਕੇ ਲਾਲ ਸਿੰਘ ਦੇ ਨਾਮ ਦੀ ਲਾਟਰੀ ਨਿਕਲ ਸਕਦੀ ਹੈ। ਕਾਂਗਰਸ ਸੂਤਰਾਂ ਨੇ ਕਿਹਾ ਕਿ ਪੰਜਾਬ ਦੀ ਲੀਡਰਸ਼ਿਪ ਦੇ ਸੰਕਟ ਬਾਰੇ ਫੈਸਲਾ ਨਾ ਹੋਣ ਕਰਕੇ ਪਾਰਟੀ ਨੂੰ ਵੱਡਾ ਨੁਕਸਾਨ ਹੋ ਰਿਹਾ ਹੈ। ਪੰਜਾਬ ਵਿਚ ਸੂਬਾ ਪ੍ਰਧਾਨ ਨੂੰ ਬਦਲਣ ਬਾਰੇ ਕਾਂਗਰਸ ਜਨਰਲ ਸਕੱਤਰ ਇੰਚਾਰਜ ਸ਼ਕੀਲ ਅਹਿਮਦ ਨੇ ਕੋਈ ਪ੍ਰਤੀਕਰਮ ਦੇਣ ਤੋਂ ਇਨਕਾਰ ਕਰ ਦਿੱਤਾ। ਸਾਬਕਾ ਮੰਤਰੀ ਲਾਲ ਸਿੰਘ ਦਾ ਨਾਂ ਭਾਵੇਂ ਸਭ ਤੋਂ ਮੂਹਰੇ ਹੈ ਪਰ ਕੈਪਟਨ ਅਮਰਿੰਦਰ ਸਿੰਘ ਨੂੰ ਇਸ 'ਤੇ ਇਤਰਾਜ਼ ਹੋ ਸਕਦਾ ਹੈ ਕਿਉਂਕਿ ਉਹ ਖ਼ੁਦ ਵੀ ਪੰਜਾਬ ਵਿਚ ਪਾਰਟੀ ਦੀ ਕਮਾਨ ਸੰਭਾਲਣ ਦੇ ਇਛੁੱਕ ਹਨ। ਕਾਂਗਰਸ ਦਾ ਵੱਡਾ ਧੜਾ ਵੀ ਚਾਹੁੰਦਾ ਹੈ ਕਿ ਕੈਪਟਨ ਨੂੰ ਸੂਬੇ ਦੀ ਵਾਗਡੋਰ ਸੰਭਾਲੀ ਜਾਵੇ। ਇੰਜ ਜਾਪਦਾ ਹੈ ਕਿ ਹਾਈ ਕਮਾਂਡ ਕੈਪਟਨ ਦੇ ਦਬਾਅ ਹੇਠ ਨਹੀਂ ਆਉਣਾ ਚਾਹੁੰਦੀ। ਇਹ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਕੈਪਟਨ ਨੂੰ ਲਾਲ ਸਿੰਘ ਸਵੀਕਾਰ ਹੋਣਗੇ ਤੇ ਉਹ ਪੰਜਾਬ ਵਿਚ ਧੜਿਆਂ ਵਿਚ ਵੰਡੀ ਕਾਂਗਰਸ ਪਾਰਟੀ ਨੂੰ ਇਕਮੁੱਠ ਵੀ ਕਰ ਸਕਦੇ ਹਨ। ਬਾਅਦ ਵਿਚ ਚੋਣਾਂ ਦੇ ਨੇੜੇ ਕੈਪਟਨ ਅਮਰਿੰਦਰ ਸਿੰਘ ਨੂੰ ਪਾਰਟੀ ਦਾ ਮੁਖੀ ਜਾਂ ਚੋਣ ਪ੍ਰਚਾਰ ਕਮੇਟੀ ਦਾ ਮੁਖੀ ਬਣਾ ਕੇ ਉਨ੍ਹਾਂ ਨੂੰ ਅੱਗੇ ਕੀਤਾ ਜਾ ਸਕਦਾ ਹੈ। ਇਕ ਆਗੂ ਨੇ ਕਿਹਾ ਕਿ ਚੋਣਾਂ ਨੂੰ ਹੋਣ ਵਿਚ ਦੋ ਸਾਲਾਂ ਦਾ ਸਮਾਂ ਪਿਆ ਹੈ ਤੇ ਹਾਈ ਕਮਾਂਡ ਕੈਪਟਨ ਨੂੰ ਅੰਤਿਮ ਬਾਜ਼ੀ ਲਈ ਬਚਾ ਕੇ ਰੱਖਣਾ ਚਾਹੁੰਦੀ ਹੋਵੇਗੀ। ਉਸ ਸਮੇਂ ਤੱਕ ਕੈਪਟਨ ਨੂੰ ਮਨਜ਼ੂਰ ਆਗੂ ਨੂੰ ਪੰਜਾਬ ਦੀ ਕਮਾਨ ਸੌਂਪੀ ਜਾ ਸਕਦੀ ਹੈ।

# ਕਿਸਾਨ ਮੁੱਦੇ: ਕੇਂਦਰ ਤੇ ਪੰਜਾਬ ਸਰਕਾਰ ਵਿਚ ਖੜਕੀ

**ਚੰਡੀਗੜ੍ਹ:** ਭਾਰਤੀ ਖੁਰਾਕ ਨਿਗਮ (ਐਫ.ਸੀ.ਆਈ.) ਵਲੋਂ ਪੰਜਾਬ ਤੇ ਹਰਿਆਣਾ ਵਿਚੋਂ ਕਣਕ ਤੇ ਝੋਨੇ ਦੀ ਖਰੀਦ ਤੋਂ ਹੱਥ ਪਿੱਛੇ ਖਿੱਚਣ ਦੇ ਮਾਮਲੇ ਉਤੇ ਕੇਂਦਰ ਤੇ ਪੰਜਾਬ ਸਰਕਾਰ ਆਹਮੋ-ਸਾਹਮਣੇ ਆ ਗਏ ਹਨ। ਇਸ ਤੋਂ ਇਲਾਵਾ ਭੋਂ ਪ੍ਰਾਪਤੀ ਆਰਡੀਨੈਂਸ ਤੇ ਸਵਾਮੀਨਾਥਨ ਰਿਪੋਰਟ ਬਾਰੇ ਕੇਂਦਰ ਦੇ ਰੁਖ਼ ਤੋਂ ਵੀ ਅਕਾਲੀ ਦਲ ਕਾਫੀ ਨਾਰਾਜ਼ ਹੈ। ਕੇਂਦਰ ਸਰਕਾਰ ਨੇ ਐਫ.ਸੀ.ਆਈ. ਨੂੰ ਭੰਗ ਕਰਨ ਲਈ ਬਣਾਈ ਸ਼ਾਂਤਾ ਕੁਮਾਰ ਕਮੇਟੀ ਦੀ ਰਿਪੋਰਟ ਨੂੰ ਲਾਗੂ ਕਰਨ ਦੀ ਸ਼ੁਰੂਆਤ ਕਰ ਦਿੱਤੀ ਹੈ, ਜਦਕਿ ਸੂਬਾ ਸਰਕਾਰ ਨੇ ਕਮੇਟੀ ਦੀ ਰਿਪੋਰਟ ਨੂੰ ਕਿਸਾਨ ਵਿਰੋਧੀ ਕਰਾਰ ਦੇ ਕੇ ਇਸ ਨਾਲ ਸੂਬੇ ਵਿਚ ਸਿਆਸੀ ਤੇ ਸਮਾਜਿਕ ਉਥਲ-ਪੁਥਲ ਪੈਦਾ ਹੋਣ ਦਾ ਡਰ ਪ੍ਰਗਟ ਕੀਤਾ ਹੈ।

ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਕਿ ਸ਼ਾਂਤਾ ਕੁਮਾਰ ਕਮੇਟੀ ਦੀ ਰਿਪੋਰਟ ਲਾਗੂ ਹੋਈ ਤਾਂ ਸੂਬੇ ਵਿਚ ਵੱਡੀ ਉਥਲ ਪੁਥਲ ਦੀ ਸੰਭਾਵਨਾ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿਚ ਇੰਨਾ ਵੱਡਾ ਝਟਕਾ ਸਹਿਣ ਦੀ ਸਮਰੱਥਾ ਨਹੀਂ ਹੈ। ਕੇਂਦਰੀ ਟੈਕਸਾਂ ਵਿਚੋਂ ਰਾਜ ਦਾ ਹਿੱਸਾ ਵਧਾਉਣ ਦੇ ਸਵਾਲ ਉਤੇ ਸ. ਢੀਂਡਸਾ ਨੇ ਕਿਹਾ ਕਿ ਰਾਜ ਨੂੰ ਲਾਭ ਹੋਣ ਦੀ ਥਾਂ ਨੁਕਸਾਨ ਹੋਵੇਗਾ। ਕੇਂਦਰ ਸਰਕਾਰ ਵਲੋਂ ਸਟੇਟ ਤੇ ਸੈਕਟਰ ਆਧਾਰਿਤ ਦਿੱਤੀਆਂ ਜਾਂਦੀਆਂ ਗ੍ਰਾਂਟਾਂ ਵਿਚੋਂ ਹੀ ਪੰਜਾਬ ਨੂੰ 700 ਕਰੋੜ ਰੁਪਏ ਘੱਟ ਮਿਲਣਗੇ।

ਉਧਰ ਐਫ.ਸੀ.ਆਈ. ਵਲੋਂ ਸੂਬੇ ਵਿਚੋਂ ਕਣਕ ਦੀ ਖ਼ਰੀਦ 50 ਫੀਸਦੀ ਘਟਾਉਣ ਦੇ ਪ੍ਰਸਤਾਵ ਦਾ ਗੰਭੀਰ ਨੋਟਿਸ ਲੈਂਦਿਆਂ ਲੋਕ ਸਭਾ ਵਿਚ ਕਾਂਗਰਸ ਦੇ ਉਪ ਨੇਤਾ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਅਜਿਹੀ ਕਾਰਵਾਈ ਨਾਲ ਪਹਿਲਾਂ ਤੋਂ ਮੁਸ਼ਕਲ ਹਾਲਾਤ ਦਾ ਸਾਹਮਣਾ ਕਰ ਰਹੀ ਸੂਬੇ ਦੀ ਖੇਤੀਬਾੜੀ ਅਰਥ ਵਿਵਸਥਾ ਲਈ ਮੌਤ ਦੀ ਘੰਟੀ ਦਾ ਕੰਮ ਕਰੇਗਾ। ਉਨ੍ਹਾਂ ਭੋਂ ਪ੍ਰਾਪਤੀ ਕਾਨੂੰਨ ਨੂੰ ਵੀ ਪੇਂਡੂ ਅਰਥਚਾਰੇ, ਕਿਸਾਨ ਤੇ ਮਜ਼ਦੂਰ ਵਰਗ ਲਈ ਘਾਤਕ ਕਰਾਰ ਦਿੱਤਾ ਤੇ ਅਜਿਹੀ ਕਾਰਵਾਈ ਰੋਕਣ ਲਈ ਜਾਟ ਮਹਾਂ ਸਭਾ ਵਲੋਂ ਪੰਜਾਬ ਵਿਚ ਅੰਦੋਲਨ ਵਿੱਢਣ ਦਾ ਐਲਾਨ ਕੀਤਾ। ਇਸ ਤਹਿਤ ਸਾਰੇ ਜ਼ਿਲ੍ਹਾ ਹੈਡ ਕੁਆਰਟਰਾਂ 'ਤੇ ਧਰਨੇ ਦਿੱਤੇ ਜਾਣਗੇ।

ਉਨ੍ਹਾਂ ਕਿਹਾ ਕਿ ਕੇਂਦਰ ਦੀ ਸੱਤਾ ਵਿਚ ਅਕਾਲੀ ਦਲ ਦੀ ਭਾਈਵਾਲ ਸਰਕਾਰ ਹੈ ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਇਹ ਮਾਮਲਾ ਤੁਰੰਤ ਪ੍ਰਧਾਨ ਮੰਤਰੀ ਕੋਲ ਚੁੱਕ ਕੇ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਕਿਸਾਨਾਂ ਨੂੰ ਕੋਈ ਪਰੇਸ਼ਾਨੀ ਨਹੀਂ ਹੋਵੇਗੀ।

## ਬਾਦਲਾਂ ਨੇ ਜੇਤਲੀ ਦਾ ਦਰ ਖੜਕਾਇਆ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਨਵੀਂ ਦਿੱਲੀ ਵਿਚ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਨਾਲ ਮੁਲਾਕਾਤ ਕਰਕੇ 13ਵੇਂ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਰਾਜ ਦੀ 283 ਕਰੋੜ ਰੁਪਏ ਦੀ ਲੰਬਿਤ ਪਈ ਗਰਾਂਟ ਤੁਰੰਤ ਜਾਰੀ ਕਰਨ ਦੀ ਮੰਗ ਕੀਤੀ। ਉਨ੍ਹਾਂ ਸ੍ਰੀ ਜੇਤਲੀ ਨੂੰ ਦੱਸਿਆ ਕਿ 13ਵੇਂ ਵਿੱਤ ਕਮਿਸ਼ਨ ਵਲੋਂ ਸੂਬੇ ਲਈ ਸਿਫਾਰਸ਼ ਕੀਤੀ ਗਰਾਂਟ ਲੰਬਿਤ ਪਈ ਹੋਈ ਹੈ, ਜੋ 31 ਮਾਰਚ ਤੋਂ ਪਹਿਲਾਂ ਜਾਰੀ ਕੀਤੇ ਜਾਵੇ ਕਿਉਂਕਿ ਉਸ ਤੋਂ ਬਾਅਦ ਇਹ ਗਰਾਂਟ ਖ਼ਤਮ ਹੋ ਜਾਵੇਗੀ। ਦੋਵਾਂ ਆਗੂਆਂ ਨੇ ਸ੍ਰੀ ਜੇਤਲੀ ਨੂੰ ਅਪੀਲ ਕੀਤੀ ਕਿ ਅਤਿਵਾਦ ਦੇ ਸਮੇਂ ਲਈ ਭਾਰਤ ਸਰਕਾਰ ਵਲੋਂ ਵਿਸ਼ੇਸ਼ ਮਿਆਦੀ ਕਰਜ਼ਾ ਮੁਹੱਈਆ ਕਰਵਾਇਆ ਗਿਆ ਸੀ ਜਦਕਿ ਇਸ ਕਰਜ਼ੇ ਦਾ ਮੂਲ ਅਤੇ ਵਿਆਜ 2684 ਕਰੋੜ ਰੁਪਏ ਦਾ ਪੰਜਾਬ ਵਲੋਂ ਭੁਗਤਾਨ ਕੀਤਾ ਗਿਆ। ਸੂਬੇ ਵਲੋਂ ਕੀਤੇ ਇਸ ਭੁਗਤਾਨ ਦੀ ਭਰਪਾਈ ਕੀਤੀ ਜਾਵੇ।

# 'ਆਪ' ਵਲੋਂ ਪੰਜਾਬ ਵਿਧਾਨ ਸਭਾ ਚੋਣਾਂ 'ਚ ਦਮਖਮ ਵਿਖਾਉਣ ਲਈ ਤਿਆਰੀਆਂ

**ਮੁਹਾਲੀ:** ਆਮ ਆਦਮੀ ਪਾਰਟੀ (ਆਪ) ਨੇ ਪੰਜਾਬ ਵਿਚ ਪੈਰ ਜਮਾਉਣ ਲਈ ਮਿਸ਼ਨ ਪੰਜਾਬ ਵਿਧਾਨ ਸਭਾ ਚੋਣਾਂ 2017 ਦਾ ਜ਼ੋਰ-ਸ਼ੋਰ ਨਾਲ ਆਗਾਜ਼ ਕਰਕੇ ਸੱਤਾਧਾਰੀ ਅਕਾਲੀ-ਭਾਜਪਾ ਗੱਠਜੋੜ ਤੇ ਕਾਂਗਰਸੀਆਂ ਦੀ ਨੀਂਦ ਉਡਾ ਦਿੱਤੀ ਹੈ। 'ਆਪ' ਵਲੋਂ ਸੂਬੇ ਵਿਚ ਕਈ ਥਾਂਈਂ ਰੋਡ ਸ਼ੋਅ ਕਰਕੇ ਸ਼ਕਤੀ ਪ੍ਰਦਰਸ਼ਨ ਵੀ ਕੀਤਾ ਗਿਆ ਹੈ। ਪਾਰਟੀ ਵਲੋਂ 'ਹਾਲ ਪੰਜਾਬ ਦਾ-ਦਰਦ ਪੰਜਾਬ ਦਾ' ਮੁਹਿੰਮ ਜ਼ੋਰ-ਸ਼ੋਰ ਨਾਲ ਸ਼ੁਰੂ ਕਰ ਦਿੱਤੀ ਗਈ ਹੈ। ਪਾਰਟੀ ਦੇ ਸੂਬਾ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਨੇ ਕਿਹਾ ਕਿ ਪੰਜਾਬ ਵਿਚ 'ਆਪ' ਆਪਣੇ ਬਲਬੂਤੇ 'ਤੇ ਵਿਧਾਨ ਸਭਾ ਦੀਆਂ ਸਾਰੀਆਂ ਸੀਟਾਂ ਉਤੇ ਚੋਣ ਲੜੇਗੀ। ਪਾਰਟੀ ਦੀ ਕੋਸ਼ਿਸ਼ ਹੋਵੇਗੀ ਕਿ ਆਮ ਲੋਕਾਂ ਦਾ ਦਿਲ ਜਿੱਤਣ ਲਈ ਚੰਗੇ ਕਿਰਦਾਰ ਵਾਲੇ ਵਿਅਕਤੀ ਹੀ ਚੋਣ ਮੈਦਾਨ ਵਿਚ ਉਤਾਰੇ ਜਾਣ। ਉਨ੍ਹਾਂ ਦੱਸਿਆ ਕਿ 'ਆਪ' ਨੇ ਪੰਜਾਬ ਵਿਚ ਨਗਰ ਨਿਗਮ, ਨਗਰ ਕੌਂਸਲ ਤੇ ਨਗਰ ਪੰਚਾਇਤ ਦੀਆਂ ਚੋਣਾਂ ਇਸ ਕਰਕੇ ਨਹੀਂ ਲੜੀਆਂ, ਕਿਉਂਕਿ ਉਨ੍ਹਾਂ ਕੋਲ ਏਨਾ ਸਮਾਂ ਨਹੀਂ ਸੀ ਕਿ ਚੋਣਾਂ ਲਈ ਰਣਨੀਤੀ ਘੜੀ ਜਾ ਸਕੇ। ਇੰਨੇ ਘੱਟ ਸਮੇਂ ਵਿਚ ਸਹੀ ਉਮੀਦਵਾਰਾਂ ਦੀ ਚੋਣ ਕਰਨਾ ਸੰਭਵ ਨਹੀਂ ਸੀ। ਉਨ੍ਹਾਂ ਕਿਹਾ ਕਿ ਆਜ਼ਾਦੀ ਤੋਂ ਬਾਅਦ ਪਹਿਲੀ ਵਾਰ ਦਿੱਲੀ ਫਤਹਿ ਕਰਨ ਮਗਰੋਂ ਦੇਸ਼ ਵਿਚ ਸਿਆਸੀ ਸਮੀਕਰਨ ਬਦਲੇ ਹਨ ਤੇ ਨਵੀਂ ਰਾਜਨੀਤਕ ਕ੍ਰਾਂਤੀ ਆਈ ਹੈ। ਇਸ ਕਰਕੇ ਹੁਣ 'ਆਪ' ਦੀ ਵੀ ਪੁੱਛ-ਪ੍ਰਤੀਤ ਹੋਣ ਲੱਗੀ ਹੈ। ਉਨ੍ਹਾਂ ਕਿਹਾ ਕਿ 'ਆਪ' ਆਪਣੇ ਬਲਬੂਤੇ 'ਤੇ ਵਿਧਾਨ ਸਭਾ ਚੋਣਾਂ ਲੜੇਗੀ। ਪੰਜਾਬ ਵਿਚ ਨਸ਼ਿਆਂ ਤੇ ਭ੍ਰਿਸ਼ਟਾਚਾਰ ਦਾ ਖਾਤਮਾ ਕਰਨ ਸਮੇਤ ਅਪਰਾਧ ਨੂੰ ਠੱਲ੍ਹ ਪਾਉਣ 'ਤੇ ਜ਼ੋਰ ਦਿੱਤਾ ਜਾਵੇਗਾ।



ਉਨ੍ਹਾਂ ਨੇ ਭਾਜਪਾ ਨੂੰ ਕਿਸਾਨਾਂ ਦੀ ਦੁਸ਼ਮਣ ਜਮਾਤ ਕਰਾਰ ਦਿੰਦਿਆਂ ਦੋਸ਼ ਲਾਇਆ ਕਿ ਮੋਦੀ ਸਰਕਾਰ ਵਲੋਂ ਭੂਮੀ ਗ੍ਰਹਿਣ ਬਿੱਲ ਰਾਹੀਂ ਕਿਸਾਨਾਂ ਨੂੰ ਤਬਾਹ ਕਰਨ ਦੀ ਵਿਉਂਤਬੰਦੀ ਕੀਤੀ ਜਾ ਰਹੀ ਹੈ। ਪ੍ਰਧਾਨ ਮੰਤਰੀ ਨੇ ਅਜਿਹਾ ਵੱਡੇ ਘਰਾਣਿਆਂ ਨੂੰ ਲਾਭ ਪਹੁੰਚਾਉਣ ਲਈ ਕੀਤਾ ਹੈ। ਅਫਸੋਸ ਦੀ ਗੱਲ ਹੈ ਕਿ ਲੋਕਤੰਤਰੀ ਢਾਂਚੇ ਵਿਚ ਪਾਰਲੀਮੈਂਟ ਸੁਪਰੀਮ ਹੈ ਪਰ ਕੇਂਦਰ ਨੇ ਦੇਸ਼ ਦੇ ਲੋਕਾਂ ਨੂੰ ਧੋਖੇ ਵਿਚ ਰੱਖਣ ਲਈ ਆਰਡੀਨੈਂਸ ਦਾ ਸਹਾਰਾ ਲਿਆ ਹੈ। ਸ੍ਰੀ ਛੋਟੇਪੁਰ ਨੇ 'ਆਪ' ਦੀਆਂ ਮੀਟਿੰਗਾਂ ਵਿਚ ਵੱਡੀ ਗਿਣਤੀ ਵਿਚ ਜੁੜ ਰਹੇ ਨੌਜਵਾਨਾਂ ਦੇ ਉਤਸ਼ਾਹ ਨੂੰ ਦੇਖਦਿਆਂ ਕਿਹਾ ਕਿ ਆਉਣ ਵਾਲੇ ਸਮੇਂ ਵਿਚ ਨੌਜਵਾਨਾਂ ਨੂੰ ਰਾਜਨੀਤੀ ਵਿਚ ਅੱਗੇ ਵਧਣ ਦੇ ਵੱਧ ਤੋਂ ਵੱਧ ਮੌਕੇ ਪ੍ਰਦਾਨ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਪੰਜਾਬ ਵਿਚ 'ਆਪ' ਦੀ ਮਜ਼ਬੂਤੀ ਲਈ ਆਉਣ ਵਾਲੇ ਸਮੇਂ ਵਿਚ ਸ਼ਹਿਰ ਤੇ ਪਿੰਡ ਪੱਧਰ 'ਤੇ ਸਬ ਕਮੇਟੀਆਂ ਬਣਾ ਕੇ ਲੋਕਾਂ ਨੂੰ ਉਨ੍ਹਾਂ ਦੇ ਹੱਕਾਂ ਤੇ ਅਧਿਕਾਰਾਂ ਬਾਰੇ ਜਾਗਰੂਕ ਕੀਤਾ ਜਾਵੇਗਾ ਤੇ 'ਆਪ' ਦੀ ਨਵੀਂ ਮੈਂਬਰਸ਼ਿਪ ਸ਼ੁਰੂ ਕੀਤੀ ਜਾਵੇਗੀ। ਉਨ੍ਹਾਂ ਅਕਾਲੀ ਦਲ-ਭਾਜਪਾ ਤੇ ਕਾਂਗਰਸ ਨੂੰ ਇਕ ਸਿੱਕੇ ਦੇ ਦੋ ਪਹਿਲੂ ਦੱਸਦਿਆਂ ਕਿਹਾ ਕਿ ਇਨ੍ਹਾਂ ਪਾਰਟੀਆਂ ਨੇ ਦੇਸ਼ ਤੇ ਸੂਬੇ ਨੂੰ ਲੁੱਟਣ ਤੋਂ ਬਿਨਾਂ ਕੁਝ ਨਹੀਂ ਕੀਤਾ ਹੈ। 'ਆਪ' ਦੀ ਜ਼ਿਲ੍ਹਾ ਫਿਰੋਜ਼ਪੁਰ ਦੀ ਕਨਵੀਨਰ ਅਮਨਦੀਪ ਕੌਰ ਨੇ ਕਿਹਾ ਕਿ ਪਾਰਟੀ ਦੀਆਂ ਸਰਗਰਮੀਆਂ ਤੇ ਗਤੀਵਿਧੀਆਂ ਨਾਲ ਸਮਾਜ ਵਿਚ ਔਰਤਾਂ ਦਾ ਮਾਣ- ਸਨਮਾਨ ਵਧਿਆ ਹੈ।

**Punjab Times**

**Established in 2000**
**16th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸੰਘ ਦਿਖਾ ਰਿਹਾ ਹੈ ਨਿੱਤ ਨਵੇਂ ਰੰਗ


**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਭਾਰਤ ਵਿਚ ਨਰੇਂਦਰ ਮੋਦੀ ਸਰਕਾਰ ਦੀ ਕਾਇਮੀ ਤੋਂ ਬਾਅਦ ਹਿੰਦੂਵਾਦ ਨੂੰ ਪ੍ਰਨਾਈ ਕੱਟੜ ਜਥੇਬੰਦੀ- ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.) ਹਰ ਖੇਤਰ ਵਿਚ ਲਗਾਤਾਰ ਅਤੇ ਵੱਡੇ ਪੱਧਰ ਉਤੇ ਘੁਸਪੈਠ ਕਰ ਰਹੀ ਹੈ। ਵੱਖ-ਵੱਖ ਸੰਸਥਾਵਾਂ ਅਤੇ ਅਦਾਰਿਆਂ ਵਿਚ ਆਰ.ਐਸ.ਐਸ. ਪਿਛੋਕੜ ਵਾਲੇ ਜਾਂ ਆਰ.ਐਸ.ਐਸ. ਦੇ ਆਗੂਆਂ ਨੂੰ ਹੀ ਤਾਇਨਾਤ ਕੀਤਾ ਜਾ ਰਿਹਾ ਹੈ।

ਹੁਣ ਆਰ.ਐਸ.ਐਸ. ਦੀ ਹੀ ਸਲਾਹ ਉਤੇ ਨੈਸ਼ਨਲ ਬੁੱਕ ਟਰਸਟ ਦੇ ਚੇਅਰਮੈਨ ਏ. ਸੇਤੂਮਾਧਵਨ ਨੂੰ ਲਾਹ ਕੇ ਆਰ.ਐਸ.ਐਸ. ਦੇ ਸਿਧਾਂਤਕ ਪਰਚੇ ਹਫਤਾਵਾਰੀ 'ਪੰਚਜਨਯ' ਦੇ ਸਾਬਕਾ ਸੰਪਾਦਕ ਬਲਦੇਵ ਸ਼ਰਮਾ ਨੂੰ ਚੇਅਰਮੈਨ ਲਾ ਦਿੱਤਾ ਗਿਆ ਹੈ। ਸ੍ਰੀ ਸੇਤੂਮਾਧਵਨ ਦਾ ਕਾਰਜਕਾਲ ਅਜੇ ਸੱਤ ਮਹੀਨੇ ਹੋਰ ਰਹਿੰਦਾ ਸੀ, ਪਰ ਕਾਰਜਕਾਲ ਖਤਮ ਹੋਣ ਤੋਂ ਸੱਤ ਮਹੀਨੇ ਪਹਿਲਾਂ ਹੀ ਉਨ੍ਹਾਂ ਕੋਲੋਂ ਅਸਤੀਫਾ ਲੈ ਲਿਆ ਗਿਆ ਅਤੇ ਉਨ੍ਹਾਂ ਦੀ ਸੀਟ ਉਤੇ ਰਾਤੋ-ਰਾਤ ਬਲਦੇਵ ਸ਼ਰਮਾ ਨੂੰ ਬਿਠਾ ਦਿੱਤਾ ਗਿਆ।

## ਨੈਸ਼ਨਲ ਬੁੱਕ ਟਰਸਟ ਉਤੇ ਵੀ ਕੀਤਾ 'ਕਬਜ਼ਾ' ਕਮਾਨ ਸੰਘ ਦੇ ਅਹਿਮ ਆਗੂ ਨੂੰ ਸੰਭਾਲੀ



ਬਲਦੇਵ ਸ਼ਰਮਾ



ਏ. ਸੇਤੂਮਾਧਵਨ

ਗੌਰਤਲਬ ਹੈ ਕਿ ਇਸ ਤੋਂ ਪਹਿਲਾਂ ਵੀ ਕਈ ਅਜਿਹੀਆਂ ਅਹਿਮ ਨਿਯੁਕਤੀਆਂ ਕੀਤੀਆਂ ਗਈਆਂ ਹਨ ਅਤੇ ਇਨ੍ਹਾਂ ਸਾਰੀਆਂ ਨਿਯੁਕਤੀਆਂ ਪਿਛੇ ਆਰ.ਐਸ.ਐਸ. ਦਾ ਹੀ ਹੱਥ ਦੱਸਿਆ ਜਾ ਰਿਹਾ ਹੈ। ਸੈਂਸਰ ਬੋਰਡ ਦੀ ਚੇਅਰਪਰਸਨ ਲੀਲਾ ਸੈਮਸਨ ਉਤੇ ਸਰਕਾਰ ਨੇ ਚੁਫੇਰਿਓਂ ਦਬਾਅ ਪਾਇਆ ਸੀ ਅਤੇ ਉਸ ਨੂੰ ਆਖਰਕਾਰ ਅਸਤੀਫਾ ਦੇਣਾ ਪਿਆ। ਸ੍ਰੀਮਤੀ ਸੈਮਸਨ ਨਾਲ ਸਰਕਾਰ ਦਾ ਵਿਵਾਦ ਡੇਰਾ ਮੁਖੀ ਦੀ ਫਿਲਮ ਤੋਂ ਆਰੰਭ ਹੋਇਆ ਸੀ।

ਸ੍ਰੀਮਤੀ ਸੈਮਸਨ ਨੇ ਡੇਰਾ ਮੁਖੀ ਦੀ ਇਸ ਫਿਲਮ ਉਤੇ ਇਤਰਾਜ਼ ਜ਼ਾਹਿਰ ਕੀਤਾ ਸੀ ਅਤੇ ਉਹ ਇਹ ਫਿਲਮ ਰਿਲੀਜ਼ ਕਰਨ ਦੇ ਹੱਕ ਵਿਚ ਨਹੀਂ ਸਨ, ਪਰ ਡੇਰਾ ਮੁਖੀ ਵੱਲੋਂ ਹਰਿਆਣਾ ਵਿਚ ਵਿਧਾਨ ਸਭਾ ਚੋਣਾਂ ਮੌਕੇ ਭਾਰਤੀ ਜਨਤਾ ਪਾਰਟੀ ਦੀ ਕੀਤੀ ਮੱਦਦ ਦੇ ਮੱਦੇਨਜ਼ਰ ਕਰ-ਕਰਵਾ ਕੇ ਇਹ ਫਿਲਮ ਰਿਲੀਜ਼ ਹੋਣ ਲਈ ਹਰ ਰਾਹ ਸਾਫ ਕੀਤਾ ਗਿਆ। ਪਿਛੋਂ ਸ੍ਰੀਮਤੀ ਸੈਮਸਨ ਦੀ ਥਾਂ ਭਾਜਪਾ ਨਾਲ ਡੂੰਘੇ ਜੁੜੇ ਫਿਲਮਸਾਜ਼ ਪਹਿਲਾਜ ਨਿਹਲਾਨੀ ਨੂੰ ਸੈਂਸਰ ਬੋਰਡ ਦਾ ਮੁਖੀ ਬਣਾ ਦਿੱਤਾ ਗਿਆ। ਇਸ ਦੇ ਨਾਲ ਹੀ ਬੋਰਡ ਦੇ ਹੋਰ ਮੈਂਬਰਾਂ ਤੋਂ ਵੀ ਅਸਤੀਫੇ ਲੈ ਕੇ ਉਨ੍ਹਾਂ ਦੀ ਥਾਂ ਨਵੇਂ ਮੈਂਬਰ ਨਾਮਜ਼ਦ ਕਰ ਦਿੱਤੇ ਗਏ। ਇਹੀ ਨਹੀਂ, ਮੋਦੀ ਸਰਕਾਰ ਡੀ.ਆਰ.ਡੀ.ਓ. ਦੇ ਚੇਅਰਮੈਨ ਅਵਿਨਾਸ਼ ਚੰਦਰ ਅਤੇ ਵਿਦੇਸ਼ ਸਕੱਤਰ ਸੁਜਾਤਾ ਸਿੰਘ ਨੂੰ ਸਮੇਂ ਤੋਂ ਪਹਿਲਾਂ ਹੀ ਅਹੁਦਿਆਂ ਤੋਂ ਲਾਂਭੇ ਕਰ ਚੁੱਕੀ ਹੈ। ਇਨ੍ਹਾਂ ਦੀ ਥਾਂ ਵੀ ਸਰਕਾਰ ਨੇ ਆਪਣੀ ਮਰਜ਼ੀ ਦੇ ਅਧਿਕਾਰੀਆਂ ਨੂੰ ਤਾਇਨਾਤ ਕੀਤਾ ਸੀ।

# ਪੰਜਾਬ ਵਿਚ ਨਿੱਕੀਆਂ ਚੋਣਾਂ ਨੇ ਦਿੱਤਾ ਵੱਡਾ ਸੁਨੇਹਾ

*(ਸਫਾ ਇਕ ਦੀ ਬਾਕੀ)*

ਕਿ 17 ਵਾਰਡਾਂ ਤੋਂ ਆਜ਼ਾਦ ਚੋਣ ਜਿੱਤ ਗਏ। ਫਗਵਾੜਾ ਵਿਚ ਅਕਾਲੀ ਦਲ ਦੇ 9, ਭਾਜਪਾ ਦੇ 16, ਕਾਂਗਰਸ ਦੇ 14, ਆਜ਼ਾਦ 9 ਤੇ ਬਸਪਾ ਦੇ ਦੋ ਉਮੀਦਵਾਰ ਜੇਤੂ ਰਹੇ। ਬਠਿੰਡਾ ਵਿਚ ਅਕਾਲੀ ਦਲ 21, ਭਾਜਪਾ ਅੱਠ, ਕਾਂਗਰਸ 10 ਤੇ 10 ਵਾਰਡਾਂ 'ਤੇ ਆਜ਼ਾਦ ਜੇਤੂ ਰਹੇ।

ਹੁਸ਼ਿਆਰਪੁਰ ਵਿਚ ਅਕਾਲੀ ਦਲ ਨੂੰ 10, ਭਾਜਪਾ 17 ਤੇ ਕਾਂਗਰਸ ਨੂੰ 17 ਸੀਟਾਂ ਮਿਲੀਆਂ ਜਦਕਿ ਛੇ ਆਜ਼ਾਦ ਉਮੀਦਵਾਰ ਜਿੱਤੇ। ਮੋਗਾ ਵਿਚ ਅਕਾਲੀ ਦਲ ਨੂੰ 24, ਭਾਜਪਾ ਨੂੰ ਅੱਠ ਤੇ ਕਾਂਗਰਸ ਇਕ ਵਾਰਡ 'ਤੇ ਜਿੱਤ ਮਿਲੀ ਜਦਕਿ 17 ਆਜ਼ਾਦ ਉਮੀਦਵਾਰ ਵੀ ਚੋਣ ਜਿੱਤ ਗਏ। ਪਠਾਨਕੋਟ ਵਿਚ ਅਕਾਲੀਆਂ ਦਾ ਸਫਾਇਆ ਹੋ ਗਿਆ। ਇਥੇ ਭਾਜਪਾ ਨੂੰ 29 ਸੀਟਾਂ ਮਿਲੀਆਂ। ਕਾਂਗਰਸ ਦੇ 11 ਤੇ 9 ਆਜ਼ਾਦ ਉਮੀਦਵਾਰਾਂ ਨੇ ਵੀ ਜਿੱਤ ਹਾਸਲ ਕੀਤੀ ਹੈ।

ਤਕਰੀਬਨ ਪੌਣੇ ਦੋ ਸਾਲ ਬਾਅਦ ਸੂਬੇ ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸੈਮੀਫ਼ਾਈਨਲ ਮੰਨੀ ਜਾਣ ਵਾਲੀ ਇਹ ਚੋਣ ਪੰਜਾਬ ਦੇ ਸਿਆਸੀ ਸਫ਼ਬੰਦੀ ਬਦਲਣ ਵਿਚ ਮਹੱਤਵਪੂਰਨ ਭੂਮਿਕਾ ਅਦਾ ਕਰ ਸਕਦੀ ਹੈ। ਸਿਆਸੀ ਮਾਹਿਰ ਇਹ ਵੀ ਮੰਨ ਰਹੇ ਹਨ ਕਿ ਸਮਾਂ ਘੱਟ ਹੋਣ ਦੇ ਬਾਵਜੂਦ ਜੇ ਆਮ ਆਦਮੀ ਪਾਰਟੀ (ਆਪ) ਦੇ ਚੋਣ ਨਿਸ਼ਾਨ 'ਝਾੜੂ' ਉਤੇ ਉਮੀਦਵਾਰ ਨਿੱਤਰੇ ਹੁੰਦੇ ਤਾਂ ਸੂਬੇ ਦੀ ਸਿਆਸੀ ਤਸਵੀਰ ਹੋਰ ਵੀ ਬਦਲ ਸਕਦੀ ਸੀ। ਇਨ੍ਹਾਂ ਚੋਣਾਂ ਦੇ ਨਤੀਜਿਆਂ ਨੇ ਸਿਆਸੀ ਆਗੂਆਂ ਦੇ ਆਪਣੇ ਹਲਕੇ ਵਿਚ ਖੁੱਸ ਰਹੇ ਆਧਾਰ ਨੂੰ ਵੀ ਨਸ਼ਰ ਕਰ ਦਿੱਤਾ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਆਪਣੇ ਜੱਦੀ ਹਲਕੇ ਕਾਦੀਆਂ ਦੇ ਵਾਰਡ ਨੰਬਰ ਤਿੰਨ ਵਿਚੋਂ ਵੀ ਕਾਂਗਰਸ ਨੂੰ ਜਿਤਾ ਨਹੀਂ ਸਕੇ, ਜਿਥੇ ਉਨ੍ਹਾਂ ਦੇ ਪਰਿਵਾਰ ਦੀਆਂ ਵੋਟਾਂ ਬਣੀਆਂ ਹੋਈਆਂ ਹਨ।

ਇਸੇ ਤਰ੍ਹਾਂ ਕੁਝ ਸਮਾਂ ਪਹਿਲਾਂ ਭਾਰੀ ਬਹੁਮਤ ਨਾਲ ਪਟਿਆਲਾ ਜ਼ਿਮਨੀ ਚੋਣ ਜਿੱਤਣ ਵਾਲੇ ਕੈਪਟਨ ਅਮਰਿੰਦਰ ਸਿੰਘ ਦੇ ਜੱਦੀ ਹਲਕੇ ਪਟਿਆਲਾ ਵਿਚ ਵੀ 2 ਵਾਰਡਾਂ ਵਾਸਤੇ ਹੋਏ ਜ਼ਿਮਨੀ ਚੋਣ ਵਿਚ ਕਾਂਗਰਸ ਹਾਰ ਗਈ ਹੈ ਜਦੋਂ ਕਿ ਬੀਬੀ ਹਰਸਿਮਰਤ ਕੌਰ ਬਾਦਲ ਦੇ ਜੱਦੀ ਲੋਕ ਸਭਾ ਅਧੀਨ ਆਉਂਦੇ ਮਾਨਸਾ ਜ਼ਿਲ੍ਹੇ ਵਿਚ ਬਹੁਤੇ ਥਾਂਵਾਂ ਉਪਰ ਅਕਾਲੀਆਂ ਨੂੰ ਮੂੰਹ ਦੀ ਖਾਣੀ ਪਈ ਹੈ। ਆਮ ਆਦਮੀ ਪਾਰਟੀ ਨੇ ਭਾਵੇਂ ਇਹ ਚੋਣਾਂ ਨਾ ਲੜਨ ਦਾ ਐਲਾਨ ਕੀਤਾ, ਇਸ ਦੇ ਬਾਵਜੂਦ ਬਹੁਤ ਸਾਰੇ ਵਰਕਰਾਂ ਨੇ ਆਜ਼ਾਦ ਚੋਣਾਂ ਲੜੀਆਂ ਅਤੇ ਪਾਰਟੀ ਆਗੂਆਂ ਦੇ ਬੈਨਰ ਤੇ ਮਾਟੋ ਵੀ ਦੇਖਣ ਨੂੰ ਮਿਲਦੇ ਰਹੇ।

## ਪੰਜਾਬ 'ਚ ਵੀ ਨਹੀਂ ਖੈਰਾਂ...

*(ਸਫਾ ਇਕ ਦੀ ਬਾਕੀ)*

ਸ਼ਾਮਲ ਕਰਨ ਦੇ ਹੱਕ ਵਿਚ ਨਹੀਂ ਹਨ। ਸ. ਛੋਟੇਪੁਰ ਦੀ 'ਕਾਹਲ' ਜਿਥੇ ਸੰਸਦ ਮੈਂਬਰਾਂ ਦੀ ਨਾਰਾਜ਼ਗੀ ਦਾ ਕਾਰਨ ਬਣੀ, ਉਥੇ ਸ. ਖਹਿਰਾ ਦੀ 'ਆਪ' ਵਿਚ ਸ਼ਮੂਲੀਅਤ ਦੇ ਰਾਹ ਵਿਚ ਅੜਿੱਕਾ ਬਣ ਰਹੀ ਹੈ। ਇਸ ਤੋਂ ਪਹਿਲਾਂ ਪੰਜਾਬ ਕਾਂਗਰਸ ਦੇ ਸੀਨੀਅਰ ਨੇਤਾ ਜਗਮੀਤ ਸਿੰਘ ਬਰਾੜ ਅਤੇ ਪੀਪਲਜ਼ ਪਾਰਟੀ ਆਫ਼ ਪੰਜਾਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਦਾ ਵੀ ਇਹੋ ਹਸ਼ਰ ਹੋਇਆ ਸੀ।

ਪਾਰਟੀ ਦੇ ਤਿੰਨ ਸੰਸਦ ਮੈਂਬਰ ਪਹਿਲਾਂ ਹੀ ਸੂਬਾਈ ਕਨਵੀਨਰ ਦੇ ਕੰਮ ਕਰਨ ਦੇ ਢੰਗ ਤਰੀਕੇ ਤੋਂ ਨਾਰਾਜ਼ ਹਨ ਅਤੇ ਉਹ ਉਨ੍ਹਾਂ ਵੱਲੋਂ ਸੱਦੀਆਂ ਮੀਟਿੰਗਾਂ ਵਿਚ ਵੀ ਸ਼ਾਮਲ ਨਹੀਂ ਹੋ ਰਹੇ। ਇਥੋਂ ਤੱਕ ਕਿ ਪਾਰਟੀ ਵਲੋਂ 'ਦਰਦ ਪੰਜਾਬ ਦਾ ਮੁਹਿੰਮ' ਦੇ ਆਗਾਜ਼ ਵੇਲੇ ਮੁਹਾਲੀ ਵਿਚ ਰੱਖੇ ਪ੍ਰੋਗਰਾਮ ਵਿਚ ਕੋਈ ਵੀ ਸੰਸਦ ਮੈਂਬਰ ਮੌਜੂਦ ਨਹੀਂ ਸੀ। ਦੱਸਿਆ ਜਾ ਰਿਹਾ ਹੈ ਕਿ ਪਾਰਟੀ ਹਾਈ ਕਮਾਂਡ ਵੱਲੋਂ ਪੰਜਾਬ ਇਕਾਈ ਦੀਆਂ ਸਰਗਰਮੀਆਂ ਉਤੇ ਨੇੜਿਓਂ ਨਜ਼ਰ ਰੱਖੀ ਜਾ ਰਹੀ ਹੈ, ਕਿਉਂਕਿ ਸ੍ਰੀ ਕੇਜਰੀਵਾਲ ਨੂੰ ਪੰਜਾਬ ਦੇ ਲੋਕਾਂ ਤੋਂ ਵੱਡੀਆਂ ਆਸਾਂ ਹਨ ਤੇ ਉਹ ਪੰਜਾਬ ਦਾ ਲੰਬਾ ਦੌਰਾ ਕਰਨ ਦਾ ਪ੍ਰੋਗਰਾਮ ਬਣਾ ਰਹੇ ਹਨ।

## ਭਾਜਪਾ ਵਲੋਂ ਮੁਫ਼ਤੀ ਦੇ ਬਿਆਨ ਤੋਂ ਤੋੜ-ਵਿਛੋੜਾ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਖ਼ਾਮੋਸ਼ੀ ਤੋੜਦਿਆਂ, ਜੰਮੂ ਕਸ਼ਮੀਰ ਦੇ ਮੁੱਖ ਮੰਤਰੀ ਮੁਫ਼ਤੀ ਮੁਹੰਮਦ ਸਈਦ ਵੱਲੋਂ ਰਾਜ ਵਿਚ ਅਮਨ-ਅਮਾਨ ਨਾਲ ਹੋਈਆਂ ਵਿਧਾਨ ਸਭਾ ਚੋਣਾਂ ਦਾ ਸਿਹਰਾ ਪਾਕਿਸਤਾਨ, ਹੁਰੀਅਤ ਅਤੇ ਜਹਾਦੀਆਂ ਨੂੰ ਦੇਣ ਬਾਰੇ ਦਿੱਤੇ ਬਿਆਨ ਤੋਂ ਆਪਣਾ ਨਾਤਾ ਤੋੜਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਬਿਆਨਾਂ ਦੀ ਹਮਾਇਤ ਨਹੀਂ ਕੀਤੀ ਜਾ ਸਕਦੀ।

ਸ੍ਰੀ ਮੋਦੀ ਨੇ ਰਾਜ ਸਭਾ ਵਿਚ ਆਖਿਆ ਕਿ ਜੇ ਕੋਈ ਅਜਿਹਾ ਬਿਆਨ ਦਿੰਦਾ ਹੈ ਤਾਂ ਉਹ ਅਤੇ ਉਨ੍ਹਾਂ ਦੀ ਪਾਰਟੀ ਇਸ ਦੀ ਹਮਾਇਤ ਨਹੀਂ ਕਰ ਸਕਦੇ। ਮੈਂਬਰਾਂ ਵੱਲੋਂ ਮੁਫ਼ਤੀ ਸਈਦ ਦੇ ਬਿਆਨ ਬਾਰੇ ਪ੍ਰਧਾਨ ਮੰਤਰੀ ਦੇ ਬਿਆਨ ਦੀ ਮੰਗ ਕੀਤੀ ਜਾ ਰਹੀ ਸੀ। ਸ੍ਰੀ ਮੋਦੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਦਹਿਸ਼ਤਵਾਦ ਨੂੰ ਨਾ ਸਹਿਣ ਕਰਨ ਦੀ ਨੀਤੀ 'ਤੇ ਚੱਲੇਗੀ ਅਤੇ ਪਾਰਲੀਮੈਂਟ ਵੱਲੋਂ ਪਾਸ ਕੀਤੇ ਗਏ ਸਾਰੇ ਮਤਿਆਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜੰਮੂ ਕਸ਼ਮੀਰ ਵਿਚ ਸਫ਼ਲ ਚੋਣਾਂ ਦਾ ਸਿਹਰਾ ਉੱਥੋਂ ਦੇ ਲੋਕਾਂ ਨੂੰ ਜਾਂਦਾ ਹੈ ਜਿਨ੍ਹਾਂ ਨੇ ਹੁੰਮ-ਹੁਮਾ ਕੇ ਵੋਟਾਂ ਪਾਈਆਂ।

## ਹਿੰਦੂ ਧਰਮ ਵਿਚ ਵਾਪਸੀ ਨਾਲ ਦਲਿਤ ਰਾਖਵਾਂਕਰਨ ਵੀ ਬਰਕਰਾਰ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਕਿਹਾ ਹੈ ਕਿ ਜੇਕਰ ਕੋਈ ਦਲਿਤ ਵਿਅਕਤੀ ਹਿੰਦੂ ਧਰਮ ਵਿਚ ਵਾਪਸੀ ਕਰਦਾ ਹੈ ਤਾਂ ਉਹ ਦਲਿਤਾਂ ਲਈ ਰਾਖਵੇਂਕਰਨ ਲਈ ਮੁੜ ਦਾਅਵਾ ਕਰ ਸਕਦਾ ਹੈ। ਜਸਟਿਸ ਦੀਪਕ ਮਿਸ਼ਰਾ ਤੇ ਜਸਟਿਸ ਵੀ ਗੋਪਾਲ ਗੋੜਾ ਨੇ ਕੇਰਲ ਹਾਈਕੋਰਟ ਦੇ ਉਸ ਫੈਸਲੇ ਨੂੰ ਉਲਟ ਦਿੱਤਾ, ਜਿਸ ਨੇ ਇਹ ਰਾਖਵਾਂਕਰਨ ਦੇਣ ਤੋਂ ਨਾਂਹ ਕਰ ਦਿੱਤੀ ਸੀ। ਕੇ.ਪੀ. ਮਨੂੰ ਨੇ ਕਿਹਾ ਸੀ ਕਿ ਉਸ ਦੇ ਦਾਦਾ-ਦਾਦੀ ਈਸਾਈ ਬਣ ਗਏ ਸਨ ਤੇ ਉਹ ਹਿੰਦੂ ਬਣ ਗਿਆ ਸੀ। ਸਰਕਾਰੀ ਨੌਕਰੀ ਲਈ ਉਸ ਨੇ ਦਲਿਤ ਰਾਖਵਾਂਕਰਨ ਦੀ ਸਹੂਲਤ ਲੈ ਲਈ, ਪਰ ਹਾਈਕੋਰਟ ਨੇ ਇਸ ਨੂੰ ਗਲਤ ਕਰਾਰ ਦੇ ਦਿੱਤਾ।

## 'ਆਪ' ਵਿਚ ਆਪੋ-ਧਾਪ

*(ਸਫਾ ਇਕ ਦੀ ਬਾਕੀ)*

ਸਿਧਾਂਤ ਤੋਂ ਪਿੱਛੇ ਹਟੀ ਹੈ। ਪੀ.ਏ.ਸੀ. ਦੇ ਕਈ ਮੈਂਬਰਾਂ ਨੂੰ ਵੀ ਇਸ ਦੀ ਜਾਣਕਾਰੀ ਨਹੀਂ ਸੀ। ਸ੍ਰੀ ਭੂਸ਼ਣ ਨੇ ਪਾਰਟੀ ਦੀ ਪਾਰਦਰਸ਼ਿਤਾ ਅਤੇ ਜਵਾਬਦੇਹੀ ਉਤੇ ਕਿੰਤੂ ਕਰਦੇ ਹੋਏ ਕਿਹਾ ਹੈ ਕਿ 'ਆਪ' ਨੇ ਫੰਡ ਦੀ ਰਾਸ਼ੀ ਤਾਂ ਵੈਬਸਾਈਟ 'ਤੇ ਪਾਈ ਹੈ, ਪਰ ਇਸ ਦੇ ਖ਼ਰਚੇ ਵੀ ਜਨਤਕ ਕਰਨੇ ਚਾਹੀਦੇ ਹਨ।

ਪਾਰਟੀ ਨੇ ਕੌਮੀ ਕਾਰਜਕਾਰਨੀ ਤੇ ਪੀ.ਏ.ਸੀ. ਦੇ ਫ਼ੈਸਲੇ ਵੀ ਵੈਬਸਾਈਟ 'ਤੇ ਨਹੀਂ ਪਾਏ। ਉਮੀਦਵਾਰਾਂ ਦੀ ਚੋਣ ਦੇ ਮਾਮਲੇ ਵਿਚ ਵੀ ਵਲੰਟੀਅਰਾਂ ਦੀ ਸੱਦ-ਪੁੱਛ ਨਹੀਂ। ਨਾ ਹੀ ਉਮੀਦਵਾਰਾਂ ਦੇ ਨਾਂ ਅਤੇ ਉਨ੍ਹਾਂ ਦਾ ਜੀਵਨ ਵੇਰਵੇ ਜਨਤਕ ਕੀਤੇ ਗਏ ਹਨ।

## ਫਿਲਮਸਾਜ਼ ਰਾਮ ਗੋਪਾਲ ਵਰਮਾ ਖ਼ਿਲਾਫ਼ ਕੇਸ ਦਰਜ

**ਲੁਧਿਆਣਾ:** ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਦੀ ਫਿਲਮ ਐਮਐਸਜੀ ਖ਼ਿਲਾਫ਼ ਟਵੀਟ ਕਰਨਾ ਫਿਲਮ ਡਾਇਰੈਕਟਰ ਰਾਮ ਗੋਪਾਲ ਵਰਮਾ ਨੂੰ ਮਹਿੰਗਾ ਪੈ ਗਿਆ ਹੈ।

ਇਕ ਡੇਰਾ ਪ੍ਰੇਮੀ ਦੀ ਸ਼ਿਕਾਇਤ 'ਤੇ ਲੁਧਿਆਣਾ ਪੁਲਿਸ ਨੇ ਰਾਮ ਗੋਪਾਲ ਵਰਮਾ ਖ਼ਿਲਾਫ਼ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਤੇ ਆਈਟੀ ਐਕਟ ਤਹਿਤ ਕੇਸ ਦਰਜ ਕਰ ਲਿਆ ਹੈ। ਦੱਸਣਯੋਗ ਹੈ ਕਿ ਰਾਮ ਗੋਪਾਲ ਵਰਮਾ ਨੇ 13 ਫਰਵਰੀ ਨੂੰ ਡੇਰਾ ਸਿਰਸਾ ਮੁਖੀ ਦੀ ਫਿਲਮ ਐਮਐਸਜੀ ਨੂੰ ਲੈ ਕੇ ਵਿਵਾਦਿਤ ਟਿੱਪਣੀ ਕੀਤੀ ਸੀ। ਰਾਮ ਗੋਪਾਲ ਵਰਮਾ ਨੇ ਟਵਿਟਰ 'ਤੇ ਤਿੰਨ ਟਵੀਟ ਕੀਤੇ, ਜਿਨ੍ਹਾਂ ਦਾ ਕਾਫੀ ਵਿਰੋਧ ਹੋ ਰਿਹਾ ਹੈ। ਇਕ ਟਵੀਟ ਵਿਚ ਰਾਮ ਗੋਪਾਲ ਵਰਮਾ ਨੇ ਸੰਤ ਲਈ ਅਪਸ਼ਬਦ ਵਰਤੇ। ਇਸ ਕਾਰਨ ਗੁੱਸੇ ਵਿਚ ਆਏ ਡੇਰਾ ਪ੍ਰੇਮੀਆਂ ਨੇ ਟਵੀਟ ਦੇ ਆਧਾਰ 'ਤੇ ਲੁਧਿਆਣਾ ਦੇ ਪੁਲਿਸ ਕਮਿਸ਼ਨਰ ਨੂੰ ਸ਼ਿਕਾਇਤ ਕਰ ਦਿੱਤੀ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

# ਸ਼੍ਰੋਮਣੀ ਕਮੇਟੀ ਕੈਨੇਡਾ ਵਿਚ ਲਾਵੇਗੀ ਪ੍ਰਿੰਟਿੰਗ ਪ੍ਰੈਸ

**ਅੰਮ੍ਰਿਤਸਰ (ਬਿਊਰੋ):** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪ੍ਰਕਾਸ਼ਨਾ ਲਈ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਵਿਚ ਪ੍ਰਿੰਟਿੰਗ ਪ੍ਰੈੱਸ ਲਾਉਣ ਦਾ ਫ਼ੈਸਲਾ ਕੀਤਾ ਹੈ। ਇਸ ਸਬੰਧੀ ਸਮਝੌਤਾ ਜਲਦੀ ਹੀ ਕੀਤਾ ਜਾਵੇਗਾ। ਇਹ ਫ਼ੈਸਲਾ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿਚ ਕੀਤਾ ਗਿਆ।

ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਨੇ ਨਾਰਥ ਕੈਰੋਲੀਨਾ (ਅਮਰੀਕਾ) ਵਿਚ ਇਸ ਸਬੰਧੀ ਜ਼ਮੀਨ ਦੇਖੀ ਸੀ। ਸ਼੍ਰੋਮਣੀ ਕਮੇਟੀ ਦੀ ਇੱਕ ਟੀਮ ਨੇ ਇਸ ਸਬੰਧੀ ਦੌਰਾ ਵੀ ਕੀਤਾ ਸੀ ਪਰ ਰਕਮ ਦੇ ਤਬਾਦਲੇ ਵਿਚ ਆਏ ਅੜਿੱਕੇ ਕਾਰਨ ਇਹ ਕੰਮ ਸਿਰੇ ਨਹੀਂ ਚੜ੍ਹ ਸਕਿਆ।

ਸ਼੍ਰੋਮਣੀ ਕਮੇਟੀ ਦੇ ਇਤਿਹਾਸ ਵਿਚ ਇਹ ਪਹਿਲਾ ਫ਼ੈਸਲਾ ਹੈ ਜਿਸ ਤਹਿਤ ਭਾਰਤ ਤੋਂ ਬਾਹਰ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੀ ਪ੍ਰਕਾਸ਼ਨਾ ਹੋਵੇਗੀ। ਇਸ ਸਬੰਧੀ ਸਬ ਕਮੇਟੀ ਬਣਾਈ ਗਈ ਹੈ ਜਿਸ ਵਿਚ ਸੀਨੀਅਰ ਮੀਤ ਪ੍ਰਧਾਨ ਰਘੁਜੀਤ ਸਿੰਘ ਵਿਰਕ, ਜਨਰਲ ਸਕੱਤਰ ਸੁਖਦੇਵ ਸਿੰਘ ਭੌਰ, ਅੰਤ੍ਰਿੰਗ ਕਮੇਟੀ ਮੈਂਬਰ ਰਾਜਿੰਦਰ ਸਿੰਘ ਮਹਿਤਾ ਅਤੇ ਸਕੱਤਰ ਰੂਪ ਸਿੰਘ ਸ਼ਾਮਲ ਹਨ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਨੇ ਦੱਸਿਆ ਕਿ ਬ੍ਰਿਟਿਸ਼ ਕੋਲੰਬੀਆ ਸਥਿਤ ਸਤਨਾਮ ਐਜੂਕੇਸ਼ਨ ਟਰਸੱਟ ਦੀ ਜ਼ਮੀਨ 'ਤੇ ਇਹ ਪ੍ਰੋਜੈਕਟ ਲਾਇਆ ਜਾਵੇਗਾ। ਰਿਪੁਦਮਨ ਸਿੰਘ ਮਲਿਕ ਵਲੋਂ ਇਹ ਜ਼ਮੀਨ ਸ਼੍ਰੋਮਣੀ ਕਮੇਟੀ ਨੂੰ ਸੌਂਪੀ ਜਾਵੇਗੀ। ਜ਼ਿਕਰਯੋਗ ਹੈ ਕਿ ਸ. ਮਲਿਕ ਦਾ ਨਾਂ ਕਨਿਸ਼ਕ ਕਾਂਡ ਵਿਚ ਸ਼ਾਮਲ ਸੀ ਅਤੇ ਅਦਾਲਤ ਨੇ ਉਨ੍ਹਾਂ ਨੂੰ ਬਰੀ ਕੀਤਾ ਸੀ। ਪ੍ਰਿੰਟਿੰਗ ਪ੍ਰੈੱਸ ਲਾਉਣ ਲਈ ਵੀ ਸ. ਮਲਿਕ ਵਲੋਂ ਨਿਵੇਸ਼ ਕੀਤਾ ਜਾਵੇਗਾ। ਪ੍ਰੈੱਸ ਲੱਗਣ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੇ ਪ੍ਰਿੰਟਿਗ ਸਬੰਧੀ ਮਾਹਰ ਉੱਥੇ ਜਾਣਗੇ ਅਤੇ ਸਰੂਪਾਂ ਦੀ ਪ੍ਰਕਾਸ਼ਨਾ ਕਰਨਗੇ। ਸਬ ਕਮੇਟੀ ਅਪਰੈਲ-ਮਈ ਵਿਚ ਕੈਨੇਡਾ ਦਾ ਦੌਰਾ ਕਰੇਗੀ ਅਤੇ ਯੋਜਨਾ ਸਬੰਧੀ ਲਿਖਤੀ ਸਮਝੌਤੇ 'ਤੇ ਸਹੀ ਪਾਵੇਗੀ।

ਇਸ ਤੋਂ ਇਲਾਵਾ ਫ਼ੈਸਲਾ ਕੀਤਾ ਗਿਆ ਹੈ ਕਿ ਸ੍ਰੀ ਗੁਰੂ ਰਾਮਦਾਸ ਲੰਗਰ ਲਈ ਸਬਜ਼ੀਆਂ, ਦਾਲਾਂ, ਕਣਕ ਅਤੇ ਚੌਲ ਕੁਦਰਤੀ ਖੇਤੀ ਰਾਹੀਂ ਪੈਦਾ ਕੀਤੇ ਜਾਣਗੇ। ਇਸ ਵਾਸਤੇ ਸ਼੍ਰੋਮਣੀ ਕਮੇਟੀ ਵਲੋਂ ਸਰਹੱਦੀ ਪਿੰਡ ਹੁਸ਼ਿਆਰ ਨਗਰ ਸਥਿਤ ਗੁਰਦੁਆਰਾ ਗੁਰੂਸਰ ਸਤਲਾਣੀ ਵਿਖੇ ਲਗਪਗ 40 ਏਕੜ ਜ਼ਮੀਨ ਰਾਖਵੀਂ ਰੱਖਣ ਦਾ ਫ਼ੈਸਲਾ ਕੀਤਾ ਹੈ।

# ਫੋਰਬਜ਼ ਵਿਚ ਛਾਈਆਂ ਭਾਰਤੀ ਔਰਤਾਂ

**ਨਿਊ ਯਾਰਕ:** ਕਾਰੋਬਾਰ ਨਾਲ ਜੁੜੇ ਕੌਮਾਂਤਰੀ ਰਸਾਲੇ 'ਫੋਰਬਜ਼' ਨੇ ਏਸ਼ੀਆ ਦੀਆਂ 50 ਪ੍ਰਭਾਵਸ਼ਾਲੀ ਮਹਿਲਾ ਉੱਦਮੀਆਂ ਦੀ ਸੂਚੀ ਵਿਚ ਛੇ ਭਾਰਤੀ ਮਹਿਲਾਵਾਂ ਨੂੰ ਸ਼ਾਮਲ ਕੀਤਾ ਹੈ, ਜਿਨ੍ਹਾਂ ਵਿਚ ਭਾਰਤੀ ਸਟੇਟ ਬੈਂਕ ਦੀ ਮੁਖੀ ਅਰੁੰਧਤੀ ਭੱਟਾਚਾਰੀਆ ਤੇ ਆਈ.ਸੀ.ਆਈ.ਸੀ.ਆਈ. ਦੀ ਸੀਈਓ ਚੰਦਾ ਕੋਛੜ ਸ਼ਾਮਲ ਹਨ। ਸੂਚੀ ਵਿਚ ਮਹਿਲਾ ਸੀਈਓਜ਼ ਤੇ ਸੰਸਥਾਪਕ ਔਰਤਾਂ ਨੂੰ ਸ਼ਾਮਲ ਕੀਤਾ ਗਿਆ ਹੈ, ਜਿਨ੍ਹਾਂ ਨੇ ਏਸ਼ੀਆ ਕਾਰੋਬਾਰੀ ਸੰਸਾਰ ਵਿਚ ਆਪਣੀ ਪਛਾਣ ਬਣਾਈ ਹੈ। ਇਸ ਸੂਚੀ ਵਿਚ ਭੱਟਾਚਾਰੀਆ ਤੇ ਕੋਛੜ ਤੋਂ ਇਲਾਵਾ ਸੀਰਾਮ ਲਾਈਫ ਇੰਸ਼ੋਰੈਂਸ ਦੀ ਐਮਡੀ ਅਖਿਲਾ ਸ੍ਰੀਨਿਵਾਸਨ, ਬਾਇਓਕੋਨ ਦੀ ਬਾਨੀ ਚੇਅਰਪਰਸਨ ਤੇ ਐਮ.ਡੀ. ਕਿਰਨ ਮਜ਼ੂਮਦਾਰ ਸ਼ਾਅ, ਐਕਸਿਸ ਬੈਂਕ ਦੀ ਸੀ.ਈ.ਓ. ਤੇ ਐਮ.ਡੀ. ਸ਼ਿਖਾ ਸ਼ਰਮਾ ਤੇ ਭਾਰਤੀ ਲਾਈਫ਼ ਇੰਸ਼ੋਰੈਂਸ ਕਾਰਪੋਰੇਸ਼ਨ ਦੀ ਐਮ.ਡੀ. ਊਸ਼ਾ ਸਾਂਗਵਾਨ ਸ਼ਾਮਲ ਹਨ।

ਰਸਾਲੇ ਨੇ ਕਿਹਾ ਹੈ ਕਿ ਸ੍ਰੀਨਿਵਾਸਨ ਨੇ ਇਕ ਦਹਾਕੇ ਤੋਂ ਵੀ ਘੱਟ ਸਮੇਂ ਵਿਚ ਲਾਈਫ ਇੰਸ਼ੋਰੈਂਸ ਨੂੰ ਲਾਭ ਪੱਖੋਂ ਭਾਰਤ ਦੀਆਂ ਪਹਿਲੀਆਂ ਪੰਜ ਨਿੱਜੀ ਕੰਪਨੀਆਂ ਵਿਚ ਸ਼ਾਮਲ ਕਰਵਾਇਆ ਹੈ। ਰਸਾਲੇ ਮੁਤਾਬਕ ਸ੍ਰੀਮਤੀ ਭੱਟਾਚਾਰੀਆ ਨੂੰ ਭਾਰਤੀ ਬੈਂਕਿੰਗ ਦੀ ਪਹਿਲੀ ਮਹਿਲਾ ਕਿਹਾ ਜਾਂਦਾ ਹੈ। ਇਸ ਵਿਚ ਇਹ ਵੀ ਵਰਨਣਯੋਗ ਹੈ ਕਿ ਐਸ.ਬੀ.ਆਈ. ਨੇ ਆਪਣੇ ਕਰਮਚਾਰੀਆਂ ਨੂੰ ਦੋ ਸਾਲ ਦੀ ਛੁੱਟੀ ਲੈਣ ਦਾ ਮੌਕਾ ਦਿੱਤਾ ਹੈ ਤਾਂ ਜੋ ਮੁਲਾਜ਼ਮ ਆਪਣੇ ਬੱਚਿਆਂ ਤੇ ਮਾਪਿਆਂ ਦੀ ਦੇਖਭਾਲ ਕਰ ਸਕਣ।

ਰਸਾਲੇ ਅਨੁਸਾਰ ਸ੍ਰੀਮਤੀ ਭੱਟਾਚਾਰੀਆ ਮਗਰੋਂ ਸ੍ਰੀਮਤੀ ਕੋਛੜ ਦੂਜੀ ਪ੍ਰਭਾਵਸ਼ਾਲੀ ਮਹਿਲਾ ਬੈਂਕਰ ਹਨ। ਇਸ ਸੂਚੀ ਵਿਚ ਆਸਟਰੇਲੀਆ, ਚੀਨ, ਹਾਂਗਕਾਂਗ, ਇੰਡੋਨੇਸ਼ੀਆ, ਥਾਈਲੈਂਡ ਤੇ ਜਪਾਨ ਦੀਆਂ ਪ੍ਰਮੁੱਖ ਕਾਰਜਕਾਰੀ ਔਰਤਾਂ ਸ਼ਾਮਲ ਹਨ। ਸੂਚੀ ਵਿਚ ਪਹਿਲੀ ਵਾਰ ਮੰਗੋਲੀਆ ਤੇ ਮਿਆਂਮਾਰ ਵਰਗੇ ਵਿਕਾਸਸ਼ੀਲ ਮੁਲਕਾਂ ਦੀਆਂ ਪ੍ਰਭਾਵਸ਼ਾਲੀ ਔਰਤਾਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ।

ਫੋਰਬਜ਼ ਨੇ ਭਾਰਤੀ ਸਨਅਤ ਜਗਤ ਦੀ ਨਵੀਂ ਪੀੜ੍ਹੀ ਦੇ ਉੱਦਮੀਆਂ ਵਿਚ ਈਸ਼ਾ ਅੰਬਾਨੀ ਤੇ ਰਾਧਿਕਾ ਪਿਰਾਮਲ ਦਾ ਨਾਮ ਏਸ਼ੀਆ ਦੀਆਂ 12 ਪ੍ਰਭਾਵਸ਼ਾਲੀ ਮਹਿਲਾਵਾਂ ਵਿਚ ਸ਼ਾਮਲ ਕੀਤਾ ਹੈ। ਰਿਲਾਇੰਸ ਇੰਡਸਟਰੀਜ਼ ਦੇ ਮੁਖੀ ਮੁਕੇਸ਼ ਅੰਬਾਨੀ ਦੀ ਧੀ ਈਸ਼ਾ ਅੰਬਾਨੀ ਰਿਲਾਇੰਸ ਜਿਓ ਇੰਫੋਕਾਮ ਤੇ ਰਿਲਾਇੰਸ ਰਿਟੇਲ ਬੈਂਕਰ ਵਿਚ ਡਾਇਰੈਕਟਰ ਹੈ। ਰਾਧਿਕਾ ਪਿਰਾਮਲ ਵੀਆਈਪੀ ਇੰਡਸਟਰੀਜ਼ ਦੀ ਐਮਡੀ ਹੈ।






## ਦਿਲ ਦਾ ਰੋਗ ਲੈ ਕੇ ਪੈਦਾ ਹੁੰਦੇ ਪੌਣੇ ਦੋ ਲੱਖ ਭਾਰਤੀ ਬੱਚੇ

**ਚੰਡੀਗੜ੍ਹ:** ਦੁਨੀਆਂ ਭਰ ਵਿਚ ਦਿਲ ਦੀਆਂ ਬਿਮਾਰੀਆਂ ਨਾਲ ਪੀੜਤ ਲੋਕਾਂ ਦੀ ਗਿਣਤੀ ਵੱਧਦੀ ਜਾ ਰਹੀ ਹੈ ਤੇ ਇਹ ਰੋਗ ਬੱਚਿਆਂ ਤੇ ਮਾਰ ਕਰਨ ਲੱਗਾ ਹੈ। ਰਿਪੋਰਟਾਂ ਮੁਤਾਬਕ ਹਰ 1000 ਬੱਚਿਆਂ ਵਿਚੋਂ 8 ਤੋਂ 10 ਬੱਚਿਆਂ ਨੂੰ ਜਨਮਜਾਤ ਦਿਲ ਦਾ ਰੋਗਾ ਹੁੰਦਾ ਹੈ।

ਮਾਹਿਰਾਂ ਅਨੁਸਾਰ ਇਨ੍ਹਾਂ ਵਿਚੋਂ ਵੀ ਵਿਚ 33 ਤੋਂ 50 ਪ੍ਰਤੀਸ਼ਤ ਬੱਚਿਆਂ ਦੀ ਹਾਲਤ ਨਾਜ਼ੁਕ ਹੁੰਦੀ ਹੈ ਜਿਨ੍ਹਾਂ ਨੂੰ ਪਹਿਲੇ ਸਾਲ ਵਿਚ ਹੀ ਬੇਹਤਰੀਨ ਮੈਡੀਕਲ ਹੈਲਪ ਦੀ ਜ਼ਰੂਰਤ ਪੈਂਦੀ ਹੈ। ਰਿਪੋਰਟ ਅਨੁਸਾਰ ਭਾਰਤ ਵਿਚ ਹਰ ਸਾਲ ਤਕਰੀਬਨ 1,80,000 ਬੱਚੇ ਦਿਲ ਦੇ ਰੋਗ ਦੇ ਨਾਲ ਹੀ ਪੈਦਾ ਹੁੰਦੇ ਹਨ। ਇਨ੍ਹਾਂ ਵਿਚ 60,000 ਤੋਂ 90,000 ਬੱਚੇ ਨਾਜ਼ੁਕ ਸਥਿਤੀ ਵਿਚ ਹੁੰਦੇ ਹਨ। ਇਕ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀਆਂ 10 ਫੀਸਦੀ ਮੌਤਾਂ ਜਨਮਜਾਤ ਦਿਲ ਦੇ ਰੋਗ ਦੇ ਕਾਰਨ ਹੁੰਦੀਆਂ ਹਨ। ਭਾਰਤ ਸਰਕਾਰ ਦੀ ਹੈਲਥ ਐਂਡ ਫੈਮਿਲੀ ਵੈਲਫੇਅਰ ਮਨਿਸਟਰੀ ਦੇ ਰਾਸ਼ਟਰੀ ਬਾਲ ਸਿਹਤ ਪ੍ਰੋਗਰਾਮ ਦੇ ਤਹਿਤ ਅਲਕੈਮਿਸਟ ਹਸਪਤਾਲ ਗਰੀਬ ਮਰੀਜ਼ਾਂ ਨੂੰ ਪੀ.ਜੀ.ਆਈ. ਦੇ ਰੇਟ 'ਤੇ ਹੀ ਇਲਾਜ ਉਪਲਬਧ ਕਰਵਾ ਰਿਹਾ ਹੈ। ਚੇਤੇ ਰਹੇ, ਸਿਰਫ ਪੀ.ਜੀ.ਆਈ 'ਚ ਹੀ ਸੁਪਰ-ਸਪੈਸ਼ਿਲਿਟੀ ਚਾਈਲਡ ਹਾਰਟ ਸਰਜਰੀ ਵਿਭਾਗ ਹੈ ਤੇ ਇਥੇ ਇਲਾਜ ਕਰਾਉਣ ਦੇ ਲਈ ਲੰਮਾਂ ਇੰਤਜ਼ਾਰ ਕਰਨਾ ਪੈਂਦਾ ਹੈ।

# ਸਰਾਭਾ ਆਸ਼ਰਮ ਨੇ ਸੜਕ ਕਿਨਾਰੇ ਪਏ ਬਿਮਾਰ ਲਵਾਰਸ ਨੂੰ ਨਵਾਂ ਜੀਵਨ ਦਿੱਤਾ

**ਲੁਧਿਆਣਾ (ਬਿਊਰੋ):** ਸੜਕ ਕਿਨਾਰੇ ਪਏ ਇਕ ਲਾਵਾਰਸ ਅਪਾਹਜ ਵਿਅਕਤੀ ਨੂੰ ਉਸ ਸਮੇਂ ਨਵੀਂ ਜ਼ਿੰਦਗੀ ਮਿਲੀ ਜਦੋਂ "ਗੁਰੂ ਅਮਰ ਦਾਸ ਅਪਾਹਜ ਆਸ਼ਰਮ" ਸਰਾਭਾ ਦੇ ਸੇਵਾਦਾਰ ਡਾ. ਨੌਰੰਗ ਸਿੰਘ ਮਾਂਗਟ ਇਸ ਨੂੰ ਚੁੱਕ ਕੇ ਆਸ਼ਰਮ ਵਿਚ ਲੈ ਗਏ। ਕਿਸੇ ਵਲੋਂ ਫੋਨ 'ਤੇ ਜਾਣਕਾਰੀ ਦਿੱਤੇ ਜਾਣ ਤੋਂ ਬਾਅਦ ਜਦੋਂ ਡਾ. ਮਾਂਗਟ ਇਸ ਦੀ ਮਦਦ ਕਰਨ ਲਈ ਇਥੇ ਢੋਲੇਵਾਲ ਚੌਕ ਦੇ ਨਜ਼ਦੀਕ ਪਹੁੰਚੇ ਤਾਂ ਸੜਕ ਕਿਨਾਰੇ ਪਿਆ ਇਹ ਮਹਿਜ ਹੱਡੀਆਂ ਦਾ ਪਿੰਜਰ "ਧਨ ਜੀ" ਸਹਾਇਤਾ ਲਈ ਪੁਕਾਰਦਾ ਹੌਲੀ-ਹੌਲੀ ਇਹ ਤੁਕ ਗਾ ਰਿਹਾ ਸੀ, "ਕਰਦੇ ਮਦਦ ਗਰੀਬ ਦੀ ਤੇਰਾ ਸੁਖੀ ਵਸੇ ਸੰਸਾਰ।" ਉਸ ਸਮੇਂ ਇਸ ਦੀ ਹਾਲਤ ਬਹੁਤ ਨਾਜ਼ੁਕ ਸੀ।

ਧਨ ਜੀ ਨੇ ਦੱਸਿਆ ਕਿ ਕੁਝ ਸਮਾਂ ਪਹਿਲਾਂ ਉਸ ਨੂੰ ਕਿਸੇ ਵਾਹਨ ਨੇ ਫੇਟ ਮਾਰ ਦਿੱਤੀ ਸੀ ਜਿਸ ਨਾਲ ਉਸ ਦਾ ਚੂਲਾ ਟੁੱਟ ਗਿਆ, ਲੱਤਾਂ ਵੀ ਨਕਾਰਾ ਹੋ ਗਈਆਂ ਅਤੇ ਉਹ ਹੁਣ ਉਠਣ-ਬੈਠਣ ਤੋਂ ਵੀ ਅਸਮਰੱਥ ਹੈ ਜਿਸ ਕਰਕੇ ਉਹ ਲੰਮਾ ਹੀ ਪਿਆ ਰਹਿੰਦਾ ਹੈ। ਆਸ਼ਰਮ ਵਿਚ ਸੇਵਾ ਸੰਭਾਲ ਅਤੇ ਮੁਢਲੀ ਮੈਡੀਕਲ ਸਹਾਇਤਾ ਮਿਲਣ ਕਰਕੇ ਹੁਣ ਉਹ ਕੁਝ ਗੱਲ-ਬਾਤ ਕਰਨ ਦੇ ਯੋਗ ਹੋ ਗਿਆ ਹੈ। ਤਕਰੀਬਨ ਚਾਲੀ ਕੁ ਸਾਲ ਦੇ ਇਸ ਅਪਾਹਜ ਨੇ ਦੱਸਿਆ ਕਿ ਉਹ ਬਿਹਾਰ ਦੇ ਨੌਵਾਂ ਗਾਉਂ ਕਸਬੇ ਦਾ ਰਹਿਣ ਵਾਲਾ ਹੈ ਅਤੇ ਉਥੇ ਵੀ ਸੜਕ 'ਤੇ ਹੀ ਸੌਂ ਕੇ ਗੁਜ਼ਾਰਾ ਕਰਦਾ ਸੀ। ਉਸ ਦਾ ਆਪਣਾ ਕੋਈ ਪਰਿਵਾਰ ਨਹੀਂ ਹੈ ਅਤੇ ਨਾ ਹੀ ਕੋਈ ਜਾਇਦਾਦ ਜਾਂ ਆਮਦਨੀ ਦਾ ਸਾਧਨ ਹੈ। ਡਾ. ਮਾਂਗਟ ਅਨੁਸਾਰ ਕੁਝ ਦਿਨਾਂ ਤੱਕ ਇਸ ਨੂੰ ਹਸਪਤਲ ਲਿਜਾ ਕੇ ਇਸ ਦਾ ਹੋਰ ਇਲਾਜ ਕਰਵਾਇਆ ਜਾਵੇਗਾ ਤਾਂ ਕਿ ਇਹ ਲੋੜਵੰਦ ਆਪਣੀ ਕਿਰਿਆ ਸੋਧਣ ਯੋਗ ਹੋ ਜਾਵੇ। ਆਸ਼ਰਮ ਦੇ ਸੰਚਾਲਕ ਡਾ. ਮਾਂਗਟ ਨੇ ਦੱਸਿਆ ਕਿ ਇਹ ਆਸ਼ਰਮ ਕਿਸੇ ਦਾ ਨਿੱਜੀ ਨਹੀਂ ਹੈ ਸਗੋਂ ਇੱਕ ਚੈਰੀਟੇਬਲ ਰਜਿਸਟਰਡ ਟਰੱਸਟ ਹੈ ਅਤੇ ਸਾਰੀ ਜਾਇਦਾਦ ਇਸ ਟਰੱਸਟ ਦੀ ਮਲਕੀਅਤ ਹੈ। ਇਸ ਆਸ਼ਰਮ ਵਿਚ ਲਾਵਾਰਸਾਂ, ਲੋੜਵੰਦ ਬਜ਼ੁਰਗਾਂ, ਦਿਮਾਗੀ ਤੌਰ 'ਤੇ ਬਿਮਾਰ, ਅਪਾਹਜਾਂ, ਯਤੀਮਾਂ ਅਤੇ ਹੋਰ ਲੋੜਵੰਦ ਲੋਕਾਂ ਦੀ ਮੁਫ਼ਤ ਸੇਵਾ-ਸੰਭਾਲ ਕੀਤੀ ਜਾਂਦੀ ਹੈ। ਹੋਰ ਜਾਣਕਾਰੀ ਲਈ ਡਾ. ਮਾਂਗਟ ਨਾਲ ਸੰਪਰਕ ਮੋਬਾਈਲ 91-95018-42505 ਰਾਹੀਂ ਕੀਤਾ ਜਾ ਸਕਦਾ ਹੈ।



*ਡਾ. ਮਾਂਗਟ ਧਨ ਜੀ ਨੂੰ ਸੜਕ ਕੰਢਿਓਂ ਚੁੱਕਦੇ ਹੋਏ*

## ਭਾਰਤ-ਪਾਕਿਸਤਾਨ ਗੱਲਬਾਤ ਅੱਗੇ ਤੁਰੀ

**ਇਸਲਾਮਾਬਾਦ:** ਭਾਰਤ ਅਤੇ ਪਾਕਿਸਤਾਨ ਗੱਲਬਾਤ ਦਾ ਅਮਲ ਬਹਾਲ ਹੋਣ ਵੱਲ ਵਧ ਗਿਆ ਹੈ। ਭਾਰਤ ਦੇ ਵਿਦੇਸ਼ ਸਕੱਤਰ ਐਸ. ਜੈਸ਼ੰਕਰ ਅਤੇ ਪਾਕਿਸਤਾਨ ਦੇ ਵਿਦੇਸ਼ ਸਕੱਤਰ ਐਜ਼ਾਜ਼ ਚੌਧਰੀ ਵਿਚਾਲੇ ਗੱਲਬਾਤ ਮਗਰੋਂ ਦੋਵੇਂ ਧਿਰਾਂ ਨੇ ਇਸ ਨੂੰ 'ਖੜੋਤ ਟੁੱਟਣਾ' ਕਰਾਰ ਦਿੱਤਾ। ਸੱਤ ਮਹੀਨੇ ਦੀ ਖੜੋਤ ਮਗਰੋਂ ਭਾਰਤ ਤੇ ਪਾਕਿਸਤਾਨ ਨੇ ਇੱਕ-ਦੂਜੇ ਦੇ ਫਿਕਰਾਂ ਅਤੇ ਹਿੱਤਾਂ ਬਾਰੇ ਚਰਚਾ ਕੀਤੀ। ਸ੍ਰੀ ਜੈਸ਼ੰਕਰ ਨੇ ਮੀਟਿੰਗ ਵਿਚ ਮੁੰਬਈ ਹਮਲਿਆਂ ਦੇ ਕੇਸ ਸਣੇ ਦਹਿਸ਼ਤਗਰਦੀ ਦਾ ਮੁੱਦਾ ਵੀ ਚੁੱਕਿਆ।

ਗੱਲਬਾਤ ਮਗਰੋਂ ਸ੍ਰੀ ਜੈਸ਼ੰਕਰ ਨੇ ਕਿਹਾ ਕਿ ਉਨ੍ਹਾਂ ਦੀ ਇਸ ਫੇਰੀ ਸਦਕਾ ਦੁਵੱਲੇ ਸਬੰਧਾਂ 'ਤੇ ਚਰਚਾ ਦਾ ਮੌਕਾ ਮਿਲਿਆ ਹੈ।


## Matrimonial

### ਸਾਥੀ ਦੀ ਲੋੜ

Match sought for US citizen divorce Khatri Arora girl 32, high school pass, working in a salon. Boy should be US citizen, Green Card holder or with any legal US status, clean shave, Sikh or Hindu Punjabi. Can be single or divorce with no kids. Contact, Ph: 917-796-4788

10-13

# ਟਰੱਕਿੰਗ ਦੀ ਦੁਨੀਆਂ ਵਿਚ ਇਕ ਨਵਾਂ ਉਪਰਾਲਾ



ਟਰੱਕਿੰਗ ਬਿਜਨਸ ਵਿਚ ਛਾਏ ਹੋਏ ਓਨਰ ਅਪਰੇਟਰਾਂ ਲਈ ਖੁਸ਼ਖਬਰੀ!

ਹੁਣ ਤੁਹਾਨੂੰ ਆਪਣੇ ਟਰੱਕ ਕਿਸੇ ਕੰਪਨੀ ਨੂੰ ਲੀਜ਼ ਕਰਨ ਦੀ ਜ਼ਰੂਰਤ ਨਹੀਂ।

ਅਸੀਂ ਤੁਹਾਡੇ ਵਾਸਤੇ ਤੁਹਾਡੇ ਪਰਮਿਟਾਂ ਉਤੇ ਲੋਡ ਲੱਭ ਕੇ ਦਿਆਂਗੇ।

- ਤੁਹਾਡੇ ਲੋਡ ਦਾ ਚੈਕ ਤੁਹਾਡੇ ਹੀ ਨਾਂ ਉਤੇ ਹੋਵੇਗਾ।
- ਡਿਸਪੈਚ ਦੇ ਨਾਂ 'ਤੇ ਹੁੰਦੀ ਲੁੱਟ ਤੋਂ ਛੁਟਕਾਰਾ।
- ਧੱਕੇ ਨਾਲ ਚੁਕਾਏ ਜਾਂਦੇ ਲੋਡਾਂ ਤੋਂ ਬਚਾਅ।
- ਅਸੀਂ ਤੁਹਾਡੇ ਲਈ ਕੰਮ ਕਰਾਂਗੇ, ਨਾ ਕਿ ਤੁਸੀਂ ਸਾਡੇ ਲਈ।
- ਇਕ ਜਾਂ ਦੋ ਟਰੱਕਾਂ ਦੇ ਮਾਲਕਾਂ ਲਈ ਪੈਸੇ ਕਮਾਉਣ ਦਾ ਸੁਨਹਿਰੀ ਮੌਕਾ।

ਹਰ ਤਰ੍ਹਾਂ ਦੀ ਜਾਣਕਾਰੀ ਲਈ ਕਾਲ ਕਰੋ **ਫੋਨ: 209-910-9731**

# ਕੇਂਦਰ ਨੇ ਖੁਦਕੁਸ਼ੀ ਪੀੜਤ ਕਿਸਾਨ ਪਰਿਵਾਰਾਂ ਤੋਂ ਮੂੰਹ ਫੇਰਿਆ

## ਪੀੜਤਾਂ ਦੀ ਸਾਰੀ ਜ਼ਿੰਮੇਵਾਰੀ ਸੂਬਾ ਸਰਕਾਰ ਸਿਰ ਸੁੱਟੀ



**ਬਠਿੰਡਾ:** ਕੇਂਦਰ ਸਰਕਾਰ ਨੇ ਖੁਦਕੁਸ਼ੀ ਪੀੜਤ ਕਿਸਾਨ ਪਰਿਵਾਰਾਂ ਦੀ ਬਾਂਹ ਫੜਨ ਤੋਂ ਸਾਫ ਇਨਕਾਰ ਕਰ ਦਿੱਤਾ ਹੈ ਤੇ ਸੂਬਾ ਸਰਕਾਰਾਂ ਨੂੰ ਇਨ੍ਹਾਂ ਪਰਿਵਾਰਾਂ ਦੀ ਮਦਦ ਵਾਸਤੇ ਆਖਿਆ ਹੈ। ਕੇਂਦਰੀ ਗ੍ਰਹਿ ਮੰਤਰਾਲੇ ਨੇ ਪੰਜਾਬ ਸਮੇਤ ਛੇ ਸੂਬਿਆਂ ਵਿਚ ਖੇਤੀ ਸੰਕਟ ਕਾਰਨ ਖੁਦਕੁਸ਼ੀ ਕਰਨ ਵਾਲੇ ਕਿਸਾਨਾਂ ਬਾਰੇ ਖੁਫੀਆ ਰਿਪੋਰਟ ਹਾਸਲ ਕੀਤੀ ਹੈ। ਕੇਂਦਰੀ ਖੁਫੀਆ ਵਿੰਗ (ਆਈ.ਬੀ.) ਨੇ ਦਸੰਬਰ, 2014 ਵਿਚ ਗ੍ਰਹਿ ਮੰਤਰਾਲੇ ਨੂੰ ਖੇਤੀ ਸੰਕਟ ਕਾਰਨ ਜ਼ਿੰਦਗੀ ਗੁਆ ਬੈਠੇ ਕਿਸਾਨਾਂ ਬਾਰੇ ਰਿਪੋਰਟ ਦਿੱਤੀ ਸੀ। ਇਸ ਰਿਪੋਰਟ ਵਿਚ ਖੁਦਕੁਸ਼ੀ ਕਰ ਗਏ ਕਿਸਾਨਾਂ ਦਾ ਅੰਕੜਾ ਨਹੀਂ ਦਿੱਤਾ ਗਿਆ। ਰਿਪੋਰਟ ਦੇ ਬਾਵਜੂਦ ਕੇਂਦਰੀ ਬਜਟ ਵਿਚ ਪੀੜਤ ਪਰਿਵਾਰਾਂ ਨੂੰ ਕੋਈ ਵਿਸ਼ੇਸ਼ ਪੈਕੇਜ ਨਹੀਂ ਦਿੱਤਾ ਗਿਆ।

ਕੇਂਦਰੀ ਗ੍ਰਹਿ ਮੰਤਰਾਲੇ ਅਨੁਸਾਰ ਖੁਫੀਆ ਵਿੰਗ (ਆਈ.ਬੀ) ਨੇ ਆਪਣੀ ਰਿਪੋਰਟ ਵਿਚ ਖੁਲਾਸਾ ਕੀਤਾ ਹੈ ਕਿ ਪੰਜਾਬ ਵਿਚ ਵਧ ਰਹੇ ਕਰਜ਼ੇ ਦੇ ਭਾਰ ਤੇ ਫਸਲਾਂ ਦੀ ਘੱਟ ਰਹੀ ਪੈਦਾਵਾਰ ਖੁਦਕੁਸ਼ੀ ਦਾ ਕਾਰਨ ਬਣ ਰਹੀ ਹੈ। ਰਿਪੋਰਟ ਵਿਚ ਫਸਲਾਂ ਦੇ ਸਰਕਾਰੀ ਭਾਅ ਘੱਟ ਹੋਣ, ਮੌਨਸੂਨ ਦੀ ਗੜਬੜੀ ਤੇ ਧਰਤੀ ਹੇਠਲੇ ਪਾਣੀ ਦੇ ਡਿੱਗ ਰਹੇ ਪੱਧਰ ਨੂੰ ਖੁਦਕੁਸ਼ੀ ਦੇ ਕਾਰਨਾਂ ਵਿਚ ਸ਼ਾਮਲ ਕੀਤਾ ਹੈ। ਮਿਲੀ ਜਾਣਕਾਰੀ ਅਨੁਸਾਰ ਕੇਂਦਰ ਨੇ ਖੇਤੀ ਸਕੀਮਾਂ ਤੇ ਬਜਟ ਸਕੀਮਾਂ ਵਿਚ ਰਾਹਤ ਦੇਣ ਦਾ ਜ਼ਿਕਰ ਕੀਤਾ ਹੈ। ਕੇਂਦਰੀ ਬਜਟ 2015-16 ਵਿਚ ਖੇਤੀ ਸੰਕਟ ਦੀ ਭੇਟ ਚੜ੍ਹੇ ਇਨ੍ਹਾਂ ਕਿਸਾਨਾਂ ਦੇ ਪਰਿਵਾਰਾਂ ਦੀ ਮਦਦ ਵਾਸਤੇ ਕੋਈ ਵੀ ਐਲਾਨ ਨਹੀਂ ਕੀਤਾ ਗਿਆ। ਖੁਫੀਆ ਵਿੰਗ ਨੇ ਪੰਜਾਬ ਤੋਂ ਇਲਾਵਾ ਮਹਾਰਾਸ਼ਟਰ, ਤਿਲੰਗਾਨਾ, ਕਰਨਾਟਕ, ਗੁਜਰਾਤ, ਯੂ.ਪੀ ਤੇ ਤਾਮਿਲ ਨਾਡੂ ਦੀ ਰਿਪੋਰਟ ਵੀ ਦਿੱਤੀ ਹੈ। ਕੇਂਦਰ ਸਰਕਾਰ ਨੇ ਮੱਧ ਪ੍ਰਦੇਸ਼, ਆਂਧਰਾ ਪ੍ਰਦੇਸ਼, ਮਹਾਰਾਸ਼ਟਰ, ਕਰਨਾਟਕ ਤੇ ਕੇਰਲਾ ਦੇ ਖੁਦਕੁਸ਼ੀ ਵਾਲੇ 31 ਜ਼ਿਲ੍ਹਿਆਂ ਵਾਸਤੇ 19998 ਕਰੋੜ ਰੁਪਏ ਦਾ ਵਿੱਤੀ ਪੈਕੇਜ ਦਿੱਤਾ ਸੀ ਤਾਂ ਜੋ ਪੀੜਤ ਪਰਿਵਾਰਾਂ ਦਾ ਮੁੜ ਵਸੇਬਾ ਹੋ ਸਕੇ। ਕੇਂਦਰ ਸਰਕਾਰ ਨੇ ਇਨ੍ਹਾਂ ਰਾਜਾਂ ਲਈ 2012-13 ਤੋਂ 2016-17 ਤੱਕ ਦੀ 3250 ਕਰੋੜ ਰੁਪਏ ਦੀ ਯੋਜਨਾ ਬਣਾਈ ਹੋਈ ਹੈ। ਹਰ ਕੇਂਦਰੀ ਬਜਟ ਦਾ ਖੁਦਕੁਸ਼ੀ ਪੀੜਤ ਪਰਿਵਾਰ ਇਕ ਉਮੀਦ ਨਾਲ ਰਾਹ ਤੱਕਦੇ ਹਨ ਪਰ ਬਜਟ ਇਨ੍ਹਾਂ ਕਿਸਾਨਾਂ ਦੀ ਬਾਂਹ ਨਹੀਂ ਫੜ ਸਕਿਆ। ਪੰਜਾਬ ਸਰਕਾਰ ਨੇ ਸਾਲ 2002 ਤੋਂ 2008 ਵਿਚ ਖੁਦਕੁਸ਼ੀ ਕਰਨ ਵਾਲੇ ਕਿਸਾਨਾਂ ਤੇ ਮਜ਼ਦੂਰਾਂ ਦਾ ਖੇਤੀ ਵਰਸਿਟੀ ਤੇ ਹੋਰ ਵਰਸਿਟੀਆਂ ਤੋਂ ਸਰਵੇਖਣ ਕਰਾਇਆ ਸੀ ਜਿਸ ਵਿਚ ਤਕਰੀਬਨ ਸੱਤ ਹਜ਼ਾਰ ਕੇਸ ਸਾਹਮਣੇ ਆਏ ਸਨ। ਇਨ੍ਹਾਂ ਵਿਚੋਂ ਤਕਰੀਬਨ 4800 ਕਿਸਾਨਾਂ ਤੇ ਮਜ਼ਦੂਰਾਂ ਦੇ ਪਰਿਵਾਰਾਂ ਨੂੰ ਪੰਜਾਬ ਸਰਕਾਰ ਨੇ ਦੋ ਲੱਖ ਰੁਪਏ ਪ੍ਰਤੀ ਕੇਸ ਦੇ ਹਿਸਾਬ ਨਾਲ ਪੈਸਾ ਵੰਡ ਵੀ ਦਿੱਤਾ ਹੈ। ਖੇਤੀਬਾੜੀ ਵਿਭਾਗ ਪੰਜਾਬ ਦੇ ਡਾਇਰੈਕਟਰ ਡਾ. ਮੰਗਲ ਸਿੰਘ ਸੰਧੂ ਦਾ ਕਹਿਣਾ ਹੈ ਕਿ ਖੇਤੀ ਮਹਿਕਮੇ ਵੱਲੋਂ ਹਰ ਵਰ੍ਹੇ ਕੇਂਦਰ ਨੂੰ ਰਿਪੋਰਟ ਭੇਜੀ ਜਾਂਦੀ ਹੈ। ਰਾਜ ਸਰਕਾਰ ਵੱਲੋਂ ਖੁਦਕੁਸ਼ੀ ਕਰਨ ਵਾਲੇ ਕਿਸਾਨਾਂ ਦੇ ਮਾਮਲੇ ਵਿਚ ਇਕ ਪਾਲਿਸੀ ਬਣਾਈ ਜਾ ਰਹੀ ਹੈ, ਜਿਸ ਤਹਿਤ ਗੁਜਰਾਤ ਤੇ ਆਂਧਰਾ ਪ੍ਰਦੇਸ਼ ਵਿਚ ਦੋ ਮੈਂਬਰੀ ਟੀਮ ਵੀ ਸਟੱਡੀ ਕਰਨ ਵਾਸਤੇ ਗਈ ਸੀ ਤਾਂ ਜੋ ਦੂਸਰੇ ਸੂਬਿਆਂ ਦੀ ਤਰਜ਼ 'ਤੇ ਪੰਜਾਬ ਵਿਚ ਨੀਤੀ ਬਣਾਈ ਜਾ ਸਕੇ। ਉਨ੍ਹਾਂ ਆਖਿਆ ਕਿ ਪੰਜਾਬ ਵਿਚ ਜ਼ਿਆਦਾ ਖੁਦਕੁਸ਼ੀਆਂ ਸਮਾਜਿਕ ਕੁਰੀਤੀਆਂ ਕਾਰਨ ਹੁੰਦੀਆਂ ਹਨ, ਨਾ ਕਿ ਕਰਜ਼ੇ ਕਾਰਨ। ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਦੇ ਸੂਬਾਈ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਖੁਦਕੁਸ਼ੀ ਪੀੜਤ ਪਰਿਵਾਰਾਂ ਦੀ ਜਾਣਕਾਰੀ ਕੇਂਦਰ ਤੋਂ ਛੁਪਾ ਕੇ ਇਨ੍ਹਾਂ ਪਰਿਵਾਰਾਂ ਨਾਲ ਧ੍ਰੋਹ ਕੀਤਾ ਹੈ। ਕੇਂਦਰ ਸਰਕਾਰ ਦੂਸਰੇ ਸੂਬਿਆਂ ਦੀ ਤਰਜ਼ 'ਤੇ ਪੰਜਾਬ ਦੇ ਖੁਦਕੁਸ਼ੀ ਕਰਨ ਵਾਲੇ ਕਿਸਾਨਾਂ ਤੇ ਮਜ਼ਦੂਰਾਂ ਦੇ ਪਰਿਵਾਰਾਂ ਨੂੰ ਵਿਸ਼ੇਸ਼ ਰਾਹਤ ਪੈਕੇਜ ਦੇਵੇ।

## ਕੇਂਦਰੀ ਰਿਪੋਰਟ 'ਚ ਪੰਜਾਬ ਸਰਕਾਰ ਦੀ ਕੋਤਾਹੀ ਬੇਪਰਦ

ਕੇਂਦਰੀ ਖੇਤੀ ਮੰਤਰਾਲੇ ਦੇ ਵੱਖਰੇ ਵੇਰਵਿਆਂ ਨੇ ਪੰਜਾਬ ਸਰਕਾਰ ਦੀ ਕੋਤਾਹੀ ਵੀ ਬੇਪਰਦ ਕੀਤੀ ਹੈ। ਦੇਸ਼ ਦੇ ਸੱਤ ਸੂਬਿਆਂ ਵੱਲੋਂ ਕਿਸਾਨਾਂ ਦੀ ਖੁਦਕੁਸ਼ੀ ਦੀ ਰਿਪੋਰਟ ਹਰ ਵਰ੍ਹੇ ਕੇਂਦਰੀ ਖੇਤੀ ਮੰਤਰਾਲੇ ਨੂੰ ਭੇਜੀ ਜਾ ਰਹੀ ਹੈ ਜਦੋਂ ਕਿ ਪੰਜਾਬ ਸਰਕਾਰ ਨੇ ਸਾਲ 2011 ਮਗਰੋਂ ਖੇਤੀ ਮੰਤਰਾਲੇ ਨੂੰ ਇਹ ਰਿਪੋਰਟ ਭੇਜਣੀ ਬੰਦ ਕਰ ਦਿੱਤੀ ਹੈ। ਖੇਤੀ ਮੰਤਰਾਲੇ ਨੇ ਪੰਜਾਬ ਤੋਂ ਰਿਪੋਰਟ ਪ੍ਰਾਪਤ ਨਾ ਹੋਣ ਦੀ ਗੱਲ ਆਖੀ ਹੈ। ਮਹਾਰਾਸ਼ਟਰ ਸਰਕਾਰ ਨੇ ਕੇਂਦਰ ਨੂੰ ਭੇਜੀ ਰਿਪੋਰਟ ਵਿਚ ਆਖਿਆ ਹੈ ਕਿ ਉਨ੍ਹਾਂ ਦੇ ਰਾਜ ਵਿਚ ਸਾਲ 2014 ਵਿਚ 986 ਕਿਸਾਨਾਂ ਨੇ ਖੇਤੀ ਸੰਕਟ ਕਾਰਨ ਖੁਦਕੁਸ਼ੀ ਕੀਤੀ ਹੈ, ਜਿਨ੍ਹਾਂ ਨੂੰ ਰਾਜ ਸਰਕਾਰ ਨੇ ਐਕਸ ਗਰੇਸ਼ੀਆ ਗਰਾਂਟ ਜਾਰੀ ਕਰ ਦਿੱਤੀ ਹੈ। ਪੰਜਾਬ ਸਰਕਾਰ ਨੇ ਸਾਲ 2004 ਤੋਂ 2011 ਤੱਕ ਪੰਜਾਬ ਵਿਚ ਖੁਦਕੁਸ਼ੀ ਕਰਨ ਵਾਲੇ 1468 ਕਿਸਾਨਾਂ ਦੀ ਰਿਪੋਰਟ ਭੇਜੀ ਸੀ। ਪੰਜਾਬ ਸਰਕਾਰ ਨੇ ਇਸ ਮਾਮਲੇ ਵਿਚ ਵੀ ਤੱਥ ਛੁਪਾ ਲਏ ਸਨ ਜਿਸ ਕਰਕੇ ਕੇਂਦਰ ਕੋਲ ਪੰਜਾਬ ਦਾ ਕੇਸ ਕਮਜ਼ੋਰ ਹੋਇਆ ਹੈ। ਦੂਸਰੇ ਸੂਬਿਆਂ ਵੱਲੋਂ ਹਰ ਵਰ੍ਹੇ ਕੇਸ ਭੇਜਿਆ ਜਾਂਦਾ ਹੈ। ਨਤੀਜੇ ਵਜੋਂ ਬਾਕੀ ਸੂਬਿਆਂ ਦੇ ਪ੍ਰਭਾਵਿਤ ਕਿਸਾਨਾਂ ਦੇ ਪਰਿਵਾਰਾਂ ਨੂੰ ਕੇਂਦਰੀ ਮੁਆਵਜ਼ਾ ਵੀ ਮਿਲਿਆ ਹੈ।

# ਸਿੱਖ ਨੌਜਵਾਨ 'ਤੇ ਕੀਤੀ ਨਸਲੀ ਟਿੱਪਣੀ


**ਨਿਊ ਯਾਰਕ:** ਨਸਲਵਾਦ ਦੇ ਹੈਰਾਨ ਕਰ ਦੇਣ ਵਾਲੇ ਮਾਮਲੇ ਵਿਚ ਜਾਰਜੀਆ ਸਟੇਟ ਵਿਚ ਇਕ ਨੌਜਵਾਨ ਸਿੱਖ ਨੂੰ ਸਕੂਲੀ ਬੱਚਿਆਂ ਨੇ ਅਤਿਵਾਦੀ ਕਿਹਾ ਤੇ ਇਸ ਘਟਨਾ ਦਾ ਵੀਡੀਓ ਇੰਟਰਨੈਟ 'ਤੇ ਦੇਖਿਆ ਜਾ ਰਿਹਾ ਹੈ।

'ਇਨਕੁਜ਼ਿਟਰ' 'ਤੇ ਪਾਏ ਗਏ ਵੀਡੀਓ ਵਿਚ ਐਨਕ ਲਾਈ ਸਿੱਖ ਲੜਕਾ ਸਕੂਲ ਬੱਸ ਵਿਚ ਬੈਠਾ ਹੈ ਤੇ ਸਾਥੀ ਵਿਦਿਆਰਥੀਆਂ ਨੇ ਉਸ ਨੂੰ ਘੇਰ ਰੱਖਿਆ ਹੈ। ਉਹ ਕੈਮਰੇ 'ਤੇ ਇਹ ਆਖਦਾ ਦਿਖ ਰਿਹਾ ਹੈ ਕਿ ਬੱਚੇ ਮੇਰੇ ਪ੍ਰਤੀ ਨਸਲੀ ਹਨ। ਉਸ ਦੇ ਪਿੱਛੇ ਬੈਠੀ ਲੜਕੀ ਉਸ ਵੱਲ ਇਸ਼ਾਰਾ ਕਰਦੀ ਹੋਈ ਆਖਦੀ ਹੈ 'ਅਤਿਵਾਦੀ ਅਤਿਵਾਦੀ।' ਲੜਕਾ ਪਹਿਲਾਂ ਸ਼ਾਂਤ ਰਹਿੰਦਾ ਹੈ ਪਰ ਬਾਅਦ ਵਿਚ ਉਹ ਚੀਕ ਕੇ ਆਖਦਾ ਹੈ ਮੈਨੂੰ ਇਸ ਦੀ ਪਰਵਾਹ ਨਹੀਂ। ਰਿਪੋਰਟ ਮੁਤਾਬਕ ਨਾਗਰਾ ਨਾਮ ਦੇ ਯੂਜ਼ਰ ਨੇ ਇਹ ਵੀਡੀਓ ਪਾਇਆ ਹੈ ਤੇ ਸਿੱਖ ਬੱਚੇ ਦੀ ਪਛਾਣ ਹਰਸੁੱਖ ਸਿੰਘ ਵਜੋਂ ਹੋਈ ਹੈ। ਸਿੱਖ ਲੜਕੇ ਨੇ ਸ਼ਾਇਦ ਸ਼ੁਰੂ ਵਿਚ ਇਹ ਵੀਡੀਓ ਪਾਇਆ ਸੀ ਜਿਸ ਨੂੰ ਹੁਣ ਤੱਕ 130,000 ਵਾਰ ਦੇਖਿਆ ਗਿਆ ਹੈ। ਉਸ ਵਿਚ ਕਿਹਾ ਗਿਆ ਹੈ, 'ਬੱਚੇ ਮੇਰੇ ਪ੍ਰਤੀ ਨਸਲੀ ਹਨ ਤੇ ਮੈਨੂੰ ਅਫ਼ਗਾਨ ਅਤਿਵਾਦੀ ਆਖ ਰਹੇ ਹਨ।'

# ਡਰੱਗ ਕੇਸ 'ਚ ਈ.ਡੀ. ਵਲੋਂ 12 ਹੋਰਾਂ ਵਿਰੁਧ ਚਾਲਾਨ ਪੇਸ਼

**ਪਟਿਆਲਾ:** ਇਨਫੋਰਸਮੈਂਟ ਵਿਭਾਗ ਨੇ ਡਰੱਗ ਮਾਮਲੇ ਵਿਚ 12 ਹੋਰ ਵਿਅਕਤੀਆਂ ਖ਼ਿਲਾਫ਼ ਚਲਾਨ ਪੇਸ਼ ਕੀਤਾ ਹੈ। ਇਸ ਤੋਂ ਪਹਿਲਾਂ ਅਦਾਲਤ ਨੇ ਜਗਦੀਸ਼ ਸਿੰਘ ਭੋਲਾ ਖ਼ਿਲਾਫ਼ 1308 ਸਫ਼ਿਆਂ ਦਾ ਚਲਾਨ ਪੇਸ਼ ਕੀਤਾ ਸੀ।

ਇਸ ਮਾਮਲੇ ਵਿਚ ਕੁੱਲ 55 ਵਿਅਕਤੀਆਂ ਦੀ ਸੂਚੀ ਹੈ, ਇਨ੍ਹਾਂ ਵਿਚੋਂ 12 ਖ਼ਿਲਾਫ਼ ਚਲਾਨ ਪੇਸ਼ ਕੀਤਾ ਗਿਆ ਹੈ। ਡਰੱਗ ਮਾਮਲੇ ਵਿਚ ਇਨਫੋਰਸਮੈਂਟ ਵਿਭਾਗ ਨੇ ਜਿਹੜੇ 12 ਵਿਅਕਤੀਆਂ ਵਿਰੁੱਧ ਚਲਾਨ ਪੇਸ਼ ਕੀਤਾ ਹੈ ਉਨ੍ਹਾਂ



ਵਿਚ ਅਨੂਪ ਸਿੰਘ ਕਾਹਲੋਂ, ਮਨਪ੍ਰੀਤ ਸਿੰਘ, ਸੁਖਜੀਤ ਸਿੰਘ, ਮਨਿੰਦਰ ਸਿੰਘ, ਵਰਿੰਦਰ ਸਿੰਘ ਰਾਜਾ, ਹਰਪ੍ਰੀਤ ਸਿੰਘ, ਦਵਿੰਦਰ ਸਿੰਘ, ਗੁਰਦੀਪ ਸਿੰਘ ਮਨਚੰਦਾ, ਅੰਕੁਰ ਬਜਾਜ, ਸੁਨੀਲ ਬਜਾਜ, ਸੁਭਾਸ਼ ਬਜਾਜ ਤੇ ਮੈਸਰਜ਼ ਬਜਾਜ ਫਾਰਨ ਐਕਸਚੇਂਜ ਸ਼ਾਮਲ ਹਨ।

ਇਸੇ ਦੌਰਾਨ ਜਗਦੀਸ਼ ਸਿੰਘ ਭੋਲਾ ਨੂੰ ਸਖਤ ਸੁਰੱਖਿਆ ਪ੍ਰਬੰਧਾਂ ਤਹਿਤ ਉਪਰੋਕਤ ਅਦਾਲਤ ਵਿਚ ਪੇਸ਼ ਕੀਤਾ ਗਿਆ। ਭੋਲਾ ਦੇ ਵਕੀਲ ਸਤੀਸ਼ ਕਰਕਰਾ ਨੇ ਅਦਾਲਤ ਵਿਚ ਜਗਦੀਸ਼ ਭੋਲਾ ਦੀ ਜ਼ਮਾਨਤ ਅਰਜ਼ੀ 'ਤੇ ਇਕ ਘੰਟਾ ਬਹਿਸ ਕੀਤੀ ਜਿਸ ਤੇ ਅਦਾਲਤ ਨੇ ਅਰਜ਼ੀ 'ਤੇ ਫ਼ੈਸਲਾ ਸੁਣਾਉਣ ਲਈ ਪੰਜ ਮਾਰਚ ਦੀ ਤਰੀਕ ਨਿਰਧਾਰਿਤ ਕੀਤੀ। ਉਂਜ ਅਦਾਲਤ ਨੇ ਇਸ ਕੇਸ ਦੀ ਸੁਣਵਾਈ 20 ਮਾਰਚ 'ਤੇ ਪਾਈ ਹੈ।

# ਅਤਿਅੰਤ ਪ੍ਰਦੂਸ਼ਣ ਨਾਲ ਪਲੀਤ ਹੋਇਆ ਪੰਜਾਬ ਦਾ ਪੌਣ-ਪਾਣੀ



**ਚੰਡੀਗੜ੍ਹ:** ਪੰਜਾਬ ਵਿਚ ਪ੍ਰਦੂਸ਼ਣ ਦੀ ਸਮੱਸਿਆ ਨੇ ਗੰਭੀਰ ਰੂਪ ਧਾਰ ਲਿਆ ਹੈ ਤੇ ਇਸ ਸਮੱਸਿਆ ਵਿਚ ਸਭ ਤੋਂ ਵੱਧ ਵਾਧਾ ਸਨਅਤੀ ਇਕਾਈਆਂ ਵੱਲੋਂ ਕੀਤਾ ਜਾ ਰਿਹਾ ਹੈ। ਵਾਤਾਵਰਨ ਬਾਰੇ ਕਮੇਟੀ ਨੇ ਸੂਬੇ ਦੇ ਦੌਰੇ ਤੋਂ ਬਾਅਦ ਜੋ ਰਿਪੋਰਟ ਤਿਆਰ ਕੀਤੀ ਹੈ, ਉਸ ਵਿਚ ਕਿਹਾ ਗਿਆ ਹੈ ਕਿ ਪੰਜਾਬ ਵਿਚ ਹਰੀ ਕ੍ਰਾਂਤੀ ਲਿਆਉਣ ਦੇ ਦੌਰ ਦੌਰਾਨ ਵਾਤਾਵਰਨ ਦੀ ਸ਼ੁੱਧਤਾ ਤੇ ਪ੍ਰਦੂਸ਼ਣ ਦੀ ਰੋਕਥਾਮ ਲਈ ਲੋੜੀਂਦੇ ਰੱਖਿਆਤਮਕ ਉਪਾਅ ਕਦੇ ਨਹੀਂ ਕੀਤੇ ਗਏ। ਬਹੁਤੀਆਂ ਸਨਅਤਾਂ ਵਿਚ ਟਰੀਟਮੈਂਟ ਪਲਾਂਟਾਂ ਦੀ ਅਣਹੋਂਦ ਕਾਰਨ ਸਨਅਤੀ ਰਹਿੰਦ-ਖੂੰਹਦ ਨੂੰ ਬਿਨਾਂ ਸੋਧਿਆਂ ਹੀ ਨਦੀਆਂ, ਦਰਿਆਵਾਂ ਵਿਚ ਸੁੱਟਿਆ ਜਾਂਦਾ ਹੈ, ਜਿਸ ਕਰਕੇ ਇਸ ਰਹਿੰਦ-ਖੂੰਹਦ ਵਿਚਲੇ ਜ਼ਹਿਰੀਲੇ ਤੱਤ ਧਰਤੀ ਹੇਠਲੇ ਪਾਣੀ ਵਿਚ ਵੀ ਜਾ ਸਮਾਉਂਦੇ ਹਨ।

ਵੱਖ-ਵੱਖ ਇਲਾਕਿਆਂ ਵਿਚੋਂ ਲਏ ਗਏ ਪੀਣ ਵਾਲੇ ਪਾਣੀ ਦੇ ਵਧੇਰੇ ਨਮੂਨੇ ਫੇਲ੍ਹ ਹੋਏ ਹਨ। ਪਾਣੀ ਦੇ ਦੂਸ਼ਿਤ ਹੋਣ ਕਾਰਨ ਹੀ ਸੂਬੇ ਵਿਚ ਕੈਂਸਰ ਦੇ ਰੋਗੀਆਂ ਦੀ ਗਿਣਤੀ ਵਿਚ ਭਾਰੀ ਵਾਧਾ ਹੋਇਆ ਹੈ। ਸਾਬਕਾ ਕੇਂਦਰੀ ਮੰਤਰੀ ਤੇ ਸੰਸਦ ਦੀ ਵਾਤਾਵਰਨ ਬਾਰੇ ਸਥਾਈ ਕਮੇਟੀ ਦੇ ਚੇਅਰਮੈਨ ਅਸ਼ਵਨੀ ਕੁਮਾਰ ਨੇ ਇਸ ਸੰਦਰਭ ਵਿਚ ਕੇਂਦਰੀ ਵਾਤਾਵਰਨ ਰਾਜ ਮੰਤਰੀ ਪ੍ਰਕਾਸ਼ ਜਾਵੇਡਕਰ ਨੂੰ ਚਿੱਠੀ ਲਿਖ ਕੇ ਇਸ ਮਕਸਦ ਲਈ ਪੰਜਾਬ ਨੂੰ ਵਧੇਰੇ ਫੰਡ ਦਿੱਤੇ ਜਾਣ ਦੀ ਵੀ ਮੰਗ ਕੀਤੀ ਹੈ। ਉਨ੍ਹਾਂ ਨੇ ਇਸ ਬਾਰੇ ਸੂਬੇ ਦੇ ਮੁੱਖ ਮੰਤਰੀ ਨੂੰ ਵੀ ਚਿੱਠੀ ਲਿਖੀ ਹੈ, ਜਿਸ ਵਿਚ ਇਸ ਗੰਭੀਰ ਚੁਣੌਤੀ ਦਾ ਸਾਹਮਣਾ ਕਰਨ ਲਈ ਦ੍ਰਿੜ੍ਹਤਾ ਨਾਲ ਯਤਨ ਕਰਨ ਦੀ ਗੱਲ ਕਹੀ ਗਈ ਹੈ।

ਵਿਸ਼ਵ ਦੀਆਂ ਤਿੰਨ ਵੱਡੀਆਂ ਯੂਨੀਵਰਸਿਟੀਆਂ ਦੇ ਸਰਵੇਖਣ ਅਨੁਸਾਰ ਭਾਰਤ ਦੁਨੀਆ ਦੇ ਸਭ ਤੋਂ ਵੱਧ ਪ੍ਰਦੂਸ਼ਿਤ ਦੇਸ਼ਾਂ ਦੀ ਕਤਾਰ ਵਿਚ ਸ਼ਾਮਲ ਹੈ। ਵਿਸ਼ਵ ਸਿਹਤ ਸੰਗਠਨ ਨੇ ਵੀ ਅਜਿਹੀ ਹੀ ਰਿਪੋਰਟ ਜਾਰੀ ਕੀਤੀ ਹੈ ਪਰ ਭਾਰਤ ਵਿਚੋਂ ਵੀ ਪ੍ਰਦੂਸ਼ਣ ਪੱਖੋਂ ਪੰਜਾਬ ਇਕ ਮੋਹਰੀ ਸੂਬਾ ਹੈ। ਸੂਬੇ ਦੀ ਅੱਧੀ ਤੋਂ ਵਧੇਰੇ ਆਬਾਦੀ ਦੂਸ਼ਿਤ ਹਵਾ ਵਿਚ ਸਾਹ ਲੈਣ ਤੇ ਪ੍ਰਦੂਸ਼ਿਤ ਪਾਣੀ ਪੀਣ ਲਈ ਮਜਬੂਰ ਹੈ। ਮਾਲਵਾ, ਦੁਆਬਾ ਤੇ ਮਾਝਾ ਖੇਤਰ ਦੇ ਜ਼ਿਲ੍ਹਿਆਂ ਵਿਚਲੇ ਪਾਣੀ ਵਿਚ ਵੱਡੀ ਮਾਤਰਾ ਵਿਚ ਯੂਰੇਨੀਅਮ ਤੱਤ ਦੀ ਪੁਸ਼ਟੀ ਹੋਈ ਹੈ।

ਕੇਂਦਰੀ ਜ਼ਮੀਨਦੋਜ਼ ਜਲ ਬੋਰਡ ਨਵੀਂ ਦਿੱਲੀ ਦੀ ਰਿਪੋਰਟ ਮੁਤਾਬਕ ਸੂਬੇ ਦੇ ਹੁਸ਼ਿਆਰਪੁਰ, ਜਲੰਧਰ, ਕਪੂਰਥਲਾ, ਤਰਨਤਾਰਨ, ਅੰਮ੍ਰਿਤਸਰ ਤੇ ਗੁਰਦਾਸਪੁਰ ਜ਼ਿਲ੍ਹਿਆਂ ਵਿਚਲੇ ਜ਼ਮੀਨਦੋਜ਼ ਪਾਣੀ ਵਿਚ ਯੂਰੇਨੀਅਮ ਦੀ ਮਾਤਰਾ ਇੰਨੀ ਦਰਜ ਕੀਤੀ ਗਈ ਕਿ ਬੋਰਡ ਨੇ ਇਨ੍ਹਾਂ ਜ਼ਿਲ੍ਹਿਆਂ ਵਿਚੋਂ ਟਿਊਬਲੀ ਪਾਣੀ ਦੇ ਨਮੂਨੇ ਫੇਲ੍ਹ ਕਰਾਰ ਦੇ ਦਿੱਤੇ ਹਨ। ਬੋਰਡ ਵੱਲੋਂ ਪੰਜਾਬ ਦੇ ਸਮੂਹ ਜ਼ਿਲ੍ਹਿਆਂ ਵਿਚੋਂ ਹਾਸਲ ਕੀਤੇ ਜ਼ਮੀਨਦੋਜ਼ ਪਾਣੀ ਦੇ ਨਮੂਨਿਆਂ ਦੀ ਜਾਂਚ ਭਾਬਾ ਐਟੋਮਿਕ ਰਿਸਰਚ ਸੈਂਟਰ ਮੁੰਬਈ ਤੋਂ ਕਰਵਾਈ ਗਈ ਸੀ।

ਸੈਂਟਰ ਨੇ ਆਪਣੀ ਰਿਪੋਰਟ ਵਿਚ ਦੱਸਿਆ ਕਿ ਪੰਜਾਬ ਦੇ ਹੋਰ ਜ਼ਿਲ੍ਹਿਆਂ ਸਮੇਤ ਉਪਰੋਕਤ ਜ਼ਿਲ੍ਹਿਆਂ ਦੇ ਭੂਮੀ ਹੇਠਲੇ ਪਾਣੀ ਵਿਚ ਯੂਰੇਨੀਅਮ ਦੀ ਮਾਤਰਾ ਭਾਰਤੀ ਐਟੋਮਿਕ ਊਰਜਾ ਰੈਗੂਲੇਟਰੀ ਬੋਰਡ (ਏ.ਈ.ਆਰ.ਬੀ.) ਵੱਲੋਂ ਤੈਅ (ਇਕ ਲੀਟਰ ਪਾਣੀ ਵਿਚ ਵੱਧ ਤੋਂ ਵੱਧ 60 ਮਾਈਕ੍ਰੋਗ੍ਰਾਮ ਯੂਰੇਨੀਅਮ) ਤੇ ਵਿਸ਼ਵ ਸਿਹਤ ਸੰਗਠਨ (ਡਬਲਿਊ.ਐਚ.ਓ.) ਵੱਲੋਂ ਤੈਅ ਮਾਤਰਾ (ਇਕ ਲੀਟਰ ਪਾਣੀ ਵਿਚ 15 ਮਾਈਕ੍ਰੋਗ੍ਰਾਮ ਯੂਰੇਨੀਅਮ) ਤੋਂ ਵੱਧ ਪਾਈ ਗਈ, ਜਿਸਦੇ ਚੱਲਦਿਆਂ ਇਹ ਨਮੂਨੇ ਫੇਲ੍ਹ ਕਰ ਦਿੱਤੇ ਗਏ। ਚੇਤੇ ਰਹੇ ਕਿ ਸਿਹਤ ਮਾਹਿਰ ਯੂਰੇਨੀਅਮ ਤੱਤ ਨੂੰ ਕੈਂਸਰ ਤੇ ਹੋਰ ਬਿਮਾਰੀਆਂ ਨਾਲ ਜੋੜ ਕੇ ਵੇਖਦੇ ਹਨ। ਰਿਪੋਰਟ ਅਨੁਸਾਰ ਬੋਰਡ ਵੱਲੋਂ ਹੁਸ਼ਿਆਰਪੁਰ ਜ਼ਿਲ੍ਹੇ ਵਿਚੋਂ ਜ਼ਮੀਨਦੋਜ਼ ਪਾਣੀ ਦੇ 51 ਨਮੂਨੇ ਲਏ ਗਏ ਸਨ, ਜਿਨ੍ਹਾਂ ਵਿਚੋਂ ਛੇ ਨਮੂਨਿਆਂ ਵਿਚ ਯੂਰੇਨੀਅਮ ਦੀ ਇੰਨੀ ਮਾਤਰਾ ਪਾਈ ਗਈ ਕਿ ਵਿਸ਼ਵ ਸਿਹਤ ਸੰਗਠਨ ਦੇ ਮਾਪਦੰਡਾਂ ਤਹਿਤ ਉਹ ਇਹ ਸਾਰੇ ਨਮੂਨੇ ਫੇਲ੍ਹ ਕਰਾਰ ਦੇ ਦਿੱਤੇ ਗਏ। ਜਲੰਧਰ ਜ਼ਿਲ੍ਹੇ ਵਿਚੋਂ ਜ਼ਮੀਨਦੋਜ਼ ਪਾਣੀ ਦੇ ਲਏ 50 ਨਮੂਨਿਆਂ ਵਿਚੋਂ 23 ਵਿਚ ਯੂਰੇਨੀਅਮ ਦੀ ਤੈਅ ਨਾਲੋਂ ਵਧੇਰੇ ਮਾਤਰਾ ਪਾਈ ਗਈ ਤੇ ਫੇਲ੍ਹ ਕਰਾਰ ਦੇ ਦਿੱਤੇ ਗਏ।


ਕਪੂਰਥਲਾ ਜ਼ਿਲ੍ਹੇ ਵਿਚੋਂ ਲਏ 25 ਵਿਚੋਂ 9 ਨਮੂਨੇ ਯੂਰੇਨੀਅਮ ਦੀ ਵਧੇਰੇ ਮਾਤਰਾ ਕਾਰਨ ਫੇਲ੍ਹ ਕਰਾਰ ਦਿੱਤੇ ਗਏ। ਰਿਪੋਰਟ ਅਨੁਸਾਰ ਅੰਮ੍ਰਿਤਸਰ ਜ਼ਿਲ੍ਹੇ ਵਿਚੋਂ ਲਏ ਭੂਮੀਗਤ ਪਾਣੀ ਦੇ 45 ਨਮੂਨਿਆਂ ਵਿਚੋਂ 9 ਨਮੂਨੇ ਫ਼ੇਲ੍ਹ ਪਾਏ ਗਏ, ਗੁਰਦਾਸਪੁਰ ਜ਼ਿਲ੍ਹੇ ਵਿਚੋਂ ਲਏ 56 ਵਿਚੋਂ ਚਾਰ ਨਮੂਨਿਆਂ ਵਿਚ ਯੂਰੇਨੀਅਮ ਦੀ ਮਾਤਰਾ ਵਧੇਰੇ ਪਾਈ ਗਈ। ਤਰਨਤਾਰਨ ਜ਼ਿਲ੍ਹੇ ਵਿਚੋਂ ਲਏ 56 ਨਮੂਨਿਆਂ ਵਿਚੋਂ 35 ਨਮੂਨੇ ਫੇਲ੍ਹ ਦਰਜ ਕੀਤੇ ਗਏ। ਬਰਨਾਲਾ ਜ਼ਿਲ੍ਹੇ ਵਿਚ ਲਏ 106 ਨਮੂਨਿਆਂ ਵਿਚੋਂ 102 ਨਮੂਨੇ ਫੇਲ੍ਹ ਦਰਜ ਕੀਤੇ ਗਏ, ਜਦਕਿ ਭਾਰਤੀ ਐਟੋਮਿਕ ਊਰਜਾ ਰੈਗੂਲੇਟਰੀ ਬੋਰਡ ਦੇ ਮਾਪਦੰਡ ਅਨੁਸਾਰ ਇਸ ਜ਼ਿਲ੍ਹੇ ਦੇ 71 ਨਮੂਨੇ ਅਣ-ਸੁਰੱਖਿਅਤ ਦਰਜ ਕੀਤੇ ਗਏ। ਬਠਿੰਡਾ ਜ਼ਿਲ੍ਹੇ ਵਿਚੋਂ ਲਏ 49 ਨਮੂਨਿਆਂ ਵਿਚੋਂ 36 ਅਣਸੁਰੱਖਿਅਤ ਪਾਏ ਗਏ। ਫਰੀਦਕੋਟ ਜ਼ਿਲ੍ਹੇ ਵਿਚ 11 ਵਿਚੋਂ ਪੰਜ ਨਮੂਨੇ ਤੇ ਫਤਹਿਗੜ੍ਹ ਸਾਹਿਬ ਜ਼ਿਲ੍ਹੇ ਵਿਚ 26 ਵਿਚੋਂ 14 ਨਮੂਨੇ ਫ਼ੇਲ੍ਹ ਹੋਏ। ਫ਼ਿਰੋਜ਼ਪੁਰ ਜ਼ਿਲ੍ਹੇ ਵਿਚ 345 ਵਿਚੋਂ 260 ਨਮੂਨੇ ਫੇਲ੍ਹ ਕਰਾਰ ਦਿੱਤੇ ਗਏ, ਭਾਰਤੀ ਐਟੋਮਿਕ ਊਰਜਾ ਰੈਗੂਲੇਟਰੀ ਬੋਰਡ ਦੇ ਮਾਪਦੰਡ ਅਨੁਸਾਰ ਇਸ ਜ਼ਿਲ੍ਹੇ ਦੇ 61 ਨਮੂਨੇ ਫੇਲ੍ਹ ਹੋਏ। ਲੁਧਿਆਣੇ ਜ਼ਿਲ੍ਹੇ ਦੇ 280 ਵਿਚੋਂ 196 ਨਮੂਨੇ, ਮਾਨਸਾ ਜ਼ਿਲ੍ਹੇ ਦੇ 26 ਵਿਚੋਂ 16 ਨਮੂਨੇ, ਮੋਗਾ ਜ਼ਿਲ੍ਹੇ ਦੇ 232 ਵਿਚੋਂ 222 ਨਮੂਨੇ ਫੇਲ੍ਹ ਦਰਜ ਕੀਤੇ ਗਏ।

## ਚੀਨ 'ਚ ਪ੍ਰਦੂਸ਼ਣ ਹਰ ਸਾਲ ਲੈਂਦਾ ਹੈ ਪੰਜ ਲੱਖ ਤੋਂ ਵੱਧ ਜਾਨਾਂ

**ਪੇਇਚਿੰਗ:** ਚੀਨ ਵਿਚ ਹਵਾ ਦੇ ਪ੍ਰਦੂਸ਼ਣ ਕਾਰਨ ਹਰ ਸਾਲ ਪੰਜ ਲੱਖ ਤੋਂ ਵੱਧ ਲੋਕ ਅਜਾਈਂ ਮਰ ਰਹੇ ਹਨ। ਇਹ ਦਾਅਵਾ ਇਕ ਦਸਤਾਵੇਜ਼ੀ ਫ਼ਿਲਮ ਵਿਚ ਕੀਤਾ ਗਿਆ ਹੈ। ਇਹ ਮੌਤਾਂ ਕੋਇਲਾ ਬਲਣ ਨਾਲ ਪੈਦਾ ਹੁੰਦੇ ਹਵਾ ਪ੍ਰਦੂਸ਼ਣ ਕਾਰਨ ਹੋ ਰਹੀਆਂ ਹਨ। ਇਹ ਫਿਲਮ ਵਾਇਰਲ ਹੋਣ 'ਤੇ ਇਸ ਨੂੰ ਮਿਲਿਆ-ਜੁਲਿਆ ਹੁੰਗਾਰਾ ਮਿਲ ਰਿਹਾ ਹੈ। ਚਾਇਨਾ ਸੈਂਟਰਲ ਟੈਲੀਵਿਜ਼ਨ ਦੀ ਸਾਬਕਾ ਪੇਸ਼ਕਾਰ ਚਾਈ ਜਿੰਗ ਵੱਲੋਂ ਬਣਾਈ ਇਹ ਵੀਡੀਓ ਆਨਲਾਈਨ ਰਿਲੀਜ਼ ਕੀਤੀ ਗਈ ਸੀ, ਇਸ ਮਗਰੋਂ ਇਹ ਵਾਇਰਲ ਹੋ ਗਈ। ਆਲੋਚਕ ਉਸ ਦੇ ਦਾਅਵਿਆਂ ਦੇ ਵਿਗਿਆਨਕ ਆਧਾਰ ਬਾਰੇ ਸਵਾਲ ਖੜ੍ਹੇ ਕਰ ਰਹੇ ਹਨ, ਪਰ ਉਸ ਦੇ ਪ੍ਰਸੰਸਕ ਇਸ ਗੰਭੀਰ ਮੁੱਦੇ ਵੱਲ ਧਿਆਨ ਦਿਵਾਏ ਜਾਣ 'ਤੇ ਉਸ ਦੀ ਰੱਜ ਕੇ ਸ਼ਲਾਘਾ ਕਰ ਰਹੇ ਹਨ। ਇਸ ਦਸਤਾਵੇਜ਼ੀ ਵਿਚ ਮੁਰਝਾਏ ਰੁੱਖਾਂ, ਗਹਿਰ ਚੜ੍ਹੇ ਅਸਮਾਨ ਤੇ ਬੇਜਾਨ ਹੋਏ ਦਰਿਆ ਦਿਖਾਏ ਗਏ ਹਨ। ਵਿਗਿਆਨਕ ਪੱਖ ਮਜ਼ਬੂਤ ਕਰਨ ਲਈ ਇਸ ਵਿਚ ਅੰਕੜੇ, ਦੇਸ਼ ਵਿਚ ਫੀਲਡ ਜਾਂਚ ਪੜਤਾਲ ਤੇ ਵਿਦੇਸ਼ੀ ਪੱਖ, ਅਧਿਕਾਰੀਆਂ ਨਾਲ ਇੰਟਰਵਿਊਆਂ, ਵਿਗਿਆਨੀਆਂ ਤੇ ਆਮ ਲੋਕਾਂ ਦੇ ਬਿਆਨ ਲਏ ਗਏ ਹਨ। ਤੱਥਾਂ ਅਨੁਸਾਰ 2014 ਵਿਚ ਪੇਇਚਿੰਗ 'ਚ 175 ਦਿਨ ਪ੍ਰਦੂਸ਼ਿਤ ਰਹੇ ਸਨ। ਤਿਆਨਜਿਨ ਵਿਚ 197 ਤੇ ਸ਼ਿਜੀਆਜ਼ੁਆਂਗ ਵਿਚ 26.4 ਦਿਨ ਅੰਤਾਂ ਦੇ ਪ੍ਰਦੂਸ਼ਿਤ ਦਰਜ ਕੀਤੇ ਗਏ ਸਨ।

# ਕੇਂਦਰ ਵਲੋਂ ਪੰਜਾਬ ਵਿਚ ਨਸ਼ਿਆਂ ਬਾਰੇ ਵਿਸ਼ੇਸ਼ ਸਰਵੇਖਣ

**ਬਠਿੰਡਾ:** ਕੇਂਦਰ ਸਰਕਾਰ ਨੇ ਪੰਜਾਬ ਵਿਚ ਨਸ਼ੇੜੀਆਂ ਤੇ ਨਸ਼ਿਆਂ ਦੀ ਕਿਸਮ ਆਦਿ ਬਾਰੇ ਅੰਕੜੇ ਇਕੱਠੇ ਕਰਨ ਲਈ ਸਰਵੇਖਣ ਸ਼ੁਰੂ ਕੀਤਾ ਹੈ। ਕੇਂਦਰੀ ਸਮਾਜਿਕ ਨਿਆਂ ਤੇ ਸਸ਼ਕਤੀਕਰਨ ਮੰਤਰਾਲੇ ਦੇ ਵੇਰਵਿਆਂ ਅਨੁਸਾਰ ਪੰਜਾਬ ਵਿਚ ਨਸ਼ਿਆਂ ਬਾਰੇ ਵਿਸ਼ੇਸ਼ ਸਰਵੇਖਣ ਕਰਵਾਇਆ ਜਾ ਰਿਹਾ ਹੈ ਤੇ ਦੇਸ਼ ਦੇ ਬਾਕੀ ਸੂਬਿਆਂ ਵਿਚ ਵੀ ਨਸ਼ਿਆਂ ਦਾ ਪੈਟਰਨ ਜਾਣਨ ਲਈ ਵੱਖਰੇ ਸਰਵੇਖਣ ਦਾ ਫੈਸਲਾ ਕੀਤਾ ਜਾਣਾ ਹੈ। ਕੇਂਦਰੀ ਮੰਤਰਾਲੇ ਅਨੁਸਾਰ ਨੈਸ਼ਨਲ ਸੈਂਪਲ ਸਰਵੇ ਦਫਤਰ ਵਲੋਂ ਮਾਰਚ 2010 ਵਿਚ ਅੰਮ੍ਰਿਤਸਰ, ਇੰਫਾਲ ਤੇ ਮੁੰਬਈ ਦਾ ਪਾਇਲਟ ਸਰਵੇ ਕੀਤਾ ਗਿਆ ਸੀ। ਕੇਂਦਰੀ ਮੰਤਰਾਲੇ ਵਲੋਂ ਪਾਇਲਟ ਸਰਵੇ ਦਾ ਮੁਲਾਂਕਣ ਕਰਨ ਮਗਰੋਂ ਇਸ ਦਾ ਘੇਰਾ ਵਧਾਏ ਜਾਣ ਦਾ ਫੈਸਲਾ ਕੀਤਾ ਗਿਆ ਸੀ। ਇਸ ਦੇ ਮੱਦੇਨਜ਼ਰ ਪੰਜਾਬ ਤੇ ਮਨੀਪੁਰ ਵਿਚ ਐਡਵਾਂਸਡ ਪਾਇਲਟ ਸਰਵੇ ਕਰਾਉਣ ਦਾ ਫੈਸਲਾ ਕੀਤਾ ਗਿਆ। ਵਰਕਿੰਗ ਗਰੁਪ ਨੇ ਇਸ ਬਾਰੇ ਆਪਣੀ ਰਿਪੋਰਟ ਵੀ ਦੇ ਦਿੱਤੀ ਹੈ। ਕੇਂਦਰੀ ਸਮਾਜਿਕ ਨਿਆਂ ਮੰਤਰਾਲੇ ਵਲੋਂ ਗ਼ੈਰ ਸਰਕਾਰੀ ਸੰਸਥਾਵਾਂ ਨੂੰ ਨਸ਼ਾ ਛੁਡਾਊ ਕੇਂਦਰਾਂ ਲਈ ਸਹਾਇਤਾ ਦਿੱਤੀ ਜਾਂਦੀ ਹੈ।



ਇਸ ਸਾਲ ਪਹਿਲੀ ਜਨਵਰੀ ਤੋਂ ਕੇਂਦਰ ਨੇ ਨਸ਼ਾ ਛੁਡਾਊ ਕੇਂਦਰਾਂ ਲਈ ਮਦਦ ਬਾਰੇ ਨਾਰਮਜ਼ ਵਿਚ ਸੋਧ ਕਰ ਦਿੱਤੀ ਹੈ ਤੇ ਪੰਜਾਬ ਦੇ ਨਸ਼ਾ ਛੁਡਾਊ ਕੇਂਦਰਾਂ ਲਈ ਰਾਸ਼ੀ ਵਧਾ ਦਿੱਤੀ ਹੈ। ਸਾਲ 2014-15 ਦੌਰਾਨ ਕੇਂਦਰ ਵਲੋਂ 3.62 ਕਰੋੜ ਰੁਪਏ ਦੀ ਰਾਸ਼ੀ ਨਸ਼ਾ ਛੁਡਾਊ ਕੇਂਦਰਾਂ ਲਈ ਜਾਰੀ ਕੀਤੀ ਗਈ ਹੈ ਜਦਕਿ ਉਸ ਤੋਂ ਪਹਿਲੇ ਤਿੰਨ ਵਰ੍ਹਿਆਂ ਵਿਚ ਸਿਰਫ 2.97 ਕਰੋੜ ਰੁਪਏ ਹੀ ਦਿੱਤੇ ਗਏ ਸਨ। ਪੰਜਾਬ ਸਰਕਾਰ ਦੇ ਨੌਂ ਪ੍ਰਾਜੈਕਟਾਂ ਨੂੰ ਚਾਲੂ ਮਾਲੀ ਸਾਲ ਦੌਰਾਨ ਇਹ ਕੇਂਦਰੀ ਰਾਸ਼ੀ ਦਿੱਤੀ ਹੈ। ਕੇਂਦਰ ਸਰਕਾਰ ਨੇ ਇਸ ਸਾਲ 7 ਜਨਵਰੀ ਨੂੰ ਨਸ਼ਿਆਂ ਬਾਰੇ ਇਕ ਕੇਂਦਰੀ ਪੱਧਰ 'ਤੇ ਹੈਲਪਲਾਈਨ ਵੀ ਸ਼ੁਰੂ ਕਰ ਦਿੱਤੀ ਹੈ। ਮੁੱਖ ਮੰਤਰੀ ਨੇ ਕੇਂਦਰੀ ਵਿੱਤ ਮੰਤਰੀ ਤੋਂ ਨਸ਼ਾ ਛੁਡਾਊ ਤੇ ਮੁੜ ਵਸੇਬਾ ਕੇਂਦਰਾਂ ਲਈ 50 ਕਰੋੜ ਦੀ ਰਾਸ਼ੀ ਮੰਗੀ ਸੀ ਤੇ ਬਜਟ ਵਿਚ ਸਾਲਾਨਾ 100 ਕਰੋੜ ਦੀ ਵਿਵਸਥਾ ਕਰਨ ਦੀ ਮੰਗ ਕੀਤੀ ਸੀ। ਕੇਂਦਰੀ ਬਜਟ ਵਿਚ 100 ਕਰੋੜ ਦੀ ਵਿਵਸਥਾ ਕੀਤੇ ਜਾਣ ਦੀ ਮੰਗ ਮੰਨੀ ਨਹੀਂ ਗਈ ਹੈ। ਜਾਣਕਾਰੀ ਅਨੁਸਾਰ ਨਾਬਾਰਡ ਨੇ ਮੁੜ ਵਸੇਬਾ ਕੇਂਦਰਾਂ ਲਈ 93 ਕਰੋੜ ਰੁਪਏ ਜਾਰੀ ਕਰ ਦਿੱਤੇ ਹਨ।

ਦੱਸਣਯੋਗ ਹੈ ਕਿ ਨਸ਼ਿਆਂ ਦੇ ਜਾਲ ਵਿਚ ਫਸੇ ਪੰਜਾਬ ਨੂੰ ਅਤਿ ਦੀ ਨਮੋਸ਼ੀ ਝੱਲਣੀ ਪੈ ਰਹੀ ਹੈ। ਸੂਬਾ ਸਰਕਾਰ ਵਲੋਂ ਆਪਣੇ ਪੱਧਰ 'ਤੇ ਭਾਵੇਂ ਨਸ਼ਿਆਂ ਖਿਲਾਫ ਮੁਹਿੰਮ ਚਲਾਈ ਗਈ ਹੈ ਪਰ ਆਰਥਿਕ ਤੰਗੀ ਕਾਰਨ ਇਹ ਦਮ ਤੋੜ ਚੁੱਕੀ ਹੈ। ਪੰਜਾਬ ਦੀਆਂ ਜੇਲ੍ਹਾਂ ਹੀ ਨਸ਼ਾ ਤਸਕਰੀ ਦਾ ਸਭ ਤੋਂ ਵੱਡਾ ਜਰੀਆ ਬਣੀਆਂ ਹੋਈਆਂ ਹਨ। ਸੂਬੇ ਦੀਆਂ ਜੇਲ੍ਹਾਂ ਵਿਚ ਬੰਦ ਨਸ਼ਾ ਕਰਨ ਦੇ ਆਦੀ ਹੁਣ ਗੁਪਤ ਅੰਗਾਂ ਰਾਹੀਂ ਜੇਲ੍ਹਾਂ ਵਿਚ ਨਸ਼ੇ ਲਿਜਾਣ ਲੱਗੇ ਹਨ। ਤੋੜ ਦੂਰ ਕਰਨ ਲਈ ਨਸ਼ੇੜੀ ਆਪਣੀ ਜਾਨ ਖਤਰੇ ਵਿਚ ਪਾ ਕੇ ਇਸ ਕਾਰਵਾਈ ਨੂੰ ਅੰਜਾਮ ਦੇ ਰਹੇ ਹਨ। ਜੇਲ੍ਹਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਲੂੰ-ਕੰਡੇ ਖੜ੍ਹੇ ਕਰਨ ਵਾਲੇ ਕਈ ਤੱਥ ਸਾਹਮਣੇ ਆਏ ਹਨ। ਇਸ ਪ੍ਰਕਿਰਿਆ ਵਿਚ ਔਰਤਾਂ ਵੀ ਪਿੱਛੇ ਨਹੀਂ ਹਨ ਤੇ ਉਨ੍ਹਾਂ ਵਲੋਂ ਆਪਣੇ ਗੁਪਤ ਅੰਗਾਂ ਰਾਹੀਂ ਜੇਲ੍ਹਾਂ ਵਿਚ ਨਸ਼ੇ ਲਿਜਾਣ ਦੇ ਕਈ ਮਾਮਲੇ ਸਾਹਮਣੇ ਆਏ ਹਨ।

ਇਸ ਢੰਗ ਨਾਲ ਨਸ਼ੇ ਲਿਜਾਣ ਕਾਰਨ ਕਈ ਬੇਕਸੂਰਾਂ ਨੂੰ ਵੀ ਜੇਲ੍ਹਾਂ ਵਿਚ ਕਈ ਤਰ੍ਹਾਂ ਦੀ ਨਮੋਸ਼ੀ ਝੱਲਣੀ ਪੈ ਰਹੀ ਹੈ ਕਿਉਂਕਿ ਉਨ੍ਹਾਂ ਨੂੰ ਵੀ ਅਜਿਹੀ ਤਲਾਸ਼ੀਆਂ ਪ੍ਰਕਿਰਿਆ ਵਿਚੋਂ ਲੰਘਣਾ ਪੈ ਰਿਹਾ ਹੈ। ਜੇਲ੍ਹ ਪ੍ਰਸ਼ਾਸਨ ਨੂੰ ਫਿਲਹਾਲ ਇਸ ਦਾ ਕੋਈ ਤੋੜ ਨਹੀਂ ਲੱਭ ਰਿਹਾ। ਪਿਛਲੇ ਸਮੇਂ ਨਸ਼ਿਆਂ ਦੇ ਗੰਭੀਰ ਮੁੱਦੇ ਨੂੰ ਮੁੱਖ ਰੱਖਦਿਆਂ ਦੇਸ਼ ਦੇ ਹਵਾਈ ਅੱਡਿਆਂ ਤੇ ਜੇਲ੍ਹਾਂ ਵਿਚ ਬਾਡੀ ਸਕੈਨਰ ਲਾਉਣ ਦੀ ਗੱਲ ਤੁਰੀ ਸੀ ਪਰ ਇਸ ਨਾਲ ਮਨੁੱਖੀ ਅਧਿਕਾਰਾਂ ਦਾ ਮੁੱਦਾ ਜੁੜਨ ਕਾਰਨ ਕਾਨੂੰਨੀ ਅੜਿੱਕਾ ਪੈ ਗਿਆ। ਏ.ਡੀ.ਜੀ.ਪੀ. (ਜੇਲ੍ਹਾਂ) ਪੰਜਾਬ ਰਾਜਪਾਲ ਮੀਨਾ ਨੇ ਆਖਿਆ ਕਿ ਜੇਲ੍ਹਾਂ ਵਿਚ ਗੁਪਤ ਅੰਗਾਂ ਰਾਹੀਂ ਨਸ਼ਾ ਲੈ ਕੇ ਜਾਣ ਦਾ ਮੁੱਦਾ ਬੜਾ ਗੰਭੀਰ ਹੈ ਤੇ ਇਸ ਦਾ ਕੋਈ ਪੱਕਾ ਹੱਲ ਨਹੀਂ ਹੈ। ਜੇਲ੍ਹ ਸਟਾਫ ਵਲੋਂ ਹਰੇਕ ਕੈਦੀ ਜਾਂ ਹਵਾਲਾਤੀ ਦੀ ਸਰੀਰਕ ਤੌਰ 'ਤੇ ਤਲਾਸ਼ੀ ਲੈਣੀ ਨਾ ਤਾਂ ਯੋਗ ਹੈ ਤੇ ਨਾ ਹੀ ਸੰਭਵ ਹੈ। ਫਿਰ ਵੀ ਉਨ੍ਹਾਂ ਸ਼ੱਕੀ ਕੈਦੀਆਂ ਦੀ ਸਰੀਰਕ ਤੌਰ 'ਤੇ ਤਲਾਸ਼ੀ ਲੈਣ ਦੇ ਆਦੇਸ਼ ਦਿੱਤੇ ਹਨ।

### ਫੰਡਾਂ ਦੀ ਤੋਟ ਕਾਰਨ ਨਸ਼ਾ ਵਿਰੋਧੀ ਮੁਹਿੰਮ ਲੀਹੋਂ ਲੱਥੀ

ਪੰਜਾਬ ਸਰਕਾਰ ਵਲੋਂ ਨਸ਼ਿਆਂ ਖਿਲਾਫ ਵਿੱਢੀ ਮੁਹਿੰਮ ਦਮ ਤੋੜ ਗਈ ਹੈ। ਨਸ਼ਾ ਛੁਡਾਊ ਕੇਂਦਰਾਂ ਦੀ ਵਿੱਤੀ ਹਾਲਤ ਮਾੜੀ ਹੈ। ਨਸ਼ਿਆਂ ਦੀ ਰੋਕਥਾਮ ਲਈ ਦਿੱਤੇ ਜਾਣ ਵਾਲੇ ਕੇਂਦਰੀ ਫੰਡਾਂ ਦੀ ਰਾਸ਼ੀ ਪਿਛਲੇ ਵਰ੍ਹਿਆਂ ਵਿਚ ਘਟੀ ਹੀ ਹੈ। ਕੇਂਦਰੀ ਸਮਾਜਿਕ ਨਿਆਂ ਮੰਤਰਾਲੇ ਨੇ ਸਾਲ 2011-12 ਵਿਚ ਇਸ ਮਕਸਦ ਲਈ ਦੇਸ਼ ਭਰ ਲਈ 35.33 ਕਰੋੜ ਦੀ ਰਾਸ਼ੀ ਜਾਰੀ ਕੀਤੀ ਸੀ ਤੇ ਸਾਲ 2013-14 ਵਿਚ ਇਹ ਰਾਸ਼ੀ 25.40 ਕਰੋੜ ਰੁਪਏ ਰਹਿ ਗਈ। ਐਤਕੀਂ ਇਹ ਰਾਸ਼ੀ ਘਟ ਕੇ 21.76 ਕਰੋੜ ਰੁਪਏ ਰਹਿ ਗਈ ਹੈ। ਪੰਜਾਬ ਸਰਕਾਰ ਵਲੋਂ ਹਰ ਜ਼ਿਲ੍ਹੇ ਵਿਚ ਨਸ਼ੇੜੀਆਂ ਲਈ ਮੁੜ ਵਸੇਬਾ ਕੇਂਦਰ ਬਣਾਏ ਗਏ ਹਨ ਤੇ ਕਈ ਜ਼ਿਲ੍ਹਿਆਂ ਵਿਚ ਨਵੇਂ ਨਸ਼ਾ ਛੁਡਾਊ ਕੇਂਦਰ ਵੀ ਬਣਾਏ ਗਏ ਹਨ। ਸਰਕਾਰ ਨੇ ਜੂਨ 2014 ਵਿਚ ਨਸ਼ਿਆਂ ਖਿਲਾਫ ਵਿਸ਼ੇਸ਼ ਮੁਹਿੰਮ ਵੀ ਚਲਾਈ ਸੀ। ਉਦੋਂ ਇਨ੍ਹਾਂ ਹਸਪਤਾਲਾਂ ਵਿਚ ਓ.ਪੀ.ਡੀ. ਕਾਫੀ ਵਧ ਗਈ ਸੀ। ਹੁਣ ਇਹ ਕੇਂਦਰ ਮੁੜ ਪੁਰਾਣੇ ਦਿਨਾਂ ਵਿਚ ਪ੍ਰਵੇਸ਼ ਕਰ ਗਏ ਹਨ। ਬਠਿੰਡਾ ਜ਼ਿਲ੍ਹੇ ਵਿਚ ਨਸ਼ਾ ਛੁਡਾਊ ਕੇਂਦਰਾਂ ਦੇ ਦੋ ਇੰਚਾਰਜ ਡਾਕਟਰ ਨੌਕਰੀ ਛੱਡ ਚੁੱਕੇ ਹਨ। ਤਲਵੰਡੀ ਸਾਬੋ ਵਿਚਲੇ ਨਸ਼ਾ ਛੁਡਾਊ ਕੇਂਦਰ ਨੂੰ ਤਾਂ ਕਾਫੀ ਸਮਾਂ ਡਾਕਟਰ ਨਾ ਹੋਣ ਕਰਕੇ ਤਾਲਾ ਵੀ ਲੱਗਾ ਰਿਹਾ।

# ਬੀੜਾਂ ਲਈ ਵਰਤੀ ਜਾਂਦੀ ਸੀ ਰਤਨਾਂ ਵਾਲੀ ਸਿਆਹੀ

**ਚੰਡੀਗੜ੍ਹ:** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪੁਰਾਤਨ ਹੱਥ ਲਿਖਤ ਬੀੜਾਂ ਵਿਚ ਸੋਨੇ ਤੋਂ ਵੀ ਮਹਿੰਗੇ ਰਤਨ-ਜਵਾਹਰਾਂ ਦੇ ਚੂਰੇ ਤੋਂ ਤਿਆਰ ਵਿਸ਼ੇਸ਼ ਸਿਆਹੀ ਨਾਲ ਹਰ ਅੰਗ (ਪੰਨੇ) 'ਤੇ ਚਿੱਤਰਕਾਰੀ ਕੀਤੀ ਜਾਂਦੀ ਸੀ। ਸਿੱਖ ਸਾਹਿਤ ਦੇ ਅਧਿਐਨਕਾਰਾਂ ਵਲੋਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਰਿਸਰਚ ਸਕਾਲਰਾਂ (ਖੋਜ ਵਿਦਿਆਰਥੀਆਂ) ਨੂੰ 400 ਸਾਲ ਪੁਰਾਣੀਆਂ ਕਈ ਦੁਰਲੱਭ ਬੀੜਾਂ ਦੇ ਦਰਸ਼ਨ ਕਰਵਾਏ ਗਏ ਤੇ ਉਨ੍ਹਾਂ ਸਰੂਪਾਂ ਵਿਚ ਹੋਈ ਚਿੱਤਰਕਾਰੀ, ਲਿੱਪੀ ਦੇ ਵਿਕਾਸ, ਸ਼ਬਦਾਂ ਦੀ ਘਾੜ੍ਹਤ, ਰੰਗਾਂ ਦੇ ਮਹੱਤਵ, ਸਿਆਹੀ ਤੇ ਸਰੂਪਾਂ ਲਈ ਵਿਸ਼ੇਸ਼ ਕਾਗ਼ਜ਼ ਤਿਆਰ ਕਰਨ ਦੀਆਂ ਵਿਧੀਆਂ ਬਾਰੇ ਜਾਣਕਾਰੀ ਦਿੱਤੀ ਗਈ।



ਇਸ ਮੌਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਪ੍ਰੋ. ਅਮਰ ਸਿੰਘ ਨੇ ਦੱਸਿਆ ਕਿ 400 ਸਾਲ ਪੁਰਾਤਨ ਕਈ ਬੀੜਾਂ ਵਿਚ ਸੋਨੇ ਤੋਂ ਵੀ ਮਹਿੰਗੇ ਨੀਲਮ ਰਤਨ ਤੋਂ ਤਿਆਰ ਸਿਆਹੀ ਦੀ ਵਰਤੋਂ ਵੇਖਣ ਨੂੰ ਮਿਲੀ ਹੈ। ਬੀੜਾਂ ਵਿਚ ਸੋਨੇ, ਨੀਲਮ ਤੇ ਹੋਰ ਬੇਸ਼ਕੀਮਤੀ ਜਵਾਹਰਾਂ ਦੇ ਚੂਰੇ ਤੋਂ ਤਿਆਰ ਸਿਆਹੀ ਦੀ ਵਰਤੋਂ ਹੁੰਦੀ ਸੀ ਤੇ ਕੁਝ ਬੀੜਾਂ ਵਿਚ ਤਾਂ ਇਨ੍ਹਾਂ ਰਤਨ-ਜਵਾਹਰਾਂ ਤੋਂ ਸਿਆਹੀ ਤਿਆਰ ਕਰਨ ਦੇ ਤਰੀਕੇ ਵੀ ਬੀੜਾਂ ਵਿਚ ਦਰਜ ਹਨ। ਇਹੀ ਨਹੀਂ, ਬੀੜਾਂ ਵਿਚ ਹਰੇ ਰੰਗ ਦੀ ਵਰਤੀ ਗਈ ਸਿਆਸੀ ਹਰੇ ਪੱਤਿਆਂ ਤੋਂ ਤਿਆਰ ਹੁੰਦੀ ਸੀ। ਉਨ੍ਹਾਂ ਦੱਸਿਆ ਕਿ ਜਿਸ ਸਰੂਪ ਦੀ ਚਿੱਤਰਕਾਰੀ ਵਿਚ ਕੇਸਰੀ ਰੰਗ ਭਾਰੂ ਹੋਵੇਗਾ ਉਹ ਕਸ਼ਮੀਰ ਦੇ ਨਿਕਾਸਾਂ ਵਲੋਂ ਬਣਾਈ ਗਈ ਚਿੱਤਰਕਾਰੀ ਹੋਵੇਗੀ। ਡਾ. ਅਮਰ ਸਿੰਘ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਚਿੱਤਰਕਾਰੀ ਉਹ ਸਾਧਨ ਹੈ, ਜੋ ਮਨੁੱਖ ਨੂੰ ਅੱਖਰਾਂ ਦੇ ਗਿਆਨ ਵੱਲ ਪ੍ਰੇਰਦੀ ਹੈ। ਚਿੱਤਰਕਾਰੀ ਦਾ ਸਭ ਤੋਂ ਵੱਧ ਵਿਕਾਸ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤੋਂ ਹੋਇਆ। ਉਨ੍ਹਾਂ ਕਰਤਾਰਪੁਰੀ ਬੀੜ, ਭਾਈ ਬੰਨੋ-ਵਾਲੀ/ਖਾਰੀ ਬੀੜ ਤੇ ਦਮਦਮੀ ਬੀੜ ਵਿਚਲੇ ਆਏ ਅੰਤਰ ਵਿਰੋਧਾਂ ਨੂੰ ਵਿਸਥਾਰ ਪੂਰਵਕ ਸਪੱਸ਼ਟ ਕੀਤਾ।

ਇਸ ਤੋਂ ਇਲਾਵਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਵਲੋਂ ਹੱਥ ਲਿਖਤ ਮੂਲ-ਮੰਤਰ ਖੋਜ ਵਿਦਿਆਰਥੀਆਂ ਸਾਹਮਣੇ ਦ੍ਰਿਸ਼ਟੀਗੋਚਰ ਕੀਤਾ ਗਿਆ। ਪ੍ਰੋ. ਅਮਰ ਸਿੰਘ ਨੇ ਸੁਝਾਅ ਦਿੱਤਾ ਕਿ ਸਾਡਾ ਪੁਰਾਤਨ ਸਾਹਿਤ ਰਾਜਨੀਤਕ ਤੇ ਭੂਗੋਲਿਕ ਸਥਿਤੀਆਂ ਕਰਕੇ ਨਸ਼ਟ ਹੋ ਚੁੱਕਾ ਹੈ ਤੇ ਅਜੋਕੇ ਸਮੇਂ ਵਿਚ ਡਿਜ਼ਿਟਲਾਇਜ਼ੇਸ਼ਨ ਇਕ ਅਜਿਹੀ ਵਿਧੀ ਹੈ ਜੋ ਸਾਡੇ ਪੁਰਾਤਨ ਹੱਥ ਲਿਖਤ ਗ੍ਰੰਥਾਂ ਤੇ ਸਾਹਿਤ ਦੀ ਸੰਭਾਲ ਕਰਦੀ ਹੈ।

ਇਸ ਮੌਕੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਗੁਰੂ ਨਾਨਕ ਸਿੱਖ ਅਧਿਐਨ ਵਿਭਾਗ ਦੀ ਮੁਖੀ ਡਾ. ਜਸਪਾਲ ਕੌਰ ਕਾਂਗ ਨੇ ਕਿਹਾ ਕਿ ਰਤਨ-ਜਵਾਹਰਾਂ ਤੋਂ ਤਿਆਰ ਸਿਆਹੀ ਦੀ ਖਾਸੀਅਤ ਇਹ ਸੀ ਕਿ ਉਹ ਪੱਕੀ ਸੀ, ਰੰਗ ਨਹੀਂ ਛੱਡਦੀ ਸੀ। ਬੀੜਾਂ 'ਤੇ ਅਜਿਹੀ ਸਿਆਹੀ ਨਾਲ ਬੇਮਿਸਾਲ ਤੇ ਉੱਚ ਪੱਧਰੀ ਚਿੱਤਰਕਾਰੀ ਦੇ ਕਈ ਕਾਰਨਾਂ ਵਿਚੋਂ ਇਕ ਮੁੱਖ ਕਾਰਨ ਇਹ ਵੀ ਹੈ ਕਿ ਸਾਰੀ ਬਾਣੀ ਦੀ ਵਿਸ਼ਵ ਵਿਆਪਕਤਾ ਹੈ ਤੇ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਵਿਸ਼ਵ ਦੀ ਇਕੋ ਇਕ ਐਨੀ ਕ੍ਰਾਂਤੀਕਾਰੀ ਲਿਖਤ ਹੈ, ਜਿਸ ਵਿਚ ਪੂਰਨ ਤੌਰ 'ਤੇ ਧਰਮ ਨਿਰਪੱਖਤਾ ਮਿਲਦੀ ਹੈ।

# ਪੰਜਾਬੀ-ਕੈਨੇਡੀਅਨ ਨੇ ਕੈਨੇਡਾ ਸਰਕਾਰ ਵਿਰੁਧ ਕੀਤਾ ਕੇਸ

**ਟੋਰਾਂਟੋ:** ਭਾਰਤੀ ਮੂਲ ਦੇ ਇਕ 35 ਸਾਲਾ ਵਿਅਕਤੀ ਨੇ ਕੈਨੇਡਾ ਵਿਚ ਉਸ ਨੂੰ ਸਰੀਰਕ ਸ਼ੋਸ਼ਣ ਦੇ ਮਾਮਲੇ ਵਿਚ ਸੁਣਾਈ ਗਲਤ ਸਜ਼ਾ ਵਿਰੁੱਧ ਮੁਕੱਦਮਾ ਕਰ ਦਿੱਤਾ ਹੈ। ਜ਼ਿਕਰਯੋਗ ਹੈ ਕਿ ਗੁਰਦੇਵ ਸਿੰਘ ਢਿੱਲੋਂ ਨੂੰ ਸਾਲ 2005 ਵਿਚ ਸੁਣਾਈ ਸਜ਼ਾ ਕਾਰਨ ਉਸ ਨੂੰ ਵਾਪਸ ਭਾਰਤ ਪਰਤਣਾ ਪਿਆ ਤੇ ਉਹ ਇਕ ਪੇਂਡੂ ਕਿਸਾਨ ਬਣ ਕੇ ਰਹਿ ਗਿਆ। ਇਸ ਸਜ਼ਾ ਕਾਰਨ ਉਸ ਦੀ ਕੈਨੇਡਾ ਵਿਚ ਮਿਲਕ ਵਰਕਰ ਹੱਥੋਂ ਨੌਕਰੀ ਜਾਂਦੀ ਰਹੀ ਤੇ ਉਸ ਨੂੰ ਆਪਣੀ ਪਤਨੀ ਤੇ ਬੱਚੇ ਨਾਲੋਂ ਵੀ ਅਲੱਗ ਹੋਣਾ ਪਿਆ।

ਢਿੱਲੋਂ ਬ੍ਰਿਟਿਸ਼ ਕੋਲੰਬੀਆ ਸੂਬੇ ਦਾ ਨਾਗਰਿਕ ਸੀ। ਕੈਨੇਡਾ ਸਰਕਾਰ ਦੇ ਕਾਨੂੰਨ ਦਾ ਉਦੋਂ ਜਨਾਜ਼ਾ ਨਿਕਲ ਗਿਆ ਜਦੋਂ ਅਦਾਲਤ ਵਿਚ ਡੀਐਨਏ ਦਾ ਸਬੂਤ ਗਲਤ ਸਿੱਧ ਹੋ ਗਿਆ।

'ਵੈਨਕੂਵਰ ਸਨ' ਦੀ ਰਿਪੋਰਟ ਅਨੁਸਾਰ ਢਿੱਲੋਂ ਨੂੰ 2008 ਵਿਚ ਭਾਰਤ ਭੇਜ ਦਿੱਤਾ ਸੀ। ਢਿੱਲੋਂ ਵੱਲੋਂ ਕੀਤੇ ਮੁਕੱਦਮੇ ਵਿੱਚ ਉਸ ਦੇ ਪਹਿਲੇ ਬਚਾਅ ਪੱਖ ਦੇ ਵਕੀਲ, ਸੂਬਾ ਤੇ ਕੇਂਦਰ ਸਰਕਾਰ, ਮੁੱਖ ਜਾਂਚ ਅਧਿਕਾਰੀ ਤੇ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਦੇ ਇਕ ਅਣਪਛਾਤੇ ਸਿਵਲੀਅਨ ਅਧਿਕਾਰੀ ਨੂੰ ਧਿਰ ਬਣਾਇਆ ਗਿਆ ਹੈ।

ਅਜੇ ਅਦਾਲਤ ਵਿਚ ਦੋਸ਼ ਸਿੱਧ ਹੋਣੇ ਹਨ ਪਰ ਢਿੱਲੋਂ ਦੇ ਵਕੀਲ ਨੇ ਅਦਾਲਤ ਵਿਚ ਦੋਸ਼ ਲਾਇਆ ਹੈ ਕਿ ਇਹ ਜਾਂਚ ਅਧਿਕਾਰੀਆਂ ਦੀ ਨਾਲਾਇਕੀ ਹੈ। ਇਸ ਗੈਰਜ਼ਰੂਰੀ ਸਜ਼ਾ ਨਾਲ ਢਿੱਲੋਂ ਦੀ ਆਜ਼ਾਦੀ ਖਤਮ ਹੋ ਗਈ। ਉਸ ਦਾ ਪਰਿਵਾਰ ਬਿਖ਼ਰ ਗਿਆ ਤੇ ਬੱਚਾ ਉਸ ਤੋਂ ਅਲੱਗ ਹੋ ਗਿਆ ਹੈ ਤੇ ਉਸ ਨੂੰ ਭਾਰਤ ਪਰਤਣਾ ਪਿਆ।

# ਜੇਲ੍ਹ ਵਿਚ ਵੀ ਲਖਵੀ ਦੀਆਂ ਮੌਜਾਂ

**ਇਸਲਾਮਾਬਾਦ:** ਮੁੰਬਈ ਦਹਿਸ਼ਤੀ ਹਮਲਿਆਂ ਵਿਚ ਭਾਰਤ ਨੂੰ ਲੋੜੀਂਦੇ ਲਸ਼ਕਰ-ਏ-ਤੋਇਬਾ ਦਾ ਕਮਾਂਡਰ ਜ਼ਕੀ-ਉਰ-ਰਹਿਮਾਨ ਲਖਵੀ ਜੇਲ੍ਹ ਅੰਦਰ ਵੀ ਮੌਜਾਂ ਮਾਣ ਰਿਹਾ ਹੈ। ਰਾਵਲਪਿੰਡੀ ਦੀ ਉਚ ਸੁਰੱਖਿਆ ਵਾਲੀ ਅਦਿਆਲਾ ਜੇਲ੍ਹ ਵਿਚ ਆਧੁਨਿਕ ਸਹੂਲਤਾਂ ਤੋਂ ਇਲਾਵਾ ਉਹ ਮੀਟਿੰਗਾਂ ਕਰਕੇ ਦਹਿਸ਼ਤਗਰਦੀ ਦਾ ਆਪਣਾ ਕਾਰੋਬਾਰ ਵੀ ਚਲਾ ਰਿਹਾ ਹੈ।

ਇਹ ਖੁਲਾਸਾ ਬੀ.ਬੀ.ਸੀ. ਉਰਦੂ ਦੀ ਰਿਪੋਰਟ ਵਿਚ ਕੀਤਾ ਗਿਆ ਹੈ। ਪਾਕਿਸਤਾਨ ਸਰਕਾਰ ਵਲੋਂ ਦਹਿਸ਼ਤਗਰਦਾਂ ਖ਼ਿਲਾਫ਼ ਸਖਤੀ ਕਰਨ ਦੇ ਦਾਅਵਿਆਂ ਤੇ ਗੰਭੀਰ ਦੋਸ਼ਾਂ ਦੇ ਬਾਵਜੂਦ ਲਖਵੀ ਤੇ ਉਸ ਦੇ ਸਾਥੀਆਂ ਨੂੰ ਸਹੂਲਤਾਂ ਦੇਣਾ ਕੋਝਾ ਮਜ਼ਾਕ ਹੀ ਆਖਿਆ ਜਾ ਸਕਦਾ ਹੈ।

ਬੀ.ਬੀ.ਸੀ. ਉਰਦੂ ਦੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਲਖਵੀ ਨੂੰ ਜੇਲ੍ਹ ਵਿਚ ਟੈਲੀਵਿਜ਼ਨ, ਮੋਬਾਈਲ ਫੋਨ ਤੇ ਇੰਟਰਨੈੱਟ ਦੀ ਸਹੂਲਤ ਜੇਲ੍ਹਰ ਦੀ ਇਜਾਜ਼ਤ ਨਾਲ ਦਿੱਤੀ ਗਈ ਹੈ। ਉਸ ਨੂੰ ਰੋਜ਼ਾਨਾ ਦਰਜਨਾ ਹੀ ਲੋਕ ਮਿਲ ਵੀ ਸਕਦੇ ਹਨ।

# ਮੋਦੀ ਸਰਕਾਰ ਮੁਤਾਬਕ ਜਾਇਜ਼ ਨਹੀਂ ਹਰਿਆਣਾ ਗੁਰਦੁਆਰਾ ਐਕਟ

## ਹਰਿਆਣਾ ਸਿੱਖ ਗੁਰਦੁਆਰਾ ਐਕਟ ਰੱਦ ਕਰਵਾਉਣ ਲਈ ਸੁਪਰੀਮ ਕੋਰਟ ਨੂੰ ਦਿੱਤਾ ਤਰਕ

**ਨਵੀਂ ਦਿੱਲੀ:** ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਤੋਂ ਮੰਗ ਕੀਤੀ ਹੈ ਕਿ ਉਹ ਹਰਿਆਣਾ ਸਿੱਖ ਗੁਰਦੁਆਰਾ (ਪ੍ਰਬੰਧਕ) ਐਕਟ 2014 ਨੂੰ ਰੱਦ ਕਰ ਦੇਵੇ ਕਿਉਂਕਿ ਰਾਜ ਵਿਧਾਨ ਸਭਾ ਕੋਲ ਅਜਿਹਾ ਕਾਨੂੰਨ ਬਣਾਉਣ ਦਾ ਅਧਿਕਾਰ ਨਹੀਂ ਹੈ। ਇਸ ਕਾਨੂੰਨ ਤਹਿਤ ਸੂਬਾ ਸਰਕਾਰ ਨੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਐਚ.ਐਸ.ਜੀ.ਪੀ.ਸੀ.) ਬਣਾ ਦਿੱਤੀ ਹੈ ਤੇ ਸੂਬੇ ਦੇ 52 ਗੁਰਦੁਆਰੇ ਜਿਹੜੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਅੰਮ੍ਰਿਤਸਰ ਦੇ ਅਧਿਕਾਰ ਹੇਠ ਸਨ, ਉਹ ਨਵੀਂ ਕਮੇਟੀ ਅਧੀਨ ਲਿਆਂਦੇ ਸਨ। ਸੁਪਰੀਮ ਕੋਰਟ ਨੇ ਪਿਛਲੇ ਸਾਲ 7 ਅਗਸਤ ਨੂੰ ਇਨ੍ਹਾਂ ਗੁਰਦੁਆਰਿਆਂ ਦਾ ਅਧਿਕਾਰ ਲੈਣ ਤੋਂ ਨਵੀਂ ਕਮੇਟੀ ਨੂੰ ਰੋਕ ਦਿੱਤਾ ਸੀ ਤੇ 'ਜਿਥੇ ਹੈ ਜਿਵੇਂ ਹੈ' ਸਥਿਤੀ ਬਰਕਰਾਰ ਰੱਖ ਦਿੱਤੀ ਸੀ।

ਸਰਵਉਚ ਅਦਾਲਤ ਨੇ ਇਹ ਹੁਕਮ ਹਰਭਜਨ ਸਿੰਘ ਵਲੋਂ ਪਈ ਜਨਹਿਤ ਪਟੀਸ਼ਨ



'ਤੇ ਦਿੱਤਾ ਸੀ। ਸੁਪਰੀਮ ਕੋਰਟ ਵਲੋਂ ਭੇਜੇ ਨੋਟਿਸ ਦੇ ਜੁਆਬ ਵਿਚ ਕੇਂਦਰ ਨੇ ਹਲਫਨਾਮਾ ਦਾਖਲ ਕਰਦਿਆਂ ਨਵੇਂ ਐਕਟ ਦੇ ਵਿਰੋਧ ਵਿਚ ਕਿਹਾ ਕਿ ਐਸ.ਜੀ.ਪੀ.ਸੀ. ਕਿਸੇ ਇਕ ਰਾਜ ਤੱਕ ਸੀਮਤ ਨਹੀਂ ਹੈ, ਉਹ ਅੰਤਰ ਰਾਜ ਸੰਸਥਾ ਹੈ। ਉਸ ਨੂੰ ਇਹ ਰੁਤਬਾ ਕੇਂਦਰੀ ਕਾਨੂੰਨਾਂ, ਸਿੱਖ ਗੁਰਦੁਆਰਾ ਐਕਟ 1925 ਤੇ ਪੰਜਾਬ ਪੁਨਰਗਠਨ ਐਕਟ 1966, ਤਹਿਤ ਦਿੱਤਾ ਗਿਆ ਹੈ।

ਹਲਫਨਾਮੇ ਵਿਚ ਗ੍ਰਹਿ ਮੰਤਰਾਲੇ ਨੇ ਕਿਹਾ ਹੈ ਕਿ ਅਜਿਹੀ ਸੰਸਥਾ ਨੂੰ ਸਿਰਫ ਕੇਂਦਰ ਹੀ ਨਿਰਦੇਸ਼ ਦੇ ਸਕਦਾ ਹੈ। ਅਜਿਹੀ ਕੋਈ ਵਿਵਸਥਾ ਨਹੀਂ ਹੈ ਕਿ ਕੋਈ ਰਾਜ ਆਪ ਕੋਈ ਕਾਨੂੰਨ ਬਣਾ ਕੇ ਨਵੀਂ ਕਮੇਟੀ ਖੜ੍ਹੀ ਕਰ ਦੇਵੇ। ਹਰਿਆਣਾ ਵਿਧਾਨ ਸਭਾ ਨੇ ਕਾਂਗਰਸ ਦੀ ਹਕੂਮਤ ਵੇਲੇ ਪਿਛਲੇ ਸਾਲ ਜੁਲਾਈ ਵਿਚ ਇਹ ਐਕਟ ਬਣਾ ਦਿੱਤਾ ਸੀ। ਹਲਫਨਾਮੇ ਵਿਚ ਕਿਹਾ ਗਿਆ ਹੈ ਕਿ ਹਰਿਆਣਾ ਵਿਚ ਭਾਜਪਾ ਦੀ ਹਕੂਮਤ ਆਉਣ ਦੇ ਬਾਵਜੂਦ ਕੇਂਦਰ ਦਾ ਐਚ.ਐਸ.ਜੀ.ਐਮ. ਐਕਟ ਬਾਰੇ ਸਟੈਂਡ ਪਹਿਲਾਂ ਵਾਲਾ ਹੀ ਹੈ।

ਕੇਂਦਰ ਨੇ ਕਿਹਾ ਕਿ ਰਾਜ ਸਰਕਾਰ ਕੋਲ ਅੰਤਰਰਾਜੀ ਸੰਸਥਾ ਬਾਰੇ ਕੋਈ ਕਾਨੂੰਨ ਬਣਾਉਣ ਦੀ ਨਾ ਤਾਕਤ ਹੈ ਨਾ ਹੀ ਉਸ ਦਾ ਅਧਿਕਾਰ ਖੇਤਰ ਹੈ। ਇਹ ਅਧਿਕਾਰ ਸਿਰਫ ਕੇਂਦਰ ਕੋਲ ਹੈ। ਕੇਂਦਰ ਨੇ ਕਿਹਾ ਕਿ ਨਵਾਂ ਕਾਨੂੰਨ ਕਦੇ ਵੀ ਰਾਸ਼ਟਰਪਤੀ ਦੀ ਮਨਜ਼ੂਰੀ ਲਈ ਨਹੀਂ ਭੇਜਿਆ ਗਿਆ, ਜੋ ਕਿ ਸੰਵਿਧਾਨ ਦੀ ਧਾਰਾ 954 (2) ਤਹਿਤ ਜ਼ਰੂਰੀ ਹੈ।

ਹਰਿਆਣਾ ਵਿਚ 52 ਨੋਟੀਫਾਈਡ ਗੁਰਦੁਆਰੇ ਹਨ। ਇਨ੍ਹਾਂ ਵਿਚੋਂ 8 ਇਤਿਹਾਸਕ ਹਨ, ਜਿਨ੍ਹਾਂ ਨੂੰ ਪਹਿਲੀ ਸੂਚੀ ਵਿਚ ਰੱਖਿਆ ਗਿਆ ਹੈ। 17 ਅਜਿਹੇ ਗੁਰਦੁਆਰੇ ਜਿਨ੍ਹਾਂ ਦੀ ਆਮਦਨ 17 ਲੱਖ ਰੁਪਏ ਹੈ, ਨੂੰ ਦੂਜੀ ਸੂਚੀ ਵਿਚ ਰੱਖਿਆ ਗਿਆ ਹੈ। ਬਾਕੀ 27 ਗੁਰਦੁਆਰੇ ਤੀਜੀ ਸੂਚੀ ਵਿਚ ਹਨ। ਐਸ.ਜੀ.ਪੀ.ਸੀ. ਵੀ ਇਸ ਕੇਸ ਵਿਚ ਧਿਰ ਬਣਨਾ ਚਾਹੁੰਦੀ ਹੈ ਤੇ ਇਸ 'ਤੇ ਸੁਪਰੀਮ ਕੋਰਟ ਨੇ ਨੋਟਿਸ ਜਾਰੀ ਕੀਤਾ ਹੈ।

# ਵੈਨਕੂਵਰ ਪੁਲਿਸ ਵਲੋਂ ਭਾਰਤੀ ਨੌਜਵਾਨਾਂ ਨੂੰ ਭਰਤੀ ਦਾ ਸੱਦਾ

**ਵੈਨਕੂਵਰ (ਬਿਊਰੋ):** ਵੈਨਕੂਵਰ ਪੁਲਿਸ ਮੁਖੀ ਜਿਮ ਚੁਅ ਵਲੋਂ ਭਾਰਤੀ ਮੂਲ ਦੇ ਨੌਜਵਾਨਾਂ ਨੂੰ ਸੱਦਾ ਦਿੱਤਾ ਗਿਆ ਹੈ ਕਿ ਉਹ ਆਪਣਾ ਭਵਿੱਖ ਬਣਾਉਣ ਲਈ ਪੁਲਿਸ ਵਿਚ ਭਰਤੀ ਹੋਣ।

ਉਨ੍ਹਾਂ ਕਿਹਾ ਹੈ ਕਿ ਦੱਖਣ ਏਸ਼ਿਆਈ ਮੂਲ ਦੇ ਨੌਜਵਾਨ ਪੁਲਿਸ ਵਿਚ ਆਪਣਾ ਕੰਮ ਬਹੁਤ ਚੰਗਾ ਕਰਦੇ ਹਨ। ਉਨ੍ਹਾਂ ਕਿਹਾ ਕਿ ਇਸ ਨੂੰ ਦੇਖਦਿਆਂ ਉਨ੍ਹਾਂ ਨੂੰ ਪੁਲਿਸ ਵਿਚ ਭਰਤੀ ਹੋਣ ਦਾ ਸੱਦਾ ਦਿੱਤਾ ਜਾਂਦਾ ਹੈ। ਇਸ ਨਾਲ ਹੁਣ ਏਸ਼ੀਆਈ ਮੂਲ ਦੇ ਨੌਜਵਾਨਾਂ ਲਈ ਰਾਹ ਖੁੱਲ੍ਹ ਗਿਆ ਹੈ।

# ਐਨ.ਡੀ.ਏ. ਦੀ ਅੰਨ ਦਾਤਿਆਂ ਨਾਲ ਵਾਅਦਾਖਿਲਾਫੀ?

**ਵੱਖ-ਵੱਖ ਭਾਗਾਂ ਵਿਚ ਕੀਤੇ ਗਏ ਖੋਜ ਅਧਿਐਨ ਇਹ ਤੱਥ ਸਾਹਮਣੇ ਲਿਆਉਂਦੇ ਹਨ ਕਿ ਤਕਰੀਬਨ ਸਾਰੇ ਨਿਮਨ ਕਿਸਾਨ, ਖੇਤੀਬਾੜੀ ਮਜ਼ਦੂਰ ਅਤੇ ਛੋਟੇ ਪੇਂਡੂ ਕਾਰੀਗਰ ਕਰਜ਼ੇ ਅਤੇ ਗਰੀਬੀ ਵਿਚ ਜਨਮ ਲੈਂਦੇ ਹਨ, ਕਰਜ਼ੇ ਤੇ ਗਰੀਬੀ ਵਿਚ ਔਖੀ ਦਿਨ-ਕਟੀ ਕਰਦੇ ਹਨ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਕਰਜ਼ੇ ਦੀ ਵਧੀ ਹੋਈ ਪੰਡ ਤੇ ਘੋਰ ਗ਼ਰੀਬੀ ਛੱਡ ਕੇ ਤੰਗੀਆਂ-ਤੁਰਸ਼ੀਆਂ ਵਾਲੀ ਮੌਤ ਮਰ ਜਾਂਦੇ ਹਨ।**

**ਡਾ. ਗਿਆਨ ਸਿੰਘ**
**ਫੋਨ: 91-99156-82196**

ਭਾਰਤ ਸਰਕਾਰ ਨੇ 20 ਫਰਵਰੀ 2015 ਨੂੰ ਸੁਪਰੀਮ ਕੋਰਟ ਵਿਚ ਹਲਫ਼ਨਾਮਾ ਦਾਖ਼ਲ ਕਰ ਕੇ ਕਿਸਾਨਾਂ ਨਾਲ ਕੀਤੇ ਵਾਅਦੇ (ਸਵਾਮੀਨਾਥਨ ਕਮੇਟੀ ਦੀਆਂ ਸਿਫਾਰਸ਼ਾਂ ਨੂੰ ਲਾਗੂ ਕਰਨਾ) ਲਾਗੂ ਕਰਨ ਤੋਂ ਆਪਣੀ ਅਸਮਰੱਥਾ ਪ੍ਰਗਟਾਈ ਹੈ। ਇਸ ਹਲਫ਼ਨਾਮੇ ਵਿਚ ਕੇਂਦਰ ਸਰਕਾਰ ਨੇ ਕਿਹਾ ਹੈ ਕਿ ਖੇਤੀਬਾੜੀ ਲਾਗਤਾਂ ਅਤੇ ਕੀਮਤਾਂ ਕਮਿਸ਼ਨ ਨੇ 22 ਫਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ ਅਤੇ ਗੰਨੇ ਲਈ ਵਾਜਬ ਮੁੱਲ ਦੀ ਸਿਫਾਰਸ਼ ਕੀਤੀ ਹੋਈ ਹੈ। ਸਰਕਾਰ ਅਨੁਸਾਰ ਕਿਸਾਨਾਂ ਨਾਲ ਕੀਤਾ ਵਾਅਦਾ ਪੂਰਾ ਕਰਨ ਨਾਲ ਮੰਡੀ ਵਿਚ ਉਥਲ-ਪੁਥਲ ਹੋ ਜਾਵੇਗੀ। ਕੇਂਦਰ ਦੀ ਕੌਮੀ ਜਮਹੂਰੀ ਗਠਜੋੜ (ਐਨ.ਡੀ.ਏ.) ਸਰਕਾਰ ਦੀ ਅਗਵਾਈ ਕਰਨ ਵਾਲੀ ਰਾਜਸੀ ਪਾਰਟੀ ਭਾਜਪਾ ਨੇ ਸੰਨ 2014 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਆਪਣੇ ਚੋਣ ਮਨੋਰਥ ਪੱਤਰ ਵਿਚ ਕਿਸਾਨਾਂ ਨਾਲ ਵਾਅਦਾ ਕੀਤਾ ਸੀ ਕਿ ਕਿਸਾਨਾਂ ਨੂੰ ਉਨ੍ਹਾਂ ਦੀ ਉਤਪਾਦਨ ਲਾਗਤ ਵਿਚ 50 ਫੀਸਦੀ ਮੁਨਾਫਾ ਜੋੜ ਕੇ ਖੇਤੀਬਾੜੀ ਜਿਣਸਾਂ ਦੇ ਭਾਅ ਦਿੱਤੇ ਜਾਇਆ ਕਰਨਗੇ। ਕੇਂਦਰ ਵਿਚ ਨਰੇਂਦਰ ਮੋਦੀ ਦੀ ਅਗਵਾਈ ਹੇਠ ਰਾਜ ਕਰ ਰਹੀ ਕੌਮੀ ਜਮਹੂਰੀ ਗਠਜੋੜ ਦੀ ਸਰਕਾਰ ਨੇ ਕਿਸਾਨਾਂ ਨਾਲ ਵਾਅਦਾਖਿਲਾਫੀ ਕਰਦਿਆਂ ਸੁਪਰੀਮ ਕੋਰਟ ਵਿਚ ਕਹਿ ਦਿੱਤਾ ਹੈ ਕਿ ਖੇਤੀਬਾੜੀ ਦੀਆਂ ਉਤਪਾਦਨ ਲਾਗਤਾਂ ਵਿਚ 50 ਫੀਸਦੀ ਮੁਨਾਫਾ ਜੋੜ ਕੇ ਖੇਤੀਬਾੜੀ ਜਿਣਸਾਂ ਦੇ ਭਾਅ ਨਿਸ਼ਚਿਤ ਨਹੀਂ ਕੀਤੇ ਜਾ ਸਕਦੇ ਕਿਉਂਕਿ ਅਜਿਹਾ ਕਰਨਾ ਮੰਡੀ ਲਈ ਮਾਰੂ ਸਿੱਧ ਹੋਵੇਗਾ।

ਦੇਸ਼ ਦੀਆਂ ਵੱਖ-ਵੱਖ ਕਿਸਾਨ ਜਥੇਬੰਦੀਆਂ ਕੇਂਦਰ ਸਰਕਾਰ ਦੀ ਕਿਸਾਨਾਂ ਨਾਲ ਕੀਤੀ ਵਾਅਦਾਖਿਲਾਫੀ ਨੂੰ ਕਿਸਾਨਾਂ ਨਾਲ ਵੱਡਾ ਧੋਖਾ ਕਰਾਰ ਦਿੰਦਿਆਂ ਆਉਣ ਵਾਲੇ ਸਮੇਂ ਦੌਰਾਨ ਕੇਂਦਰ ਸਰਕਾਰ ਨਾਲ ਆਰ-ਪਾਰ ਦੀ ਲੜਾਈ ਲੜਨ ਸਬੰਧੀ ਬਿਆਨ ਦੇ ਰਹੀਆਂ ਹਨ ਜਿਨ੍ਹਾਂ ਵਿਚ ਕਿਸਾਨਾਂ ਦੁਆਰਾ ਦਿੱਲੀ ਵਿਖੇ ਸੰਸਦ ਦਾ ਘਿਰਾਓ ਕਰਨਾ ਵੀ ਸ਼ਾਮਿਲ ਹੈ। ਇਸ ਸਬੰਧ ਵਿਚ ਕੌਮੀ ਜਮਹੂਰੀ ਗਠਜੋੜ ਦੀ ਭਾਈਵਾਲ ਰਾਜਸੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਅਤੇ ਪਾਰਲੀਮੈਂਟ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਵੀ ਕਿਹਾ ਹੈ ਕਿ ਉਨ੍ਹਾਂ ਦੀ ਪਾਰਟੀ ਸਵਾਮੀਨਾਥਨ ਕਮੇਟੀ ਦੀਆਂ ਸਿਫਾਰਸ਼ਾਂ ਨੂੰ ਲਾਗੂ ਕਰਵਾਉਣ ਲਈ ਕੇਂਦਰ ਸਰਕਾਰ ਉਪਰ ਹਰ ਸੰਭਵ ਦਬਾਅ ਪਾਵੇਗੀ। ਉਨ੍ਹਾਂ ਅਨੁਸਾਰ ਇਸ ਸਬੰਧ ਵਿਚ ਉਨ੍ਹਾਂ ਦੀ ਪਾਰਟੀ ਦੇ ਸਾਰੇ ਪਾਰਲੀਮੈਂਟ ਮੈਂਬਰ ਕੇਂਦਰ ਸਰਕਾਰ ਦੇ ਖੇਤੀਬਾੜੀ ਮੰਤਰੀ ਨੂੰ ਮਿਲਣਗੇ ਅਤੇ ਉਹ 'ਆਲ ਪਾਰਟੀ ਫਾਰਮਰਜ਼ ਫੋਰਮ ਆਫ ਪਾਰਲੀਮੈਂਟੇਰੀਅਨਜ਼' ਦਾ ਗਰੁਪ ਵੀ ਬਣਾਉਣਗੇ ਅਤੇ ਇਸ ਗਰੁਪ ਰਾਹੀਂ ਕੇਂਦਰ ਸਰਕਾਰ ਉਪਰ ਸਵਾਮੀਨਾਥਨ ਕਮੇਟੀ ਦੀਆਂ ਸਿਫਾਰਸ਼ਾਂ ਲਾਗੂ ਕਰਨ ਲਈ ਦਬਾਅ ਪਾਉਣਗੇ।

ਸਰਕਾਰ ਦੁਆਰਾ ਖੇਤੀਬਾੜੀ ਕੀਮਤਾਂ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਖੇਤੀਬਾੜੀ ਜਿਣਸਾਂ ਦੇ ਸਮਰਥਨ ਮੁੱਲ ਕਿਸਾਨਾਂ ਦੇ ਹੱਕ ਵਿਚ ਤੈਅ ਕਰਨ ਦੇ ਨਤੀਜੇ ਵਜੋਂ 1965-69 ਤੱਕ ਵਪਾਰ ਦੀਆਂ ਸ਼ਰਤਾਂ ਖੇਤੀਬਾੜੀ ਖੇਤਰ ਦੇ ਹੱਕ ਵਿਚ ਰਹੀਆਂ। ਸੰਨ 1970 ਤੋਂ ਲੈ ਕੇ ਹੁਣ ਤੱਕ 45-46 ਸਾਲਾਂ ਦੌਰਾਨ ਇਸ ਕਮਿਸ਼ਨ ਦੀਆਂ ਸਿਫਾਰਸ਼ਾਂ ਅਤੇ ਕੇਂਦਰ ਸਰਕਾਰ ਦੁਆਰਾ ਤੈਅ ਕੀਤੇ ਘੱਟੋ-ਘੱਟ ਸਮਰਥਨ ਮੁੱਲ ਕਿਸਾਨਾਂ ਦੇ ਹੱਕ ਵਿਚ ਨਾ ਹੋਣ ਕਰ ਕੇ ਵਪਾਰ ਦੀਆਂ ਸ਼ਰਤਾਂ ਖੇਤੀਬਾੜੀ ਖੇਤਰ ਦੇ ਵਿਰੁਧ ਹੋ ਗਈਆਂ। ਇਸ ਸਬੰਧ ਵਿਚ ਵੱਖ-ਵੱਖ ਸੂਬਾ ਸਰਕਾਰਾਂ ਅਤੇ ਕਿਸਾਨ ਜਥੇਬੰਦੀਆਂ ਦੀ ਆਲੋਚਨਾ ਤੋਂ ਬਚਣ ਲਈ ਕੇਂਦਰ ਸਰਕਾਰ ਨੇ 23 ਫਰਵਰੀ 1987 ਨੂੰ ਇਸ ਕਮਿਸ਼ਨ ਦਾ ਨਾਂ ਖੇਤੀਬਾੜੀ ਲਾਗਤਾਂ ਅਤੇ ਕੀਮਤਾਂ ਕਮਿਸ਼ਨ ਰੱਖ ਕੇ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਕਿ ਇਹ ਕਮਿਸ਼ਨ ਆਪਣੀਆਂ ਸਿਫਾਰਸ਼ਾਂ ਕਰਨ ਮੌਕੇ ਖੇਤੀਬਾੜੀ ਉਤਪਾਦਨ ਦੀਆਂ ਲਾਗਤਾਂ ਨੂੰ ਉਨ੍ਹਾਂ ਦਾ ਆਧਾਰ ਬਣਾਉਂਦਾ ਹੈ ਪਰ ਅਜਿਹਾ ਕਦੇ ਵੀ ਨਹੀਂ ਹੋਇਆ। ਸੰਨ 1991 ਤੋਂ ਦੇਸ਼ ਵਿਚ ਅਪਨਾਈ ਗਈ 'ਨਵੀਂ ਆਰਥਿਕ ਨੀਤੀ' ਤੋਂ ਬਾਅਦ ਦੇਸ਼ ਵਿਚ ਕਾਰਪੋਰੇਟ ਖੇਤੀਬਾੜੀ ਨੂੰ ਪ੍ਰਫੁਲਿਤ ਕਰਨ ਲਈ ਕੇਂਦਰ ਸਰਕਾਰ ਨੇ ਆਪਣੀ ਖੇਤੀਬਾੜੀ ਨੀਤੀ ਰਾਹੀਂ ਖੇਤੀਬਾੜੀ ਨੂੰ ਘਾਟੇ ਵਾਲਾ ਧੰਦਾ ਬਣਾ ਦਿੱਤਾ ਹੈ।

ਦੇਸ਼ ਦੇ ਵੱਖ-ਵੱਖ ਭਾਗਾਂ ਵਿਚ ਕੀਤੇ ਗਏ ਖੋਜ ਅਧਿਐਨ ਇਹ ਤੱਥ ਸਾਹਮਣੇ ਲਿਆਉਂਦੇ ਹਨ ਕਿ ਤਕਰੀਬਨ ਸਾਰੇ ਨਿਮਨ ਕਿਸਾਨ, ਖੇਤੀਬਾੜੀ ਮਜ਼ਦੂਰ ਅਤੇ ਛੋਟੇ ਪੇਂਡੂ ਕਾਰੀਗਰ ਕਰਜ਼ੇ ਅਤੇ ਗਰੀਬੀ ਵਿਚ ਜਨਮ ਲੈਂਦੇ ਹਨ, ਕਰਜ਼ੇ ਤੇ ਗਰੀਬੀ ਵਿਚ ਔਖੀ ਦਿਨ-ਕਟੀ ਕਰਦੇ ਹਨ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਕਰਜ਼ੇ ਦੀ ਵਧੀ ਹੋਈ ਪੰਡ ਤੇ ਘੋਰ ਗ਼ਰੀਬੀ ਛੱਡ ਕੇ ਤੰਗੀਆਂ-ਤੁਰਸ਼ੀਆਂ ਵਾਲੀ ਮੌਤ ਮਰ ਜਾਂਦੇ ਹਨ। ਭਾਰਤ ਸਰਕਾਰ ਦੇ ਆਪਣੇ ਅੰਕੜਿਆਂ ਅਨੁਸਾਰ ਸੰਨ 1995 ਤੋਂ 2012 ਦੌਰਾਨ 2,84,694 ਕਿਸਾਨਾਂ ਦੀਆਂ ਰਿਪੋਰਟ ਹੋਈਆਂ ਖੁਦਕੁਸ਼ੀਆਂ ਹਨ। ਕੇਂਦਰ ਸਰਕਾਰ ਨੇ ਖੇਤੀਬਾੜੀ ਮਜ਼ਦੂਰਾਂ ਅਤੇ ਛੋਟੇ ਪੇਂਡੂ ਕਾਰੀਗਰਾਂ ਦੀਆਂ ਖੁਦਕੁਸ਼ੀਆਂ ਦੇ ਅੰਕੜੇ ਇਕੱਠੇ ਕਰਨ ਦੀ ਕੋਈ ਲੋੜ ਹੀ ਨਹੀਂ ਸਮਝੀ। ਸੰਨ 2011 ਦੀ ਜਨਗਣਨਾ ਅਨੁਸਾਰ ਪਿਛਲੇ ਇਕ ਦਹਾਕੇ ਦੌਰਾਨ ਦੇਸ਼ ਵਿਚ 90 ਲੱਖ ਕਿਸਾਨ ਖੇਤੀਬਾੜੀ ਖੇਤਰ ਤੋਂ ਬਾਹਰ ਹੋਏ ਹਨ। ਇਨ੍ਹਾਂ ਵਿਚੋਂ ਬਹੁਤ ਵੱਡੀ ਗਿਣਤੀ ਨਿਮਨ ਕਿਸਾਨਾਂ ਦੀ ਹੈ ਜੋ ਕੇਂਦਰ ਸਰਕਾਰ ਦੀ ਖੇਤੀਬਾੜੀ ਨੀਤੀ ਦੇ ਸਤਾਏ ਹੋਏ ਆਪਣੀਆਂ ਜ਼ਮੀਨਾਂ ਤੋਂ ਵੀ ਹੱਥ ਧੋ ਬੈਠੇ ਹਨ। ਕੇਂਦਰ ਸਰਕਾਰ ਦੇ ਆਪਣੇ ਅੰਕੜਿਆਂ ਅਨੁਸਾਰ ਖੇਤੀਬਾੜੀ ਉਪਰ ਨਿਰਭਰ 53 ਫੀਸਦੀ ਲੋਕਾਂ ਨੂੰ ਰਾਸ਼ਟਰੀ ਆਮਦਨ ਵਿਚੋਂ 14 ਫੀਸਦੀ ਦੇ ਕਰੀਬ ਹੀ ਦਿੱਤਾ ਜਾ ਰਿਹਾ ਹੈ।



ਜੇ ਕਾਲੇ ਧਨ ਨੂੰ ਵੀ ਗਿਣ ਲਿਆ ਜਾਵੇ ਤਾਂ ਕਿਸਾਨਾਂ ਨੂੰ ਰਾਸ਼ਟਰੀ ਆਮਦਨ ਵਿਚੋਂ 7 ਫੀਸਦੀ ਦੇ ਕਰੀਬ ਹਿੱਸਾ ਹੀ ਦਿੱਤਾ ਜਾ ਰਿਹਾ ਹੈ ਕਿਉਂਕਿ ਕਿਸਾਨਾਂ ਕੋਲ ਕੋਈ ਕਾਲਾ ਧਨ ਹੁੰਦਾ ਹੀ ਨਹੀਂ ਹੈ। ਦੇਸ਼ ਵਿਚ ਕਿਸਾਨਾਂ ਦੇ ਬਿਆਨ ਕੀਤੇ ਹਾਲਤ ਤੋਂ ਨਿਜਾਤ ਪਾਉਣ ਲਈ ਵੱਖ-ਵੱਖ ਵਿਦਵਾਨ ਆਪੋ-ਆਪਣੇ ਸੁਝਾਅ ਦੇ ਰਹੇ ਹਨ।

ਸਵਾਮੀਨਾਥਨ ਕਮੇਟੀ ਨੇ ਦੇਸ਼ ਦੇ ਕਿਸਾਨਾਂ ਦੀ ਹਾਲਤ ਨੂੰ ਸੁਧਾਰਨ ਲਈ ਜਿਹੜੇ 2 ਮੁੱਖ ਸੁਝਾਅ ਦਿੱਤੇ ਸਨ ਉਹ ਹਨ: (1) ਖੇਤੀਬਾੜੀ ਜਿਣਸਾਂ ਦੇ ਮੁੱਲ ਖੇਤੀਬਾੜੀ ਉਤਪਾਦਨ ਲਾਗਤਾਂ ਉਪਰ 50 ਫੀਸਦੀ ਮੁਨਾਫਾ ਜੋੜ ਕੇ ਤੈਅ ਕੀਤੇ ਜਾਣ; (2) ਖੇਤੀਬਾੜੀ ਕਰਜ਼ਿਆਂ ਉਪਰ ਵਿਆਜ ਦੀ ਦਰ 4 ਫੀਸਦੀ ਹੋਵੇ। ਪਹਿਲੇ ਸੁਝਾਅ ਉਪਰ ਅਮਲ ਕਰਨ ਲਈ ਕੁਝ ਰਾਜਸੀ ਪਾਰਟੀਆਂ ਅਤੇ ਦੇਸ਼ ਦੀਆਂ ਵੱਖ-ਵੱਖ ਕਿਸਾਨ ਜਥੇਬੰਦੀਆਂ ਸਮੇਂ-ਸਮੇਂ ਮੰਗ ਕਰਦੀਆਂ ਰਹਿੰਦੀਆਂ ਹਨ। ਜੇ ਕੇਂਦਰ ਸਰਕਾਰ ਇਹ ਸੁਝਾਅ ਮੰਨ ਲਵੇ ਤਾਂ ਖੇਤੀਬਾੜੀ ਲਾਹੇਵੰਦ ਤਾਂ ਜ਼ਰੂਰ ਹੋ ਜਾਵੇਗੀ ਪਰ ਅਜਿਹਾ ਕਰਨ ਨਾਲ ਦੇਸ਼ ਦੇ ਜ਼ਿਆਦਾਤਰ ਕਿਸਾਨਾਂ ਦੀ ਜ਼ਿੰਦਗੀ ਵਿਚ ਕੋਈ ਵੱਡਾ ਸੁਧਾਰ ਨਹੀਂ ਹੋਣ ਲੱਗਾ। ਦੇਸ਼ ਦੇ 83 ਫੀਸਦੀ ਕਿਸਾਨ ਉਹ ਹਨ ਜਿਨ੍ਹਾਂ ਕੋਲ 5 ਏਕੜ ਤੱਕ ਹੀ ਜ਼ਮੀਨ ਹੈ। ਜੇ ਇਨ੍ਹਾਂ ਕਿਸਾਨਾਂ ਦੀ ਉਤਪਾਦਨ ਲਾਗਤ 50,000 ਰੁਪਏ ਹੋਵੇ ਤਾਂ ਉਨ੍ਹਾਂ ਦਾ ਸਾਲਾਨਾ ਮੁਨਾਫਾ ਸਿਰਫ 25,000 ਰੁਪਏ ਹੋਵੇਗਾ। ਇੰਨੀ ਘੱਟ ਆਮਦਨ ਵਿਚ 5 ਜੀਆਂ ਦੇ ਇਕ ਪਰਿਵਾਰ ਦਾ ਪੂਰੇ ਸਾਲ ਲਈ ਗੁਜ਼ਾਰਾ ਕਿਵੇਂ ਹੋਵੇਗਾ? ਲੋੜ ਹੈ ਕਿ ਖੇਤੀਬਾੜੀ ਜਿਣਸਾਂ ਦੇ ਮੁੱਲ ਇਸ ਤਰ੍ਹਾਂ ਤੈਅ ਕੀਤੇ ਜਾਣ ਕਿ ਕਿਸਾਨਾਂ ਦੀਆਂ, ਜ਼ਿੰਦਗੀ ਦੀਆਂ ਮੁਢਲੀਆਂ ਲੋੜਾਂ ਸਤਿਕਾਰਯੋਗ ਢੰਗ ਨਾਲ ਪੂਰੀਆਂ ਹੋ ਸਕਣ। ਇਸ ਲਈ ਜਾਂ ਤਾਂ ਖੇਤੀਬਾੜੀ ਜਿਣਸਾਂ ਦੀਆਂ ਕੀਮਤਾਂ ਵਧਾਈਆਂ ਜਾਣ ਤੇ ਖੇਤੀਬਾੜੀ ਲਾਗਤਾਂ ਘਟਾਈਆਂ ਜਾਣ, ਭਾਵ ਖੇਤੀਬਾੜੀ ਉਤਪਾਦਨ ਲਈ ਵਰਤੇ ਜਾਣ ਵਾਲੇ ਸਾਧਨਾਂ ਦੀ ਬੇਲਗਾਮ ਮੰਡੀ ਨੂੰ ਲਗਾਮ ਪਾਈ ਜਾਵੇ, ਜਾਂ ਕਿਸਾਨਾਂ ਨੂੰ ਓ.ਈ.ਸੀ.ਡੀ. ਦੇਸ਼ਾਂ ਵਾਂਗ ਸਬਸਿਡੀਆਂ ਦਿੱਤੀਆਂ ਜਾਣ। ਖਪਤਕਾਰਾਂ ਨੂੰ ਖੇਤੀਬਾੜੀ ਜਿਣਸਾਂ ਦੇ ਮੁੱਲ ਵਿਚ ਹੋਏ ਵਾਧੇ ਤੋਂ ਬਚਾਉਣ ਲਈ ਜਨਤਕ ਵੰਡ ਪ੍ਰਣਾਲੀ ਨੂੰ ਮਜ਼ਬੂਤ ਕੀਤਾ ਜਾਵੇ। ਖੇਤੀਬਾੜੀ ਉਪਰ ਨਿਰਭਰ ਲੋਕਾਂ ਦੀਆਂ ਸਮੱਸਿਆਵਾਂ ਨੂੰ ਸਿਰਫ ਖੇਤੀਬਾੜੀ ਕੀਮਤ ਨੀਤੀ ਰਾਹੀਂ ਹੀ ਹੱਲ ਨਹੀਂ ਕੀਤਾ ਜਾ ਸਕਦਾ। ਕਿਸਾਨ ਪੱਖੀ ਖੇਤੀਬਾੜੀ ਨੀਤੀ ਦੇ ਨਾਲ-ਨਾਲ ਜ਼ਮੀਨੀ ਸੁਧਾਰ ਵੀ ਬਹੁਤ ਮਹੱਤਵਪੂਰਨ ਹਨ। ਇਹ ਸੁਧਾਰ ਨਿਮਨ ਕਿਸਾਨਾਂ, ਖੇਤੀਬਾੜੀ ਮਜ਼ਦੂਰਾਂ ਅਤੇ ਛੋਟੇ ਪੇਂਡੂ ਕਾਰੀਗਾਰਾਂ ਦੇ ਹੱਕ ਵਿਚ ਕਰਨੇ ਬਣਦੇ ਹਨ। ਖੇਤੀਬਾੜੀ ਕਰਜ਼ਿਆਂ ਬਾਰੇ ਸਵਾਮੀਨਾਥਨ ਕਮੇਟੀ ਦੀ 4 ਫੀਸਦੀ ਵਿਆਜ ਦਰ ਦੀ ਸਿਫਾਰਸ਼ ਵੱਲ ਘੱਟ ਹੀ ਧਿਆਨ ਦਿੱਤਾ ਗਿਆ ਹੈ। ਇਸ ਨੂੰ ਅਮਲ ਵਿਚ ਲਿਆਉਣਾ ਜ਼ਰੂਰੀ ਹੈ ਅਤੇ ਅਜਿਹਾ ਕਰਨ ਲਈ ਖੇਤੀਬਾੜੀ ਕਰਜ਼ੇ ਸਿਰਫ ਬੈਂਕਾਂ ਤੇ ਸਹਿਕਾਰੀ ਸੁਸਾਇਟੀਆਂ ਦੁਆਰਾ ਹੀ ਦਿੱਤੇ ਜਾਣ ਨੂੰ ਯਕੀਨੀ ਬਣਾਇਆ ਜਾਵੇ।

# ਜਮਹੂਰੀ ਢਾਂਚੇ ਵਿਚ ਜੁਆਬਦੇਹੀ ਜ਼ਰੂਰੀ

**ਪੂਨਮ ਕੌਸ਼ਿਸ਼**

'ਉਹ ਬਹੁਤ ਅਹਿਮ ਲੋਕ ਹਨ...ਦੇਖਣਾ, ਉਨ੍ਹਾਂ ਨੂੰ ਕੋਈ ਤਕਲੀਫ ਨਾ ਹੋਵੇ।' ਦੇਖਣ ਵਿਚ ਇਹ ਆਮ ਜਿਹੀ ਹਦਾਇਤ ਲੱਗਦੀ ਹੈ, ਪਰ ਇਸ ਨੇ ਸਿਆਸੀ ਦਿੱਲੀ ਵਿਚ ਹਲਚਲ ਪੈਦਾ ਕਰ ਦਿੱਤੀ ਹੈ। ਜਿਹੜੇ ਲੋਕਾਂ ਦੇ ਆਰਾਮ ਲਈ ਇਹ ਹਦਾਇਤ ਦਿੱਤੀ ਗਈ ਹੈ, ਉਹ ਹਨ ਕੇਂਦਰੀ ਟਰਾਂਸਪੋਰਟ ਮੰਤਰੀ ਨਿਤਿਨ ਗਡਕਰੀ। ਇਹ ਸਭ ਨੇਤਾ, ਕਾਰੋਬਾਰੀ ਅਤੇ ਪੱਤਰਕਾਰਾਂ ਦੀ ਮਿਲੀਭੁਗਤ ਨੂੰ ਦਰਸਾਉਂਦਾ ਹੈ, ਜਾਂ ਇੰਜ ਕਹੋ ਕਿ ਪੂੰਜੀਪਤੀਆਂ ਦਾ ਪੱਖ ਲਿਆ ਜਾਂਦਾ ਹੈ ਜਿਸ ਵਿਚ ਸੁਆਰਥੀ ਮਿੱਤਰਤਾ ਤੇ ਪਰਿਵਾਰਕ ਸਬੰਧ ਸਰਕਾਰੀ ਸੌਦਿਆਂ, ਫੈਸਲਿਆਂ ਨੂੰ ਪ੍ਰਭਾਵਿਤ ਕਰਦੇ ਹਨ ਅਤੇ ਇਨ੍ਹਾਂ ਨਾਲ ਇਕ-ਦੂਜੇ ਨੂੰ ਲਾਭ ਹੁੰਦਾ ਹੈ। ਇਹ ਭਾਰਤ ਦੀ 21ਵੀਂ ਸਦੀ ਦੀ ਸਿਆਸਤ ਹੈ। ਐਸਾਰ ਗਰੁਪ ਦੇ ਵ੍ਹਿਸਲ ਬਲੋਅਰ ਵਲੋਂ ਕੰਪਨੀ ਦਾ ਅੰਦਰੂਨੀ ਪੱਤਰ ਜਨਤਕ ਕਰਨ ਨਾਲ ਸਿਆਸਤ ਵਿਚ ਹਲਚਲ ਪੈਦਾ ਹੋ ਗਈ ਹੈ ਕਿ ਕਿਸ ਤਰ੍ਹਾਂ ਗਡਕਰੀ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ 7 ਤੋਂ 9 ਜੁਲਾਈ 2013 ਤਕ ਇਕ ਉਡਾਣ ਵਿਚ ਫ੍ਰੈਂਚ ਰਿਵੇਰਾ ਪਹੁੰਚਾਇਆ ਗਿਆ ਜਿਥੇ ਉਨ੍ਹਾਂ ਨੇ ਦੁਨੀਆਂ ਦੇ ਆਲੀਸ਼ਾਨ ਯਾਚ ਵਿਚ 2 ਰਾਤਾਂ ਬਿਤਾਈਆਂ। ਜਾਹਰ ਹੈ ਕਿ ਕਿਸ ਤਰ੍ਹਾਂ ਕੰਪਨੀਆਂ ਦੇਸ਼ ਦੇ ਸਿਆਸਤਦਾਨਾਂ, ਮੰਤਰੀਆਂ, ਨੌਕਰਸ਼ਾਹਾਂ ਤੇ ਪੱਤਰਕਾਰਾਂ ਨੂੰ ਖੁਸ਼ ਕਰਦੀਆਂ ਹਨ ਅਤੇ ਉਨ੍ਹਾਂ ਦੀਆਂ ਸੁੱਖ-ਸਹੂਲਤਾਂ ਦਾ ਖਿਆਲ ਰੱਖਦੀਆਂ ਹਨ; ਤੇ ਬਦਲੇ ਵਿਚ ਆਪਣੇ ਕਾਰੋਬਾਰੀ ਹਿੱਤਾਂ ਨੂੰ ਅੱਗੇ ਵਧਾਉਂਦੀਆਂ ਹਨ। ਜੇ ਕਿਹਾ ਜਾਵੇ ਕਿ ਗਡਕਰੀ ਉਦੋਂ ਜਨਤਕ ਜੀਵਨ ਵਿਚ ਨਹੀਂ ਸਨ, ਤਾਂ ਫਿਰ ਸਮੱਸਿਆ ਕਿੱਥੇ ਹੈ? ਗਡਕਰੀ ਦਾ ਕਹਿਣਾ ਹੈ ਕਿ "ਮੈਂ ਨਾਰਵੇ ਵਿਚ ਛੁੱਟੀਆਂ ਬਿਤਾਉਣ ਗਿਆ ਸੀ ਤੇ ਯਾਤਰਾ ਦੀਆਂ ਸਾਰੀਆਂ ਟਿਕਟਾਂ, ਹੋਟਲ ਦੇ ਬਿੱਲਾਂ ਦਾ ਭੁਗਤਾਨ ਮੈਂ ਖੁਦ ਕੀਤਾ। ਮੈਂ ਰੁਈਆ ਪਰਿਵਾਰ ਨੂੰ 25 ਸਾਲਾਂ ਤੋਂ ਜਾਣਦਾ ਹਾਂ, ਇਸ ਲਈ ਉਨ੍ਹਾਂ ਨੇ ਮੈਨੂੰ ਸੱਦਿਆ ਤੇ ਇਸ ਵਿਚ ਹਿੱਤ ਪੂਰਨ ਵਾਲੀ ਕੋਈ ਗੱਲ ਨਹੀਂ ਹੈ ਕਿਉਂਕਿ ਨਾ ਤਾਂ ਮੈਂ ਉਦੋਂ ਭਾਜਪਾ ਦਾ ਪ੍ਰਧਾਨ ਸੀ, ਨਾ ਮੰਤਰੀ ਤੇ ਨਾ ਹੀ ਐਮ.ਪੀ.। ਹੁਣ ਅਗਾਂਹ ਤੋਂ ਮੈਂ ਅਜਿਹਾ ਨਹੀਂ ਕਰਾਂਗਾ ਕਿਉਂਕਿ ਮੈਂ ਹੁਣ ਮੰਤਰੀ ਹਾਂ।"

ਮੂਲ ਸਵਾਲ ਇਹ ਹੈ ਕਿ ਜਨਤਕ ਵਿਅਕਤੀ ਹੋਣ ਦੇ ਬਾਵਜੂਦ ਪਾਰਟੀ ਦੇ ਅਹੁਦੇ ਮੁਤਾਬਕ ਉਹ ਅਹਿਮ ਵਿਅਕਤੀ ਸਨ। ਉਂਜ, ਗਡਕਰੀ ਨੇ ਇਥੋਂ ਤਕ ਵੀ ਕਿਹਾ ਕਿ ਉਹ ਇਸ ਯਾਚ ਉਤੇ ਅਧਿਐਨ-ਮਿਸ਼ਨ ਲਈ ਗਏ ਸਨ, ਪਰ ਸਵਾਲ ਹੈ ਕਿ ਉਹ ਕਿਸ ਨੂੰ ਬੇਵਕੂਫ ਬਣਾ ਰਹੇ ਹਨ? ਕੀ ਉਹ ਭੁੱਲ ਗਏ ਹਨ ਕਿ ਕਿਸੇ ਜਨਤਕ ਵਿਅਕਤੀ ਵਜੋਂ ਉਨ੍ਹਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਸੀ ਕਿ ਉਨ੍ਹਾਂ ਦੇ ਜਨਤਕ ਫਰਜ਼ਾਂ ਤੇ ਨਿਜੀ ਹਿੱਤਾਂ ਦਾ ਟਕਰਾਅ ਨਾ ਹੋਵੇ।

ਸਿਰਫ ਗਡਕਰੀ ਨੂੰ ਹੀ ਦੋਸ਼ ਕਿਉਂ ਦੇਈਏ? ਕਾਂਗਰਸ ਦੇ ਤਤਕਾਲੀ ਕੋਲਾ ਮੰਤਰੀ ਜਾਇਸਵਾਲ, ਸੀਨੀਅਰ ਕਾਂਗਰਸੀ ਨੇਤਾ ਦਿੱਗਵਿਜੇ ਸਿੰਘ, ਮੋਤੀਲਾਲ ਵੋਹਰਾ, ਸਾਬਕਾ ਐਮ.ਪੀ. ਲਾਗੂਰੀ ਤੇ ਭਾਜਪਾ ਦੇ ਵਰੁਣ ਗਾਂਧੀ ਨੇ ਐਸਾਰ ਗਰੁਪ ਵਿਚ ਨੌਕਰੀ ਲਈ ਉਮੀਦਵਾਰਾਂ ਦੇ ਨਾਂ ਭੇਜੇ ਸਨ। ਕੰਪਨੀ ਦੀਆਂ ਈ-ਮੇਲਜ਼ ਤੋਂ ਪਤਾ ਲੱਗਦਾ ਹੈ ਕਿ 200 ਅਹੁਦੇ ਵੀ.ਆਈ.ਪੀ. ਲੋਕਾਂ ਵਲੋਂ ਭੇਜੇ ਗਏ ਉਮੀਦਵਾਰਾਂ ਲਈ ਰਾਖਵੇਂ ਕੀਤੇ ਗਏ ਸਨ ਅਤੇ ਉਨ੍ਹਾਂ ਦਾ ਡਾਟਾ ਬੈਂਕ ਵੱਖਰੇ ਤੌਰ 'ਤੇ ਬਣਾਇਆ ਗਿਆ ਸੀ। ਤੁਸੀਂ ਇਸ ਨੂੰ 'ਧਨਾਢਤੰਤਰ' ਕਹੋ ਜਾਂ 'ਚੋਰਤੰਤਰ' ਪਰ ਸੱਚਾਈ ਇਹੋ ਹੈ ਕਿ ਸਾਰੇ ਨੇਤਾ ਅਜਿਹਾ ਹੀ ਕਰ ਰਹੇ ਹਨ ਅਤੇ ਉਨ੍ਹਾਂ ਨੂੰ ਅਜਿਹਾ ਕਰਨ ਵਿਚ ਕੁਝ ਗਲਤ ਵੀ ਨਹੀਂ ਲੱਗਦਾ। ਇਸ ਖੇਡ ਦਾ ਨਾਂ ਹੀ ਲੈਣ-ਦੇਣ ਹੈ। ਨੇਤਾਵਾਂ ਨੂੰ ਰਿਸ਼ਵਤ ਦੇਣਾ ਆਮ ਗੱਲ ਹੋ ਗਈ ਹੈ। ਦੇਸ਼ ਵਿਚ ਸਫਲਤਾ ਦਾ ਪੈਮਾਨਾ ਕਾਨੂੰਨ ਦੇ ਸ਼ਾਸਨ ਰਾਹੀਂ ਨਹੀਂ ਮਿਥਿਆ ਜਾਂਦਾ ਸਗੋਂ ਕਿਸੇ ਵਪਾਰੀ ਦੀ ਸਫਲਤਾ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਸਰਕਾਰ ਨੇ ਉਸ ਨੂੰ ਕੀ ਦਿੱਤਾ? ਇਸ ਦਾ ਪ੍ਰਭਾਵ ਇਹ ਹੈ ਕਿ ਅੱਜ ਸਭ



*ਨਿਤਿਨ ਗਡਕਰੀ*

ਤੋਂ ਹੇਠਲੇ ਪੱਧਰ 'ਤੇ ਪਿੰਡਾਂ ਵਿਚ ਤਾਇਨਾਤ ਮੁਲਾਜ਼ਮ ਤੇ ਪੁਲਿਸ ਵਾਲੇ ਵੀ ਉਮੀਦ ਕਰਦੇ ਹਨ ਕਿ ਉਨ੍ਹਾਂ ਤੋਂ ਆਪਣਾ ਕੰਮ ਕਰਵਾਉਣ ਆਏ ਲੋਕ ਉਨ੍ਹਾਂ ਦੀ ਮੁੱਠੀ ਗਰਮ ਕਰਨ। ਪੂੰਜੀਪਤੀਆਂ ਦਾ ਪੱਖ ਲੈਣ ਦੀਆਂ ਕਈ ਮਿਸਾਲਾਂ ਹਨ। 2-ਜੀ ਸਪੈਕਟ੍ਰਮ ਘਪਲਾ, ਆਦਰਸ਼ ਸੁਸਾਇਟੀ ਘਪਲਾ ਅਤੇ ਕੋਲਾ ਘਪਲਾ ਜ਼ਿਕਰਯੋਗ ਮਿਸਾਲਾਂ ਹਨ। ਕੋਲਾ ਘਪਲੇ ਵਿਚ ਕੋਲਾ ਬਲਾਕ ਯੂ.ਪੀ.ਏ. ਦੇ ਮੰਤਰੀਆਂ, ਕਾਂਗਰਸੀ ਆਗੂਆਂ ਤੇ ਉਸ ਦੀਆਂ ਸਹਿਯੋਗੀ ਪਾਰਟੀਆਂ ਦੇ ਸੰਸਦ ਮੈਂਬਰਾਂ ਦੇ ਪਰਿਵਾਰਾਂ, ਮਿੱਤਰਾਂ ਅਤੇ ਹੋਰ ਨੇਤਲਿਆਂ ਨੂੰ ਅਲਾਟ ਕੀਤੇ ਗਏ। ਇਸੇ ਤਰ੍ਹਾਂ ਨੀਰਾ ਰਾਡੀਆ ਟੇਪਾਂ ਦੱਸਦੀਆਂ ਹਨ ਕਿ ਉਦਯੋਗਪਤੀਆਂ, ਮੀਡੀਆ, ਨੇਤਾਵਾਂ ਅਤੇ ਬਾਬੂਆਂ ਦਰਮਿਆਨ ਕਿਹੋ ਜਿਹੀ ਗੰਢਤੁੱਪ ਹੈ? ਹੈਰਾਨੀ ਦੀ ਗੱਲ ਹੈ ਕਿ 2011 ਵਿਚ ਰਾਜ ਸਭਾ ਦੇ 62 ਸੰਸਦ ਮੈਂਬਰਾਂ ਦੇ ਵੱਖ-ਵੱਖ ਕੰਪਨੀਆਂ ਵਿਚ ਹਿੱਤ ਸਨ ਜਿਨ੍ਹਾਂ ਵਿਚ ਉਨ੍ਹਾਂ ਨੂੰ ਡਾਇਰੈਕਟਰ (ਤਨਖਾਹ ਸਮੇਤ) ਨਿਯੁਕਤ ਕੀਤਾ ਗਿਆ ਸੀ। ਕਈ ਕੰਪਨੀਆਂ ਵਿਚ ਉਨ੍ਹਾਂ ਦੇ ਸ਼ੇਅਰਾਂ ਦੀ ਹਿੱਸੇਦਾਰੀ ਇੰਨੀ ਸੀ ਕਿ ਉਹ ਕੰਪਨੀ ਨੂੰ ਕੰਟਰੋਲ ਕਰਦੇ ਸਨ। ਉਹ ਕੰਪਨੀਆਂ ਨੂੰ ਪੈਸੇ ਬਦਲੇ ਪੇਸ਼ੇਵਰ ਸਲਾਹ-ਮਸ਼ਵਰਾ ਅਤੇ ਸੁਝਾਅ ਦਿੰਦੇ ਸਨ।


ਹੈਰਾਨੀ ਦੀ ਗੱਲ ਇਹ ਹੈ ਕਿ ਉਹ ਸੰਸਦ ਦੀਆਂ ਉਨ੍ਹਾਂ ਸਥਾਈ ਕਮੇਟੀਆਂ ਦੇ ਮੈਂਬਰ ਸਨ ਜਿਨ੍ਹਾਂ ਨਾਲ ਉਨ੍ਹਾਂ ਦੇ ਕਾਰੋਬਾਰੀ ਹਿੱਤ ਜੁੜੇ ਹੋਏ ਸਨ। ਇਸ ਦਾ ਮੁੱਖ ਕਾਰਨ ਇਹ ਹੈ ਕਿ ਇਸ ਖੇਡ ਦੇ ਕੋਈ ਨਿਯਮ ਨਹੀਂ ਹਨ। ਨੈਤਿਕਤਾ ਅਤੇ ਨੈਤਿਕ ਕਦਰਾਂ-ਕੀਮਤਾਂ ਦੀ ਹੁਣ ਕੋਈ ਅਹਿਮੀਅਤ ਨਹੀਂ ਰਹੀ। ਇਹ ਵੀ ਕੋਈ ਵੱਡੀ ਗੱਲ ਨਹੀਂ ਹੈ ਕਿ ਇਸ ਵਿਚੋਂ ਹਿੱਤ ਪੂਰਤੀ ਦੀ ਬੂ ਆਉਂਦੀ ਹੈ। ਸਵਾਲ ਇਹ ਵੀ ਉਠਦਾ ਹੈ ਕਿ ਨੇਤਾ ਦੇ ਜਨਤਕ ਅਤੇ ਨਿਜੀ ਜੀਵਨ ਨੂੰ ਅੱਡ ਕਰਨ ਵਾਲੀ ਰੇਖਾ ਕਿਹੜੀ ਹੈ? ਜੇ ਉਹ ਨਿਜੀ ਜੀਵਨ ਵਿਚ ਅਨੈਤਿਕ ਹਨ, ਤਾਂ ਕੀ ਜਨਤਕ ਜੀਵਨ ਵਿਚ ਨੈਤਿਕ ਹੋ ਸਕਦੇ ਹਨ? ਕੀ ਉਨ੍ਹਾਂ ਦੇ ਨਿਜੀ ਜੀਵਨ ਨਾਲ ਲੋਕਾਂ ਦਾ ਕੋਈ ਸਰੋਕਾਰ ਹੈ? ਕੀ ਸਿਆਸਤ ਬਹੁਤ ਜ਼ਿਆਦਾ ਨਿਜੀ ਬਣ ਗਈ ਹੈ ਜਾਂ ਕੀ ਨੇਤਾਵਾਂ ਨੂੰ ਆਪਣੇ ਕੰਮਾਂ ਦੀ ਮੀਡੀਆ ਵਲੋਂ ਡੂੰਘੀ ਸਮੀਖਿਆ ਕੀਤੇ ਜਾਣ ਦੀ ਉਮੀਦ ਕਰਨੀ ਚਾਹੀਦੀ ਹੈ? ਕੀ ਆਪਣੇ ਨੇਤਾਵਾਂ ਤੋਂ ਸਾਨੂੰ ਝੂਠੀਆਂ ਉਮੀਦਾਂ ਹਨ? ਮੁੱਦਾ ਇਹ ਨਹੀਂ ਹੈ ਕਿ ਗਡਕਰੀ ਨੇ ਨਾਸਮਝੀ ਵਾਲਾ ਕੰਮ ਕੀਤਾ, ਸਗੋਂ ਇਸ ਨਾਲ ਇਹ ਗੱਲ ਉਠਦੀ ਹੈ ਕਿ ਸਾਡੇ ਨੇਤਾਵਾਂ ਨੂੰ ਆਮ ਲੋਕਾਂ ਤੋਂ ਉਪਰ ਰਹਿਣਾ ਚਾਹੀਦਾ ਹੈ ਤਾਂ ਕਿ ਉਨ੍ਹਾਂ ਦਾ ਸਨਮਾਨ ਕੀਤਾ ਜਾ ਸਕੇ ਅਤੇ ਉਹ ਮਨੁੱਖੀ ਕਮਜ਼ੋਰੀਆਂ ਸਾਹਮਣੇ ਆਸਾਨੀ ਨਾਲ ਨਾ ਝੁਕਣ। ਨਾਲ ਹੀ ਕਿਸੇ ਵਿਅਕਤੀ ਦਾ ਜੇ ਨਿਜੀ ਜੀਵਨ ਸਾਫ-ਸੁਥਰਾ ਨਹੀਂ ਹੈ, ਤਾਂ ਉਸ ਦਾ ਜਨਤਕ ਜੀਵਨ ਵੀ ਕਦੇ ਸਾਫ-ਸੁਥਰਾ ਨਹੀਂ ਹੋ ਸਕਦਾ।

ਗਡਕਰੀ ਅਤੇ ਉਨ੍ਹਾਂ ਦੀ ਜਮਾਤ ਦੇ ਲੋਕ ਭੁੱਲ ਗਏ ਹਨ ਕਿ ਜੇ ਕੋਈ ਆਦਮੀ ਨਿਜੀ ਜੀਵਨ ਵਿਚ ਦਾਖਲ ਹੋ ਜਾਂਦਾ ਹੈ ਅਤੇ ਲੋਕਾਂ ਪ੍ਰਤੀ ਜੁਆਬਦੇਹ ਹੁੰਦਾ ਹੈ ਤਾਂ ਉਸ ਨੂੰ ਆਪਣੀ ਨਿੱਜਤਾ ਦੀ ਕੀਮਤ ਚੁਕਾਉਣੀ ਪੈਂਦੀ ਹੈ। ਆਮ ਆਦਮੀ ਨੂੰ ਆਪਣੇ ਨੇਤਾ ਬਾਰੇ ਸਭ ਕੁਝ ਜਾਣਨ ਦਾ ਹੱਕ ਹੈ ਕਿਉਂਕਿ ਨੇਤਾ ਦੀ ਤਨਖਾਹ ਦਾ ਭੁਗਤਾਨ ਆਮ ਆਦਮੀ ਵਲੋਂ ਦਿੱਤੇ ਜਾਂਦੇ ਟੈਕਸਾਂ ਵਿਚੋਂ ਹੀ ਕੀਤਾ ਜਾਂਦਾ ਹੈ। ਗਡਕਰੀ ਹੀ ਨਹੀਂ, ਸਗੋਂ ਸਾਰੇ ਨੇਤਾ ਜੁਆਬਦੇਹੀ ਦਾ ਵਿਰੋਧ ਕਰਦੇ ਹਨ। ਉਹ ਸਰਕਾਰੀ ਸਹੂਲਤਾਂ ਦੇ ਲਾਭ ਉਠਾਉਂਦੇ ਹਨ। ਇਸੇ ਕਰ ਕੇ ਪੂਰੀ ਸਰਕਾਰੀ ਪ੍ਰਣਾਲੀ ਵਿਚ ਨਿਜੀ-ਜਨਤਕ ਭਾਈਵਾਲੀ ਸ਼ੁਰੂ ਕੀਤੀ ਗਈ ਹੈ। ਗਡਕਰੀ ਕਾਂਡ ਦੀ ਤ੍ਰਾਸਦੀ ਇਹ ਹੈ ਕਿ ਹੁਣ ਵੀ ਨੇਤਾਵਾਂ ਦੇ ਨਜ਼ਰੀਏ ਵਿਚ ਕੋਈ ਫਰਕ ਨਹੀਂ ਆਇਆ ਹੈ ਤੇ ਨਾ ਹੀ ਉਨ੍ਹਾਂ ਨੂੰ ਕੋਈ ਪਛਤਾਵਾ ਹੈ।

ਜਨਤਾ ਚਾਹੁੰਦੀ ਹੈ ਕਿ ਸਿਆਸਤ ਤੇ ਨੇਤਾ ਸਵੱਛ ਹੋਣ। ਜਿਵੇਂ ਪ੍ਰਧਾਨ ਮੰਤਰੀ ਮੋਦੀ ਵਾਰ-ਵਾਰ ਕਹਿੰਦੇ ਹਨ ਕਿ ਉਹ ਭ੍ਰਿਸ਼ਟਾਚਾਰ ਤੋਂ ਮੁਕਤ ਭਾਰਤ ਚਾਹੁੰਦੇ ਹਨ, ਉਨ੍ਹਾਂ ਲਈ ਲੋਕਤੰਤਰ ਸਭ ਤੋਂ ਉਪਰ ਹੈ; ਫਿਰ ਸਾਨੂੰ ਆਪਣੇ ਜਨਤਕ ਚਿਹਰਿਆਂ ਦੇ ਮੁਖੌਟੇ ਦਾ ਪਰਦਾਫਾਸ਼ ਕਰਨਾ ਪਵੇਗਾ। ਜਮਹੂਰੀ ਢਾਂਚੇ ਵਿਚ ਜੁਆਬਦੇਹੀ ਲਾਜ਼ਮੀ ਹੈ, ਨਹੀਂ ਤਾਂ ਨੇਤਾਵਾਂ ਨੂੰ ਲੋਕਾਂ ਦੇ ਗੁੱਸੇ ਦਾ ਸ਼ਿਕਾਰ ਬਣਨ ਲਈ ਤਿਆਰ ਰਹਿਣਾ ਚਾਹੀਦਾ ਹੈ।

# ਲੋਕਾਂ ਦਾ ਨਾ ਦੁੱਧ ਵਿਕਦਾ, ਤੇਰਾ ਵਿਕਦਾ ਜੈ ਕੂਰੇ ਪਾਣੀ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

27 ਫਰਵਰੀ ਦੇ ਦਿਨ ਭਾਰਤ ਦੀ ਪਾਰਲੀਮੈਂਟ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇੱਕ ਗੱਲ ਇਹ ਕਹੀ ਕਿ ਐਵੇਂ ਭਰਮ ਕਰਨ ਦੀ ਲੋੜ ਨਹੀਂ, ਪਿਛਲੀ ਸਰਕਾਰ ਦੀ ਮਨਰੇਗਾ ਸਕੀਮ ਅਸੀਂ ਬੰਦ ਨਹੀਂ ਕਰ ਰਹੇ, ਕਾਂਗਰਸ ਦੀ ਨਾਕਾਮੀ ਦੀ ਯਾਦਗਾਰ ਦੇ ਤੌਰ ਉਤੇ ਅਸਾਂ ਇਹ ਕਾਇਮ ਰੱਖਣੀ ਤੇ ਇਸ ਦਾ ਢੰਡੋਰਾ ਪਿੱਟਣਾ ਹੈ। ਕਾਂਗਰਸ ਬਾਰੇ ਨਰਿੰਦਰ ਮੋਦੀ ਜਾਂ ਕੋਈ ਹੋਰ ਕੁਝ ਕਹਿ ਦੇਵੇ, ਕਾਂਗਰਸ ਵਾਲੇ ਆਪ ਜਵਾਬ ਦਿੰਦੇ ਰਹਿਣ, ਉਸ ਪਾਰਟੀ ਦੇ ਨਾਲ ਸਾਡੇ ਵਰਗੇ ਲੋਕਾਂ ਦੀ ਕੋਈ ਹਮਦਰਦੀ ਨਹੀਂ। ਜਿਹੜੀ ਕਾਂਗਰਸ ਪਾਰਟੀ ਵਿਚ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਨਹਿਰੂ ਦਾ ਜਵਾਈ ਇਸ ਗੱਲ ਲਈ ਸਿਰ ਉਚਾ ਕਰ ਕੇ ਕੂਕਿਆ ਸੀ ਕਿ ਭ੍ਰਿਸ਼ਟਾਚਾਰੀਆਂ ਦਾ ਲਿਹਾਜ ਨਹੀਂ ਕਰਨਾ ਚਾਹੀਦਾ, ਉਸੇ ਕਾਂਗਰਸ ਪਾਰਟੀ ਦੀ ਅਜੋਕੀ ਪ੍ਰਧਾਨ ਆਪਣੇ ਮਹਾਂ ਭ੍ਰਿਸ਼ਟ ਜਵਾਈ ਦੇ ਬਚਾਅ ਲਈ ਪਾਰਟੀ ਨੂੰ ਕੂੜੇ ਦੇ ਢੇਰ ਉਤੇ ਸੁੱਟਣ ਤੁਰ ਪਈ ਹੈ। ਏਦਾਂ ਦੀ ਪਾਰਟੀ ਦੇ ਬਚਾਅ ਖਾਤਰ ਕੋਈ ਦੂਸਰਾ ਐਵੇਂ ਸਿਰ ਫਸਾਉਣ ਦੀ ਲੋੜ ਨਹੀਂ ਸਮਝੇਗਾ। ਪਾਰਟੀ ਲੀਡਰ ਮਲਿਕ ਅਰਜੁਨ ਖੜਗੇ ਨੇ ਜ਼ਿਮੇਵਾਰੀ ਨਿਭਾਈ ਹੈ ਅਤੇ ਨਰਿੰਦਰ ਮੋਦੀ ਨੂੰ ਸ਼ੀਸ਼ਾ ਵਿਖਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਜੇ ਮਨਰੇਗਾ ਸਾਰੇ ਭਾਰਤ ਵਿਚ ਕਾਂਗਰਸ ਦੀ ਨਾਕਾਮੀ ਦਾ ਮੈਮੋਰੀਅਲ ਹੈ ਤਾਂ ਜਿਸ ਗੁਜਰਾਤ ਵਿਚ ਤੁਹਾਡਾ ਰਾਜ ਸੀ, ਉਥੇ ਗਰੀਬੀ ਤੁਹਾਥੋਂ ਦੂਰ ਕਿਉਂ ਨਾ ਕੀਤੀ ਜਾ ਸਕੀ? ਖੜਗੇ ਦਾ ਏਨਾ ਕੁ ਜਵਾਬ ਕਾਫੀ ਹੈ, ਜਿਸ ਨਾਲ ਕਾਂਗਰਸ ਹਾਈ ਕਮਾਨ ਕੋਲ ਵੀ ਉਸ ਦੇ ਲੋੜ ਜੋਗੇ ਨੰਬਰ ਬਣ ਗਏ ਹੋਣਗੇ।

ਮਨਰੇਗਾ ਕਿਸੇ ਕਾਂਗਰਸੀ ਦੇ ਦਿਮਾਗ ਦੀ ਕਾਢ ਨਹੀਂ ਸੀ। ਜਦੋਂ ਮਨਮੋਹਨ ਸਿੰਘ ਦੀ ਪਹਿਲੀ ਸਰਕਾਰ ਬਣੀ ਤਾਂ ਖੱਬੇ ਪੱਖੀਆਂ ਦੇ ਆਸਰੇ ਚੱਲਦੀ ਹੋਣ ਕਰ ਕੇ ਉਨ੍ਹਾਂ ਨੇ ਮੰਗ ਉਠਾਈ ਸੀ ਕਿ ਪੇਂਡੂ ਗਰੀਬਾਂ ਨੂੰ ਰੁਜ਼ਗਾਰ ਦੇਣ ਦੀ ਗਾਰੰਟੀ ਦਾ ਕਾਨੂੰਨ ਬਣਾਇਆ ਜਾਣਾ ਚਾਹੀਦਾ ਹੈ। ਉਦੋਂ ਇਸ ਨੂੰ 'ਨਰੇਗਾ' (ਨੈਸ਼ਨਲ ਰੂਰਲ ਇੰਪਲਾਈਮੈਂਟ ਗਾਰੰਟੀ ਐਕਟ) ਵਜੋਂ ਜਾਣਿਆ ਜਾਂਦਾ ਸੀ ਤੇ ਅਗਲੀ ਵਾਰੀ ਜਦੋਂ ਕਾਂਗਰਸ ਨੇ ਖੱਬੇ ਪੱਖੀਆਂ ਤੋਂ ਬਿਨਾਂ ਸਰਕਾਰ ਬਣਾ ਲਈ ਤਾਂ ਇਸ ਦੇ ਮੁੱਢ ਵਿਚ ਮਹਾਤਮਾ ਗਾਂਧੀ ਜੋੜ ਕੇ ਨਰੇਗਾ ਤੋਂ ਮਨਰੇਗਾ ਬਣਾ ਦਿੱਤਾ ਸੀ। ਇਸ ਕਾਨੂੰਨ ਨੂੰ ਮਾੜਾ ਨਹੀਂ ਆਖਿਆ ਜਾ ਸਕਦਾ। ਦੇਸ਼ ਦੇ ਉਨ੍ਹਾਂ ਪੇਂਡੂ ਗਰੀਬਾਂ ਦੀ ਇਹ ਲੋੜ ਸੀ, ਜਿਹੜੇ ਹਰ ਰਾਜ ਵਿਚ ਹਨ।

ਅਸੀਂ ਕਈ ਵਕੀਲਾਂ ਬਾਰੇ ਸੁਣਦੇ ਰਹਿੰਦੇ ਹਾਂ ਕਿ ਉਹ ਜਦੋਂ ਬਹਿਸ ਕਰਨ ਤਾਂ ਪੀੜਤ ਨੂੰ ਦੋਸ਼ੀ ਅਤੇ ਦੋਸ਼ੀ ਨੂੰ ਪੀੜਤ ਸਾਬਤ ਕਰ ਸਕਦੇ ਹਨ। ਨਰਿੰਦਰ ਮੋਦੀ ਨੂੰ ਸਾਬਤ ਕਰਨ ਦੀ ਲੋੜ ਨਹੀਂ, ਉਹ ਏਦਾਂ ਦੇ ਦਾਅਵੇ ਵੀ ਕਰ ਜਾਂਦਾ ਹੈ, ਜਿਹੜੇ ਨਿਰਾ ਝੂਠ ਹੋਣ ਤੇ ਸਾਹਮਣੇ ਬੈਠੇ ਲੋਕਾਂ ਵਲੋਂ ਕਿੰਤੂ ਕੀਤੇ ਜਾਣ ਦੀ ਪ੍ਰਵਾਹ ਵੀ ਕਦੇ ਨਹੀਂ ਕਰਦਾ। ਗੁਜਰਾਤ ਦਾ ਮੁੱਖ ਮੰਤਰੀ ਹੁੰਦਿਆਂ ਉਸ ਨੇ ਇੱਕ ਵਾਰੀ ਇਹ ਕਹਿ ਦਿੱਤਾ ਸੀ ਕਿ ਮੇਰੀ ਸਰਕਾਰ ਹੋਣ ਕਾਰਨ ਦਿੱਲੀ ਦੇ ਲੋਕ ਗੁਜਰਾਤ ਦਾ ਦੁੱਧ ਪੀਂਦੇ ਹਨ। ਇਹ ਅੱਧਾ ਕੁ ਸੱਚ ਸੀ। ਦਿੱਲੀ ਨੂੰ ਅਮੁੱਲ ਕੰਪਨੀ ਦੁੱਧ ਸਪਲਾਈ ਕਰਦੀ ਹੈ, ਉਹ ਗੁਜਰਾਤ ਦੀ ਹੈ, ਪਰ ਆਨੰਦ ਸ਼ਹਿਰ ਦੇ ਨਾਂ ਉਤੇ ਬਣਾਈ 'ਆਨੰਦ ਮਿਲਕ ਯੂਨੀਅਨ ਲਿਮਟਿਡ' (ਅਮੂਲ) ਜਦੋਂ ਪਹਿਲੀ ਦਸੰਬਰ 1946 ਵਿਚ ਹੋਂਦ ਵਿਚ ਆਈ ਸੀ, ਉਦੋਂ ਨਰਿੰਦਰ ਮੋਦੀ ਨਾਂ ਦਾ ਬੰਦਾ ਅਜੇ ਦੁਨੀਆਂ ਉਤੇ ਨਹੀਂ ਸੀ ਆਇਆ। ਉਸ ਦਾ ਜਨਮ ਸਤੰਬਰ 1950 ਦਾ ਹੈ। ਦਿੱਲੀ ਨੂੰ ਅਮੂਲ ਦੀ ਦੁੱਧ ਸਪਲਾਈ ਵੀ ਉਸ ਦੇ ਮੁੱਖ ਮੰਤਰੀ ਬਣਨ ਤੋਂ ਪਹਿਲਾਂ ਸ਼ੁਰੂ ਹੋ ਗਈ ਸੀ। ਫਿਰ ਵੀ ਇਹ ਗੱਲ ਕੱਟਣ ਦੀ ਕਿਸੇ ਦੀ ਹਿੰਮਤ ਇਸ ਲਈ ਨਹੀਂ ਪਈ ਕਿ ਕਹਿਣ ਵਾਲਾ ਨਰਿੰਦਰ ਮੋਦੀ ਸੀ, ਜਿਸ ਨੂੰ ਕੁਝ ਵੀ ਕਹੀ ਜਾਣ ਦਾ ਹੱਕ ਹੈ।



ਕਾਂਗਰਸ ਆਗੂ ਮਲਿਕ ਅਰਜੁਨ ਖੜਗੇ ਜਦੋਂ ਗੁਜਰਾਤ ਦੀ ਗੱਲ ਕਰਦਾ ਹੈ ਕਿ ਉਥੇ ਵੀ ਗਰੀਬੀ ਹੈ ਤਾਂ ਇਸ ਦੇ ਨਾਲ ਉਹ ਆਪਣੀ ਪਾਰਟੀ ਦੀਆਂ ਸਰਕਾਰਾਂ ਦੀ ਨਾਕਾਮੀ ਨਹੀਂ ਢੱਕ ਸਕਦਾ। ਉਸ ਦੀ ਕੋਸ਼ਿਸ਼ ਨਾਲ ਇਹੋ ਸਾਫ ਹੁੰਦਾ ਹੈ ਕਿ ਜੇ ਅਸੀਂ ਨਹੀਂ ਕਰ ਸਕੇ ਤਾਂ ਹੋਰ ਕਿਸੇ ਨੇ ਵੀ ਲੋਕਾਂ ਲਈ ਕੁਝ ਨਹੀਂ ਕੀਤਾ। ਸੱਚ ਵੀ ਇਹੋ ਹੈ। ਪੰਜਵੀਂ ਵਾਰ ਪੰਜਾਬ ਦਾ ਮੁੱਖ ਮੰਤਰੀ ਬਣ ਕੇ ਜਦੋਂ ਪ੍ਰਕਾਸ਼ ਸਿੰਘ ਬਾਦਲ ਇਹ ਕਹਿੰਦਾ ਹੈ ਕਿ ਮੇਰੀ ਸਰਕਾਰ ਗਰੀਬਾਂ ਨੂੰ ਸਸਤਾ ਆਟਾ ਤੇ ਸਸਤੀ ਦਾਲ ਦੇਵੇਗੀ ਤੇ ਉਨ੍ਹਾਂ ਦੀਆਂ ਧੀਆਂ ਲਈ ਸਾਈਕਲ ਦੇਵੇਗੀ ਤਾਂ ਉਸ ਨੂੰ ਅੱਗੋਂ ਕੋਈ ਇਹ ਨਹੀਂ ਪੁੱਛਦਾ ਕਿ ਇਨ੍ਹਾਂ ਨੂੰ ਮੁਫਤ ਮਿਲਣ ਵਾਲਾ ਪ੍ਰਸ਼ਾਦ ਕਿੰਨੇ ਦਹਾਕੇ ਵਿਖਾਈ ਜਾਣਾ ਹੈ? ਕੀ ਇਨ੍ਹਾਂ ਨੂੰ ਇਸ ਲਈ ਗਰੀਬ ਰੱਖਿਆ ਜਾਂਦਾ ਹੈ ਕਿ ਚੋਣਾਂ ਵਿਚ ਇਨ੍ਹਾਂ ਲਈ ਮੁਫਤ ਦੀਆਂ ਚੀਜ਼ਾਂ ਦਾ ਐਲਾਨ ਕਰ ਕੇ ਵੋਟਾਂ ਬਟੋਰਨ ਵਾਸਤੇ ਰਾਹ ਖੁੱਲ੍ਹਾ ਰਹਿ ਸਕੇ? ਅੰਗਰੇਜ਼ੀ ਦੀ ਕਹਾਵਤ ਹੈ ਕਿ ਭੁੱਖੇ ਨੂੰ ਖਾਣ ਲਈ ਮੱਛੀ ਦੇਣ ਦੀ ਲੋੜ ਨਹੀਂ, ਸਗੋਂ ਉਸ ਨੂੰ ਮੱਛੀ ਫੜਨ ਦੀ ਜਾਚ ਸਿਖਾਓ, ਤਾਂ ਕਿ ਉਹ ਭਲਕੇ ਫਿਰ ਤੁਹਾਡੇ ਵੱਲ ਨਾ ਝਾਕਦਾ ਰਹੇ ਅਤੇ ਆਪ ਫੜ ਕੇ ਖਾਣ ਦਾ ਪ੍ਰਬੰਧ ਕਰ ਸਕੇ। ਸਰਕਾਰ ਕੇਂਦਰ ਦੀ ਹੋਵੇ ਜਾਂ ਕਿਸੇ ਰਾਜ ਦੀ, ਇਹ ਪ੍ਰਬੰਧ ਕਿਸੇ ਨੂੰ ਵੀ ਸੂਤ ਨਹੀਂ ਬੈਠਦਾ। ਰਾਜ-ਗੱਦੀ ਸਾਂਭ ਚੁੱਕੀ ਜਾਂ ਸਾਂਭਣ ਦੀ ਝਾਕ ਰੱਖਦੀ ਹਰ ਪਾਰਟੀ ਨੂੰ ਵੋਟਾਂ ਦੀ ਲੋੜ ਹੈ ਅਤੇ ਵੋਟਾਂ ਲੈਣ ਲਈ ਇਹ ਆਗੂ ਲਾਰਿਆਂ ਦੀ ਗੁੰਜਾਇਸ਼ ਰੱਖਦੇ ਹਨ। ਪਾਰਲੀਮੈਂਟ ਵਿਚ ਇਹ ਗੱਲ ਕਿਸੇ ਨੇ ਮੋਦੀ ਨੂੰ ਨਹੀਂ ਆਖੀ।

ਆਮ ਆਦਮੀ ਸਿਆਸਤ ਦੇ ਉਨ੍ਹਾਂ ਖਿਡਾਰੀਆਂ ਵਿਚਾਲੇ ਫੁੱਟਬਾਲ ਬਣਿਆ ਪਿਆ ਹੈ, ਜਿਨ੍ਹਾਂ ਨੂੰ ਕਦੀ ਸ਼ਰਮ ਦਾ ਅਹਿਸਾਸ ਨਹੀਂ ਹੁੰਦਾ। ਜਦੋਂ ਮੋਦੀ ਸਾਹਿਬ ਇਹ ਗੱਲਾਂ ਕਹਿੰਦੇ ਹਨ ਕਿ ਭਾਰਤ ਵਿਚ ਗਰੀਬੀ ਕਾਂਗਰਸ ਪਾਰਟੀ ਦੀ ਨਾਕਾਮੀ ਦਾ ਸਬੂਤ ਹੈ ਤਾਂ ਇਸ ਵਿਚ ਬਿਨਾਂ ਸ਼ੱਕ ਕਾਂਗਰਸ ਦੀ ਨਾਕਾਮੀ ਹੋਰਨਾਂ ਤੋਂ ਵੱਧ ਹੈ, ਪਰ ਇਹ ਕਾਂਗਰਸ ਪਾਰਟੀ ਇਕੱਲੀ ਦੀ ਨਾਕਾਮੀ ਦਾ ਸਬੂਤ ਨਹੀਂ। ਆਜ਼ਾਦੀ ਮਿਲਣ ਮਗਰੋਂ ਪੰਜਾਬ ਵਿਚ ਇੱਕੀ ਤੋਂ ਵੱਧ ਸਾਲ ਅਕਾਲੀ ਦਲ ਦਾ ਕਦੇ ਇਕੱਲਿਆਂ ਤੇ ਕਦੀ ਕਿਸੇ ਨਾਲ ਭਾਈਵਾਲੀ ਦਾ ਰਾਜ ਰਿਹਾ ਹੈ। ਦੇਸ਼ ਦੀ ਕੇਂਦਰ ਸਰਕਾਰ ਵਿਚ ਵੀ ਬਾਰਾਂ ਕੁ ਸਾਲ ਹੋਰ ਪਾਰਟੀਆਂ ਦੀ ਅਗਵਾਈ ਹੇਠ ਇਹ ਭਾਈਵਾਲ ਰਹੀ ਹੈ। ਗਰੀਬੀ ਹਟਾਉਣ ਲਈ ਉਨ੍ਹਾਂ ਵੀ ਕੁਝ ਖਾਸ ਯਤਨ ਨਹੀਂ ਸੀ ਕੀਤੇ। 'ਨੱਥਾ ਸਿੰਘ, ਪ੍ਰੇਮ ਸਿੰਘ, ਵੰਨ ਐਂਡ ਦਾ ਸੇਮ ਥਿੰਗ' ਦਾ ਫਾਰਮੂਲਾ ਹੀ ਸਭ ਥਾਂ ਰਿਹਾ ਹੈ।

ਪ੍ਰਾਪਤ ਅੰਕੜਿਆਂ ਮੁਤਾਬਕ ਸਭ ਤੋਂ ਵੱਧ ਗਰੀਬੀ ਛੱਤੀਸਗੜ੍ਹ ਵਿਚ ਹੈ, ਜਿੱਥੇ ਪਿਛਲੇ ਬਾਰਾਂ ਸਾਲਾਂ ਤੋਂ ਭਾਜਪਾ ਦਾ ਰਮਨ ਸਿੰਘ ਰਾਜ ਕਰੀ ਜਾ ਰਿਹਾ ਹੈ, ਪਰ ਗਰੀਬੀ ਦਾ ਹੱਲ ਨਹੀਂ ਪੇਸ਼ ਕਰ ਸਕਿਆ। ਜਿਸ ਮੱਧ ਪ੍ਰਦੇਸ਼ ਵਿਚ ਪਿਛਲੇ ਕਰੀਬ ਗਿਆਰਾਂ ਵਰ੍ਹਿਆਂ ਤੋਂ ਭਾਜਪਾ ਦੇ ਮੁੱਖ ਮੰਤਰੀ ਰਾਜ ਕਰ ਰਹੇ ਹਨ, ਉਥੇ ਵੀ ਗਰੀਬੀ ਰੇਖਾ ਤੋਂ ਹੇਠਾਂ ਵੱਸਦੇ ਲੋਕਾਂ ਦੀ ਗਿਣਤੀ ਅਜੇ ਤੱਕ ਇਕੱਤੀ ਫੀਸਦੀ ਤੋਂ ਵੱਧ ਹੈ। ਏਨੀ ਲੰਮੀ ਸਿਆਸੀ ਸਰਦਾਰੀ ਪਿੱਛੋਂ ਵੀ ਗਰੀਬੀ ਤਾਂ ਉਹ ਦੂਰ ਨਹੀਂ ਕਰ ਸਕੇ, ਪਰ ਗਰੀਬਾਂ ਦਾ ਜਲੂਸ ਕੱਢਣ ਲਈ ਉਨ੍ਹਾਂ ਦੇ ਘਰਾਂ ਉਤੇ ਇਹ ਲਿਖ ਦਿੱਤਾ ਸੀ ਕਿ ਇਹ ਗਰੀਬੀ ਰੇਖਾ ਤੋਂ ਹੇਠਾਂ ਵਾਲੇ ਲੋਕ ਹਨ, ਜਿਨ੍ਹਾਂ ਦਾ ਗੁਜ਼ਾਰਾ ਸਰਕਾਰ ਦੀ ਖੈਰਾਤ ਨਾਲ ਚੱਲਦਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਜਿਹੜੇ ਢੰਗ ਨਾਲ ਹੁਣ ਇਹ ਗੱਲ ਆਖੀ ਹੈ, ਕਈਆਂ ਲਈ ਸ਼ਰਮ ਦਾ ਕਾਰਨ ਹੋ ਸਕਦੀ ਹੈ।

ਜੀ ਹਾਂ, ਇਹ ਗੱਲ ਕਈਆਂ ਲਈ ਸ਼ਰਮ ਦਾ ਮੁੱਦਾ ਹੋ ਸਕਦੀ ਹੈ, ਪਰ ਹੁੰਦੀ ਕਦੇ ਨਹੀਂ। ਜਦੋਂ ਉਹ ਕਾਂਗਰਸ ਦੇ ਰਾਜ ਵਿਚ ਗਰੀਬੀ ਦੀ ਇਸ ਹਾਲਤ ਅਤੇ ਕਾਂਗਰਸ ਪਾਰਟੀ ਦੀ ਨਾਕਾਮੀ ਦੀ ਗੱਲ ਕਰਦੇ ਹਨ ਤਾਂ ਉਨ੍ਹਾਂ ਦੇ ਨਾਲ ਕੁਝ ਉਹ ਲੋਕ ਬੈਠੇ ਹੁੰਦੇ ਹਨ, ਜਿਨ੍ਹਾਂ ਨੇ ਅੱਧੀ ਤੋਂ ਵੱਧ ਉਮਰ ਕਾਂਗਰਸ ਵਿਚ ਬਿਤਾਈ ਸੀ। ਨਜਮਾ ਹੈਪਤੁਲਾ ਤੋਂ ਰਾਓ ਇੰਦਰਜੀਤ ਸਿੰਘ ਤੱਕ ਸਾਰੇ ਪਹਿਲਾਂ ਕਾਂਗਰਸ ਵਿਚ ਹੁੰਦੇ ਸਨ ਅਤੇ ਹੁਣ ਜਦੋਂ ਨਰਿੰਦਰ ਮੋਦੀ ਕਾਂਗਰਸ ਦਾ ਤਵਾ ਲਾਉਂਦਾ ਹੈ ਤਾਂ ਤਾੜੀਆਂ ਮਾਰਦੇ ਹਨ। ਇੱਕ ਵਾਰੀ ਲੋਕ ਸਭਾ ਵਿਚ ਅਟਲ ਬਿਹਾਰੀ ਵਾਜਪਾਈ ਨੇ ਕਾਂਗਰਸ ਦੇ ਜੈਪਾਲ ਰੈਡੀ ਵਲੋਂ ਉਠਾਏ ਮੁੱਦਿਆਂ ਦਾ ਢੁਕਵਾਂ ਜਵਾਬ ਦੇਣ ਦੀ ਥਾਂ ਇਹ ਕਹਿ ਕੇ ਉਸ ਨੂੰ ਠਿੱਠ ਕੀਤਾ ਸੀ ਕਿ ਮੈਂ ਤੇਰੇ ਵਾਂਗ ਪਾਰਟੀ ਕਦੀ ਨਹੀਂ ਬਦਲੀ। ਵਾਜਪਾਈ ਦੇ ਪਿੱਛੇ ਤਾੜੀ ਮਾਰਨ ਵਾਲਿਆਂ ਵਿਚ ਸੁਸ਼ਮਾ ਸਵਰਾਜ ਵੀ ਸੀ ਅਤੇ ਮੇਨਕਾ ਗਾਂਧੀ ਵੀ, ਜਿਨ੍ਹਾਂ ਨੇ ਆਪ ਦਲ-ਬਦਲੀ ਕੀਤੀ ਹੋਈ ਸੀ। ਭਾਜਪਾ ਆਗੂ ਲਾਲ ਕ੍ਰਿਸ਼ਨ ਅਡਵਾਨੀ ਨੇ ਐਮਰਜੈਂਸੀ ਦੇ ਦੁਖਾਂਤ ਬਾਰੇ ਲਿਖੀ ਕਿਤਾਬ ਦੀ ਜਦੋਂ ਘੁੰਡ-ਚੁਕਾਈ ਕਰਵਾਈ, ਉਸ ਵਿਚ ਸੰਜੇ ਗਾਂਧੀ ਦੇ ਖਿਲਾਫ ਕਈ ਕੁਝ ਲਿਖਿਆ ਸੀ, ਪਰ ਮੇਨਕਾ ਗਾਂਧੀ ਆਪਣੇ ਪਤੀ ਦਾ ਗੁੱਡਾ ਬੰਨ੍ਹਣ ਵਾਲੀ ਉਸ ਕਿਤਾਬ ਦੇ ਰਿਲੀਜ਼ ਸਮਾਗਮ ਵਿਚ ਸਤਿਕਾਰਤ ਮਹਿਮਾਨ ਬਣ ਕੇ ਗਈ ਸੀ। ਲੋਕ ਨੁੱਕਰਾਂ ਵਿਚ ਖੜੇ ਹੋ ਕੇ ਗੱਲਾਂ ਕਰਦੇ ਸਨ, ਮੇਨਕਾ ਕਿਸੇ ਦੀ ਪ੍ਰਵਾਹ ਕੀਤੇ ਬਿਨਾਂ 'ਅੱਜ' ਵਿਚ ਜਿਊਣ ਤੇ ਰਾਜ ਮਾਨਣ ਨੂੰ ਪਹਿਲ ਦੇ ਰਹੀ ਸੀ। ਕਈ ਲੋਕ ਹੁਣ ਮੋਦੀ ਦੇ ਨਾਲ ਜੁੜ ਕੇ ਵੀ 'ਅੱਜ' ਵਿਚ ਜਿਊਣ ਦੀ ਕੋਸ਼ਿਸ਼ ਕਰਦੇ ਹਨ ਤੇ ਭਾਰਤ ਦੇ ਲੋਕਾਂ ਦੇ ਸਿਰ ਜਿੰਨੇ ਵੀ ਦੁਖਾਂਤ ਅਤੇ ਦੁੱਖੜੇ ਪੈਂਦੇ ਹਨ, ਉਹ ਸਾਰੇ ਦੁੱਖੜੇ ਤੇ ਦੁਖਾਂਤ ਇਹੋ ਜਿਹੇ ਸਿਆਸੀ ਮੈਦਾਨ ਦੇ ਫਸਲੀ ਬਟੇਰਿਆਂ ਕਾਰਨ ਹੀ ਹਨ।

ਭਾਰਤ ਦੀ ਸਿਆਸਤ ਵਿਚ ਸਭ ਤੋਂ ਵੱਧ ਕਾਮਯਾਬ ਉਹ ਬੰਦਾ ਹੈ, ਜਿਹੜਾ ਲੋਕਾਂ ਨੂੰ ਹਰ ਵਾਰੀ ਇਸ ਤਰ੍ਹਾਂ ਦੇ ਸਬਜ਼ ਬਾਗ ਵਿਖਾਵੇ ਤੇ ਏਨੀ ਕੁ ਤੇਜ਼ੀ ਨਾਲ ਵਿਖਾਵੇ ਕਿ ਲੋਕ ਹੋਰ ਕੁਝ ਸੋਚ ਹੀ ਨਾ ਸਕਣ। ਇੱਕ ਵਾਰੀ ਪੰਜਾਬ ਵਿਚ ਇਹ ਹੋਇਆ ਕਿ ਇੱਕ ਕਾਂਗਰਸੀ ਤੇ ਅਕਾਲੀ ਦੀ ਮੁਕਾਬਲੇਬਾਜ਼ੀ ਵਿਚ ਅਕਾਲੀ ਜਿੱਤ ਗਿਆ ਅਤੇ ਇਹ ਕਹਿ ਕੇ ਜਿੱਤ ਗਿਆ ਕਿ ਕਾਂਗਰਸ ਨਾਲ ਦੀ ਲੋਕਾਂ ਦੀ ਦੁਸ਼ਮਣ ਕੋਈ ਪਾਰਟੀ ਹੈ ਹੀ ਨਹੀਂ। ਦੂਸਰੀ ਵਾਰ ਹਲਕਾ ਵੀ ਉਹੋ ਤੇ ਬੰਦੇ ਵੀ ਉਹੋ ਦੋਵੇਂ, ਪਰ ਇੱਕ ਫਰਕ ਪੈ ਗਿਆ ਕਿ ਪਿਛਲੀ ਵਾਰ ਦਾ ਹਾਰਿਆ ਕਾਂਗਰਸ ਆਗੂ ਤਾਂ ਅਕਾਲੀ ਦਲ ਵਲੋਂ ਉਮੀਦਵਾਰ ਬਣ ਗਿਆ ਤੇ ਉਦੋਂ ਜਿੱਤਿਆ ਅਕਾਲੀ ਇਸ ਵਾਰੀ ਕਾਂਗਰਸ ਉਮੀਦਵਾਰ ਵਲੋਂ ਕਹਿੰਦਾ ਫਿਰੇ ਕਿ ਆਜ਼ਾਦੀ ਲਹਿਰ ਦੇ ਦਿਨਾਂ ਤੋਂ ਕਾਂਗਰਸ ਨੇ ਲੋਕਾਂ ਦੀ ਸੇਵਾ ਕੀਤੀ ਹੈ, ਅਕਾਲੀਆਂ ਨੇ ਲੋਕ ਸੇਵਾ ਦੀ ਕਦੀ ਗੱਲ ਹੀ ਨਹੀਂ ਕੀਤੀ। ਕਮਾਲ ਦੀ ਗੱਲ ਇਹ ਕਿ ਪਿਛਲੀ ਵਾਰ ਅਕਾਲੀਆਂ ਵਲੋਂ ਜਿੱਤ ਚੁੱਕਾ ਬੰਦਾ ਇਸ ਵਾਰੀ ਅਕਾਲੀਆਂ ਨੂੰ ਭੰਡ ਕੇ ਕਾਂਗਰਸ ਵਲੋਂ ਜਿੱਤ ਗਿਆ ਅਤੇ ਦੂਸਰਾ ਬੰਦਾ ਦੋਵਾਂ ਪਾਰਟੀਆਂ ਤੋਂ ਟਿਕਟ ਲੈ ਕੇ ਦੋਵੇਂ ਵਾਰੀ ਹਾਰ ਗਿਆ, ਕਿਉਂਕਿ ਉਹ ਲਿਫਾਫੇਬਾਜ਼ੀ ਕਰਨ ਵਿਚ ਜਿੱਤਣ ਵਾਲੇ ਤੋਂ ਊਣਾ ਸੀ।

ਨਰਿੰਦਰ ਮੋਦੀ ਇਸ ਵਕਤ ਭਾਰਤ ਦਾ ਪ੍ਰਧਾਨ ਮੰਤਰੀ ਹੈ। ਉਹ ਹੁਣ ਇਕੱਲੀ ਭਾਜਪਾ ਦਾ ਆਗੂ ਨਹੀਂ, ਸਾਰੇ ਦੇਸ਼ ਦੇ ਲੋਕਾਂ ਦਾ ਪ੍ਰਧਾਨ ਮੰਤਰੀ ਹੈ, ਜਿਨ੍ਹਾਂ ਵਿਚ ਅਸੀਂ ਲੋਕ ਵੀ ਸ਼ਾਮਲ ਹਾਂ। ਪ੍ਰਧਾਨ ਮੰਤਰੀ ਉਹ ਇਸ ਲਈ ਨਹੀਂ ਬਣ ਗਿਆ ਕਿ ਉਸ ਦਾ ਰਿਕਾਰਡ ਚੰਗਾ ਜਾਂ ਅਕਸ ਵਧੀਆ ਸੀ ਜਾਂ ਉਸ ਕੋਲ ਅਕਲ ਦੂਸਰਿਆਂ ਤੋਂ ਵੱਧ ਨਜ਼ਰ ਆਈ ਸੀ। ਪੰਜਾਬ ਦੇ ਲੋਕਾਂ ਤੋਂ ਕੁੱਟ ਖਾ ਕੇ ਪਿੱਛੇ ਪਰਤ ਗਏ ਸਿਕੰਦਰ ਬਾਦਸ਼ਾਹ ਨੂੰ ਹਰਾਉਣ ਦਾ ਸਿਹਰਾ ਤਾਂ ਮੋਦੀ ਉਸ ਬਿਹਾਰ ਦੇ ਲੋਕਾਂ ਨੂੰ ਦੇਈ ਜਾਂਦਾ ਸੀ, ਜਿੱਥੇ ਸਿਕੰਦਰ ਕਦੇ ਗਿਆ ਹੀ ਨਹੀਂ ਸੀ। ਇਸ ਦੇ ਬਾਵਜੂਦ ਮੋਦੀ ਜੇ ਜਿੱਤ ਗਿਆ ਤਾਂ ਇਸ ਲਈ ਕਿ ਉਹ ਨਿਰਾ ਝੂਠ ਬੋਲ ਕੇ ਵੀ ਲੋਕਾਂ ਨੂੰ ਕੀਲ ਲੈਣ ਦੀ ਯੋਗਤਾ ਰੱਖਦਾ ਸੀ ਤੇ ਹੁਣ ਵੀ ਉਹ ਜੋ ਕੁਝ ਕਹਿੰਦਾ ਤੇ ਕਰਦਾ ਹੈ, ਇਹੋ ਗੱਲ ਮੁੱਖ ਰੱਖ ਕੇ ਕਰ ਰਿਹਾ ਹੈ ਕਿ ਉਸ ਦੀ ਗੱਲ ਕਿਸੇ ਨੇ ਕੱਟਣੀ ਨਹੀਂ, ਜੋ ਮਰਜ਼ੀ ਕਹੀ ਜਾਵੇ। ਜਦੋਂ ਹਾਲਤ ਪੰਜਾਬੀ ਦੇ ਮੁਹਾਵਰੇ 'ਲੋਕਾਂ ਦਾ ਨਹੀਂ ਦੁੱਧ ਵਿਕਦਾ, ਤੇਰਾ ਵਿਕਦਾ ਜੈ ਕੂਰੇ ਪਾਣੀ' ਵਾਲੀ ਬਣ ਗਈ ਹੋਵੇ, ਫਿਰ ਦੇਸ਼ ਉਤੇ ਰਾਜ ਜਿਹੋ ਜਿਹਾ ਆਗੂ ਕਰ ਸਕਦਾ ਹੈ, ਉਹ ਮੋਦੀ ਵਰਗਾ ਹੀ ਹੋ ਸਕਦਾ ਹੈ, ਜਿਸ ਨੂੰ ਕੰਮ ਕਰਨ ਨਾਲੋਂ ਵੱਧ ਅਗਲੇ ਭਾਸ਼ਣ ਦੇ ਲਫਜ਼ ਚੁਣਨ ਦਾ ਖਿਆਲ ਰਹਿੰਦਾ ਹੈ। ਰਹੀ ਗੱਲ ਭਾਰਤ ਦੇ ਲੋਕਾਂ ਦੇ ਪੱਲੇ ਪਈ ਗਰੀਬੀ ਦੀ, ਇਹ ਹਟਾਉਣੀ ਕੌਣ ਚਾਹੁੰਦਾ ਹੈ? ਇਹ ਹੁਣ ਭਾਰਤ ਦੀ ਲੋੜ ਹੈ। ਜਦੋਂ ਵੀ ਅਗਲੀ ਚੋਣ ਆਵੇਗੀ, ਉਦੋਂ ਰੰਗ ਦੀ ਦੁੱਕੀ ਵਾਂਗ ਫਿਰ ਇਹ ਗਰੀਬੀ ਹੀ ਵਰਤਣੀ ਹੈ, ਇਸ ਕਰ ਕੇ ਇਸ ਦੀ ਲੋੜ ਹੈ।

## ਜ਼ਮੀਨ ਵਿਕਾਊ ਹੈ

ਪੰਜਾਬ ਵਿਚ ਪਟਿਆਲਾ-ਅੰਬਾਲਾ ਸੜਕ 'ਤੇ ਪਟਿਆਲੇ ਤੋਂ 7 ਕਿਲੋਮੀਟਰ ਦੀ ਦੂਰੀ 'ਤੇ ਪਿੰਡ ਅਸਰਪੁਰ ਸਾਹਮਣੇ ਖੇਤੀਬਾੜੀ ਹੇਠਲੀ 6 ਏਕੜ ਉਪਜਾਊ ਜ਼ਮੀਨ ਵਿਕਾਊ ਹੈ।
*ਜ਼ਮੀਨ ਨੂੰ ਨਹਿਰੀ ਪਾਣੀ ਲੱਗਦਾ ਹੈ।*
ਖਰੀਦਣ ਲਈ ਸੰਪਰਕ ਕਰੋ:
ਫੋਨ: 408-634-2310

## ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

**National Truck Driving School**

*ਟਰੱਕ ਡਰਾਈਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਈਵਰ ਬਣੋ

ਸੈਕਰਾਮੈਂਟੋ ਅਤੇ ਯੂਬਾ ਸਿਟੀ
ਕੈਲੀਫੋਰਨੀਆ

ਓਨਰ ਅਪਰੇਟਰ ਅਤੇ
ਡਰਾਈਵਰ ਚਾਹੀਦੇ ਹਨ
*ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ*



**Call For Special Price**

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

ਪੰਜਾਬ ਟਾਈਮਜ਼

*ਸਨਿਚਰਵਾਰ, 7 ਮਾਰਚ 2015*

## 2015 ਤੋਂ ਬਾਅਦ ਦਾ ਭਾਰਤ

ਲੰਘਿਆ ਹਫਤਾ ਭਾਰਤ ਲਈ ਬੜੀ ਸਰਗਰਮੀ ਵਾਲਾ ਰਿਹਾ ਹੈ। ਇਕ ਤਾਂ ਮੋਦੀ ਸਰਕਾਰ ਦਾ ਆਮ ਬਜਟ ਨਸ਼ਰ ਹੋਇਆ ਜਿਸ ਉਤੇ ਕੁੱਲ ਦੁਨੀਆਂ ਦੀਆਂ ਨਜ਼ਰਾਂ ਲੱਗੀਆਂ ਹੋਈਆਂ ਸਨ। ਦੂਜੇ, ਜੰਮੂ ਕਸ਼ਮੀਰ ਵਿਚ ਆਪਣੇ ਵਕਤਾਂ ਦਾ ਸਭ ਤੋਂ ਵੱਧ ਮੌਕਾਪ੍ਰਸਤ ਗਠਜੋੜ ਦੀ ਸਰਕਾਰ ਕਾਇਮ ਹੋਈ ਅਤੇ ਸਰਕਾਰ ਬਣਦਿਆਂ ਹੀ ਰੱਫੜ ਵੀ ਪੈ ਗਿਆ। ਤੀਜੇ, ਭਾਰਤੀ ਦੇ ਸਿਆਸੀ ਪਿੜ ਵਿਚ ਆਸ ਬਣ ਕੇ ਉਭਰੀ ਅਹਿਮ ਧਿਰ, ਆਮ ਆਦਮੀ ਪਾਰਟੀ (ਆਪ) ਵਿਚ ਆਪੋ-ਧਾਪੀ ਇੰਨੀ ਜ਼ਿਆਦਾ ਵਧ ਗਈ ਕਿ ਇਸ ਦੇ ਅਗਾਂਹ ਪੁੱਟੇ ਜਾਣ ਵਾਲੇ ਕਦਮਾਂ ਉਤੇ ਹੀ ਸਵਾਲੀਆ ਨਿਸ਼ਾਨ ਲੱਗ ਗਿਆ। 'ਆਪ' ਦੀ ਪੰਜਾਬ ਇਕਾਈ ਬਾਰੇ ਵੀ 'ਸਭ ਅੱਛਾ' ਵਾਲੀਆਂ ਖਬਰਾਂ ਨਹੀਂ ਆ ਰਹੀਆਂ। ਇਕਾਈ ਵਿਚ ਸ਼ਾਮਲ ਹੋਣ ਵਾਲੇ ਆਗੂਆਂ ਨੂੰ ਲੈ ਕੇ ਵਾਹਵਾ ਖਿਲਾਰਾ ਪੈ ਰਿਹਾ ਹੈ। ਖੈਰ! ਮੋਦੀ ਸਰਕਾਰ ਦੇ ਪਲੇਠੇ ਬਜਟ ਉਤੇ ਬਹੁਤੀਆਂ ਅੱਖਾਂ ਇਸ ਕਰ ਵੀ ਲੱਗੀਆਂ ਹੋਈਆਂ ਸਨ ਕਿ ਐਨ.ਡੀ.ਏ. ਦੀ ਇਹ ਸਰਕਾਰ ਜਿਸ ਵਿਚ ਐਤਕੀਂ ਭਾਰਤੀ ਜਨਤਾ ਪਾਰਟੀ (ਭਾਜਪਾ) ਨੂੰ ਇਕੱਲਿਆਂ ਹੀ ਬਹੁਮਤ ਜੋਗੀਆਂ ਸੀਟਾਂ ਹਾਸਲ ਹੋ ਗਈਆਂ ਸਨ, ਪਿਛਲੀ ਯੂ.ਪੀ.ਏ. ਸਰਕਾਰ ਦੀਆਂ ਨੀਤੀਆਂ ਨਾਲੋਂ ਕਿੰਨਾ ਕੁ ਵੱਖਰਾ ਰਾਹ ਅਖਤਿਆਰ ਕਰਦੀ ਹੈ। ਅਸਲ ਵਿਚ, ਦੋ-ਢਾਈ ਦਹਾਕੇ ਪਹਿਲਾਂ ਜਦੋਂ ਸੰਸਾਰ ਭਰ ਵਿਚ ਅਰਥ ਸ਼ਾਸਤਰੀ ਵਜੋਂ ਮਸ਼ਹੂਰ ਡਾ. ਮਨਮੋਹਨ ਸਿੰਘ ਦੀ ਅਗਵਾਈ ਵਿਚ ਨਵੀਆਂ ਆਰਥਿਕ ਨੀਤੀਆਂ ਅਰੰਭ ਕੀਤੀਆਂ ਗਈਆਂ ਸਨ, ਤਾਂ ਇਨ੍ਹਾਂ ਨੀਤੀਆਂ ਨੂੰ ਹੀ ਭਾਰਤ ਦਾ ਹਰ ਆਰਥਿਕ ਸੰਕਟ ਕੱਟਣ ਦਾ ਨੁਸਖਾ ਦੱਸਿਆ ਗਿਆ ਸੀ। ਬਿਨਾਂ ਸ਼ੱਕ, ਇਸ ਸਮੇਂ ਦੌਰਾਨ ਭਾਰਤ ਸੰਸਾਰ ਪੱਧਰ ਉਤੇ ਆਪਣੀ ਚਰਚਾ ਕਰਵਾਉਣ ਵਿਚ ਸਫਲ ਰਿਹਾ ਹੈ, ਪਰ ਭਾਰਤ ਅੰਦਰ ਕੋਈ ਵੱਡੀ ਸਿਫਤੀ ਤਬਦੀਲੀ ਇਨ੍ਹਾਂ ਨੀਤੀਆਂ ਕਾਰਨ ਨਹੀਂ ਆਈ। ਮੁਲਕ ਦੀ ਬਹੁਤੀ ਆਮਦਨ ਮੁੱਠੀ ਭਰ ਘਰਾਣਿਆਂ ਦੇ ਖਾਤਿਆਂ ਵਿਚ ਚਲੀ ਗਈ ਹੈ। ਭਾਜਪਾ ਵਲੋਂ ਲੋਕ ਸਭਾ ਚੋਣਾਂ ਮੌਕੇ ਚਲਾਈ ਮੁਹਿੰਮ ਤੋਂ ਤਾਂ ਉਂਞ ਹੀ ਸਪਸ਼ਟ ਹੋ ਗਿਆ ਸੀ ਕਿ ਜੇ ਇਸ ਧਿਰ ਦੀ ਅਗਵਾਈ ਵਿਚ ਸਰਕਾਰ ਬਣੀ, ਤਾਂ ਇਸ ਦੀ ਕਾਰਪੋਰੇਟ ਜਗਤ ਵੱਲ ਝੋਲ ਜ਼ਰੂਰ ਵੱਜੇਗੀ ਅਤੇ ਹੁਣ ਬਜਟ ਨੇ ਇਹ ਕਿਆਸ-ਅਰਾਈ ਸਹੀ ਸਾਬਤ ਕਰ ਦਿੱਤੀ ਹੈ। ਬਜਟ ਦੱਸਦਾ ਹੈ ਕਿ ਇਸ ਸਾਲ ਤੋਂ ਭਾਰਤੀ ਆਰਥਿਕਤਾ ਵਿਚ ਮੁੱਢੋਂ-ਸੁੱਢੋਂ ਹੋਣ ਵਾਲੀ ਤਬਦੀਲੀ ਲਈ ਨੀਹਾਂ ਭਰ ਦਿੱਤੀਆਂ ਗਈਆਂ ਹਨ ਅਤੇ ਆਰਥਿਕਤਾ ਦੀ ਉਸਾਰੀ ਹੁਣ ਇਨ੍ਹਾਂ ਨੀਹਾਂ ਤੋਂ ਹੀ ਉਤਾਂਹ ਚੁੱਕੀ ਜਾਵੇਗੀ। ਇਹੀ ਗੱਲ ਰੇਲ ਬਜਟ ਬਾਰੇ ਵੀ ਸੱਚ ਹੈ। ਡਾ. ਮਨਮੋਹਨ ਸਿੰਘ ਤੇ ਉਨ੍ਹਾਂ ਦੇ ਜੋਟੀਦਾਰ ਜਿਹੜੀ ਗਲੀ ਵਿਚ ਸੰਗਦੇ-ਸੰਗਦੇ ਵੜਦੇ ਰਹੇ ਸਨ, ਭਾਜਪਾ ਆਗੂ ਉਥੇ ਸ਼ਰੇਆਮ ਜਾ ਵੜੇ ਹਨ, ਹਰ ਤਰ੍ਹਾਂ ਦੀ ਨੁਕਤਾਚੀਨੀ ਦੇ ਬਾਵਜੂਦ!

ਜੰਮੂ ਕਸ਼ਮੀਰ ਦੇ ਨਤੀਜੇ ਸੱਚਮੁੱਚ ਹੈਰਾਨ ਕਰਨ ਵਾਲੇ ਆਏ ਸਨ। ਭਾਜਪਾ ਉਥੇ ਸਰਕਾਰ ਬਣਾਉਣ ਦੇ ਦਾਈਏ ਨਾਲ ਮੈਦਾਨ ਵਿਚ ਨਿੱਤਰੀ ਸੀ, ਪਰ ਇਸ ਦਾ ਜੇਤੂ ਰੱਥ ਜੰਮੂ ਨਹੀਂ ਟੱਪ ਸਕਿਆ। ਚੋਣ ਨਤੀਜਿਆਂ ਬਾਰੇ ਚੱਲੀ ਚਰਚਾ ਤੋਂ ਇਹੀ ਸਿੱਟਾ ਕੱਢਿਆ ਗਿਆ ਕਿ ਵਾਦੀ ਦੇ ਲੋਕਾਂ ਨੇ ਭਾਜਪਾ ਨੂੰ ਵੋਟਾਂ ਪਾਉਣ ਤੋਂ ਗੁਰੇਜ਼ ਕੀਤਾ। ਉਂਞ, ਇਨ੍ਹਾਂ ਚੋਣਾਂ ਅਤੇ ਬਾਅਦ ਦੇ ਹਾਲਾਤ ਬਾਰੇ ਅਮਰੀਕਾ ਦਾ ਜੋ ਰੋਲ ਰਿਹਾ, ਉਸ ਨੂੰ ਸਮਝੇ ਬਗੈਰ ਮਸਲੇ ਦੀ ਤਹਿ ਤੱਕ ਪੁੱਜਣਾ ਰਤਾ ਮੁਸ਼ਕਿਲ ਜਾਪਦਾ ਹੈ। ਇਹ ਅਮਰੀਕਾ ਹੀ ਸੀ ਜਿਸ ਨੇ ਇਕ-ਦੂਜੇ ਦੇ ਆਮੋ-ਸਾਹਮਣੇ ਖੜ੍ਹੇ ਭਾਰਤ ਤੇ ਪਾਕਿਸਤਾਨ ਵਿਚਕਾਰ ਵਿਦੇਸ਼ ਸਕੱਤਰ ਪੱਧਰ ਦੀ ਵਾਰਤਾ ਮੁੜ ਸ਼ੁਰੂ ਕਰਵਾਈ ਹੈ। ਇਸ ਕਰ ਕੇ ਜੰਮੂ ਕਸ਼ਮੀਰ ਦੇ ਮੁੱਖ ਮੰਤਰੀ ਅਤੇ ਵਾਦੀ ਵਿਚ ਵੱਡੀ ਜਿੱਤ ਦਰਜ ਕਰਨ ਵਾਲੀ ਸਿਆਸੀ ਧਿਰ- ਪੀ.ਡੀ.ਪੀ. ਦੇ ਆਗੂ ਮੁਹੰਮਦ ਸਈਦ ਮੁਫਤੀ, ਨੇ ਅਮਨ-ਅਮਾਨ ਨਾਲ ਚੋਣਾਂ ਸਿਰੇ ਚੜ੍ਹਨ ਦਾ ਸਿਹਰਾ ਜੋ ਪਾਕਿਸਤਾਨ, ਹੁਰੀਅਤ ਅਤੇ ਜਹਾਦੀਆਂ ਦੇ ਸਿਰ ਬੰਨ੍ਹਿਆ ਹੈ ਤਾਂ ਇਸ ਵਿਚ ਕੁਝ ਕੁ ਵਜ਼ਨ ਜ਼ਰੂਰ ਜਾਪਦਾ ਹੈ। ਕੁਝ ਮਸਲਿਆਂ ਉਤੇ ਅਮਰੀਕਾ ਦੇ ਕਹਿਣ 'ਤੇ ਹੀ ਪਾਕਿਸਤਾਨ ਨੇ ਆਪਣੀ ਸੁਰ ਨਰਮ ਕੀਤੀ ਹੈ ਅਤੇ ਭਾਰਤ ਨਾਲ ਵਧਾਈ ਨੇੜਤਾ ਨੂੰ ਵੀ ਅਮਰੀਕਾ ਨੇ ਇਸ ਪ੍ਰਸੰਗ ਵਿਚ ਖੂਬ ਟੁਣਕਾਇਆ ਹੈ। ਆਉਣ ਵਾਲੇ ਸਮੇਂ ਵਿਚ ਜੰਮੂ ਕਸ਼ਮੀਰ ਵਿਚ ਕਿਸ ਤਰ੍ਹਾਂ ਦੇ ਸਮੀਕਰਨ ਬਣਨਗੇ, ਇਹ ਤਾਂ ਵੱਖ-ਵੱਖ ਸਿਆਸੀ ਧਿਰਾਂ ਦੀ ਦਿਆਨਤਦਾਰੀ ਉਤੇ ਹੀ ਨਿਰਭਰ ਕਰੇਗਾ, ਪਰ ਇਹ ਗੱਲ ਐਨ ਸਪਸ਼ਟ ਹੈ ਕਿ ਇਸ ਰਿਆਸਤ ਵਿਚ ਕੋਈ ਖਾਸ ਤਬਦੀਲੀ ਆਉਣ ਵਾਲੇ ਸਮੇਂ ਵਿਚ ਹੁਣ ਹੋਣੀ ਹੀ ਹੋਣੀ ਹੈ। ਇਸੇ ਤਰ੍ਹਾਂ ਦੀ ਆਪ-ਮੁਹਾਰੀ ਤਬਦੀਲੀ ਦੀ ਤਵੱਕੋ ਬਹੁਤ ਸਾਰੇ ਲੋਕ ਦਿੱਲੀ ਵਿਚ ਸੱਤਾਨਸ਼ੀਨ ਹੋਈ 'ਆਪ' ਤੋਂ ਕਰ ਰਹੇ ਹਨ। 'ਆਪ' ਅਸਲ ਵਿਚ ਭਾਰਤ ਦੇ ਸਿਆਸੀ ਪਿੜ ਵਿਚ ਵੱਡੀ ਆਸ ਬਣ ਕੇ ਉਭਰੀ ਹੈ ਅਤੇ ਇਸ ਦੇ ਆਗੂਆਂ ਨੇ ਆਮ ਸਿਆਸੀ ਪਾਰਟੀਆਂ ਤੋਂ ਹਟ ਕੇ ਕੁਝ ਕਰਨ ਦਾ ਦਾਅਵਾ ਆਵਾਮ ਨਾਲ ਕੀਤਾ ਹੈ। ਇਸ ਧਿਰ ਨਾਲ ਵਣ-ਵਣ ਦੀ ਲੱਕੜੀ ਜੁੜੀ ਹੋਣ ਕਾਰਨ ਫਿਲਹਾਲ ਭਾਵੇਂ ਇਸ ਪਾਰਟੀ ਵਿਚ ਆਪਾ-ਧਾਪੀ ਵਾਲਾ ਮਾਹੌਲ ਬਣਦਾ ਨਜ਼ਰ ਆ ਰਿਹਾ ਹੈ, ਪਰ ਹੋਰ ਸਿਆਸੀ ਪਾਰਟੀਆਂ ਨੇ ਆਵਾਮ ਦੇ ਇੰਨਾ ਕੁ ਨਾਸੀਂ ਧੂੰਆਂ ਕੱਢਿਆ ਹੋਇਆ ਹੈ ਕਿ ਲੋਕ ਲਗਾਤਾਰ ਇਸ ਧਿਰ ਉਤੇ ਹੀ ਨਜ਼ਰਾਂ ਗੱਡੀ ਖੜ੍ਹੇ ਹਨ। 'ਆਪ' ਆਗੂ ਜੇ ਉਸੇ ਚਤੁਰਾਈ ਨਾਲ ਆਪਣਾ ਅੰਦਰੂਨੀ ਮਸਲਾ ਨਜਿੱਠ ਲੈਂਦੇ ਹਨ ਜਿਸ ਚਤੁਰਾਈ ਨਾਲ ਇਨ੍ਹਾਂ ਨੇ ਮੋਦੀ ਵਰਗੇ ਲੀਡਰ ਦੇ ਪੰਜੇ ਵਿਚੋਂ ਦਿੱਲੀ ਖੋਹੀ ਸੀ, ਤਾਂ ਕੋਈ ਕਾਰਨ ਨਹੀਂ ਕਿ ਇਹ ਧਿਰ ਭਾਰਤੀ ਸਿਆਸਤ ਵਿਚ ਕੋਈ ਸਿਫਤੀ ਤਬਦੀਲੀ ਨਾ ਲਿਆਵੇ। ਇਹ ਪਾਰਟੀ ਨਵੀਂ ਹੈ, ਆਗੂ ਤੇ ਉਨ੍ਹਾਂ ਦੇ ਦਾਈਏ ਵੀ ਨਵੇਂ ਹਨ, ਸੰਭਵ ਹੈ ਕਿ ਇਹ ਨਿੱਗਰ ਚੁੱਕੇ ਸਿਆਸੀ ਢਾਂਚੇ ਵਿਚ ਕਿਤੇ ਤਾਂ ਸੰਨ੍ਹ ਲਾ ਲੈਣਗੇ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਨਵੇਂ ਚੜ੍ਹੇ ਨੇ ਚੰਦ

ਆਹ ਕਿਹੜੇ ਦਿਨ ਆ ਗਏ ਮਿੱਤਰਾ, ਨਵੇਂ ਚੜ੍ਹੇ ਨੇ ਚੰਦ।
ਕੀ ਸੂਰਜ ਪੱਛਮ 'ਚੋਂ ਚੜ੍ਹ ਜਾਊ, ਪੁੱਛਦਾ ਪਰਮਾਨੰਦ।
ਬੜੇ ਸਿੰਗ ਫਸਾ ਕੇ ਰੱਖੇ, ਖੂਬ ਧੂਰਲੀਆਂ ਪਈਆਂ,
ਆਉਂਦੇ ਰਹੇ ਨੇ ਲੈ ਲੈ ਦੋਵੇਂ, ਇਕ ਦੂਜੇ ਵੱਲ ਝਈਆਂ।
ਖਹਿਰੇ ਨੇ ਵੀ ਕਰ ਦਿੱਤੀਆਂ ਨੇ, ਢਿੱਲੀਆਂ ਚਾਰੇ ਤਣੀਆਂ,
ਕੜੇ ਕੈਪਟਨ ਤੇ ਬਾਜਵੇ ਉਤੇ, ਦੇਖੋ ਕੀ ਕੀ ਬਣੀਆਂ।
ਲਾਲ ਸਿਓਂ ਕੀ ਮਾਰੂ ਲਾਲੀ, ਲੋਕੀਂ ਪੁੱਛਦੇ ਪੰਜੇ ਨੂੰ,
ਕੀ ਰੰਗੂਗੀ ਮਹਿੰਗੀ ਡਾਈ, ਦੇਖ ਕੇ ਦੱਸੋ ਗੰਜੇ ਨੂੰ।
ਟੁੱਟੀਆਂ ਡੋਰਾਂ ਨਾਲ ਕਦੇ ਨਾ, ਹੁਣ ਡੁਗਡੁਗੀ ਵੱਜੂ,
ਹਿੱਲੀਆਂ ਕੰਧਾਂ, ਕਿਵੇਂ ਚੁਬਾਰਾ ਸਾਂਭ ਲਏਗਾ ਛੱਜੂ।

# ਰੱਬ, ਧਰਮ ਤੇ ਵਿਗਿਆਨ

## ਦਾਭੋਲਕਰ, ਪਾਨਸਰੇ ਤੋਂ ਬਾਅਦ ਮੈਂ ਅਭੀਜੀਤ ਰਾਏ...

ਬੰਗਲਾਦੇਸ਼ ਵਿਚ ਕਿਤਾਬ ਮੇਲੇ ਤੋਂ ਪਰਤਦੇ ਅਭੀਜੀਤ ਰਾਏ ਦਾ ਕਤਲ ਕਰ ਦਿੱਤਾ ਗਿਆ। ਉਹਦੇ ਲਹੂ ਨਾਲ ਸਿੰਨ੍ਹੀ ਸੜਕ ਦੀ ਬੰਨੀ ਦੀਆਂ ਤਸਵੀਰਾਂ ਅਖ਼ਬਾਰਾਂ ਵਿਚ ਛਪੀਆਂ। ਇੱਕ ਤਸਵੀਰ ਵਿਚ ਸਫ਼ਾਈ ਕਾਮੇ ਲਹੂ ਦੇ ਦਾਗ਼ ਧੋਣ ਲੱਗੇ ਹੋਏ ਹਨ। ਬੰਨੀ ਦੇ ਹੇਠਾਂ ਨਾਲੀ ਦਾ ਸੁਰਾਖ਼ਾਂ ਵਾਲਾ ਢੱਕਣ ਹੈ। ਅਭੀਜੀਤ ਦੇ ਕਾਤਲਾਂ ਨੇ ਇਸ ਕਤਲ ਨੂੰ 'ਇਸਲਾਮ ਖ਼ਿਲਾਫ਼ ਜੁਰਮਾਂ ਦਾ ਬਦਲਾ' ਕਰਾਰ ਦਿੱਤਾ ਹੈ। ਦੂਜੇ ਪਾਸੇ ਬਲੌਗ ਤੋਂ ਬਣੀ ਵੈਬਸਾਈਟ 'ਮੁਕਤੋ-ਮੋਨਾ' (ਖੁੱਲ੍ਹਨਜ਼ਰੀ) ਦੇ ਬਾਨੀਆਂ ਵਿਚ ਸ਼ੁਮਾਰ ਅਭੀਜੀਤ ਦੀ 2007 ਵਿਚ ਛਪੀ ਮੁਲਾਕਾਤ ਆਪਣੀ ਹੋਂਦ ਦੀ ਤਫ਼ਸੀਲ ਪੇਸ਼ ਕਰਦੀ ਹੈ, "ਅਗਾਂਹਵਧੂ, ਤਰਕਸ਼ੀਲ ਅਤੇ ਨਿਰਪੱਖ ਸਮਾਜ ਦੀ ਉਸਾਰੀ ਲਈ ਅਹਿਮ ਮਸਲਿਆਂ ਉਤੇ



**ਦਲਜੀਤ ਅਮੀ**
**ਫੋਨ: 91-97811-21873**

ਸੰਵਾਦ ਅਤੇ ਬਹਿਸ ਨੂੰ ਅੱਗੇ ਵਧਾਉਣ ਲਈ 'ਮੁਕਤੋ-ਮੋਨਾ' 2000 ਦੌਰਾਨ ਬਲੌਗ ਵਜੋਂ ਹੋਂਦ ਵਿਚ ਆਈ ਸੀ। ਅਸੀਂ ਉਨ੍ਹਾਂ ਮੁੱਦਿਆਂ ਉਤੇ ਵਿਚਾਰ-ਚਰਚਾ ਕਰਨਾ ਚਾਹੁੰਦੇ ਸਾਂ ਜਿਨ੍ਹਾਂ ਨੂੰ ਬੰਗਲਾਦੇਸ਼ ਸਮੇਤ ਸਮੁੱਚੇ ਦੱਖਣੀ ਏਸ਼ੀਆ ਦਾ ਮੀਡੀਆ ਨਜ਼ਰਅੰਦਾਜ਼ ਕਰਦਾ ਹੈ।...ਮੇਰੀ ਜਾਣਕਾਰੀ ਮੁਤਾਬਕ ਇਹ ਦੱਖਣੀ ਏਸ਼ੀਆ ਵਿਚ ਇੰਟਰਨੈਟ ਉਤੇ ਸ਼ੁਰੂ ਕੀਤੀ ਗਈ ਪਹਿਲੀ ਮਨੁੱਖਵਾਦੀ ਅਤੇ ਤਰਕਸ਼ੀਲ ਪਹਿਲਕਦਮੀ ਸੀ। ਅਸੀਂ ਅਜਿਹੇ ਸਮਾਜ ਦੀ ਉਸਾਰੀ ਕਰਨਾ ਚਾਹੁੰਦੇ ਹਾਂ ਜੋ ਆਪੇ ਥਾਪੇ ਅਦਾਰਿਆਂ ਦੇ ਫ਼ਤਵਿਆਂ, ਅੰਧ-ਵਿਸ਼ਵਾਸ, ਸਾਹ-ਘੋਟੂ ਰਵਾਇਤਾਂ ਅਤੇ ਫ਼ਿਰਕਾਪ੍ਰਸਤੀ ਦੇ ਬੰਧਨਾਂ ਤੋਂ ਮੁਕਤ ਹੋਵੇ। ਸਮਾਜ ਦਲੀਲ, ਦਰਦਮੰਦੀ, ਮਨੁੱਖਤਾ, ਬਰਾਬਰੀ ਅਤੇ ਵਿਗਿਆਨ ਦੀਆਂ ਧਾਰਨਾਵਾਂ ਨਾਲ ਜੁੜਿਆ ਹੋਵੇ।"

ਇਸ ਅਭੀਜੀਤ ਦਾ ਕਤਲ ਸਿਰਫ਼ ਇਸ ਕਰ ਕੇ ਹੀ ਬੰਗਲਾਦੇਸ਼ ਦੀਆਂ ਸਰਹੱਦਾਂ ਤੋਂ ਵਡੇਰਾ ਸੁਆਲ ਨਹੀਂ ਬਣ ਜਾਂਦਾ ਕਿ ਉਹ ਅਮਰੀਕਾ ਦਾ ਸ਼ਹਿਰੀ ਸੀ। ਉਸ ਦੇ ਫ਼ਿਕਰਾਂ ਅਤੇ ਉਸ ਦੇ ਕਾਤਲਾਂ ਦਾ ਦਾਅਵਾ ਵਡੇਰੇ ਕੌਮਾਂਤਰੀ ਰੁਝਾਨ ਦੀ ਸ਼ਨਾਖ਼ਤ ਕਰਦਾ ਹੈ। ਅਭੀਜੀਤ ਆਪ ਬੰਗਲਾਦੇਸ਼ ਦੇ ਮੁਕਾਮੀ ਸੁਆਲਾਂ ਦੇ ਹਵਾਲੇ ਨਾਲ ਆਪਣੇ ਫ਼ਿਕਰਾਂ ਨੂੰ ਦੱਖਣੀ ਏਸ਼ੀਆ ਨਾਲ ਜੋੜਦਾ ਹੈ। ਇਨ੍ਹਾਂ ਸੁਆਲਾਂ ਨੂੰ ਮੁਖ਼ਾਤਬ ਹੋਣ ਲਈ ਉਹ ਕੌਮਾਂਤਰੀ ਪੱਧਰ ਉਤੇ ਦਰਦਮੰਦਾਂ ਦੀ ਸਾਂਝ ਦੀ ਧਾਰਨੀ ਸੀ। ਉਹ ਲਿਖਦਾ ਹੈ, "ਮੰਦੇ ਭਾਗੀਂ ਅਸੀਂ ਇਕੱਲੇ ਨਹੀਂ ਹਾਂ। ਪੂਰੀ ਦੁਨੀਆਂ ਵਿਚ ਦਲੀਲ ਅਤੇ ਵਿਗਿਆਨ ਦੇ ਹਵਾਲੇ ਨਾਲ ਖੁੱਲ੍ਹਨਜ਼ਰੀ ਵਾਲਾ ਸਮਾਜ ਸਿਰਜਣ ਵਾਲੇ ਦਰਦਮੰਦ ਲੋਕ ਵਸਦੇ ਹਨ। ਇੰਟਰਨੈਟ ਦੇ ਦੌਰ ਵਿਚ ਸਾਨੂੰ ਆਪਸ ਵਿਚ ਜੋਟੀ ਪਾਉਣ ਤੋਂ ਕੋਈ ਨਹੀਂ ਰੋਕ ਸਕਦਾ।" ਇਸ ਲਿਹਾਜ਼ ਨਾਲ ਅਭੀਜੀਤ ਸਮੁੱਚੀ ਦੁਨੀਆਂ ਦੇ ਉਸ ਤਬਕੇ ਦਾ ਨੁਮਾਇੰਦਾ ਹੈ ਜੋ ਮਨੁੱਖੀ ਫ਼ਿਕਰਾਂ ਨੂੰ ਮੁਖ਼ਾਤਬ ਹੋਣ ਵੇਲੇ ਦਲੀਲ ਦਾ ਪੱਲਾ ਫੜਦੇ ਹਨ; ਜੋ ਵਿਗਿਆਨ ਦੇ ਹਵਾਲੇ ਨਾਲ ਮਨੁੱਖੀ ਹੋਂਦ ਦੇ ਸੁਆਲਾਂ ਨੂੰ ਮੁਖ਼ਾਤਬ ਹੋਣਾ ਚਾਹੁੰਦੇ ਹਨ। ਇਹ ਉਹ ਤਬਕਾ ਹੈ ਜੋ ਰੱਬ ਦੀ ਰਜ਼ਾ ਦੀ ਥਾਂ ਪਿਆਰ ਅਤੇ ਦਰਦਮੰਦੀ ਨੂੰ ਦਸਤੂਰ ਬਣਾਉਣਾ ਚਾਹੁੰਦਾ ਹੈ। ਢਾਕੇ ਦੇ ਨਾਲੇ ਵੱਲ ਵਗਦਾ ਲਹੂ ਸਭ ਦਾ ਹੈ। ਇਸ ਕਾਫ਼ਲੇ ਵਿਚੋਂ ਅਭੀਜੀਤ ਦਾ ਵਿਦਾ ਹੋਣਾ ਮੌਜੂਦਾ ਦੌਰ ਦੇ 'ਸਮਾਜਵਾਦੀ ਸੋਚ ਨੂੰ ਪ੍ਰਣਾਈ ਵਿਗਿਆਨ ਸੋਚ' ਉਤੇ ਬੇਕਿਰਕ ਹਮਲੇ ਦੀ ਸੋਚ ਨੂੰ ਗੂੜ੍ਹਾ ਕਰਦਾ ਹੈ। ਇਸ ਹਮਲੇ ਦਾ ਸ਼ਿਕਾਰ ਹੋਣ ਵਾਲਿਆਂ ਦੀ ਲੰਮੀ ਲੜੀ ਹੈ ਅਤੇ ਅਭੀਜੀਤ ਇਸੇ ਦੀ ਅਗਲੀ ਕੜੀ ਹੈ। ਇਸ ਲੜੀ ਦੀਆਂ ਕੜੀਆਂ ਪੂਰੀ ਦੁਨੀਆਂ ਵਿਚ ਫੈਲੀਆਂ ਹਨ। ਇਸ ਤਰ੍ਹਾਂ ਇਹ ਸੋਚ ਦੀ ਸ਼ਨਾਖ਼ਤ ਕੀਤੇ ਗਏ ਕਤਲਾਂ ਦਾ ਰੁਝਾਨ ਕੌਮਾਂਤਰੀ ਹੈ ਜਿਸ ਦਾ ਕਰੂਰ ਖ਼ਾਸਾ ਦੱਖਣੀ ਏਸ਼ੀਆ ਵਿਚ ਨਜ਼ਰ ਆਉਂਦਾ ਹੈ।

ਜੇ ਸੁਆਲ ਨੂੰ ਅਭੀਜੀਤ ਦੀਆਂ ਲਿਖਤਾਂ ਜਾਂ ਪਹਿਲਕਦਮੀਆਂ ਤੱਕ ਮਹਿਦੂਦ ਕੀਤਾ ਜਾਵੇ ਤਾਂ ਇਸ ਕਤਲ ਦੀਆਂ ਜੜ੍ਹਾਂ ਬੰਗਲਾਦੇਸ਼ ਦੀਆਂ ਫ਼ਿਰਕੂ ਜਥੇਬੰਦੀਆਂ ਦੀ ਸੋਚ ਵਿਚੋਂ ਲੱਭੀਆਂ ਜਾ ਸਕਦੀਆਂ ਹਨ। ਉਂਞ ਇਸ ਕਤਲ ਦੀ ਸਾਜ਼ਿਸ਼ ਮਾਹੌਲ ਵਿਚ ਹੈ। ਇੰਟਰਨੈਟ ਰਾਹੀਂ ਅਭੀਜੀਤ ਆਪਣੇ ਦਰਦਮੰਦ ਸਾਥੀਆਂ ਦੀ ਪਛਾਣ ਕਰ ਰਿਹਾ ਹੈ। ਉਸੇ ਇੰਟਰਨੈਟ ਰਾਹੀਂ ਕਤਲ ਦੀ ਸਾਜ਼ਿਸ਼ ਕੀਤੀ ਜਾਂਦੀ ਹੈ। ਉਸ ਖ਼ਿਲਾਫ਼ ਲਗਾਤਾਰ ਨਫ਼ਰਤ ਉਕਸਾਊ ਲਿਖਤਾਂ ਛਪ ਰਹੀਆਂ ਸਨ, ਧਮਕੀਆਂ ਦਿੱਤੀਆਂ ਜਾ ਰਹੀਆਂ ਸਨ, ਫ਼ਤਵੇ ਦਿੱਤੇ ਜਾ ਰਹੇ ਸਨ। ਢਾਕੇ ਦੀ ਸੜਕ ਦੀ ਬੰਨੀ ਅਤੇ ਕਿਤਾਬ ਮੇਲੇ ਉਤੇ ਅਭੀਜੀਤ ਦਾ ਆਉਣਾ ਕਾਤਲ ਲਈ ਸਿਰਫ਼ ਮੌਕਾ ਬਣਿਆ ਹੈ। ਇਹ ਕਤਲ ਕੰਧ ਉਤੇ ਲਿਖਿਆ ਹੋਇਆ ਸੀ। ਇਸ ਦੇ ਖ਼ਬਰ ਬਣਨ ਨਾਲ ਸਿਰਫ਼ ਸਮਾਂ ਅਤੇ ਸਥਾਨ ਤੈਅ ਹੋਏ ਹਨ। ਹਰ ਰੰਗ ਦੀ ਫ਼ਿਰਕਾਪ੍ਰਸਤੀ ਆਪਣੀ ਰਈਅਤ ਅੰਦਰ ਡਰ ਭਰ ਰਹੀ ਹੈ। ਮਨੁੱਖ ਅੰਦਰ ਬੇਬਸੀ ਵਧਾ ਕੇ ਉਹ ਬੰਦੇ ਦੀ ਹਿੰਸਕ ਬਿਰਤੀ ਨੂੰ ਉਕਸਾਉਂਦੇ ਹਨ। ਜਦੋਂ ਬੰਦੇ ਦਾ ਡਰ ਸਮਾਜਕ ਰੁਝਾਨ ਵਜੋਂ ਸਿਆਸਤ ਬਣਦਾ ਹੈ ਤਾਂ ਇਹ ਸਭ ਤੋਂ ਬੇਕਿਰਕ ਹੋ ਜਾਂਦਾ ਹੈ। ਇਸ ਸਿਆਸਤ ਦੇ ਹੱਥੇ ਚੜ੍ਹੇ ਹਰ ਬੰਦੇ ਵਿਚ ਫ਼ਿਦਾਈਨ ਬਿਰਤੀ ਘਰ ਕਰ ਜਾਂਦੀ ਹੈ ਜੋ ਭਾਵੇਂ ਦੂਜਿਆਂ ਉਤੇ ਹਮਲੇ ਦੇ ਰੂਪ ਵਿਚ ਸਾਹਮਣੇ ਨਾ ਆਵੇ, ਪਰ ਉਹ ਭਾਵਨਾ ਜਾਂ ਸ਼ਰਧਾ ਤਹਿਤ ਹਰ ਦਲੀਲ ਨੂੰ ਖ਼ਾਰਜ ਕਰ ਦਿੰਦਾ ਹੈ। ਸੀਲ ਸ਼ਰਧਾਲੂ ਆਪਣੀਆਂ ਮਨੁੱਖੀ ਸਮਰੱਥਾਵਾਂ ਨੂੰ ਮੌਲਣ ਤੋਂ ਰੋਕਦਾ ਹੈ ਅਤੇ ਇਹੋ ਜਿਹੀ ਪਾਬੰਦੀਆਂ ਦੀ ਸਮਾਜ ਅਤੇ ਸਰਕਾਰ ਤੋਂ ਤਵੱਕੋ ਕਰਦਾ ਹੈ। ਉਸ ਨੂੰ ਆਪਣੀ ਸ਼ਰਧਾ ਉਤੇ ਕੀਤਾ ਹਰ ਸੁਆਲ ਸਾਜ਼ਿਸ਼ ਲੱਗਦਾ ਹੈ। ਸੁਆਲ ਕਰਨ ਵਾਲੇ ਨੂੰ ਕਾਫ਼ਰ, ਨਾਸਤਿਕ, ਦੇਸ਼ ਧ੍ਰੋਹੀ, ਅਨੈਤਿਕ ਜਾਂ ਪਾਗ਼ਲ ਕਰਾਰ ਦਿੱਤਾ ਜਾਣਾ ਜ਼ਿਆਦਾ ਔਖਾ ਨਹੀਂ ਹੈ। ਇਹ ਸਾਰੇ ਫ਼ਤਵੇ ਪੁਰਾਣੀਆਂ ਜਥੇਬੰਦੀਆਂ ਆਪ ਦਿੰਦੀਆਂ ਹਨ। ਕਤਲ ਕਰਨ ਲਈ ਪੁਰਾਣੀਆਂ ਜਥੇਬੰਦੀਆਂ ਦੀ ਸਰਪ੍ਰਸਤੀ ਵਿਚ ਨਵੀਂ ਜਥੇਬੰਦੀਆਂ ਬਣਦੀਆਂ ਹਨ।

ਜ਼ਿੰਦਗੀ ਦਾ ਨਿਰਾਦਰ ਕਰ ਕੇ ਕਿਸੇ ਨੇ ਪੁੰਨ ਕਮਾਉਣਾ ਹੈ। ਕਿਸੇ ਨੇ ਮਨੁੱਖ ਦੇ ਲਹੂ ਨਾਲ ਹੱਥ ਰੰਗ ਕੇ ਜੰਨਤ, ਹੂਰਾਂ ਅਤੇ ਤਹੂਰ ਹਾਸਲ ਕਰਨਾ ਹੈ। ਕਿਸੇ ਨੇ ਅਖੰਡ ਹਿੰਦੂ ਭਾਰਤ ਦੀ ਉਸਾਰੀ ਕਰਨੀ ਹੈ। ਕਿਸੇ ਨੇ ਪੂਰੀ ਦੁਨੀਆਂ ਨੂੰ ਸਭਿਅਤਾ ਦੇ ਰਾਹੇ ਪਾਉਣਾ ਹੈ। ਹਰ ਧਰਮ ਦਾ ਦਾਅਵਾ ਹੈ ਕਿ ਧਰਮ ਖ਼ਤਰੇ ਵਿਚ ਹੈ। ਇਸੇ ਡਰ ਨਾਲ ਸਿਆਸਤ ਹੁੰਦੀ ਹੈ ਅਤੇ ਇਸੇ ਡਰ ਨਾਲ ਹਮਲਾਵਰ ਬਿਰਤੀ ਦਾ ਪਸਾਰਾ ਹੁੰਦਾ ਹੈ। ਸਿਆਸੀ ਪਾਰਟੀਆਂ ਇਸ ਡਰ ਨੂੰ ਗੋਲਬੰਦੀ ਦਾ ਸੰਦ ਬਣਾਉਂਦੀਆਂ ਹਨ। ਹਰ ਜਗਿਆਸੂ ਨੂੰ ਚੁੱਪ ਰਹਿਣ ਦਾ ਸਬਕ ਸਿਖਾਉਣ ਲਈ ਡਰ ਦਾ ਮਾਹੌਲ ਸਾਜ਼ਗਾਰ ਸਾਬਤ ਹੁੰਦਾ ਹੈ। ਇਹੋ ਡਰ ਮੋਦੀ ਦੀ ਜਿੱਤ ਦਾ ਸਬੱਬ ਬਣਦਾ ਹੈ। ਮੋਦੀ ਦਾ ਡਰ ਹੀ ਦਿੱਲੀ ਵਿਚ ਭਾਜਪਾ ਦੀ ਹਾਰ ਦਾ ਇੱਕ ਕਾਰਨ ਬਣਦਾ ਹੈ। ਡਰ ਦੀ ਸਿਆਸਤ ਵਿਚ ਜਿੱਤ ਜਾਂ ਹਾਰ ਦੇ ਹਵਾਲੇ ਨਾਲ ਅਹਿਮ ਸੁਆਲ ਰੱਦ ਕਰ ਦਿੱਤੇ ਜਾਂਦੇ ਹਨ।

ਧਰਮ ਦਾ ਕਿਸੇ ਨਾ ਕਿਸੇ ਢੰਗ ਨਾਲ ਦਾਅਵਾ ਹੈ ਕਿ ਧਾਰਮਿਕ ਗ੍ਰੰਥ ਹੀ ਵਿਗਿਆਨ ਹਨ। ਧਰਮ ਨੂੰ ਵਿਗਿਆਨ ਕਹਿਣਾ ਇੱਕ ਪਾਸੇ ਧਰਮ ਗ੍ਰੰਥਾਂ ਦੇ ਰਚਣਹਾਰਿਆਂ ਦੀ ਖ਼ਿਆਲੀ ਉਡਾਣ ਦਾ ਨਿਰਾਦਰ ਹੈ ਅਤੇ ਦੂਜੇ ਪਾਸੇ ਮੌਜੂਦਾ ਵਿਗਿਆਨ ਦੀਆਂ ਨਿਆਮਤਾਂ ਤੋਂ ਨਾਸ਼ੁਕਰਾ ਹੋਣਾ ਹੈ। ਡਰ ਦੀ ਸਿਆਸਤ ਕਰਨ ਵਾਲਿਆਂ ਨੂੰ ਮਾਰੂ ਹਥਿਆਰ ਤਾਂ ਚਾਹੀਦੇ ਹਨ ਪਰ ਵਿਗਿਆਨਕ ਸੋਚ ਨਹੀਂ ਚਾਹੀਦੀ। ਵਿਗਿਆਨ ਡਰ ਉਤੇ ਕਾਬੂ ਪਾਉਣ ਦੀ ਕੁੰਜੀ ਹੈ। ਇਸ ਕੁੰਜੀ ਨਾਲ ਬੰਦਾ ਤੰਗਦਿਲੀ ਤੋਂ ਖੁੱਲ੍ਹਦਿਲੀ ਅਤੇ ਤੰਗਨਜ਼ਰੀ ਤੋਂ ਖੁੱਲ੍ਹਨਜ਼ਰੀ ਦੇ ਰਾਹ ਪੈਂਦਾ ਹੈ। ਬੰਦੇ ਦੀ ਜਗਿਆਸਾ ਨੂੰ ਬਲ ਮਿਲਦਾ ਹੈ। ਉਹ ਸੁਆਲ ਪੁੱਛਦਾ ਹੈ। ਸੁਆਲਾਂ ਨਾਲ ਸਿਆਸਤ ਅਤੇ ਧਰਮ ਦੇ ਕਿਲ੍ਹੇ ਹਿੱਲਦੇ ਹਨ। ਇਹ ਸਾਰੀ ਦਲੀਲ ਵਿਗਿਆਨ ਅਤੇ ਤਕਨਾਲੋਜੀ ਦੀਆਂ ਪੈਦਾ ਕੀਤੀਆਂ ਸਹੂਲਤਾਂ ਜਾਂ ਸੇਵਾਵਾਂ ਤੱਕ ਮਹਿਦੂਦ ਨਹੀਂ ਹੈ। ਇਹ ਸਮਾਜਕ ਵਿਹਾਰ ਉਤੇ ਲਾਗੂ ਹੁੰਦੀ ਹੈ। ਇਸ ਨਾਲ ਮਨੁੱਖੀ ਸ਼ਾਨ, ਇਨਸਾਫ਼ ਅਤੇ ਬਰਾਬਰੀ ਦੇ ਸੁਆਲ ਜੁੜਦੇ ਹਨ। ਮੌਜੂਦਾ ਮੀਡੀਆ ਵਿਚ ਲੋਕਾਂ ਨੂੰ ਉਨ੍ਹਾਂ ਦੇ ਸੁਆਲਾਂ ਕਾਰਨ ਦੇਸ਼ ਧ੍ਰੋਹੀ ਜਾਂ ਅਨੈਤਿਕ ਕਰਾਰ ਦਿੱਤਾ ਜਾਂਦਾ ਹੈ। ਕੁਝ ਬੀਬੀਆਂ ਨੇ 'ਟਾਈਮਜ਼ ਨਾਓ' ਦੇ ਮੁੱਖ ਸੰਪਾਦਕ ਅਰਨਬ ਗੋਸੁਆਮੀ ਨੂੰ ਖੁੱਲ੍ਹੀ ਚਿੱਠੀ ਲਿਖੀ ਹੈ ਕਿ ਉਹ ਇੱਕ ਖ਼ਾਸ ਸੋਚ ਨੂੰ ਛੁਟਿਆਉਣ ਲਈ ਹਰ ਹਰਵਾ ਵਰਤਦਾ ਹੈ।

ਮੌਜੂਦਾ ਸਰਕਾਰਾਂ ਨੇ ਮੂੰਹ-ਜ਼ੋਰ ਹੋਏ ਬੁਨਿਆਦਪ੍ਰਸਤਾਂ ਨੂੰ ਰੋਕਣ ਦੀ ਥਾਂ ਇਨ੍ਹਾਂ ਨੂੰ ਖ਼ੁਸ਼ ਰੱਖਣ ਦੀ ਨੀਤੀ ਅਪਣਾਈ ਹੋਈ ਹੈ। ਨਤੀਜੇ ਵਜੋਂ ਸਮਾਜਵਾਦੀ-ਨਾਸਤਿਕ ਆਦਮੀ ਨੂੰ ਹਰ ਤਰ੍ਹਾਂ ਦਾ ਖ਼ਤਰਾ ਦਰਪੇਸ਼ ਹੈ। ਸਰਕਾਰਾਂ ਜਮ੍ਹਾਂ ਬੁਨਿਆਦਪ੍ਰਸਤਾਂ ਦਾ ਗੱਠਜੋੜ ਤੈਅ ਕਰ ਰਿਹਾ ਹੈ ਕਿ ਇਤਿਹਾਸ ਨੂੰ ਕਿਵੇਂ ਸਮਝਿਆ ਜਾਵੇ? ਇਹ ਦੱਸਿਆ ਜਾ ਰਿਹਾ ਹੈ ਕਿ ਧਰਮ ਹੀ ਮਨੁੱਖ ਦੀ ਬੰਦਖ਼ਲਾਸੀ ਦਾ ਸਬੱਬ ਬਣ ਸਕਦਾ ਹੈ। ਇਸ ਵੇਲੇ ਧਰਮ ਤੋਂ ਜ਼ਿਆਦਾ ਇਸ਼ਤਿਹਾਰਬਾਜ਼ੀ ਕਿਸੇ ਹੋਰ ਚੀਜ਼ ਦੀ ਨਹੀਂ ਹੋ ਰਹੀ। ਹਰ ਮੀਡੀਆ ਅਦਾਰੇ ਨੇ ਪਰਉਪਕਾਰ ਜਾਂ ਬਾਜ਼ਾਰ ਦੇ ਨਾਮ ਉਤੇ ਧਰਮ ਪ੍ਰਚਾਰ ਨੂੰ ਖੁੱਲ੍ਹੀ ਥਾਂ ਦਿੱਤੀ ਹੋਈ ਹੈ। ਧਾਰਮਿਕ ਅਦਾਰਿਆਂ ਕੋਲ ਮਨੁੱਖੀ ਸਰੋਤ ਤੋਂ ਲੈ ਕੇ ਜ਼ਮੀਨ-ਜਾਇਦਾਦ ਦੀ ਕੋਈ ਤੋਟ ਨਹੀਂ ਹੈ। ਸ਼ਰਧਾ ਦਾ ਧੰਦਾ ਸਭ ਤੋਂ ਵੱਡਾ ਹੋ ਗਿਆ ਹੈ। ਇੱਕ ਬੰਦੇ ਨੇ ਦੂਜੇ ਬੰਦੇ ਨਾਲ ਵਰਤਣ ਦਾ ਸਲੀਕਾ ਧਰਮ ਸਿਖਾ ਰਿਹਾ ਹੈ। ਇਹ ਤੈਅ ਕਰਨ ਦੀ ਬੁਨਿਆਦੀ ਸ਼ਰਤ ਵੀ ਧਰਮ ਦੇ ਹਵਾਲੇ ਨਾਲ ਦਿੱਤੀ ਜਾ ਰਹੀ ਹੈ ਕਿ ਕੌਣ ਕਿਸ ਨਾਲ ਕਿਵੇਂ ਵਿਆਹ ਕਰਵਾ ਸਕਦਾ ਹੈ?

ਸ਼ਰਧਾ, ਸਰਕਾਰ, ਮੰਡੀ ਅਤੇ ਫ਼ਿਰਕਾਪ੍ਰਸਤੀ ਦਾ ਗੱਠਜੋੜ ਜਿੰਨਾ ਵੀ ਮਜ਼ਬੂਤ ਅਤੇ ਮਾਰੂ ਹੋਵੇ ਪਰ ਇਹ ਬੁਨਿਆਦੀ ਤੌਰ ਉਤੇ ਮਨੁੱਖੀ ਸ਼ਾਨ ਅਤੇ ਜਗਿਆਸੂ ਬਿਰਤੀ ਦੇ ਖ਼ਿਲਾਫ਼ ਹੈ। ਧਰਮ ਦਾ ਖੂੰਖ਼ਾਰ ਖ਼ਾਸਾ ਹਰ ਦੌਰ ਵਿਚ ਮਨੁੱਖੀ ਪਿੰਡੇ ਉਤੇ ਉਕਰਿਆ ਗਿਆ ਹੈ। ਮਨੁੱਖ ਨੇ ਹਰ ਕੁਰਬਾਨੀ ਦੇ ਕੇ ਸੁਆਲ ਕੀਤੇ ਹਨ ਜਿਨ੍ਹਾਂ ਦਾ ਆਪਣਾ ਕੁਰਬਾਨੀਆਂ ਭਰਿਆ ਸ਼ਾਨਾਂਮੱਤਾ ਇਤਿਹਾਸ ਹੈ। ਸੁਆਲ ਮਨੁੱਖੀ ਇਤਿਹਾਸ ਵਿਚ ਸ਼ਰਧਾ ਤੋਂ ਕਿਤੇ ਪਹਿਲਾਂ ਦਰਜ ਹੋਇਆ ਹੈ। ਰੱਬ ਅਤੇ ਧਰਮ ਮਨੁੱਖੀ ਦੀ ਜਗਿਆਸਾ ਦੀ ਉਪਜ ਹਨ। ਰੱਬ ਅਤੇ ਧਰਮ ਨਾਲੋਂ ਮਨੁੱਖੀ ਜਗਿਆਸਾ ਦੀ ਵਿਰਾਸਤ ਕਿਤੇ ਵੱਡੀ ਹੈ। ਇਸੇ ਜਗਿਆਸਾ ਨੇ ਬਹੁਤ ਸਾਰੇ ਵਿਸ਼ਵਾਸਾਂ ਅਤੇ ਤਜਰਬਿਆਂ ਨੂੰ ਵਿਗਿਆਨ ਵਿਚ ਤਬਦੀਲ ਕੀਤਾ ਹੈ। ਆਪਣੀ ਵਿਰਾਸਤ ਉਤੇ ਸੁਆਲ ਕਰਨਾ ਮਨੁੱਖ ਦਾ ਸਦੀਵੀ ਹੱਕ ਹੈ।

ਧਰਮ ਦੇ ਘੇਰੇ ਦੇ ਅੰਦਰ ਰਹਿ ਕੇ ਵੀ ਵਿਚ ਰੱਬ ਨੂੰ ਖ਼ਾਰਜ ਕਰਨ, ਉਸ ਦੀ ਹੋਂਦ ਉਤੇ ਸੁਆਲ ਕਰਨ ਅਤੇ ਉਸ ਦੀ ਰਜ਼ਾ ਤੋਂ ਮੁਨਕਰ ਹੋਣ ਦੇ ਹਕੂਕ ਮਨੁੱਖੀ ਵਿਰਾਸਤ ਦਾ ਹਿੱਸਾ ਹਨ। ਨਾਸਤਿਕ ਹੋਣਾ ਅਤੇ ਸਮਾਜ ਤੇ ਕੁਦਰਤ ਦੀ ਵਿਗਿਆਨ ਸੋਚ ਨਾਲ ਪੜਚੋਲ ਕਰਨਾ ਮਨੁੱਖੀ ਵਿਰਸੇ ਦਾ ਅਨਿੱਖੜਵਾਂ ਅੰਗ ਹੈ। ਇਸ ਤਰ੍ਹਾਂ ਪਿਆਰ ਅਤੇ ਕੁਫ਼ਰ ਮਨੁੱਖ ਦਾ ਜਮਾਂਦਰੂ ਹਕੂਕ ਹੈ ਜੋ ਮਨੁੱਖ ਨੇ ਧਰਮ, ਰਾਜ, ਕਾਨੂੰਨ ਤੋਂ ਮੁਲਕ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਹਾਸਲ ਕੀਤੇ ਹਨ। ਇਹ ਹਕੂਕ ਹੋਂਦ ਵਿਚ ਆਏ ਪਹਿਲੇ ਜੀਅ ਨੇ ਪਹਿਲੇ ਸਾਹ ਨਾਲ ਹੀ ਕਮਾ ਲਏ ਸਨ। ਇਸ ਵਿਰਾਸਤ ਦੀ ਦਾਅਵੇਦਾਰ ਧਿਰ ਗਿਣਤੀ ਪੱਖੋਂ ਭਾਵੇਂ ਕਿੰਨੀ ਵੀ ਨਿਗੂਣੀ ਹੋਵੇ, ਸਰਮਾਏ ਪੱਖੋਂ ਕਿੰਨੀ ਵੀ ਗ਼ਰੀਬ ਹੋਵੇ, ਤਾਕਤ ਪੱਖੋਂ ਭਾਵੇਂ ਕਿੰਨੀ ਵੀ ਗ਼ਰੀਬ ਹੋਵੇ ਪਰ ਪਿਆਰ, ਦਰਦਮੰਦੀ ਅਤੇ ਬੌਧਿਕਤਾ ਪੱਖੋਂ ਬੇਹੱਦ ਅਮੀਰ ਹੈ। ਇਸੇ ਵਿਰਾਸਤ ਵਿਚ ਮਨੁੱਖ ਦੇ ਤੰਗਨਜ਼ਰੀ ਵਿਚ ਨਿਕਲ ਕੇ ਖ਼ੂਬਸੂਰਤ ਖੁੱਲ੍ਹਦਿਲੀ ਅਤੇ ਖੁੱਲ੍ਹਨਜ਼ਰੀ ਵਾਲਾ ਵੰਨ-ਸੁਵੰਨਾ ਸਮਾਜ ਸਿਰਜਣ ਦੀ ਸੰਭਾਵਨਾ ਹੈ। ਸਾਥੀਆਂ ਦਾ ਬੇਕਿਰਕੀ ਨਾਲ ਕਤਲ ਹੋਣਾ ਸੋਗਵਾਰ ਹੈ। ਇਹ ਦਿਲ ਨੂੰ ਡੋਬੂ ਪਾਉਂਦਾ ਹੈ ਪਰ ਜ਼ਿੰਮੇਵਾਰੀ ਦਾ ਅਹਿਸਾਸ ਵੀ ਕਰਵਾਉਂਦਾ ਹੈ। ਇਸ ਦੌਰ ਵਿਚ ਜਗਿਆਸੂ ਬੰਦੇ ਦੀ ਰਾਖੀ, ਦਰਦਮੰਦੀ ਦਾ ਅਹਿਸਾਸ ਅਤੇ ਵਿਗਿਆਨਕ ਸੋਚ ਦਾ ਪਸਾਰਾ ਮਨੁੱਖਤਾ ਦੇ ਨਾਮ ਲਿਖਿਆ ਸਭ ਤੋਂ ਖ਼ੂਬਸੂਰਤ ਖ਼ਤ ਹੈ। ਕਤਲ ਹੋਏ ਹਮਸਾਇਆਂ ਦਾ ਖ਼ੂਨ ਆਵਾਜ਼ ਦਿੰਦਾ ਹੈ ਕਿ ਬੰਦੇ ਦੀ ਬੰਦੇ ਹੱਥੋਂ ਬੰਦਖ਼ਲਾਸੀ ਦਰਦਮੰਦ ਵਿਗਿਆਨਕ ਸੋਚ ਨੇ ਕਰਨੀ ਹੈ ਅਤੇ ਬੰਦਿਆਈ ਦਾ ਬੇਪ੍ਰਵਾਹ ਇਸ਼ਕ, ਨਫ਼ੀਸ ਬੰਦੇ ਦੀ ਰਜ਼ਾ ਵਿਚ ਪ੍ਰਵਾਨ ਚੜ੍ਹਨਾ ਹੈ।

# ਜੁਝਾਰੂ ਆਦਿਵਾਸੀਆਂ ਦਾ ਰੋਹ ਤੇ ਰੋਸ

ਭਾਰਤੀ ਹੁਕਮਰਾਨਾਂ ਵਲੋਂ ਮਾਓਵਾਦੀ ਅਗਵਾਈ ਹੇਠਲੀ ਇਨਕਲਾਬੀ ਆਵਾਮੀ ਲਹਿਰ ਨੂੰ ਕੁਚਲਣ ਲਈ ਚਲਾਏ ਜਾ ਰਹੇ ਉਪਰੇਸ਼ਨ ਗ੍ਰੀਨ ਹੰਟ ਦਾ ਛੇਵਾਂ ਸਾਲ ਚੱਲ ਰਿਹਾ ਹੈ। ਇਸ ਦੌਰਾਨ 'ਕੌਮੀ ਸੁਰੱਖਿਆ' ਅਤੇ 'ਵਿਕਾਸ' ਦੇ ਨਾਂ ਹੇਠ ਆਦਿਵਾਸੀ ਆਵਾਮ ਦੀ ਬੇਸ਼ੁਮਾਰ ਜਾਨੀ ਤੇ ਮਾਲੀ ਤਬਾਹੀ ਕੀਤੀ ਗਈ ਹੈ। ਸੁਰੱਖਿਆ ਅਤੇ ਅਮਨ-ਕਾਨੂੰਨ ਦੇ ਨਾਂ ਹੇਠ ਬਣਾਇਆ

**ਬੂਟਾ ਸਿੰਘ**
ਫੋਨ: 91-94634-74342

ਵਹਿਸ਼ੀ ਰਾਜਤੰਤਰ ਮੁਲਕ ਦੇ ਨਾਗਰਿਕਾਂ ਦੀ ਨਸਲਕੁਸ਼ੀ ਤੋਂ ਵੀ ਗੁਰੇਜ਼ ਨਹੀਂ ਕਰ ਰਿਹਾ। ਮਨਮਾਨੀਆਂ ਗ੍ਰਿਫਤਾਰੀਆਂ, ਲੁੱਟਮਾਰ, ਜਬਰ-ਜਨਾਹ, ਗੈਰਕਾਨੂੰਨੀ ਹਿਰਾਸਤ ਵਿਚ ਰੱਖ ਕੇ ਤਸ਼ੱਦਦ, ਜੰਗਲ ਜਾਂ ਬਾਜ਼ਾਰ ਵਿਚ ਸਾਧਾਰਨ ਆਦਿਵਾਸੀ ਨੂੰ ਗੋਲੀ ਮਾਰ ਕੇ ਢੇਰ ਕਰ ਦੇਣਾ, ਫਰਜ਼ੀ ਮੁਕਾਬਲੇ ਆਦਿ ਆਮ ਗੱਲ ਹੈ। ਆਪਣੇ ਹੀ ਲੋਕਾਂ ਵਿਰੁਧ ਇਸ ਨੀਮ-ਫੌਜੀ ਜੰਗ ਨੂੰ ਮਹਿਜ਼ 'ਪੁਲਿਸ ਕਾਰਵਾਈ' ਦਾ ਨਾਂ ਦਿੱਤਾ ਹੋਣ ਕਾਰਨ ਤਾਨਾਸ਼ਾਹ ਰਾਜ ਜੰਗ ਹੇਠਲੇ ਇਲਾਕਿਆਂ ਉਪਰ ਲਾਗੂ ਹੁੰਦੇ ਕੌਮਾਂਤਰੀ ਕਾਇਦੇ-ਕਾਨੂੰਨਾਂ ਦਾ ਪਾਬੰਦ ਵੀ ਨਹੀਂ ਹੈ। ਮਾਓਵਾਦੀ ਲਹਿਰ ਦੇ ਜ਼ੋਰ ਵਾਲੇ ਇਲਾਕਿਆਂ ਦੀ ਭਾਵੇਂ ਮੁਕੰਮਲ ਘੇਰਾਬੰਦੀ ਕੀਤੀ ਹੋਈ ਹੈ, ਫਿਰ ਵੀ ਜਿੰਨੀਆਂ ਕੁ ਸੀਮਤ ਰਿਪੋਰਟਾਂ ਜਿਵੇਂ-ਕਿਵੇਂ ਬਾਹਰ ਆ ਰਹੀਆਂ ਹਨ, ਉਨ੍ਹਾਂ ਤੋਂ ਉਥੇ ਆਦਿਵਾਸੀਆਂ ਦੀ ਨਾਬਰੀ ਨੂੰ ਕੁਚਲਣ ਲਈ ਕੀਤੇ ਜਾ ਰਹੇ ਫਾਸ਼ੀਵਾਦੀ ਦਮਨ ਅਤੇ ਮਨੁੱਖੀ ਹੱਕਾਂ ਦੇ ਘਾਣ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ।

ਪਿਛਲੇ ਸਾਲ 8 ਅਕਤੂਬਰ ਨੂੰ ਸੀ.ਆਰ.ਪੀ.ਐਫ., ਪੁਲਿਸ ਅਤੇ ਕੋਇਆ ਕਮਾਂਡੋਜ਼ ਵਲੋਂ ਪਿੰਡ ਪੋਟੇਨਾਰ (ਜ਼ਿਲ੍ਹਾ ਬੀਜਾਪੁਰ) ਵਿਚ ਸੀ.ਪੀ.ਆਈ. ਮਾਓਵਾਦੀ ਦੀ ਛਾਪਾਮਾਰ ਟੁਕੜੀ ਉਪਰ ਕੀਤੀ ਗੋਲੀਬਾਰੀ ਵਿਚ ਮੜਕਮ ਰੈਬਾਟੀ ਮਾਰੀ ਗਈ ਜਦਕਿ ਪੂਨਮ ਅਤੇ ਮੜਕਮ ਲਕਸ਼ਮੀ ਨੂੰ ਜ਼ਖ਼ਮੀ ਹਾਲਤ 'ਚ ਗ੍ਰਿਫਤਾਰ ਕਰ ਲਿਆ ਗਿਆ। 'ਸੁਰੱਖਿਆ ਬਲਾਂ' ਨੇ ਇਨ੍ਹਾਂ ਜ਼ਖ਼ਮੀ ਛਾਪਾਮਾਰਾਂ ਨਾਲ ਸਮੂਹਿਕ ਜਬਰ-ਜਨਾਹ ਕਰ ਕੇ ਉਨ੍ਹਾਂ ਨੂੰ ਕਤਲ ਕਰ ਦਿੱਤਾ। ਪੂਨਮ ਦੇ ਅਲਫ਼ ਨੰਗੇ ਜਿਸਮ ਦੀਆਂ ਤਸਵੀਰਾਂ ਪੁਲਿਸ ਅਧਿਕਾਰੀਆਂ ਨੇ ਪ੍ਰੈਸ ਨੂੰ ਜਾਰੀ ਕੀਤੀਆਂ ਜੋ ਪੱਤਰਕਾਰੀ ਦੇ ਅਸੂਲਾਂ ਦੀਆਂ ਧੱਜੀਆਂ ਉਡਾ ਕੇ ਇਕ ਮੁਕਾਮੀ ਹਿੰਦੀ ਰਸਾਲੇ ਨੇ ਛਾਪੀਆਂ।

ਇਸ ਤੋਂ ਪਹਿਲਾਂ ਜੂਨ 2012 ਨੂੰ ਸੀ-60 ਕਮਾਂਡੋਜ਼ ਗੜ੍ਹਚਿਰੌਲੀ ਜ਼ਿਲ੍ਹੇ (ਮਹਾਂਰਾਸ਼ਟਰ) ਦੀ ਇਟਾਪੱਲੀ ਸਬ-ਡਿਵੀਜ਼ਨ ਦੇ ਮੇਦਰੀ ਪਿੰਡ ਨੇੜੇ ਮੁਕਾਬਲੇ ਵਿਚ ਗ੍ਰਿਫਤਾਰ ਕੀਤੀਆਂ ਛਾਪਾਮਾਰ ਔਰਤਾਂ ਨਾਲ ਵੀ ਸਰਕਾਰੀ ਹਥਿਆਰਬੰਦ ਤਾਕਤਾਂ ਨੇ ਇਸੇ ਤਰ੍ਹਾਂ ਦਾ ਸਲੂਕ ਕੀਤਾ ਸੀ। ਪਹਿਲਾਂ ਕਮਾਂਡੋਜ਼ ਨੇ ਉਨ੍ਹਾਂ ਨੂੰ ਬੁਰੀ ਤਰ੍ਹਾਂ ਜ਼ਖ਼ਮੀ ਕੀਤਾ, ਫਿਰ ਜਬਰ-ਜਨਾਹ ਕੀਤੇ ਅਤੇ ਫਿਰ ਲਾਸ਼ਾਂ ਦੀ ਬੇਅਦਬੀ ਕੀਤੀ। ਜ਼ਮੀਰਫਰੋਸ਼ ਮੁੱਖਧਾਰਾ ਮੀਡੀਆ ਅਤੇ ਪ੍ਰੈਸ ਇੰਡਸਟਰੀ ਲਈ ਇਹ ਮਹਿਜ਼ ਵੇਚੀਆਂ ਜਾਣ ਵਾਲੀਆਂ ਖ਼ਬਰਾਂ ਹਨ। ਪੁਲਿਸ ਦੀ ਵਹਿਸ਼ਤ, ਮਨੁੱਖੀ ਹੱਕਾਂ ਦਾ ਘਾਣ, ਜਨੇਵਾ ਕਨਵੈਨਸ਼ਨ ਅਨੁਸਾਰ ਜੰਗੀ ਕੈਦੀਆਂ ਦੀ ਜ਼ਿੰਦਗੀ ਦੀ ਰਾਖੀ ਅਤੇ ਮਾਣ-ਸਨਮਾਨ ਉਨ੍ਹਾਂ ਲਈ ਕੋਈ ਮੁੱਦਾ ਹੀ ਨਹੀਂ ਹੈ। ਇਹ ਕਦੇ ਚਰਚਾ ਦਾ ਵਿਸ਼ਾ ਹੀ ਨਹੀਂ ਬਣਦਾ ਕਿ ਮਾਓਵਾਦੀ ਲਹਿਰ ਨੂੰ 'ਮੁਲਕ ਦੀ ਅੰਦਰੂਨੀ ਸੁਰੱਖਿਆ ਲਈ ਸਭ ਤੋਂ ਵੱਡਾ ਖ਼ਤਰਾ' ਕਰਾਰ ਦੇ ਕੇ ਕੁਚਲਣ ਦੇ ਨਾਂ ਹੇਠ ਇਨ੍ਹਾਂ ਇਲਾਕਿਆਂ ਵਿਚ ਕਿੰਨੇ ਵਸੀਹ ਪੈਮਾਨੇ 'ਤੇ ਕਤਲੇਆਮ, ਜਬਰ-ਜਨਾਹ ਅਤੇ ਤਬਾਹੀ ਕੀਤੀ ਜਾ ਰਹੀ ਹੈ।

'ਜਿਥੇ ਜ਼ੁਲਮ ਹੈ, ਉਥੇ ਟੱਕਰ ਹੈ' ਦੀ ਕਹਾਵਤ ਅਨੁਸਾਰ ਹੁਣ ਇਨ੍ਹਾਂ ਇਲਾਕਿਆਂ ਦੇ ਆਮ ਲੋਕਾਂ ਦਾ ਸਬਰ ਵੀ ਜਵਾਬ ਦੇ ਚੁੱਕਾ ਹੈ। ਉਹ ਹੁਣ ਹਕੂਮਤੀ ਦਹਿਸ਼ਤਗਰਦੀ ਦੇ ਲੋਹ-ਪਰਦੇ ਚੀਰ ਕੇ ਇਸ ਜ਼ੁਲਮ ਖ਼ਿਲਾਫ਼ ਖੁੱਲ੍ਹੇਆਮ ਆਵਾਜ਼ ਉਠਾਉਣ ਲੱਗੇ ਹਨ। ਪਿਛਲੇ ਮਹੀਨੇ ਦਾਂਤੇਵਾੜਾ ਜ਼ਿਲ੍ਹੇ ਦੇ ਕੂਆਕੋਂਡਾ ਬਲਾਕ 'ਚ 'ਸੁਰੱਖਿਆ ਬਲਾਂ' ਵਲੋਂ ਇਕ ਆਮ ਆਦਿਵਾਸੀ ਨੂੰ ਗੋਲੀ ਮਾਰਨ ਖ਼ਿਲਾਫ਼ 20 ਪਿੰਡਾਂ ਦੇ 5000 ਲੋਕ ਸੜਕਾਂ 'ਤੇ ਆ ਨਿਕਲੇ ਸਨ। ਇਹ ਹਕੂਮਤੀ ਜ਼ੁਲਮਾਂ ਵਿਰੁਧ ਖੌਲ ਰਹੇ ਲੋਕ ਰੋਹ ਦੀ ਹੀ ਝਲਕ ਸੀ।

ਹੁਣ ਕੁਝ ਹਫ਼ਤਿਆਂ 'ਚ ਹੀ ਦੂਜੀ ਵਾਰ ਵੱਡੀ ਤਾਦਾਦ 'ਚ ਔਰਤਾਂ ਸਮੇਤ 1000 ਆਦਿਵਾਸੀਆਂ ਨੇ ਪੂਰੇ ਸਤਾਰਾਂ ਘੰਟੇ ਛੱਤੀਸਗੜ੍ਹ-ਆਂਧਰਾ ਪ੍ਰਦੇਸ਼ ਕੌਮੀ ਮਾਰਗ ਜਾਮ ਰੱਖਿਆ। ਇਕ ਹਫ਼ਤੇ ਤੋਂ ਵੱਧ ਸਮਾਂ ਪੱਕਾ ਮੋਰਚਾ ਲਾਇਆ। ਹੁਣ ਮਾਮਲਾ ਸੁਕਮਾ ਜ਼ਿਲ੍ਹੇ ਦੇ ਹਮੀਰਗੜ੍ਹ ਪਿੰਡ ਦੇ ਪ੍ਰਾਇਮਰੀ ਸਕੂਲ ਵਿਚ ਕੁੱਕ ਵਜੋਂ ਨੌਕਰੀ ਕਰਦੇ ਮੁਚਕੀ ਹੜਮਾ ਦੀ ਗ੍ਰਿਫਤਾਰੀ ਦਾ ਹੈ। ਪਿੰਡ ਵਾਸੀਆਂ ਅਨੁਸਾਰ 15 ਫਰਵਰੀ ਦੀ ਰਾਤ ਨੂੰ ਪੁਲਿਸ ਨੇ ਕੋਲਾਕੋਂਟਾ ਬਸਤੀ ਉਪਰ ਧਾਵਾ ਬੋਲ ਕੇ ਆਦਿਵਾਸੀਆਂ ਨੂੰ ਘਰਾਂ ਵਿਚੋਂ ਬਾਹਰ ਕੱਢ ਲਿਆ। ਡੂਲਗੋ ਪਾਂਡੂ, ਹਿੜਮਾ ਪੋਡੀਅਮ, ਉਸ ਦੀ 27 ਸਾਲਾਂ ਦੀ ਪਤਨੀ ਮਾਡੇ ਪੜਿਆਮੀ ਅਤੇ ਉਨ੍ਹਾਂ ਦੀ ਬਜ਼ੁਰਗ ਮਾਂ ਦੀ ਕੁੱਟਮਾਰ ਕਰ ਕੇ ਮਾਓਵਾਦੀਆਂ ਦੇ ਹਮਾਇਤੀ ਪਿੰਡ ਵਾਸੀਆਂ ਦੀ ਸੂਹ ਦੇਣ ਲਈ ਕਿਹਾ। ਪੁਲਿਸ ਨੇ ਉਨ੍ਹਾਂ ਦੇ ਘਰਾਂ 'ਚੋਂ ਕੀਮਤੀ ਸਮਾਨ ਅਤੇ ਨਗਦੀ ਲੁੱਟ ਲਈ।

ਓੜਕ ਪੁਲਿਸ 11 ਆਦਿਵਾਸੀਆਂ ਨੂੰ ਗੱਡੀਆਂ ਵਿਚ ਸੁੱਟ ਕੇ ਟੋਂਗਪਾਲ ਥਾਣੇ ਲੈ ਗਈ। ਅਗਲੇ ਦਿਨ ਸਵੇਰੇ ਹੀ ਪਿੰਡ ਦੇ ਸਰਪੰਚ ਦੀ ਅਗਵਾਈ ਵਿਚ ਲੋਕਾਂ ਵਲੋਂ ਥਾਣੇ ਜਾ ਕੇ ਫੜੇ ਬੰਦਿਆਂ ਦੀ ਰਿਹਾਈ ਲਈ ਦਬਾਅ ਪਾਉਣ 'ਤੇ ਤ੍ਰਿਕਾਲਾਂ ਨੂੰ 10 ਬੰਦੇ ਤਾਂ ਛੱਡ ਦਿੱਤੇ ਪਰ ਮੁਚਕੀ ਹੜਮਾ ਨੂੰ ਪੁੱਛਗਿੱਛ ਪੂਰੀ ਕਰ ਕੇ ਛੱਡਣ ਦਾ ਵਾਅਦਾ ਕੀਤਾ। ਅਗਲੇ ਦਿਨ ਉਸ ਉਪਰ ਕਤਲ, ਫ਼ਸਾਦ, ਘਾਤਕ ਹਥਿਆਰਾਂ, ਗ਼ੈਰ-ਕਾਨੂੰਨੀ ਮੀਟਿੰਗ ਕਰਨ ਦੇ ਸੰਗੀਨ ਇਲਜ਼ਾਮ ਲਾ ਕੇ ਜੁਡੀਸ਼ੀਅਲ ਮੈਜਿਸਟਰੇਟ ਦੇ ਪੇਸ਼ ਕਰ ਦਿੱਤਾ।


ਕੌਮੀ ਮਾਰਗ ਰੋਕੀ ਬੈਠੀਆਂ ਆਦਿਵਾਸੀ ਔਰਤਾਂ।

ਪੁਲਿਸ ਦਾ ਕਹਿਣਾ ਹੈ ਕਿ ਛੇ ਮਹੀਨੇ ਪਹਿਲਾਂ ਪੁਲਿਸ ਮੁਖ਼ਬਰ ਅਨਿਲ ਠਾਕੁਰ ਨੂੰ ਇਸ ਪਿੰਡ ਨੇੜੇ ਹਥਿਆਰਬੰਦ ਬੰਦਿਆਂ ਵਲੋਂ ਅਗਵਾ ਕਰ ਕੇ ਮਾਰ ਦੇਣ ਦੀ ਵਾਰਦਾਤ ਵਿਚ ਮੁਚਕੀ ਹੜਮਾ ਸ਼ਾਮਲ ਸੀ। ਉਦੋਂ ਤੋਂ ਹੀ ਪੁਲਿਸ ਇਸ ਪਿੰਡ ਦੇ ਬਾਸ਼ਿੰਦਿਆਂ ਨੂੰ ਤੰਗ-ਪ੍ਰੇਸ਼ਾਨ ਕਰ ਰਹੀ ਹੈ। ਇਸ ਤੋਂ ਪਹਿਲਾਂ ਇਸੇ ਪਿੰਡ ਦੇ ਕਵਾਸੀ ਹਿੜਮਾ ਨੂੰ ਟੋਂਗਪਾਲ ਬਾਜ਼ਾਰ ਵਿਚੋਂ ਪੁਲਿਸ ਨੇ ਅਗਵਾ ਕਰ ਕੇ ਹਿਰਾਸਤ ਵਿਚ ਪੰਜ ਦਿਨ ਬੁਰੀ ਤਰ੍ਹਾਂ ਤਸੀਹੇ ਦਿੱਤੇ ਸਨ। ਰਿਹਾ ਹੋਣ 'ਤੇ ਇਕ ਪ੍ਰਾਈਵੇਟ ਹਸਪਤਾਲ ਵਿਚ ਦਾਖ਼ਲ ਹੋ ਕੇ ਉਸ ਨੇ ਚੁੱਪ-ਚੁਪੀਤੇ ਇਲਾਜ ਕਰਵਾ ਲਿਆ ਸੀ ਤੇ ਤਸੀਹਿਆਂ ਤੇ ਜ਼ਲਾਲਤ ਦੀ ਪੀੜਾ ਅੰਦਰੋ-ਅੰਦਰੀ ਪੀ ਲਈ ਸੀ।

ਨਿੱਤ ਦੀ ਇਸ ਜ਼ਲਾਲਤ ਅਤੇ ਜ਼ੁਲਮਾਂ ਦੇ ਸਤਾਏ 1000 ਆਦਿਵਾਸੀਆਂ ਨੇ ਆਪ-ਮੁਹਾਰੇ ਕਾਫ਼ਲੇ ਬੰਨ੍ਹ ਕੇ 17 ਫਰਵਰੀ ਨੂੰ ਕੌਮੀ ਮਾਰਗ ਜਾਮ ਕਰ ਦਿੱਤਾ। ਜਦੋਂ ਪੁਲਿਸ ਜਾਮ ਖੁੱਲ੍ਹਵਾਉਣ ਵਿਚ ਨਾਕਾਮ ਰਹੀ, ਤਾਂ ਕਵਾਸੀ ਹਿੜਮਾ, ਬੁਦਰਾ ਅਤੇ ਮੰਡਾਵੀ ਰਾਮਜੀ ਨੂੰ ਗ਼ੈਰ-ਕਾਨੂੰਨੀ ਤੌਰ 'ਤੇ ਇਕੱਠੇ ਹੋਣ ਦੇ ਇਲਜ਼ਾਮ 'ਚ ਚੁੱਕ ਕੇ ਲੈ ਗਈ।

ਪੁਲਿਸ ਦੀ ਬਣਾਈ ਕਹਾਣੀ ਤਾਂ ਵੱਡੀਆਂ ਸੁਰਖ਼ੀਆਂ ਬਣਦੀ ਹੈ, ਪਰ ਆਦਿਵਾਸੀ ਆਵਾਮ ਦੇ ਇਸ ਸਭ ਤੋਂ ਅਹਿਮ ਸਵਾਲ ਨੂੰ ਮੁੱਖਧਾਰਾ ਮੀਡੀਆ ਸੁਣਨ ਲਈ ਵੀ ਤਿਆਰ ਨਹੀਂ ਕਿ 'ਸੁਰੱਖਿਆ ਬਲਾਂ' ਵਲੋਂ ਔਰਤਾਂ ਨਾਲ ਜਬਰ-ਜਨਾਹ, ਬਿਨਾਂ ਵਾਰੰਟ ਗ੍ਰਿਫ਼ਤਾਰੀਆਂ, ਬਿਨਾਂ ਗ੍ਰਿਫ਼ਤਾਰੀ ਕਈ-ਕਈ ਦਿਨ ਹਿਰਾਸਤ ਵਿਚ ਤਸੀਹੇ ਕਿਸ ਸੰਵਿਧਾਨ ਅਨੁਸਾਰ ਕਾਨੂੰਨੀ ਅਤੇ ਜਾਇਜ਼ ਹਨ।

ਆਦਿਵਾਸੀਆਂ ਵਿਚ ਇਤਨਾ ਰੋਹ ਸੀ ਕਿ ਆਦਿਵਾਸੀ ਆਮ ਆਦਮੀ ਪਾਰਟੀ ਦੀ ਆਗੂ ਸੋਨੀ ਸੋਰੀ ਅਤੇ ਕਾਰਕੁਨ ਬੇਲਾ ਭਾਟੀਆ ਦੀ ਦਖ਼ਲਅੰਦਾਜ਼ੀ ਅਤੇ ਪ੍ਰੇਰਨਾ ਨਾਲ ਵੀ ਜਾਮ ਖੋਲ੍ਹਣਾ ਨਾ ਮੰਨੇ। ਉਨ੍ਹਾਂ ਦੀ ਮੰਗ ਸੀ ਕਿ ਭਾਵੇਂ ਮੁਚਕੀ ਹੜਮਾ ਦੇ ਮਾਮਲੇ ਵਿਚ ਹੁਣ ਕਾਨੂੰਨੀ ਚਾਰਾਜੋਈ ਦਾ ਸਹਾਰਾ ਲੈਣਾ ਪਵੇਗਾ ਪਰ ਤਿੰਨ ਮੁਜ਼ਾਹਰਾਕਾਰੀਆਂ ਦੀ ਰਿਹਾਈ ਤਕ ਉਹ ਉਥੋਂ ਨਹੀਂ ਜਾਣਗੇ। ਆਦਿਵਾਸੀਆਂ ਦੇ ਦ੍ਰਿੜ ਇਰਾਦੇ ਦੇਖ ਕੇ ਪੁਲਿਸ ਨੇ ਉਨ੍ਹਾਂ ਤਿੰਨਾਂ ਨੂੰ ਰਿਹਾ ਕਰ ਦਿੱਤਾ, ਪਰ ਜਦੋਂ ਉਹ ਪੁਲਿਸ ਹਿਰਾਸਤ 'ਚੋਂ ਬਾਹਰ ਆਏ ਤਾਂ ਉਨ੍ਹਾਂ ਉਪਰ ਕੀਤੇ ਤਸ਼ੱਦਦ ਨੂੰ ਦੇਖ ਕੇ ਆਦਿਵਾਸੀਆਂ ਦਾ ਰੋਹ ਭੜਕ ਉਠਿਆ। ਉਨ੍ਹਾਂ ਨੂੰ ਉਦੋਂ ਤਕ ਡਾਂਗਾਂ ਨਾਲ ਕੁੱਟਿਆ ਗਿਆ ਸੀ ਜਦੋਂ ਤਕ ਉਹ ਬੇਹੋਸ਼ ਨਹੀਂ ਹੋ ਗਏ। ਉਨ੍ਹਾਂ ਦੇ ਸਿਰ ਪਾਣੀ ਦੀਆਂ ਭਰੀਆਂ ਬਾਲਟੀਆਂ ਵਿਚ ਵਾਰ-ਵਾਰ ਡੁਬੋਏ ਗਏ। ਫਿਰ ਪੁਲਿਸ ਨੇ ਮੁਕਾਮੀ ਸਰਕਾਰੀ ਡਾਕਟਰ ਕੋਲੋਂ ਟੀਕੇ ਲਗਵਾ ਕੇ ਉਨ੍ਹਾਂ ਨੂੰ ਐਸ.ਡੀ.ਐਮ. ਦੇ ਪੇਸ਼ ਕਰ ਕੇ ਦਾਂਤੇਵਾੜਾ ਜੇਲ੍ਹ ਵਿਚ ਬੰਦ ਰੱਖਿਆ ਸੀ। ਇਹ ਹਾਲ ਸੁਣ ਕੇ ਸੁਕਮਾ ਤੇ ਬਸਤਰ ਜ਼ਿਲ੍ਹਿਆਂ ਦੇ ਡਰਬਾ, ਕੂਆਕੋਂਡਾ, ਛਿੰਦਗੜ੍ਹ ਅਤੇ ਸੁਕਮਾ ਬਲਾਕਾਂ ਦੇ ਆਦਿਵਾਸੀ ਵਹੀਰਾਂ ਘੱਤ ਕੇ ਟੋਂਗਪਾਲ ਆ ਪਹੁੰਚੇ। ਇਕੱਠ ਵਧਦਾ-ਵਧਦਾ 5000 ਹੋ ਗਿਆ। ਫਿਰ ਉਨ੍ਹਾਂ ਨੇ ਕੌਮੀ ਮਾਰਗ ਦਾ ਜਾਮ ਖ਼ਤਮ ਕਰ ਕੇ 22 ਫਰਵਰੀ ਨੂੰ ਪ੍ਰਦਰਸ਼ਨਕਾਰੀਆਂ ਨੇ ਟੋਂਗਪਾਲ ਦੇ ਖੁੱਲ੍ਹੇ ਮੈਦਾਨ ਵਿਚ ਧਰਨਾ ਲਾ ਦਿੱਤਾ।

ਇਤਨੇ ਵਸੀਹ ਲੋਕ ਵਿਰੋਧ ਦੇ ਬਾਵਜੂਦ ਘੋਰ ਲਾ-ਕਾਨੂੰਨੀਆਂ 'ਚ ਗਲਤਾਨ ਪੁਲਿਸ ਐਨੀ ਬੇਖ਼ੌਫ਼ ਹੈ ਕਿ ਥਾਣਾ ਮੁਖੀ ਪੱਤਰਕਾਰਾਂ ਨੂੰ ਸ਼ਰੇਆਮ ਕਹਿ ਰਿਹਾ ਸੀ, "ਜੇ ਉਹ ਹੁਣ ਚੱਕਾ ਜਾਮ ਕਰਦੇ ਹਨ, ਫਿਰ ਅਸਲੀ ਕਾਰਵਾਈ ਹੋਵੇਗੀ।"

21 ਫਰਵਰੀ ਨੂੰ ਆਦਿਵਾਸੀਆਂ ਨੇ ਤਿੰਨ ਕਿਲੋਮੀਟਰ ਲੰਮਾ ਮੌਨ ਜਲੂਸ ਕੱਢ ਕੇ ਹਕੂਮਤੀ ਜ਼ੁਲਮਾਂ ਨੂੰ ਲਾਹਨਤ ਪਾਈ। ਉਨ੍ਹਾਂ ਵਲੋਂ ਚੁੱਕੀਆਂ ਤਖ਼ਤੀਆਂ ਉਪਰ ਨਾਅਰੇ ਲਿਖੇ ਹੋਏ ਸਨ: 'ਹਮ ਭੀ ਇਨਸਾਨ ਹੈ, ਹਮੇ ਭੀ ਜੀਨੇ ਦੋ', 'ਨਿਰਦੋਸ਼ ਆਦਿਵਾਸੀਓਂ ਪਰ ਪੁਲਿਸ ਅਪਨਾ ਦਮਨ ਬੰਦ ਕਰੇ।' ਹੜਮਾ ਮੁਚਕੀ ਦੀ ਰਿਹਾਈ ਦੇ ਨਾਲ-ਨਾਲ ਹੁਣ ਉਹ ਬਿਨਾਂ ਵਾਰੰਟ ਪੁਲਿਸ ਵਲੋਂ ਮਨਮਾਨੀਆਂ ਗ੍ਰਿਫ਼ਤਾਰੀਆਂ ਪੂਰੀ ਤਰ੍ਹਾਂ ਬੰਦ ਕਰਨ, ਔਰਤ ਪੁਲਿਸ ਮੁਲਾਜ਼ਮਾਂ ਵਲੋਂ ਹੀ ਘਰਾਂ ਦੀ ਤਲਾਸ਼ੀ ਅਤੇ ਔਰਤਾਂ ਤੋਂ ਪੁੱਛਗਿੱਛ ਕਰਨ ਦੀ ਮੰਗ ਕਰ ਰਹੇ ਹਨ। ਧਰਨਾਕਾਰੀ ਔਰਤਾਂ ਦੱਸਦੀਆਂ ਹਨ: "ਜਦੋਂ 'ਫੋਰਸ ਵਾਲਾ' ਪਿੰਡ ਵਿਚ ਤਲਾਸ਼ੀਆਂ ਦੀ ਕਾਰਵਾਈ ਕਰਦੇ ਹਨ ਤਾਂ ਔਰਤਾਂ ਨੂੰ ਵੀ ਨਹੀਂ ਬਖ਼ਸ਼ਦੇ। ਜਦੋਂ ਅਸੀਂ ਇਕੱਲੀਆਂ ਹੁੰਦੀਆਂ ਹਾਂ ਤਾਂ ਮਰਦ ਘਰਾਂ ਵਿਚ ਆ ਘੁਸਦੇ ਹਨ।" ਇਸੇ ਬਲਾਕ ਦੇ ਪਿੰਡ ਪੋਂਦਲਨਾਰ ਦਾ ਸਰਪੰਚ ਮੁੜਾ ਕਵਾਸੀ ਕਹਿੰਦਾ ਹੈ, "ਪਿੰਡਾਂ ਵਿਚ ਆਪਣੇ ਘਰਾਂ ਵਿਚ ਸਹਿਜ ਜ਼ਿੰਦਗੀ ਜਿਊਣਾ ਅਤੇ ਹਾਟ-ਬਾਜ਼ਾਰ ਜਾਣਾ ਵੀ ਅਸੰਭਵ ਹੋ ਚੁੱਕਾ ਹੈ। ਕਿਸੇ ਨਾ ਕਿਸੇ ਪੁੱਛ-ਪੜਤਾਲ ਜਾਂ ਨਕਸਲੀ ਹੋਣ ਦੇ ਸ਼ੱਕ 'ਚ ਫੜ ਲੈਣ ਦਾ ਡਰ ਲਗਾਤਾਰ ਬਣਿਆ ਰਹਿੰਦਾ ਹੈ।"

ਤਸ਼ੱਦਦ ਦਾ ਸੱਜਰਾ ਸ਼ਿਕਾਰ ਹੋਇਆ ਕਵਾਸੀ ਹਿੜਮਾ ਕਹਿੰਦਾ ਹੈ, "ਸੁਕਮਾ, ਡਰਬਾ ਅਤੇ ਕੂਆਕੋਂਡਾ ਦੇ ਗੁਆਂਢੀ ਬਲਾਕਾਂ ਦੇ ਪਿੰਡਾਂ ਦੀ ਵੀ ਇਹੋ ਕਹਾਣੀ ਹੈ। ਇਸੇ ਕਰ ਕੇ ਇਤਨੇ ਤਾਦਾਦ 'ਚ ਲੋਕ ਸਾਡੀ ਹਮਾਇਤ 'ਚ ਇਥੇ ਆ ਜੁੜੇ ਹਨ।" ਦੋਲੇਰਾਸ ਪਿੰਡ ਦਾ ਸਰਪੰਚ ਕਹਿੰਦਾ ਹੈ, "ਅਸੀਂ ਉਦੋਂ ਤਾਈਂ ਇਥੇ ਧਰਨੇ 'ਤੇ ਬੈਠੇ ਰਹਾਂਗੇ ਜਦੋਂ ਤਾਈਂ ਅਧਿਕਾਰੀਆਂ ਵਲੋਂ ਤਸੱਲੀਬਖ਼ਸ਼ ਜਵਾਬ ਨਹੀਂ ਮਿਲਦਾ, ਚਾਹੇ ਮਹੀਨਾ ਲੱਗ ਜਾਵੇ।" ਸੋਨੀ ਸੋਰੀ ਕਹਿੰਦੀ ਹੈ, "ਇਸ ਵਾਰ ਲੋਕ ਦ੍ਰਿੜ ਜਾਪਦੇ ਹਨ। ਉਹ ਚਾਹੁੰਦੇ ਹਨ ਉਨ੍ਹਾਂ ਦੀ ਸੁਣਵਾਈ ਹੋਵੇ ਅਤੇ ਉਹ ਇਸ ਤਰ੍ਹਾਂ ਦਾ ਵਿਹਾਰ ਸਹਿਣ ਤੋਂ ਨਾਬਰ ਹਨ।"

ਪੁਲਿਸ ਅਤੇ ਸੁਰੱਖਿਆ ਬਲਾਂ ਅਨੁਸਾਰ ਇਨ੍ਹਾਂ ਰੋਸ ਵਿਖਾਵਿਆਂ ਦੀ ਅਸਲ ਅਗਵਾਈ ਕਰਨ ਵਾਲੇ ਹੋਰ ਹਨ। ਥਾਣਾ ਮੁਖੀ ਪੱਤਰਕਾਰ ਨੂੰ ਕਹਿੰਦਾ ਹੈ, "ਜਦੋਂ ਇਹ ਖ਼ਤਮ ਹੋ ਗਿਆ ਤਾਂ ਥਾਣੇ ਆਇਓ। ਮੈਂ ਤੁਹਾਨੂੰ ਸਾਡੇ ਹੱਥ ਲੱਗੀ ਗੱਲਬਾਤ ਦੀ ਰਿਕਾਰਡਿੰਗ ਸੁਣਾਵਾਂਗਾ ਕਿ ਇਸ ਇਕੱਠ ਨੂੰ ਅਗਵਾਈ-ਸੇਧ ਉਹ ਲੋਕ (ਮਾਓਵਾਦੀ) ਦੇ ਰਹੇ ਹਨ।"

# ਮਾਂ ਟੈਰੇਸਾ ਬਾਰੇ ਭਾਗਵਤ ਦਾ ਭਾਸ਼ਣ


ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.) ਦੇ ਮੁਖੀ ਮੋਹਨ ਭਾਗਵਤ ਦੀ ਮਦਰ ਟੈਰੇਸਾ ਬਾਰੇ ਟਿੱਪਣੀ ਵਿਚੋਂ ਅਗਾਊਂ ਧਾਰਨਾ, ਭਾਵ ਪਹਿਲਾਂ ਹੀ ਬਣਾਏ ਹੋਏ ਵਿਚਾਰਾਂ ਦੀ ਬੂ ਆਉਂਦੀ ਹੈ। ਇਸ ਤੋਂ ਵੀ ਵਧ ਕੇ ਹੈਰਾਨੀ ਵਾਲੀ ਗੱਲ ਇਹ ਹੈ ਕਿ ਮਦਰ ਟੈਰੇਸਾ ਵਲੋਂ ਕੀਤੀ ਗਈ ਸੇਵਾ ਬਾਰੇ ਭਾਗਵਤ ਜੀ ਬਿਲਕੁਲ ਨਹੀਂ ਜਾਣਦੇ। ਹੋਰ ਵੀ ਬੁਰੀ ਗੱਲ ਇਹ ਹੈ ਕਿ ਅਟਲ ਬਿਹਾਰੀ ਵਾਜਪਾਈ ਤੇ ਲਾਲ ਕ੍ਰਿਸ਼ਨ


**ਕਰਨ ਥਾਪਰ**

ਅਡਵਾਨੀ ਦੀ ਮਦਰ ਟੈਰੇਸਾ ਬਾਰੇ ਉਚੀ ਰਾਏ ਦੀ ਵੀ ਉਨ੍ਹਾਂ ਨੂੰ ਕੋਈ ਜਾਣਕਾਰੀ ਨਹੀਂ। ਭਾਗਵਤ ਦੀ ਅਗਾਊਂ ਧਾਰਨਾ ਦਾ ਕਾਰਨ ਸ਼ਾਇਦ ਇਹ ਹੈ ਕਿ ਉਹ ਈਸਾਈਆਂ ਨੂੰ ਪਸੰਦ ਨਹੀਂ ਕਰਦੇ।

ਇਹ ਸਭ ਨੂੰ ਪਤਾ ਹੈ ਕਿ ਭਾਗਵਤ ਤੇ ਆਰ.ਐਸ.ਐਸ. ਨੂੰ ਸ਼ੱਕ ਹੈ ਕਿ ਈਸਾਈ ਵੱਡੇ ਪੱਧਰ 'ਤੇ ਧਰਮ ਪਰਿਵਰਤਨ ਮੁਹਿੰਮ ਚਲਾਉਂਦੇ ਹਨ ਜਿਸ ਨੂੰ ਇਹ 'ਲੁੱਟ-ਮਾਰ' ਤਕ ਦਾ ਨਾਂ ਦਿੰਦੇ ਹਨ। ਇਥੇ ਕੁਝ ਤੱਥ ਪੇਸ਼ ਕੀਤੇ ਜਾ ਰਹੇ ਹਨ ਜੋ ਸਿੱਧ ਕਰ ਦੇਣਗੇ ਕਿ ਹਕੀਕਤਾਂ ਬਾਰੇ ਭਾਗਵਤ ਦੀ ਜਾਣਕਾਰੀ ਕਿੰਨੀ ਘੱਟ ਹੈ: 1971 ਵਿਚ ਈਸਾਈਆਂ ਦਾ ਭਾਰਤ ਦੀ ਕੁਲ ਆਬਾਦੀ ਵਿਚ ਹਿੱਸਾ 2.6 ਫੀਸਦੀ ਸੀ। ਜੇ ਵੱਡੇ ਪੱਧਰ 'ਤੇ ਧਰਮ ਪਰਿਵਰਤਨ ਮੁਹਿੰਮ ਚਲਾਉਣ ਦੇ ਬਾਵਜੂਦ ਈਸਾਈ ਭਾਰਤ ਦੀ ਕੁਲ ਆਬਾਦੀ ਦਾ ਅਜੇ ਵੀ ਸਿਰਫ 2.3 ਫੀਸਦੀ ਹਿੱਸਾ ਹੀ ਬਣ ਸਕੇ ਹਨ, ਤਾਂ ਇਸ ਦਾ ਮਤਲਬ ਇਹੋ ਹੈ ਕਿ ਇਸ ਕੰਮ ਤੋਂ ਉਨ੍ਹਾਂ ਨੂੰ ਕੋਈ ਬਹੁਤੀਆਂ ਉਮੀਦਾਂ ਨਹੀਂ ਹਨ। ਉਨ੍ਹਾਂ ਨੂੰ ਇਹ ਸਿਖਾਉਣ ਦੀ ਲੋੜ ਹੈ ਕਿ ਧਰਮ ਪਰਿਵਰਤਨ ਦੇ ਕੰਮ ਨੂੰ ਬਿਹਤਰ ਢੰਗ ਨਾਲ ਕਿਵੇਂ ਅੰਜਾਮ ਦਿੱਤਾ ਜਾ ਸਕਦਾ ਹੈ!

ਮਦਰ ਟੈਰੇਸਾ ਸਿਰਫ ਦੀਨ-ਦੁਖੀਆਂ ਦੀ ਹੀ ਨਹੀਂ, ਸਗੋਂ ਮਰ ਰਹੇ ਲੋਕਾਂ ਦੀ ਵੀ ਸੇਵਾ-ਸੰਭਾਲ ਕਰਦੀ ਸੀ, ਅਜਿਹੇ ਲੋਕ ਜਿਨ੍ਹਾਂ ਨੂੰ ਉਨ੍ਹਾਂ ਦੇ ਪਰਿਵਾਰਾਂ ਨੇ ਘਰੋਂ ਬਾਹਰ ਕੱਢ ਦਿੱਤਾ ਸੀ ਅਤੇ ਜਿਹੜੇ ਮੰਦਹਾਲੀ ਵਿਚ ਦਿਨਕਟੀ ਕਰ ਰਹੇ ਸਨ। ਮਦਰ ਟੈਰੇਸਾ ਨੇ ਉਨ੍ਹਾਂ ਨੂੰ ਸੁੱਖ-ਸਹੂਲਤਾਂ ਦਿੱਤੀਆਂ ਤੇ ਨਾਲ ਹੀ ਦਿਲਾਸਾ ਵੀ ਦਿੱਤਾ ਤਾਂ ਕਿ ਉਹ ਚੈਨ ਨਾਲ ਆਖਰੀ ਸਾਹ ਲੈ ਸਕਣ। ਮਦਰ ਟੈਰੇਸਾ ਦੀ ਜੀਵਨ ਕਥਾ ਵਿਚ ਦਰਜ ਹੈ ਕਿ 'ਮਿਸ਼ਨਰੀ ਆਫ ਚੈਰਿਟੀ' ਆਪਣੀ ਸੇਵਾ-ਸੰਭਾਲ ਹੇਠ ਲਏ ਲੋਕਾਂ ਵਿਚੋਂ ਹਰ ਇਕ ਦੀ ਮੌਤ 'ਤੇ ਉਸ ਦੇ ਮਜ਼੍ਹਬ ਮੁਤਾਬਿਕ ਉਸ ਦੀ ਰਸਮ ਕਿਰਿਆ ਕਰਦੇ ਹਨ। ਉਨ੍ਹਾਂ ਦਾ ਇਕ ਕਥਨ ਬਿਲਕੁਲ ਇਸੇ ਗੱਲ ਦੀ ਨਿਸ਼ਾਨਦੇਹੀ ਕਰਦਾ ਹੈ ਕਿ ਤੁਸੀਂ ਆਪਣੇ ਮਜ਼੍ਹਬ ਮੁਤਾਬਕ ਪ੍ਰਾਰਥਨਾ ਕਰੋ ਤੇ ਮੈਂ ਜਿਵੇਂ ਰੋਜ਼ ਕਰਦੀ ਹਾਂ, ਉਸੇ ਤਰ੍ਹਾਂ ਹੀ ਕਰਾਂਗੀ। ਅਜਿਹੀ ਸੇਵਾ ਦੀ ਕੋਈ ਕੀਮਤ ਨਹੀਂ ਲਗਾਈ ਜਾ ਸਕਦੀ ਅਤੇ ਇਸ ਪਿੱਛੇ ਕੋਈ ਉਦੇਸ਼ ਹੋਣ ਦਾ ਦੋਸ਼ ਵੀ ਨਹੀਂ ਲਗਾਇਆ ਜਾਣਾ ਚਾਹੀਦਾ। ਆਪਣਾ ਅਹਿਸਾਨ ਪ੍ਰਗਟਾਉਣ ਤੋਂ ਜ਼ਿਆਦਾ ਇਹ ਲੋਕ ਮਦਰ ਟੈਰੇਸਾ ਨੂੰ ਹੋਰ ਦੇ ਵੀ ਕੀ ਸਕਦੇ ਸਨ?


ਮਦਰ ਟੈਰੇਸਾ


ਮੋਹਨ ਭਾਗਵਤ

ਇਹ ਤਾਂ ਤੈਅ ਹੈ ਕਿ ਮਦਰ ਟੈਰੇਸਾ ਨੇ ਇਹ ਸਾਰਾ ਕੁਝ ਪਰਮਾਤਮਾ ਦੇ ਨਾਂ 'ਤੇ ਹੀ ਕੀਤਾ, ਕਿਉਂਕਿ ਪਰਮਾਤਮਾ ਦੇ ਪ੍ਰੇਮ ਦੀ ਦੀਵਾਨਗੀ ਵਿਚ ਹੀ ਕੋਈ ਅਜਿਹੀ ਸੇਵਾ ਕਰ ਸਕਦਾ ਹੈ।

ਜੇ ਮਦਰ ਟੈਰੇਸਾ ਚਾਹੁੰਦੀ ਤਾਂ ਇਨ੍ਹਾਂ ਮਰਨ ਕੰਢੇ ਲੋਕਾਂ ਦੀ ਕ੍ਰਿਤਘਣਤਾ ਦੀ ਭਾਵਨਾ ਦੀ ਦੁਰਵਰਤੋਂ ਕਰ ਕੇ ਉਨ੍ਹਾਂ ਦਾ ਧਰਮ ਪਰਿਵਰਤਨ ਕਰ ਸਕਦੀ ਸੀ ਪਰ ਉਨ੍ਹਾਂ ਨੇ ਅਜਿਹਾ ਨਹੀਂ ਕੀਤਾ। ਜਿਨ੍ਹਾਂ ਪਲਾਂ ਵਿਚ ਇਹ ਲੋਕ ਬਹੁਤ ਜ਼ਿਆਦਾ ਲਾਚਾਰ ਹੁੰਦੇ ਸਨ, ਉਦੋਂ ਵੀ ਮਦਰ ਟੈਰੇਸਾ ਨੇ ਉਨ੍ਹਾਂ ਦੇ ਵਿਸ਼ੇਸ਼ ਧਾਰਮਿਕ ਵਿਸ਼ਵਾਸ ਦਾ ਸਨਮਾਨ ਹੀ ਕੀਤਾ। ਇਹੋ ਮਦਰ ਟੈਰੇਸਾ ਦੀ ਸੱਚੀ ਮਹਾਨਤਾ ਸੀ। ਮੈਨੂੰ ਇਹ ਕਹਿਣ ਵਿਚ ਕੋਈ ਝਿਜਕ ਨਹੀਂ ਕਿ ਮਦਰ ਟੈਰੇਸਾ ਵਰਗੇ ਲੋਕ ਬਹੁਤ ਘੱਟ ਹੁੰਦੇ ਹਨ। ਅਜਿਹੇ ਲੋਕਾਂ ਵਿਚ ਨਾ ਤਾਂ ਮੋਹਨ ਭਾਗਵਤ ਆਉਂਦੇ ਹਨ ਅਤੇ ਨਾ ਹੀ ਮੈਂ। ਇਹੋ ਕਾਰਨ ਸੀ ਕਿ ਉਨ੍ਹਾਂ ਨੇ ਨੋਬਲ ਸ਼ਾਂਤੀ ਪੁਰਸਕਾਰ ਹਾਸਿਲ ਕੀਤਾ ਅਤੇ ਉਨ੍ਹਾਂ ਨੂੰ 'ਭਾਰਤ ਰਤਨ' ਨਾਲ ਵੀ ਸਨਮਾਨਿਤ ਕੀਤਾ ਗਿਆ। ਨਾ ਭਾਗਵਤ ਨੂੰ ਇਹ ਸਨਮਾਨ ਮਿਲੇਗਾ ਅਤੇ ਨਾ ਹੀ ਮੈਨੂੰ।

ਵਾਜਪਾਈ ਅਤੇ ਅਡਵਾਨੀ ਨੇ ਮਦਰ ਟੈਰੇਸਾ ਦੀਆਂ ਖ਼ੂਬੀਆਂ ਨੂੰ ਪਛਾਣਿਆ ਤੇ ਉਨ੍ਹਾਂ ਦੀ ਤਾਰੀਫ ਕੀਤੀ। ਵਾਜਪਾਈ ਨੇ ਕਿਹਾ ਸੀ- ਅੱਜ ਜਦੋਂ ਮਨੁੱਖ ਜਾਤੀ ਲੁਕੇ ਸੁਆਰਥਾਂ ਦੀ ਭਾਵਨਾ ਤੋਂ ਹੀ ਵੱਧ ਤੋਂ ਵੱਧ ਪ੍ਰੇਰਿਤ ਹੋ ਰਹੀ ਹੈ, ਮਦਰ ਟੈਰੇਸਾ ਨੇ ਨਿਰਸੁਆਰਥ ਭਾਵਨਾ ਨਾਲ ਆਪਣਾ ਸਭ ਕੁਝ ਉਨ੍ਹਾਂ ਲੋਕਾਂ ਦੇ ਲੇਖੇ ਲਾ ਦਿੱਤਾ ਜਿਨ੍ਹਾਂ ਨੂੰ ਸਮਾਜ ਨੇ ਭੁਲਾ ਦਿੱਤਾ ਸੀ ਤੇ ਰੱਬ ਆਸਰੇ ਛੱਡ ਦਿੱਤਾ ਸੀ, ਭਾਵ ਸਨਕੀਪੁਣੇ ਦੇ ਇਸ ਦੌਰ ਵਿਚ ਵੀ ਮਦਰ ਟੈਰੇਸਾ ਮਜ਼੍ਹਬੀ ਸ਼ਰਧਾ ਦੀ ਡੂੰਘੀ ਸਮਝਦਾਰੀ ਦਾ ਪ੍ਰਤੀਕ ਬਣੀ ਰਹੀ।

ਅਜਿਹੀਆਂ ਹੀ ਭਾਵਨਾਵਾਂ ਨੂੰ ਅਗਾਂਹ ਵਧਾਉਂਦਿਆਂ ਅਡਵਾਨੀ ਨੇ ਕਿਹਾ- ਮਦਰ ਟੈਰੇਸਾ ਨੇ ਸਾਰੀ ਉਮਰ ਲੱਖਾਂ-ਕਰੋੜਾਂ ਲੋਕਾਂ ਨੂੰ ਜਿਸ ਤਰ੍ਹਾਂ ਪ੍ਰੇਰਨਾ ਦਿੱਤੀ ਕਿ ਆਪਣੇ ਤੋਂ ਘੱਟ ਭਾਗਸ਼ਾਲੀ ਲੋਕਾਂ ਲਈ ਯੋਗਦਾਨ ਕਰਨਾ ਨਾ ਭੁੱਲੋ, ਮੌਤ ਤੋਂ ਬਾਅਦ ਵੀ ਉਹ ਅਜਿਹੀ ਹੀ ਪ੍ਰੇਰਨਾ ਦਾ ਸੋਮਾ ਬਣੀ ਰਹੇਗੀ। ਬਦਕਿਸਮਤੀ ਨਾਲ ਵਾਜਪਾਈ ਇਸ ਸਮੇਂ ਕੁਝ ਬੋਲ ਸਕਣ ਦੀ ਹਾਲਤ ਵਿਚ ਨਹੀਂ ਹਨ, ਪਰ ਮੈਂ ਚਾਹਾਂਗਾ ਕਿ ਅਡਵਾਨੀ ਕੁਝ ਕਹਿਣ ਅਤੇ ਭਾਗਵਤ ਦੀ ਗਲਤੀ ਠੀਕ ਕਰਨ। ਬੇਸ਼ੱਕ ਦੋਸ਼ ਮੜ੍ਹਦਿਆਂ ਨਹੀਂ, ਸਗੋਂ ਨਿਮਰਤਾਪੂਰਵਕ; ਪਰ ਗਲਤੀ ਜ਼ਰੂਰ ਠੀਕ ਕਰਵਾਉਣ। ਮੈਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੋਂ ਵੀ ਇਸ ਵਿਸ਼ੇ ਵਿਚ ਕੁਝ ਸੁਣਨਾ ਚਾਹਾਂਗਾ। ਇਸ ਮਾਮਲੇ ਵਿਚ ਇੰਨੀ ਨਿਮਰਤਾ ਭਰੀ ਮੁਦਰਾ ਵਿਚ ਨਹੀਂ, ਸਗੋਂ ਉਂਗਲ ਉਠਾਉਂਦਿਆਂ। ਮੈਨੂੰ ਜੋ ਸੁਣਨ ਨੂੰ ਮਿਲਿਆ ਹੈ, ਉਹ ਇਹ ਹੈ ਕਿ ਆਰ.ਐਸ.ਐਸ. ਦੇ ਬੁਲਾਰੇ ਮੁੱਖ ਮੁੱਦਾ ਲੁਕਾਉਂਦੇ ਫਿਰ ਰਹੇ ਹਨ। ਭਾਗਵਤ ਦੇ ਸ਼ਬਦਾਂ ਦੀ ਵੀਡੀਓ ਰਿਕਾਰਡਿੰਗ ਬੇਸ਼ੱਕ ਹੈ, ਤੇ ਇਸ ਤੋਂ ਇਨਕਾਰ ਵੀ ਨਹੀਂ ਕੀਤਾ ਜਾ ਸਕਦਾ, ਫਿਰ ਵੀ ਉਨ੍ਹਾਂ ਦੇ ਬੁਲਾਰੇ ਇਹ ਕਹਿ ਰਹੇ ਹਨ ਕਿ ਭਾਗਵਤ ਦੇ ਸ਼ਬਦਾਂ ਦਾ ਅਰਥ ਇਹ ਨਹੀਂ ਸੀ। ਇਸ ਤੋਂ ਇਕ ਗੱਲ ਦਾ ਸੰਦੇਸ਼ ਤਾਂ ਮਿਲ ਹੀ ਜਾਂਦਾ ਹੈ ਕਿ ਇਨ੍ਹਾਂ ਲੋਕਾਂ ਨੂੰ ਵੀ ਭਾਗਵਤ ਦੀ ਗਲਤੀ ਦਾ ਅਹਿਸਾਸ ਤਾਂ ਹੋ ਹੀ ਗਿਆ ਹੈ।

ਮੋਹਨ ਭਾਗਵਤ ਖ਼ੁਦ ਨੂੰ ਜਿੰਨਾ ਵੱਡਾ ਨੇਤਾ ਮੰਨਦੇ ਹਨ, ਅਸਲ ਵਿਚ ਉਸ ਦੇ ਅੱਧੇ ਦੇ ਬਰਾਬਰ ਹੀ ਹਨ। ਇਸ ਲਈ ਉਹ ਘੱਟੋ-ਘੱਟ ਇਹੋ ਕਰ ਸਕਦੇ ਹਨ ਕਿ ਮੁਆਫੀ ਮੰਗ ਲੈਣ। ਆਪਣੀ ਗਲਤੀ ਮੰਨਣ ਲਈ ਸੱਚਾ ਚਰਿੱਤਰ ਜ਼ਰੂਰੀ ਹੁੰਦਾ ਹੈ। ਮੈਂ ਇਮਾਨਦਾਰੀ ਨਾਲ ਕਹਿੰਦਾ ਹਾਂ ਕਿ ਮੈਂ ਵੀ ਉਤਨੀ ਮੁਆਫੀ ਨਹੀਂ ਮੰਗਦਾ ਜਿੰਨੀ ਮੈਨੂੰ ਮੰਗਣੀ ਚਾਹੀਦੀ ਹੈ। ਮੈਂ ਤਾਂ ਸਿਰਫ ਇਸੇ ਉਮੀਦ 'ਤੇ ਹਾਂ ਕਿ ਲੋਕ ਮੇਰੀਆਂ ਗਲਤੀਆਂ ਨੂੰ ਭੁੱਲ ਜਾਣਗੇ ਅਤੇ ਮੁਆਫ ਕਰ ਦੇਣਗੇ, ਕਿਉਂਕਿ ਮੈਂ ਕੋਈ ਬਹੁਤ ਵੱਡਾ ਨੇਤਾ ਹੋਣ ਦੀ ਡਰਾਮੇਬਾਜ਼ੀ ਨਹੀਂ ਕਰਦਾ।

ਅੰਮ੍ਰਿਤਾ ਪ੍ਰੀਤਮ-2



ਗੁਰਬਚਨ ਸਿੰਘ ਭੁੱਲਰ
ਫੋਨ: 1191-1142502364
bhullargs@gmail.com

# ਦੀਦੀਵਾਦੀਆਂ ਦੀ ਭੀੜ ਵਿਚ ਅਸੀਂ ਬੇਦੀਦੀਏ

ਮੈਂ ਤੇ ਗੁਰਦੇਵ ਖੁੱਲ੍ਹ ਕੇ ਗੱਲਾਂ ਕਰਦੇ, ਰਚਨਾਵਾਂ ਬਾਰੇ ਟਿੱਪਣੀਆਂ ਕਰਦੇ, ਲਤੀਫ਼ੇ ਤੇ ਟੋਟਕੇ ਸੁਣਾਉਂਦੇ ਤੇ ਵਿਚ-ਵਿਚ ਟਿੱਚਰਾਂ ਦਾ ਛਿੱਟਾ ਦਿੰਦੇ। ਅਸੀਂ ਕੋਰੇ ਲੱਠੇ ਵਾਂਗ ਸੀ ਜਿਸ ਉਤੇ ਅਜੇ ਕੋਈ ਹੋਰ ਰੰਗ ਨਾ ਚੜ੍ਹਿਆ ਹੋਵੇ। ਸਾਡੇ ਬੋਲਣ, ਹੱਸਣ, ਵਿਚਰਨ ਵਿਚ ਸੁਭਾਵਿਕਤਾ ਤੇ ਕੁਦਰਤੀਪਨ ਸੀ। ਸ਼ਹਿਰੀ ਕਿਸਮ ਦਾ ਸੰਕੋਚ, ਨੀਵੀਂ ਸੁਰ ਵਿਚ ਬੋਲਣਾ, ਨੀਵੀਂ ਸੁਰ ਵਿਚ ਹੱਸਣਾ ਸਾਨੂੰ ਪਖੰਡ ਲਗਦਾ। ਕਈ ਵਾਰ ਸਾਡੀ ਅਣਜਾਣਤਾ ਕੁਝ ਕਸੂਤਾ ਕਰ ਬੈਠਦੀ। ਜਦੋਂ ਅਸੀਂ ਆਪਣਾ ਹੀ ਮਖੌਲ ਉਡਾਉਣ ਵਾਲੀ ਅਜਿਹੀ ਗੱਲ ਵੀ ਛੁਪਾਉਂਦੇ ਨਾ, ਸਗੋਂ ਆਪੇ ਸੁਣਾ ਦਿੰਦੇ, ਉਹ ਹੈਰਾਨ ਵੀ ਹੁੰਦੀ ਤੇ ਖੁਸ਼ ਵੀ।

ਇਕ ਸ਼ਾਮ ਉਹਦੇ ਘਰੋਂ ਦਾਰੂ-ਪਾਰਟੀ ਤੋਂ ਮਗਰੋਂ ਬਾਹਰ ਆਏ ਤਾਂ ਕਹਾਣੀਕਾਰ ਮਹਿੰਦਰ ਸਿੰਘ ਜੋਸ਼ੀ ਸਾਨੂੰ ਦੋਵਾਂ ਨੂੰ ਕਹਿਣ ਲੱਗੇ, ਆਓ, ਮੈਂ ਤੁਹਾਨੂੰ ਕਨਾਟ ਪਲੇਸ ਉਤਾਰ ਦੇਵਾਂਗਾ, ਉਥੋਂ ਬੱਸਾਂ ਸੌਖੀਆਂ ਮਿਲ ਜਾਣਗੀਆਂ। ਜੋਸ਼ੀ ਜੀ ਉਦੋਂ ਜੱਜ ਸਨ ਪਰ ਜੱਜਪੁਣਾ ਮੱਥੇ ਉਤੇ ਚੇਪ ਕੇ ਨਹੀਂ ਸਨ ਰਖਦੇ। ਸਾਊ ਸਨ, ਸਨਿਮਰ ਸਨ। ਉਭਰਦੇ ਕਹਾਣੀਕਾਰਾਂ ਵਜੋਂ ਸਾਡੀ ਦੋਵਾਂ ਦੀ ਤਾਂ ਬਹੁਤ ਹੀ ਕਦਰ ਕਰਦੇ ਤੇ ਉਨ੍ਹਾਂ ਵਾਂਗ ਹੀ ਮਲਵਈ ਪੇਂਡੂ ਹੋਣ ਕਰਕੇ ਮੋਹ ਵੀ ਬਹੁਤ ਕਰਦੇ। ਸਾਡੇ ਪਿੰਡਾਂ ਵਿਚ ਅਜੇ ਕਾਰਾਂ ਉਕਾ ਹੈ ਹੀ ਨਹੀਂ ਸਨ। ਟੈਂਵਾਲੇ ਲੋਕ ਬਰਾਤ ਉਠਾਂ-ਘੋੜਿਆਂ ਦੀ ਥਾਂ ਲਾਰੀਆਂ ਉਤੇ ਲਿਜਾਣ ਲੱਗੇ ਸਨ ਜਿਸ ਵਿਚ ਵਾਪਸੀ ਸਮੇਂ ਅਗਲੇ ਹਿੱਸੇ ਨੂੰ ਖੇਸ ਬੰਨ੍ਹ ਕੇ ਲਾੜੇ-ਲਾੜੀ ਵਾਸਤੇ 'ਵਿਸ਼ੇਸ਼ ਡੱਬਾ' ਬਣਾ ਦਿੱਤਾ ਜਾਂਦਾ ਸੀ। ਅੱਗੇ ਚੱਲ ਕੇ ਲਾਰੀ ਨਾਲ ਕਿਰਾਏ ਦੀ ਇਕ ਕਾਰ ਲਿਆਂਦੀ ਜਾਣ ਲੱਗੀ। ਪਰ ਇਸ ਕਾਰ ਨੇ ਨਵਾਂ ਬਖੇੜਾ ਖੜ੍ਹਾ ਕਰ ਦਿੱਤਾ। ਬਰਾਤ ਤੁਰਨ ਵੇਲੇ ਮਾਮੇ, ਫੁੱਫੜ, ਭਣੋਈਏ, ਸਭ ਲੜ-ਭਿੜ ਕੇ ਉਸੇ ਵਿਚ ਚੜ੍ਹਨਾ ਚਾਹੁੰਦੇ। ਭਾਵ ਇਹ ਕਿ ਮੈਨੂੰ ਤੇ ਗੁਰਦੇਵ ਨੂੰ ਡਰਾਈਵਰ ਬਨਾਮ ਸਵਾਰੀ ਦੇ 'ਪਰੋਟੋਕੋਲ' ਦਾ ਕੋਈ ਇਲਮ ਨਹੀਂ ਸੀ।

ਜੋਸ਼ੀ ਜੀ ਦਾ ਸੱਦਾ ਦੇਣ ਸਾਰ ਹੀ ਅਸੀਂ ਪਿਛਲੇ ਦਰਵਾਜ਼ੇ ਖੋਲ੍ਹ ਕੇ ਬਿਰਾਜਮਾਨ ਹੋ ਗਏ ਅਤੇ ਬੋਲੇ, ਜੋਸ਼ੀ ਜੀ, ਚੱਲੋ। ਉਹ ਜੱਕੋ-ਤੱਕੀ ਜਿਹੀ ਵਿਚ ਪੈ ਗਏ ਤੇ ਅਖੀਰ ਹਿੰਮਤ ਕਰ ਕੇ ਕਹਿੰਦੇ, "ਇਕ ਜਣਾ ਅੱਗੇ ਆ ਜਾਓ, ਜੇ ਅੱਗੇ ਮੈਂ ਇਕੱਲਾ ਹੋਵਾਂ, ਮੇਰਾ ਕਾਰ ਚਲਾਉਣ ਦਾ ਕਾਨਫ਼ੀਡੈਂਸ ਨਹੀਂ ਬਣਦਾ।" ਅਸੀਂ ਹੱਸ ਪਏ, ਕਾਰ ਤੁਸੀਂ ਚਲਾਉਣੀ, ਸਾਡੇ ਬੈਠਿਆਂ-ਨਾ ਬੈਠਿਆਂ ਤੁਹਾਨੂੰ ਕੀ ਫ਼ਰਕ ਪੈਂਦਾ ਹੈ! ਫੇਰ ਉਨ੍ਹਾਂ ਨੇ ਅੱਗੋਂ ਆਉਂਦੀਆਂ ਕਾਰਾਂ ਦੀ ਲਿਸ਼ਕੋਰ ਦੀ, ਉਸ ਪਿੱਛੋਂ ਗਲਤੀ ਨਾਲ ਐਨਕ ਪੁਰਾਣੀ ਚੱਕ ਲਿਆਂਦੀ ਹੋਣ ਦੀ ਦਲੀਲ ਦਿੱਤੀ, ਪਰ ਸਾਡਾ ਜਵਾਬ "ਚਲੋ ਜੀ ਚਲੋ, ਤੁਰੋ" ਹੀ ਰਿਹਾ। ਮੈਂ ਸੋਚਿਆ, ਇਹ ਅੱਗੇ ਬਹਾਉਣ ਵਾਸਤੇ ਏਨਾ ਜ਼ੋਰ ਕਿਉਂ ਲਾ ਰਹੇ ਨੇ? ਅਚਾਨਕ ਮੇਰਾ ਤੀਜਾ ਨੇਤਰ ਖੁੱਲ੍ਹਿਆ, ਓਹੋ! ਇਹ ਤਾਂ ਸਾਡੇ ਡਰਾਈਵਰ ਵਾਂਗ ਲਗਦੇ ਨੇ! ਮੈਂ ਕੱਚਾ ਜਿਹਾ ਹੋ ਕੇ ਉਨ੍ਹਾਂ ਨੂੰ ਜਾਂ ਗੁਰਦੇਵ ਨੂੰ ਕੁਝ ਵੀ ਕਹੇ ਬਿਨਾਂ ਚੁੱਪ ਕਰ ਕੇ ਉਨ੍ਹਾਂ ਦੇ ਬਰਾਬਰ ਜਾ ਬੈਠਾ।

ਅਗਲੀ 'ਨਾਗਮਣੀ ਸ਼ਾਮ' ਤੋਂ ਪਹਿਲਾਂ ਪਹੁੰਚੇ ਤਾਂ ਅਸੀਂ ਇਹ ਗੱਲ ਆਪੇ ਹੀ ਸੁਣਾ ਦਿੱਤੀ। ਬਹੁਤ ਹਾਸਾ ਪਿਆ। ਜਦੋਂ ਹਾਸਾ ਕੁਝ ਥੰਮ੍ਹਿਆ, ਮੈਂ ਕਿਹਾ, "ਤੁਸੀਂ ਸਾਡੇ ਉਤੇ ਹਸਦੇ ਹੋ ਕਿ ਜੋਸ਼ੀ ਜੀ ਉਤੇ?" ਮੱਠਾ ਪਿਆ ਹਾਸਾ ਮੇਰੀ ਇਸ ਗੱਲ ਨਾਲ ਪਹਿਲਾਂ ਨਾਲੋਂ ਵੀ ਵੱਧ ਛੁੱਟ ਪਿਆ। ਏਨੇ ਨੂੰ ਸ਼ੈਲੀ ਆ ਗਿਆ। ਪਤਾ ਨਹੀਂ ਉਹ ਹਾਸਾ ਸੁਣ ਕੇ ਹੀ ਆਇਆ ਸੀ ਕਿ ਆਇਆ ਹੋਰ ਕਿਸੇ ਗੱਲ ਲਈ ਸੀ ਤੇ ਹਸਦੇ ਦੇਖ ਬੋਲ ਪਿਆ ਸੀ, "ਮੰਮੀ, ਦੇਖੋ, ਇਹ ਅੰਕਲ ਆਉਂਦੇ ਨੇ ਤਾਂ ਆਪਣਾ ਘਰ ਕਿਵੇਂ ਹਾਸੇ ਨਾਲ ਭਰ ਜਾਂਦਾ ਹੈ, ਨਹੀਂ ਤਾਂ ਇੰਜ ਖ਼ਾਮੋਸ਼ੀ ਰਹਿੰਦੀ ਹੈ ਜਿਵੇਂ ਇਥੇ ਕੋਈ ਵਸਦਾ ਹੀ ਨਾ ਹੋਵੇ!"

ਅੰਮ੍ਰਿਤਾ ਨੂੰ ਸਾਡੀਆਂ ਗੱਲਾਂ ਬੜੀਆਂ ਪਸੰਦ ਆਉਂਦੀਆਂ। ਇਉਂ ਉਥੇ ਸਾਡੀ ਦੋਵਾਂ ਦੀ ਵਾਹਵਾ ਨਿਵੇਕਲੀ ਥਾਂ ਬਣ ਗਈ। ਉਦੋਂ ਤੱਕ ਅੰਮ੍ਰਿਤਾ ਦੇ ਸਬੰਧ ਵਿਚ ਦੀਦੀਵਾਦ ਦਾ ਬੋਲਬਾਲਾ ਹੋ ਚੁੱਕਾ ਸੀ। ਇਹਦੀ ਸ਼ੁਰੂਆਤ ਗਲਪਕਾਰ ਦੇਵਿੰਦਰ ਨੇ ਕੀਤੀ ਲਗਦੀ ਸੀ ਜੋ ਆਮ ਕਰਕੇ ਰੇਡੀਓ ਵਾਲੇ ਦੇਵਿੰਦਰ ਵਜੋਂ ਜਾਣਿਆ ਜਾਂਦਾ ਸੀ। ਉਸ ਤੋਂ ਲੱਗੀ ਲਾਗ ਕਾਰਨ ਅੰਮ੍ਰਿਤਾ ਜਗਤ-ਦੀਦੀ ਬਣੀ ਹੋਈ ਸੀ। ਮੈਨੂੰ ਦੀਦੀ ਸ਼ਬਦ ਉਦੋਂ ਵੀ ਓਪਰਾ, ਸਤਹੀ ਤੇ ਗ਼ੈਰ-ਪੰਜਾਬੀ ਲਗਦਾ ਸੀ, ਅੱਜ ਵੀ ਲਗਦਾ ਹੈ। ਦੀਦੀਵਾਦੀਆਂ ਦੀ ਭੀੜ ਵਿਚ ਇਕ ਬੱਸ ਗੁਰਦੇਵ ਸੀ, ਜੋ 'ਅੰਮ੍ਰਿਤਾ ਜੀ' ਆਖਦਾ ਸੀ। ਪਰ ਮੈਨੂੰ ਇਹ ਸੰਬੋਧਨ ਵੀ ਠੀਕ ਨਾ ਲੱਗਾ। ਉਮਰ ਸਦਕਾ ਤੇ ਸਾਹਿਤਕ ਕੱਦ ਸਦਕਾ ਮੈਂ ਉਹਦਾ ਨਾਂ ਲੈ ਕੇ ਨਹੀਂ ਸੀ ਬੁਲਾਉਣਾ ਚਾਹੁੰਦਾ। ਮੇਰੇ ਲਈ ਔਰਤ ਨੂੰ ਦਿਲੀ ਆਦਰ ਨਾਲ ਬੁਲਾਉਣ ਦਾ ਸ਼ਬਦ ਬਚਪਨ ਤੋਂ ਬੀਬੀ ਰਿਹਾ ਹੈ। ਅਸੀਂ ਚਾਚੇ-ਤਾਇਆਂ ਦੀਆਂ ਧੀਆਂ ਨੂੰ ਛੋਟੀ ਬੀਬੀ, ਵੱਡੀ ਬੀਬੀ ਜਾਂ ਵਿਆਹੀ ਜਾਣ ਪਿੱਛੋਂ ਅਮਕੇ ਪਿੰਡ ਵਾਲੀ ਬੀਬੀ ਹੀ ਆਖਦੇ। ਮੈਂ ਅੰਮ੍ਰਿਤਾ ਨੂੰ ਬੀਬੀ ਆਖਣ ਵਾਲਾ ਉਥੇ ਇਕੱਲਾ ਹੀ ਸੀ। ਜਦੋਂ ਮੈਂ ਪਹਿਲੀ ਵਾਰ ਬੀਬੀ ਆਖਿਆ, ਉਹਨੇ ਮੇਰੇ ਵੱਲ ਦੇਖਿਆ। ਮਗਰੋਂ ਉਹਨੇ ਇਕੱਲੇ ਗੁਰਦੇਵ ਕੋਲ ਹੱਸ ਕੇ ਕਿਹਾ, "ਤੇਰਾ ਦੋਸਤ ਗੱਲਾਂ ਤਾਂ ਬੜੀਆਂ ਦਿਲਚਸਪ ਕਰਦਾ ਹੈ, ਵਿਚ ਵਿਚ ਬੋਲੀ ਭਾਈ ਜੀਆਂ ਵਾਲੀ ਬੋਲਦਾ ਹੈ!"



ਦੇਵਿੰਦਰ, ਲੇਖਕ, ਮੇਜ਼ਬਾਨ, ਡਾ. ਹਰਿਭਜਨ ਸਿੰਘ ਅਤੇ ਅੰਮ੍ਰਿਤਾ।

ਮੈਨੂੰ ਤੇ ਗੁਰਦੇਵ ਨੂੰ ਉਹ ਸਾਡੀਆਂ ਕਹਾਣੀਆਂ ਸਦਕਾ ਤੇ ਸਾਡੇ ਹਾਸੇ-ਠੱਠੇ ਵਾਲੇ ਸੁਭਾਅ ਸਦਕਾ ਬੜਾ ਮੋਹ ਕਰਦੀ। ਇਕ 'ਨਾਗਮਣੀ ਸ਼ਾਮ' ਤੋਂ ਦੂਜੇ ਦਿਨ ਮੈਂ ਉਥੇ ਹੋਈਆਂ ਗੱਲਾਂ ਨੂੰ ਲੈ ਕੇ ਛੋਟਾ ਜਿਹਾ ਲੇਖ ਲਿਖਿਆ ਅਤੇ ਅੰਮ੍ਰਿਤਾ ਨੂੰ ਦੇ ਦਿੱਤਾ। ਉਹ ਬੋਲੀ, "ਬਈ, ਬਹੁਤ ਦਿਲਚਸਪ ਬਣ ਗਿਆ ਇਹ ਤਾਂ!...ਤੂੰ ਹਰ ਮਹੀਨੇ ਇਸੇ ਤਰ੍ਹਾਂ ਲਿਖ ਕੇ ਦਿਆ ਕਰ।" ਇਹ ਲੜੀ 'ਨਾਗਮਣੀ' ਵਿਚ ਕਾਫ਼ੀ ਸਮਾਂ ਚਲਦੀ ਰਹੀ।

ਬਹੁਤ ਵਾਰ ਉਹ ਸਾਨੂੰ 'ਨਾਗਮਣੀ ਸ਼ਾਮ' ਤੋਂ ਵੱਖਰੀ, ਕਿਸੇ ਦੋਸਤ-ਮਿੱਤਰ ਲਈ ਸਜਾਈ ਸ਼ਾਮ ਦੀ ਨਿੱਜੀ ਮਹਿਫਿਲ ਵਿਚ ਵੀ ਬੁਲਾ ਲੈਂਦੀ। ਇਕ ਵਾਰ ਉਹਨੂੰ ਇਕ ਸਮਾਜਵਾਦੀ ਦੇਸ ਦੇ ਕਲਚਰਲ ਸੈਕਰੈਟਰੀ ਨੇ ਸ਼ਾਮ ਦੇ ਖਾਣੇ ਲਈ ਘਰ ਬੁਲਾਇਆ। ਉਹ ਉਹਨੂੰ ਪਹਿਲਾਂ ਦੱਸ ਕੇ ਜਿਨ੍ਹਾਂ ਨੂੰ ਨਾਲ ਲੈ ਕੇ ਗਈ, ਉਹ ਡਾ. ਹਰਿਭਜਨ ਸਿੰਘ, ਦੇਵਿੰਦਰ ਤੇ ਮੈਂ ਸੀ। ਚੌਥਾ ਗੁਰਦੇਵ ਹੋਣਾ ਸੀ ਪਰ ਐਨ ਮੌਕੇ ਉਤੇ ਕੋਈ ਅੜਿੱਕਾ ਪੈ ਜਾਣ ਕਰਕੇ ਉਹ ਪਹੁੰਚ ਨਾ ਸਕਿਆ। ਇਕ ਦਿਨ ਉਹਨੇ ਹੱਸ ਕੇ ਦੱਸਿਆ, ਉਸ ਕੋਲ ਦੇਵਿੰਦਰ ਨੇ ਗਿਲਾ ਕੀਤਾ, "ਦੀਦੀ, ਤੁਸੀਂ ਇਨ੍ਹਾਂ ਕੱਲ੍ਹ ਦੇ ਮੁੰਡਿਆਂ ਨੂੰ ਮੈਥੋਂ ਵੀ ਵੱਧ ਨੇੜੇ ਲਾਉਣ ਤੇ ਮੋਹ ਕਰਨ ਲੱਗੇ ਹੋ।" ਉਹਨੇ ਤਸੱਲੀ ਦਿੱਤੀ, "ਦੇਵਿੰਦਰ, ਨੇੜਤਾ ਜਾਂ ਮੋਹ ਕੋਈ ਪਤਾਸੇ ਨਹੀਂ ਜੋ ਇਕ ਨੂੰ ਦਿੱਤਿਆਂ ਦੂਜੇ ਲਈ ਨਹੀਂ ਬਚਣੇ!"

ਡਾ. ਹਰਿਭਜਨ ਸਿੰਘ ਦੇ ਜ਼ਿਕਰ ਤੋਂ ਇਕ ਹੋਰ ਗੱਲ ਚੇਤੇ ਆ ਗਈ। ਅੰਮ੍ਰਿਤਾ ਦੋਸਤਾਂ ਦੀ ਖੁਸ਼ੀ ਵਿਚ ਸਿਰਫ ਖੁਸ਼ ਹੀ ਨਾ ਹੁੰਦੀ ਸਗੋਂ ਉਹ ਖੁਸ਼ੀ ਮਨਾਉਂਦੀ ਵੀ। ਮੈਨੂੰ ਯਾਦ ਹੈ, ਜਦੋਂ ਮੋਹਨ ਸਿੰਘ ਨੂੰ 'ਸੋਵੀਅਤ ਦੇਸ' ਨਹਿਰੂ ਪੁਰਸਕਾਰ ਮਿਲਿਆ, ਉਹਦੇ ਘਰ ਪਾਰਟੀ ਹੋਈ। ਵਿਰਕ ਦੇ ਸਾਹਿਤ ਅਕਾਦਮੀ ਇਨਾਮ ਵੇਲੇ ਵੀ ਖੁਸ਼ੀ ਮਨਾਈ ਗਈ ਤੇ ਡਾ. ਹਰਿਭਜਨ ਸਿੰਘ ਦੇ ਇਨਾਮ ਵੇਲੇ ਵੀ। ਵਿਰਕ ਵਾਲੇ ਦਿਨ ਉਹਨੂੰ ਆਪਣਾ ਪ੍ਰਭਾਵ ਦੱਸਣ ਲਈ ਕਿਹਾ ਗਿਆ। ਉਦੋਂ ਅਜੇ ਅਕਾਦਮੀ ਪੁਰਸਕਾਰ ਦੇ ਤਖਤ ਉਤੇ ਨੂਰ-ਵੰਸ਼ ਦੇ ਸੁਲਤਾਨਾਂ ਦਾ ਭੱਠਾ-ਬਿਠਾਊ ਰਾਜ ਕਾਇਮ ਨਹੀਂ ਸੀ ਹੋਇਆ। ਪੁਰਸਕਾਰ ਮਿਲਣਾ ਮਾਣ ਵਾਲੀ ਗੱਲ ਸੀ। ਪੁਰਸਕਾਰ ਜੇਤੂ ਦਿਲੋਂ ਸ਼ਰਮਿੰਦੇ ਜਿਹੇ ਮਹਿਸੂਸ ਨਹੀਂ ਸਨ ਕਰਦੇ ਅਤੇ ਮੂੰਹ ਛੁਪਾਉਂਦੇ ਨਹੀਂ ਸੀ ਫਿਰਦੇ। ਵਿਰਕ ਬਹੁਤ ਘੱਟ ਬੋਲਦਾ ਸੀ। ਛੋਟੀਆਂ ਅੱਖਾਂ ਹੋਰ ਛੋਟੀਆਂ ਕਰ ਕੇ ਮੁਸਕਰਾਇਆ, "ਆਪਣਾ ਕੰਮ ਸੌਰ ਗਿਆ, ਆਪਾਂ ਹੁਣ ਕੀ ਬੋਲਣਾ ਹੈ!"

ਡਾ. ਹਰਿਭਜਨ ਸਿੰਘ ਵਾਲੇ ਦਿਨ ਤਾਂ ਇਕ ਅਜੀਬ ਵਾਕਿਆ ਹੋਇਆ, ਭਾਵੇਂ ਹੋਇਆ ਅੰਮ੍ਰਿਤਾ ਦੇ ਘਰੋਂ ਬਾਹਰ। ਡਾਕਟਰ ਸਾਹਿਬ ਨਾਲ ਉਹਦਾ ਬੇਲੀ ਹਰਿਨਾਮ ਆ ਗਿਆ। ਅੰਮ੍ਰਿਤਾ ਜਿਨ੍ਹਾਂ ਅਜਿਹੇ ਲੋਕਾਂ ਨੂੰ ਚੰਗਾ ਨਹੀਂ ਸੀ ਸਮਝਦੀ, ਉਨ੍ਹਾਂ ਬਾਰੇ ਆਪਣੀ ਰਾਇ ਕਿਸੇ ਤੋਂ ਛੁਪਾ ਕੇ ਨਹੀਂ ਸੀ ਰਖਦੀ। ਬਹਾਨੇ ਵਜੋਂ ਉਹ ਡਾਕਟਰ ਦੇ ਨਾਂ ਦੀ ਵਿਸਕੀ ਲੈ ਆਇਆ। ਅੰਮ੍ਰਿਤਾ ਦਾ ਅਜਿਹੇ ਲੋਕਾਂ ਤੋਂ ਸੰਕੋਚ ਸੱਚਾ ਸੀ। ਉਹ ਕੋਈ ਨਾ ਕੋਈ ਘਤਿੱਤ ਕਰੇ ਬਿਨਾ ਰਹਿੰਦੇ ਨਹੀਂ ਸਨ। ਜੇ ਉਥੇ ਨਾ ਕਰਦੇ, ਤਾਂ ਉਹਦਾ ਜਾਂ 'ਨਾਗਮਣੀ ਸ਼ਾਮ' ਦਾ ਨਾਂ ਲੈ ਕੇ ਕਾਫ਼ੀ ਹਾਊਸ ਵਿਚ ਜਾਂ ਹੋਰ ਕਿਤੇ ਲੇਖਕਾਂ ਵਿਚ ਕਰਦੇ। ਉਸ ਦਿਨ ਮਹਿਫਿਲ ਮਗਰੋਂ



ਅੰਮ੍ਰਿਤਾ ਪ੍ਰੀਤਮ

ਹਰਿਭਜਨ ਸਿੰਘ ਹੋਰ ਕਿਸੇ ਨਾਲ ਚਲਿਆ ਗਿਆ। ਅਸੀਂ ਬੱਸ ਲੈਣ ਲਈ ਤੁਰ ਪਏ। ਹਰਿਨਾਮ ਸਾਡੇ ਨਾਲ ਸੀ। ਗੁਲਜ਼ਾਰ ਸਿੰਘ ਸੰਧੂ ਵੀ ਪਤਾ ਨਹੀਂ ਕਿਉਂ, ਕਾਰ ਲੈ ਕੇ ਨਹੀਂ ਸੀ ਆਇਆ। ਅਸੀਂ ਸੜਕ ਉਤੇ ਪਹੁੰਚੇ ਤਾਂ ਮਹਿਰੌਲੀ ਤੋਂ ਬਿਲਕੁਲ ਖਾਲੀ ਬੱਸ ਆ ਗਈ। ਪਿਛਲੇ ਦਰਵਾਜ਼ੇ ਥਾਣੀਂ ਚੜ੍ਹ ਕੇ ਅਸੀਂ ਪਿੱਛੇ ਹੀ ਬੈਠ ਗਏ। ਮੈਂ ਤੇ ਗੁਰਦੇਵ ਗੱਲੀਂ ਲੱਗੇ ਹੋਏ ਸੀ ਕਿ ਅਚਾਨਕ ਦੇਖਿਆ, ਗੁਲਜ਼ਾਰ ਦੇ ਲਫੇੜੇ ਨਾਲ ਹਰਿਨਾਮ ਦੀ ਪੱਗ ਡਰਾਈਵਰ ਕੋਲ ਜਾ ਡਿੱਗੀ। ਅਸੀਂ ਹਰਿਨਾਮ ਨੂੰ ਪਰੇ ਕੀਤਾ ਤੇ ਪੱਗ ਲਿਆ ਦਿੱਤੀ।

ਮਗਰੋਂ ਪਤਾ ਲੱਗਾ, ਹਰਿਨਾਮ ਕਹਿੰਦਾ, "ਅੰਮ੍ਰਿਤਾ ਸਮੇਤ ਜਿਹੜੇ ਤੁਸੀਂ ਲੋਕ ਡਾਕਟਰ ਦੇ ਇਨਾਮ ਨਾਲ ਦਿਲੋਂ ਖੁਸ਼ ਨਹੀਂ, ਫੋਕਾ ਦਿਖਾਵਾ ਕਰਦੇ ਹੋ, ਮੈਂ ਇਕ ਲੇਖ ਲਿਖ ਕੇ ਸਭ ਦੀ ਪੱਗ ਉਛਾਲੂੰ।"

ਗੁਲਜ਼ਾਰ ਕਹਿੰਦਾ, "ਤੂੰ ਤਾਂ ਜਦੋਂ ਉਛਾਲੇਂਗਾ, ਉਦੋਂ ਹੀ ਉਛਾਲੇਂਗਾ, ਲੈ ਆਪਣੀ ਉਛਲਦੀ ਹੁਣੇ ਦੇਖ!" ਅਗਲੇ ਦਿਨ ਅਸੀਂ ਕਈ ਲੇਖਕ ਕਾਫੀ ਹਾਊਸ ਵਿਚ ਬੈਠੇ ਸੀ, ਗੁਲਜ਼ਾਰ ਵੀ ਆ ਗਿਆ। ਸਾਡੇ ਕੁਝ ਬੋਲਣ ਤੋਂ ਪਹਿਲਾਂ ਹੀ ਬੋਲਿਆ, "ਬਈ ਹਰਿਨਾਮ ਨਹੀਂ ਆਇਆ?" ਮੈਂ ਕਿਹਾ, "ਕਿਉਂ ਬਾਈ, ਇਕ ਹੋਰ ਜੜਨੀ ਹੈ?" ਉਹ ਆਪਣੇ ਫੱਕਰ ਅੰਦਾਜ਼ ਵਿਚ ਕਹਿੰਦਾ, "ਓ ਨਹੀਂ ਯਾਰ, ਆਪਣਾ ਹੀ ਲੇਖਕ ਭਰਾ ਹੈ, ਰੁੱਸ ਨਾ ਗਿਆ ਹੋਵੇ!"

(ਚਲਦਾ)

# ਲੋਕ ਨਾਟਕਕਾਰ ਅਜਮੇਰ ਔਲਖ ਨੂੰ ਜਨਤਕ ਸਲਾਮ

ਨਿੱਕ ਸੁੱਕ




ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਗੁਰਸ਼ਰਨ ਸਿੰਘ ਤੋਂ ਪਿੱਛੋਂ ਅਜਮੇਰ ਸਿੰਘ ਔਲਖ ਪੰਜਾਬ ਦਾ ਹਰਮਨ ਪਿਆਰਾ ਲੋਕ ਨਾਟਕਕਾਰ ਹੈ। 'ਬਗਾਨੇ ਬੋਹੜ ਦੀ ਛਾਂ', 'ਅੰਨ੍ਹੇ ਨਿਸ਼ਾਨਚੀ', 'ਇਸ਼ਕ ਬਾਝ ਨਮਾਜ਼ ਦਾ ਹੱਜ ਨਹੀਂ' ਤੇ 'ਗਾਨੀ' ਨਾਂ ਦੇ ਇਕਾਂਗੀਆਂ ਨਾਲ ਮਾਲਵੇ ਦੇ ਘਰੀਂ ਜਾ ਵੜਨ ਵਾਲਾ ਇਹ ਲੇਖਕ ਪਿਛਲੇ ਕਈ ਸਾਲਾਂ ਤੋਂ ਕੈਂਸਰ ਦਾ ਮਰੀਜ਼ ਹੈ। ਇਹ ਸਿਰੜੀ ਜਿਊੜਾ ਇਸ ਰੋਗ ਨੂੰ ਪਿੱਠ ਉਤੇ ਚੁੱਕ ਕੇ ਦਿਨ ਰਾਤ ਗਰੀਬ ਕਿਸਾਨਾਂ ਦੇ ਮਸਲੇ ਉਜਾਗਰ ਕਰਕੇ ਉਨ੍ਹਾਂ ਨੂੰ ਜਾਗ੍ਰਿਤ ਕਰ ਰਿਹਾ ਹੈ। ਉਸ ਦੇ ਲਿਖੇ ਪੂਰੇ ਨਾਟਕਾਂ- ਸੱਤ-ਬਗਾਨੇ, ਇੱਕ ਸੀ ਦਰਿਆ, ਝਨਾਂ ਦੇ ਪਾਣੀ, ਸਲਵਾਨ, ਨਿੱਕੇ ਸੂਰਜਾਂ ਦੀ ਲੜਾਈ, ਅਵੇਸਲੇ ਯੁੱਧਾਂ ਦੀ ਨਾਇਕਾ, ਤੇ ਐਂਨੀ ਹੁਣ ਸਰਨਾ ਦੇ ਨਾਂ ਹੀ ਦਸਦੇ ਹਨ ਕਿ ਇਨ੍ਹਾਂ ਦਾ ਵਿਸ਼ਾ ਕਿੰਨਾ ਕ੍ਰਾਂਤੀਕਾਰੀ ਹੋਵੇਗਾ।

ਪਹਿਲੀ ਮਾਰਚ ਨੂੰ ਗੁਰਸ਼ਰਨ ਸਿੰਘ ਲੋਕ ਕਲਾ ਸਲਾਮ ਕਾਫਲਾ ਦੇ ਪ੍ਰਬੰਧਕਾਂ ਨੇ ਉਸ ਦੀ ਦੇਣ ਨੂੰ ਚੇਤੇ ਕਰਨ ਲਈ ਇਨਕਲਾਬੀ ਜਨਤਕ ਸਲਾਮ ਸਮਾਰੋਹ ਕੀਤਾ। ਇਹ ਸਮਾਗਮ ਬਰਨਾਲਾ-ਮਾਨਸਾ ਰੋਡ ਉਤੇ ਪੈਂਦੇ ਮਾਈ ਭਾਗੋ ਗਰਲਜ਼ ਕਾਲਜ, ਰੱਲਾ ਵਿਚ ਹੋਇਆ। ਹੁਮ-ਹੁਮਾ ਕੇ ਪਹੁੰਚੀਆਂ ਨਾਟਕ ਮੰਡਲੀਆਂ ਤੇ ਦਰਸ਼ਕ ਆਪਣੇ ਪਿਆਰੇ ਕਲਾਕਾਰ ਨੂੰ ਜਨਤਕ ਸਲਾਮ ਕਹਿਣ ਲਈ ਆਏ।

ਔਲਖ ਨੇ 70ਵਿਆਂ ਵਿਚ ਆਪਣੀ ਪਤਨੀ ਤੇ ਧੀਆਂ ਨੂੰ ਸਟੇਜ ਉਤੇ ਲਿਆ ਕੇ ਆਰਥਕ,



ਅਜਮੇਰ ਸਿੰਘ ਔਲਖ

ਸਮਾਜਕ ਤੇ ਰਾਜਨੀਤਕ ਜਾਗ੍ਰਿਤੀ ਪੈਦਾ ਕੀਤੀ। 'ਬੇਗਾਨੇ ਬੋਹੜ ਦੀ ਛਾਂ' ਵਿਚਲੇ ਹੇਠ ਲਿਖੇ ਬੋਲ ਅੱਜ ਵੀ ਲੋਕਾਂ ਦੀ ਜ਼ੁਬਾਨ ਉਤੇ ਹਨ,

ਜਨਮ ਧਾਰਿਆ ਢਿੱਡ ਦੀ ਲੋੜ ਵਿਚੋਂ
ਮਰ ਜਾਣਗੇ ਢਿੱਡ ਦੀ ਲੋੜ ਥੱਲੇ।
ਘੜੀ ਸੁੱਖ ਦੀ ਭਾਲਦੇ ਭਲਾ ਕਿੱਥੋਂ
ਜਿਹੜੇ ਰਹਿਣ ਬੇਗਾਨੜੇ ਬੋਹੜ ਥੱਲੇ।

ਖਾਲਿਸਤਾਨੀ ਦਹਿਸ਼ਤਗਰਦਾਂ ਨੂੰ ਅੰਨ੍ਹੇ ਨਿਸ਼ਾਨਚੀ ਕਹਿਣ ਵਾਲਾ ਤੇ ਆਦਿਵਾਸੀਆਂ ਨੂੰ ਖੁੱਡੇ ਲਾਉਣ ਵਾਸਤੇ ਸ਼ੁਰੂ ਕੀਤੇ ਅਪ੍ਰੇਸ਼ਨ ਗਰੀਨ ਹੰਟ ਵਿਰੁਧ ਜਮਹੂਰੀ ਫਰੰਟ ਦੀਆਂ ਨੀਂਹਾਂ ਰੱਖਣ ਵਾਲਾ ਵੀ ਔਲਖ ਹੀ ਹੈ। ਜਸਪਾਲ ਜੱਸੀ ਤੇ ਪਾਵੇਲ ਕੁੱਸਾ ਵਲੋਂ ਜਾਰੀ ਕੀਤੇ 'ਸਲਾਮ' ਨਾਂ ਦੇ ਤਾਜ਼ਾ ਪਰਚੇ ਵਿਚ ਔਲਖ ਦੀਆਂ ਕ੍ਰਾਂਤੀਕਾਰੀ ਗਤੀਵਿਧੀਆਂ ਦਾ ਲੇਖਾ-ਜੋਖਾ ਸਮਾਗਮ ਦਾ ਮਹੱਤਵ ਦਸਦਾ ਹੈ। ਇਸ ਸਮਾਗਮ ਲਈ ਸਾਡੀਆਂ ਸ਼ੁਭ ਇਛਾਵਾਂ ਤੇ ਔਲਖ ਦੀ ਚੰਗੇਰੀ ਸਿਹਤ ਲਈ ਦੁਆਵਾਂ ਤਾਂ ਕਿ ਉਸ ਦੇ ਹੇਠ ਲਿਖੇ ਨਿਸਚੇ ਨੂੰ ਫਲ ਪਵੇ।

ਮੈਂ ਦੱਸਾਂਗਾ ਉਸ ਨਾਮੁਰਾਦ ਰੋਗ ਨੂੰ
ਕਿ ਕਿਰਤ, ਸਿਰਜਣਾ
ਤੇ ਜ਼ਿੰਦਗੀ ਮੇਰੇ ਸੰਗ ਨੇ,
ਕੁਝ ਨਹੀਂ ਵਿਗਾੜ ਸਕਦਾ ਤੂੰ ਮੇਰਾ
ਕੋਈ ਭਓ ਨਹੀਂ ਹੁਣ ਮੈਨੂੰ ਤੇਰਾ।

**ਗੁਰੂ ਨਾਨਕ ਮਿਸ਼ਨ ਚੈਰੀਟੇਬਲ ਹਸਪਤਾਲ ਨੰਬਰ-2:** 1987 ਵਿਚ ਮੈਂ ਪੰਜਾਬੀ ਟ੍ਰਿਬਿਊਨ ਦਾ ਸੰਪਾਦਕ ਸਾਂ ਜਦੋਂ ਬੁੱਧ ਸਿੰਘ ਢਾਹਾਂ ਆਪਣੇ ਪਿੰਡ ਦੀ ਭੂਮੀ ਵਿਚ ਉਸਾਰੇ ਜਾ ਰਹੇ ਹਸਪਤਾਲ ਵਾਸਤੇ ਮੇਰੀ ਡਾਕਟਰ ਪਤਨੀ ਦੀਆਂ ਸੇਵਾਵਾਂ ਲੈਣ ਵਾਸਤੇ ਮੈਨੂੰ ਮਿਲੇ ਸਨ। ਮੈਂ ਉਸ ਹਸਪਤਾਲ ਨੂੰ ਵਿਕਾਸ ਕਰਦੇ ਤੇ ਦੂਜਿਆਂ ਦੇ ਹੱਥਾਂ ਵਿਚ ਜਾਂਦੇ ਵੇਖਿਆ ਹੈ। ਪਰ ਬਲਿਹਾਰੇ ਜਾਈਏ ਬੁੱਧ ਸਿੰਘ ਦੇ ਜਿਸ ਨੇ ਹੌਸਲਾ ਹਾਰੇ ਬਿਨਾ ਗੜ੍ਹਸ਼ੰਕਰ-ਅਨੰਦਪੁਰ ਸਾਹਿਬ ਮੁਖ ਮਾਰਗ ਉਤੇ ਕੁਕੜ ਮਜ਼ਾਰਾ ਦੇ ਨਿੱਕੇ ਜਿਹੇ ਪਿੰਡ ਵਿਚ ਤੀਹ ਬਿਸਤਰਿਆਂ ਦਾ ਚੈਰੀਟੇਬਲ ਹਸਪਤਾਲ ਹੋਰ ਚਾਲੂ ਕਰ ਲਿਆ ਹੈ। ਆਪਣੀ ਸਜਰੀ ਪੰਜਾਬ ਫੇਰੀ ਵੇਲੇ ਮੈਂ ਬੁੱਧ ਸਿੰਘ ਨੂੰ ਮਿਲਣ ਗਿਆ ਤਾਂ ਇਥੇ ਢਾਹਾਂ ਤੋਂ ਬੁੱਧ ਸਿੰਘ ਨਾਲ ਆਏ ਸੁਸ਼ੀਲ ਕੌਰ ਤੇ ਰਘਬੀਰ ਸਿੰਘ ਨਵੇਂ ਹਸਪਤਾਲ ਵਲੋਂ ਆਪਣੇ 'ਏ' ਬਲਾਕ ਤੇ ਪਿੰਡਾਂ ਦਾ ਨਕਸ਼ਾ ਤਿਆਰ ਕਰ ਰਹੇ ਸਨ। ਅਗਲੇ ਦਿਨ ਇਸ ਪ੍ਰਾਜੈਕਟ ਨੂੰ ਦੇਖਣ ਕੈਨੇਡੀਅਨ ਦੂਤਾਵਾਸ ਦੀ ਇੱਕ ਅਧਿਕਾਰੀ ਰਾਜਧਾਨੀ ਅਲੈਗਜ਼ੈਂਡਰ ਆ ਰਹੀ ਸੀ।

ਇਸ ਹਸਪਤਾਲ ਨੂੰ ਸਫਲ ਬਣਾਉਣ ਵਿਚ ਹੱਥ ਵਟਾ ਰਹੇ ਮਹਿੰਦਰ ਸਿੰਘ ਭਾਟੀਆ (ਨਵਾਂ ਗਰਾਂ) ਤੇ ਬਲਬੀਰ ਸਿੰਘ ਬੈਂਸ (ਗੋਗੋਂ) ਵੀ ਉਥੇ ਹਾਜ਼ਰ ਸਨ। ਹਸਪਤਾਲ ਦੀਆਂ ਦੂਜੀਆਂ ਇਮਾਰਤਾਂ ਤੇ ਗੁਰਦੁਆਰੇ ਦੀ ਉਸਾਰੀ ਚਾਲੂ ਹੈ। ਛੇਤੀ ਹੀ ਇਥੇ 150 ਬਿਸਤਰਿਆਂ ਦਾ ਹਸਪਤਾਲ ਚਾਲੂ ਹੋਣ ਦੀ ਆਸ ਹੈ।

**ਅੰਤਿਕਾ:** (ਜਸਵਿੰਦਰ ਦੀ ਇਕ ਗ਼ਜ਼ਲ)
ਬਾਰੀਂ ਵਰਸੀਂ ਖੱਟਣ ਗਿਆ ਸੀ
ਖੱਟਣ ਗਿਆ ਨਾ ਆਇਆ।
ਮਾਂ ਵੀ ਭੁੱਲਿਆ ਮਾਂ ਬੋਲੀ ਵੀ,
ਭੁੱਲਿਆ ਮਾਂ ਦਾ ਜਾਇਆ।
ਸੂਲੀ ਚੜ੍ਹ ਪਰਦੇਸੀ ਰੁੱਖ ਤੋਂ
ਪੌਂਡ ਬਥੇਰੇ ਤੋੜੇ,
ਰੂਹ ਨੂੰ ਚੜ੍ਹਿਆ ਤਾਪ ਨਾ ਟੁੱਟਿਆ
ਹੋਇਆ ਦੂਣ ਸਵਾਇਆ।

ਵਤਨੋਂ ਆਈ ਚਿੱਠੀ
ਸੌਵੀਂ ਵਾਰ ਪੜ੍ਹਨ ਤੋਂ ਪਿੱਛੋਂ,
ਅੱਥਰੂ ਪੀ ਕੇ ਉਸ ਨੇ
ਕੌੜਾ ਪਾਣੀ ਮੂੰਹ ਨੂੰ ਲਾਇਆ।
ਤਨ ਦੀ ਪਿਆਸ ਬੁਝੀ, ਮਨ ਤੜਪੇ,
ਜੜ੍ਹ ਉਖੜੀ, ਪੱਤ ਪੀਲੇ,
ਰੋਜ਼ ਹਿਸਾਬ ਕਰੇ ਉਹ ਉਠ ਕੇ
ਕੀ ਖੋਇਆ ਕੀ ਪਾਇਆ।

# ਬਰਤਾਨੀਆ ਵਿਚ ਨਿਆਸਰਿਆਂ ਦਾ ਆਸਰਾ ਬਣੇ ਸਿੱਖ

**ਲੰਡਨ:** ਬਰਤਾਨੀਆ ਵਿਚ ਵਧਦੀ ਬੇਘਰ ਆਬਾਦੀ ਲਈ ਸਿੱਖ ਲੰਗਰ ਲਗਾ ਰਹੇ ਹਨ ਤੇ ਉਨ੍ਹਾਂ ਨੂੰ ਜ਼ਿੰਦਗੀ ਅੱਗੇ ਤੋਰਨ ਵਿਚ ਮਦਦ ਕਰ ਰਹੇ ਹਨ। ਬਰਤਾਨੀਆ ਦੇ ਗੁਰਦੁਆਰਿਆਂ ਵਿਚ ਲੰਗਰ ਚੱਲ ਰਹੇ ਹਨ ਪਰ ਗੁਰਦੁਆਰਿਆਂ ਤੋਂ ਬਾਹਰ ਸਿੱਖ ਧਰਮ ਦੀ ਲੰਗਰ ਪਰੰਪਰਾ ਨੂੰ ਇਕ ਨਵਾਂ ਸੰਗਠਨ ਸਿੱਖ ਭਲਾਈ ਤੇ ਜਾਗਰੂਕਤਾ ਟੀਮ (ਸਵਾਟ) ਚਲਾ ਰਿਹਾ ਹੈ। ਇਹ ਸੰਗਠਨ ਲੰਗਰ ਤਿਆਰ ਕਰਕੇ ਲੰਡਨ ਦੇ ਵੱਖ-ਵੱਖ ਹਿੱਸਿਆਂ ਵਿਚ ਬੇਘਰਾਂ ਨੂੰ ਲੰਗਰ ਛਕਾ ਰਿਹਾ ਹੈ। ਲੰਗਰ ਇਥੇ ਕਾਫੀ ਮਕਬੂਲ ਹੋ ਗਿਆ ਹੈ। ਇਸ ਦਾ ਕਾਰਨ ਸਿਰਫ ਇਹ ਨਹੀਂ ਕਿ ਇਹ ਲੋਕਾਂ ਨੂੰ ਮੁਫਤ ਮਿਲ ਰਿਹਾ ਹੈ, ਸਗੋਂ ਇਸ ਦਾ ਮੁੱਖ ਕਾਰਨ ਇਹ ਹੈ ਕਿ ਇਸ ਵਿਚ ਭਾਂਤ-ਭਾਂਤ ਦੀਆਂ ਸੁਆਦਲੀਆਂ ਚੀਜ਼ਾਂ ਵੀ ਸ਼ਾਮਲ ਹੁੰਦੀਆਂ ਹਨ।



ਸਿੱਖਾਂ ਵੱਲੋਂ ਵਰਤਾਏ ਜਾ ਰਹੇ ਲੰਗਰ ਬਾਰੇ ਬੀ.ਬੀ.ਸੀ. ਵੱਲੋਂ ਤਿਆਰ ਕੀਤੀ ਜਾ ਰਹੀ ਫ਼ਿਲਮ ਦੌਰਾਨ ਬੇਘਰ 55 ਸਾਲਾ ਵਿਅਕਤੀ ਨੇ ਕਿਹਾ ਕਿ ਜਦੋਂ ਇਹ ਸਿੱਖ ਇਲਾਕੇ ਵਿਚ ਆਉਂਦੇ ਹਨ ਤਾਂ ਅਸੀਂ ਇਨ੍ਹਾਂ ਦਾ ਦਿਲੋਂ ਸੁਆਗਤ ਕਰਦੇ ਹਾਂ, ਕਿਉਂਕਿ ਇਹ ਸਾਨੂੰ ਭੋਜਨ ਛਕਾਉਂਦੇ ਹਨ। ਇਹ ਗਰਮਾ-ਗਰਮ ਲੰਗਰ ਮੇਰੇ ਲਈ ਕਿਸੇ 'ਫਾਈਵ ਸਟਾਰ' ਹੋਟਲ ਵਿਚ ਖਾਧੇ ਜਾਣ ਵਾਲੇ ਭੋਜਨ ਤੋਂ ਘੱਟ ਨਹੀਂ। ਇਸ ਲੰਗਰ ਦੌਰਾਨ ਬੇਘਰ ਲੋਕਾਂ ਨੂੰ ਗਰਮ ਸੂਪ, ਕੋਲਡ ਡ੍ਰਿੰਕਸ, ਚੌਕਲੇਟ ਤੇ ਹੋਰ ਚੀਜ਼ਾਂ ਵਰਤਾਈਆਂ ਜਾਂਦੀਆਂ ਹਨ। 'ਸਵਾਟ' ਵੈਨ ਹਰ ਐਤਵਾਰ ਸ਼ਾਮ ਨੂੰ ਕੇਂਦਰੀ ਲੰਡਨ ਵਿਚ ਪੁੱਜਦੀ ਹੈ ਤਾਂ ਇਸ ਨੂੰ ਦੇਖ ਕੇ ਬੇਘਰ ਲੋਕਾਂ ਦੀਆਂ ਵਾਛਾਂ ਖਿੜ ਜਾਂਦੀਆਂ ਹਨ। ਇਹ ਲੋਕ ਕਤਾਰ ਬੰਨ੍ਹ ਕੇ ਖੜ੍ਹ ਜਾਂਦੇ ਹਨ ਤੇ ਲੰਗਰ ਛਕਦੇ ਹਨ।

ਬਰਤਾਨੀਆ ਵਿਚ ਬਹੁਤ ਸਾਰੇ ਗੁਰਦੁਆਰੇ ਹਨ ਤੇ ਸਾਲ 2008 ਵਿਚ ਕੌਮਾਂਤਰੀ ਮੰਦੀ ਮਗਰੋਂ ਇਨ੍ਹਾਂ ਗੁਰਦੁਆਰਿਆਂ ਵਿਚ ਲੰਗਰ ਛਕਣ ਵਾਲੇ ਗੈਰ-ਸਿੱਖਾਂ ਦੀ ਗਿਣਤੀ ਕਾਫੀ ਵਧ ਰਹੀ ਹੈ। ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇਕ ਸੀਨੀਅਰ ਮੈਂਬਰ ਸੁਰਿੰਦਰ ਸਿੰਘ ਪੁਰੇਵਾਲ ਦਾ ਕਹਿਣਾ ਹੈ ਕਿ ਅਸੀਂ ਸਿੱਖ ਪਰੰਪਰਾ ਮੁਤਾਬਕ ਹੀ ਲੰਗਰ ਛਕਾ ਰਹੇ ਹਾਂ। ਸਵਾਟ ਦੇ ਬਾਨੀ ਰਣਦੀਪ ਸਿੰਘ ਮੁਤਾਬਕ ਗੁਰੂਆਂ ਨੇ ਲੋਕਾਂ ਦੀ ਮਦਦ ਕਰਨ ਲਈ ਕਿਹਾ ਹੈ ਤੇ ਅਸੀਂ ਉਹੀ ਕਰ ਰਹੇ ਹਾਂ। ਵੈਸਟ ਲੰਡਨ ਵਿਚਲਾ ਗੁਰਦੁਆਰਾ ਗੁਰੂ ਸਿੰਘ ਸਭਾ, ਜੋ ਵਿਦੇਸ਼ ਵਿਚ ਸਭ ਤੋਂ ਵੱਡਾ ਗੁਰਦੁਆਰਾ ਹੈ, ਵੱਲੋਂ ਹਰ ਹਫਤੇ 15000 ਲੋਕਾਂ ਨੂੰ ਲੰਗਰ ਛਕਾਇਆ ਜਾਂਦਾ ਹੈ।

## ਔਰਤਾਂ ਵਿਰੁਧ ਹਿੰਸਾ ਖਿਲਾਫ ਡਟਿਆ ਸਿੱਖ ਭਾਈਚਾਰਾ

**ਸਿਡਨੀ:** ਨੈਸ਼ਨਲ ਸਿੱਖ ਕੌਂਸਲ ਆਫ ਆਸਟਰੇਲੀਆ ਘਰੇਲੂ ਹਿੰਸਾ ਦਾ ਸ਼ਿਕਾਰ ਹੋ ਰਹੀਆਂ ਔਰਤਾਂ ਤੇ ਲੜਕੀਆਂ ਦੀ ਬਾਂਹ ਫੜਨ ਤੇ ਉਨ੍ਹਾਂ ਨੂੰ ਹੱਕਾਂ ਪ੍ਰਤੀ ਜਾਗਰੂਕ ਕਰਨ ਲਈ ਅੱਗੇ ਆਈ ਹੈ। ਇਸ ਬਾਰੇ ਕੌਂਸਲ ਨੇ ਭਾਰਤੀ ਖਾਸਕਰ ਪੰਜਾਬੀ ਭਾਈਚਾਰੇ ਨਾਲ ਸਬੰਧ ਰੱਖਦੀਆਂ ਤਕਰੀਬਨ 50 ਔਰਤਾਂ ਤੇ ਲੜਕੀਆਂ ਦਾ ਸਾਂਝਾ ਗਰੁਪ ਤਿਆਰ ਕਰ ਲਿਆ ਹੈ। ਅੰਕੜਿਆਂ ਮੁਤਾਬਕ ਹਰ ਹਫਤੇ ਦੋ ਔਰਤਾਂ ਦਾ ਕਤਲ ਹੋ ਰਿਹਾ ਹੈ। ਇਸ ਕਤਲ ਪਿੱਛੇ ਮੁੱਖ ਕਾਰਨ ਘਰੇਲੂ ਹਿੰਸਾ ਹੈ। ਇਨ੍ਹਾਂ ਕਤਲਾਂ ਪਿੱਛੇ ਉਨ੍ਹਾਂ ਦੇ ਮੌਜੂਦਾ ਜਾਂ ਸਾਬਕਾ ਪਤੀਆਂ ਦਾ ਹੱਥ ਹੈ। ਇਨ੍ਹਾਂ ਵਿਚ ਭਾਰਤੀ ਪੰਜਾਬੀ ਔਰਤਾਂ ਵੀ ਸ਼ਾਮਲ ਹਨ। ਕੌਂਸਲ ਦੇ ਪ੍ਰਧਾਨ ਅਜਮੇਰ ਸਿੰਘ ਗਿੱਲ ਤੇ ਗੁਰਮੀਤ ਕੌਰ ਦਾ ਕਹਿਣਾ ਹੈ ਕਿ ਆਸਟਰੇਲੀਆ ਵਿਚ ਵੱਖ-ਵੱਖ ਦੇਸ਼ਾਂ ਵਿਚੋਂ ਲੋਕ ਆ ਕੇ ਵਸੇ ਹਨ। ਉਹ ਆਪਣੇ ਰਿਸ਼ਤੇਦਾਰ ਤੇ ਪਰਿਵਾਰਕ ਮੈਂਬਰ ਆਪਣੇ ਜੱਦੀ ਦੇਸ਼ ਵਿਚ ਛੱਡ ਆਏ ਹਨ।


The Anu Attorney Immigration Law Firm
Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



Anu Peshawaria
Attorney at Law
Licensed to practice Immigration & Bankruptcy in all 50 states.
More than 20 year experience in US immigration & Indian law

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁੱਲ੍ਹ ਚੁਕਾ ਹੈ

FAMILY LAW
*Divorce *Annulment
*International Custody

INCORPORATIONS
*International Contracts, Mergers
*Attorney Supreme Court of India
*Bankruptcy Consultation & Filing

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available



US Business Brokers Inc.
American Financing Group LLC


101 W 22nd St, Suite 111, Lombard, IL 60148
23280 Pacific Highway South, Suite 307, Kent, WA 98032

Financing - Loans
- We do all kinds of SBA & Conventional loans.
- We are specialized in Gas Stations, Liquor Stores, Hotels, Convenience Stores, Motels, Apartment Buildings, Strip Plazas, Commercial Buildings, Food Franchise.
- We can get your Loan approved within few days.

Contact us for any Financing Need Nationwide.

- FAST APPROVAL
- QUICK CLOSINGS
- SBA 504 & 7A
- CONVENTIONAL LOANS
- HOTELS, MOTELS
- GAS STATIONS, TRUCK STOPS
- SUBWAY, DUNKIN DONUTS
- LIQUOR STORES, C-STORES

ਬਿਜਨਸ ਵੇਚਣ ਤੇ ਖਰੀਦਣ ਲਈ ਸੰਪਰਕ ਕਰੋ









Contact us Buy or Sell business
AJ Sandhu (MBA)
Managing Broker/Realtor/Consultant
Licensed in IL, IN, WA
916-995-0783 (Cell)
206-941-0792 (DIR)
630-206-2467 (Fax)
www.ubbchicago.com
aj@ubbchicago.com



Dhillon Truck Stop
Dhillon Road Service
Interstate 40, exit 356, San Jon, NM

ਗਿੱਲ ਮੰਜ ਗੁਰਦਾਸਪੁਰ ਵਾਲੇ
ਪੰਜਾਬੀ ਢਾਬਾ



24 ਘੰਟੇ ਖੁੱਲ੍ਹਾ

ਡੀਜ਼ਲ ਅਤੇ ਰੋਡ ਸਰਵਿਸ
New & Used Tires
Oil Change

ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ

Ph:575-576-4111, 575-815-8536

# ਹਾਲ-ਏ-ਕਸ਼ਮੀਰ

## ਕਸ਼ਮੀਰ ਵਿਚ ਨਸਲਕੁਸ਼ੀ: ਲਾਹਨਤ ਹੈ ਹਿੰਦੁਸਤਾਨ !

*ਜੰਮੂ ਕਸ਼ਮੀਰ ਨੂੰ ਆਖਰਕਾਰ 'ਚੁਣੀ ਹੋਈ ਸਰਕਾਰ' ਮਿਲ ਗਈ ਹੈ। ਜਿਹੜੀਆਂ ਧਿਰਾਂ ਪਹਿਲਾਂ ਇਕ-ਦੂਜੇ ਖਿਲਾਫ ਬਿਆਨ ਦਾਗ ਰਹੀਆਂ ਸਨ, ਹੁਣ ਸਾਂਝੀ ਸਰਕਾਰ ਲਈ ਸਹਿਮਤ ਹਨ। ਇਹ ਉਹੀ ਰਿਆਸਤ ਹੈ ਜਿਥੇ ਹਜ਼ਾਰਾਂ ਨੌਜਵਾਨ ਮਰ-ਖਪ ਗਏ ਤੇ ਹਜ਼ਾਰਾਂ ਹੋਰ ਲਾਪਤਾ ਹਨ। ਮਾਪੇ ਇਨ੍ਹਾਂ ਪੁੱਤਾਂ ਦੀ ਉਡੀਕ ਅੱਜ ਵੀ ਉਦਾਸ ਨੈਣਾਂ ਨਾਲ ਕਰ ਰਹੇ ਹਨ, ਪਰ ਪੁਕਾਰ ਸੁਣਨ ਵਾਲਾ ਕੋਈ ਨਹੀਂ। ਐਤਕੀਂ 26 ਜਨਵਰੀ ਨੂੰ ਪ੍ਰਸਿੱਧ ਖੋਜੀ ਪੱਤਰਕਾਰ ਆਂਦਰੇ ਵਲਚੇਕ ਨੇ ਕਸ਼ਮੀਰੀ ਆਵਾਮ ਦਾ ਹਾਲ ਜਾਣਨ ਲਈ ਗੇੜਾ ਕੱਢਿਆ ਅਤੇ ਆਪਣੇ ਭਾਵ, ਲੰਮੇ ਲੇਖ 'ਜੇਨੋਸਾਈਡ ਇਨ ਕਸ਼ਮੀਰ: ਇੰਡੀਆਜ਼ ਸ਼ੇਮ' ਵਿਚ ਦਰਜ ਕੀਤੇ ਹਨ। ਇਸ ਲੇਖ ਵਿਚ ਰੌਂਗਟੇ ਖੜ੍ਹੇ ਕਰਨ ਵਾਲੇ ਤੱਥ ਪੇਸ਼ ਹੋਏ ਹਨ। ਦੋ ਕਿਸ਼ਤਾਂ ਵਿਚ ਛਾਪੇ ਜਾ ਰਹੇ ਇਸ ਲੇਖ ਦਾ ਤਰਜਮਾ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। ਰੂਸ ਵਿਚ 1963 'ਚ ਜੰਮਿਆ ਆਂਦਰੇ ਵਲਚੇਕ ਖੋਜੀ ਪੱਤਰਕਾਰ ਤੋਂ ਇਲਾਵਾ ਨਾਵਲਕਾਰ ਤੇ ਫਿਲਮਸਾਜ਼ ਵੀ ਹੈ। ਉਹ ਲੰਮਾ ਸਮਾਂ ਨਿਊ ਯਾਰਕ ਸ਼ਹਿਰ ਵਿਚ ਰਿਹਾ ਅਤੇ ਅੱਜ ਕੱਲ੍ਹ ਪੂਰਬੀ ਏਸ਼ੀਆ ਤੇ ਅਫਰੀਕਾ ਗਾਹ ਰਿਹਾ ਹੈ। -ਸੰਪਾਦਕ*



*ਸਰਦੀ ਰੁੱਤੇ ਕਸ਼ਮੀਰ ਵਾਦੀ ਦਾ ਇਕ ਮੰਜ਼ਰ।*

ਕਸ਼ਮੀਰ ਵਿਚ ਤੁਹਾਡਾ ਸਵਾਗਤ ਹੈ! ਕੜਾਕੇ ਦੀ ਠੰਢ ਵਾਲੀ ਰੁੱਤ। ਬਰਫ ਨਾਲ ਕੱਜੇ ਪਹਾੜ ਅਤੇ ਝੀਲਾਂ ਕੰਢੇ ਰੁੰਡ-ਮਰੁੰਡ ਰੁੱਖ ਸੂਰਜ ਚੜ੍ਹਨ ਵੇਲੇ ਉਦਾਸ, ਪਰ ਸ਼ਾਨ ਨਾਲ ਸਿਰ ਉਠਾਈ ਖੜ੍ਹੇ ਨਜ਼ਰ ਆਉਂਦੇ ਹਨ, ਐਨ ਰੰਗਾਂ ਨਾਲ ਚਿੱਤਰੀ ਮੁਕੰਮਲ ਚੀਨੀ ਤਸਵੀਰ ਵਰਗੇ।

ਤੁਹਾਡਾ ਸਵਾਗਤ ਕਰਦੀ ਹੈ ਹਿੰਦੁਸਤਾਨ ਦੇ ਸੱਤ ਲੱਖ ਜ਼ਬਰਦਸਤ ਸੁਰੱਖਿਆ ਕਰਮੀਆਂ ਦੀ ਲਿਤਾੜੀ ਕੌਮ। ਕੰਡੇਦਾਰ ਤਾਰਾਂ, ਫੌਜੀ ਦਸਤਿਆਂ, ਅਤੇ 'ਸੁਰੱਖਿਆ ਦਸਤਿਆਂ ਦੀਆਂ ਤਲਾਸ਼ੀਆਂ' ਦੀ ਲਗਾਤਾਰ ਮੌਜੂਦਗੀ। ਉਹ ਵਹਿਸ਼ਤ ਜਿਸ ਦੀ ਧਰਤੀ ਉਪਰ ਹੋਰ ਕਿਤੇ ਕਲਪਨਾ ਨਹੀਂ ਕੀਤੀ ਜਾ ਸਕਦੀ!



**ਆਂਦਰੇ ਵਲਚੇਕ**
**ਅਨੁਵਾਦ: ਬੂਟਾ ਸਿੰਘ**

ਸਵਾਗਤ ਕਰਦੀ ਹੈ ਅਮਰੀਕਾ, ਇਜ਼ਰਾਈਲ ਅਤੇ ਹਿੰਦੁਸਤਾਨ ਵਲੋਂ ਸਾਂਝੀਆਂ ਫੌਜੀ ਮਸ਼ਕਾਂ ਦੀ ਦਰੜੀ ਧਰਤੀ...ਕਸ਼ਮੀਰ! ਖ਼ੂਬਸੂਰਤ ਪਰ ਸਹਿਮਿਆ ਹੋਇਆ। ਮਾਣਮੱਤਾ, ਪਰ ਲਹੂ-ਲੁਹਾਣ ਅਤੇ ਬੁਰੀ ਤਰ੍ਹਾਂ ਟੁੱਟ ਚੁੱਕਾ...ਅਜੇ ਵੀ ਡਟਿਆ ਹੋਇਆ, ਟੱਕਰ ਲੈ ਰਿਹਾ। ਮੁਕਤ ਅਤੇ ਆਜ਼ਾਦ, ਘੱਟੋ-ਘੱਟ ਦਿਲੋਂ!

***

ਚਾਰ ਜਵਾਕ ਸ੍ਰੀਨਗਰ ਵਿਚ ਵੱਡੀ ਮਸਜਿਦ ਲਾਗੇ ਖੜ੍ਹੇ ਹਨ। ਤਿੱਖੇ। ਕੁੱਦ ਪੈਣ, ਛੂਟ ਵੱਟਣ ਅਤੇ ਭਿੜਨ ਲਈ ਤਿਆਰ-ਬਰ-ਤਿਆਰ। ਲੋੜ ਪੈਣ 'ਤੇ ਭੱਜ ਜਾਣ ਅਤੇ ਪਿੱਛੇ ਹਟ ਜਾਣ ਲਈ ਤਿਆਰ। ਇਹ ਸਭ ਹਾਲਾਤ 'ਤੇ ਮੁਨੱਸਰ ਹੈ।

"ਉਹ ਸਾਡੀਆਂ ਮਾਂਵਾਂ-ਭੈਣਾਂ ਨਾਲ ਜਬਰ-ਜਨਾਹ ਕਰ ਰਹੇ ਨੇ!" ਇਕ ਮੁੰਡਾ ਚੀਕਦਾ ਹੈ। ਉਹ ਮੈਨੂੰ ਅੱਥਰੂ ਗੈਸ ਦੇ ਖਾਲੀ ਗੋਲੇ ਦਿਖਾਉਂਦੇ ਹਨ ਜੋ ਆਲਮ ਵਿਚ ਕਈ ਹੋਰ ਥਾਂਈਂ ਵਿਖਾਵਾਕਾਰੀਆਂ ਨੂੰ ਤਿਤਰ-ਬਿਤਰ ਕਰਨ ਲਈ ਇਸਤੇਮਾਲ ਕੀਤੇ ਜਾਂਦੇ ਗੋਲਿਆਂ ਵਰਗੇ ਹਨ। ਆਮ ਤੌਰ 'ਤੇ ਇਹ ਹਵਾ ਵਿਚ ਸੁੱਟੇ ਜਾਂਦੇ ਹਨ, ਪਰ ਇਥੇ ਸੁਰੱਖਿਆ ਕਰਮੀ ਇਹ ਸਿੱਧੇ ਆਵਾਮ ਦੇ ਸਿਰਾਂ 'ਤੇ ਸੁੱਟਦੇ ਹਨ- ਹੱਤਿਆ ਕਰਨ ਦੀ ਮਨਸ਼ਾ ਨਾਲ।

ਇਸ ਕਸ਼ਮੀਰੀ ਇੰਤਿਫਦਾ (ਬਗਾਵਤ) ਦੌਰਾਨ, ਇਸ ਬਗ਼ਾਵਤ ਨੂੰ ਕੁਚਲਣ ਲਈ ਪੁਲਿਸ, ਫੌਜ ਅਤੇ ਨੀਮ-ਫੌਜੀ ਦਸਤੇ ਗੁਲੇਲਾਂ, ਬੰਦੂਕਾਂ, ਅੱਥਰੂ ਗੈਸ ਦੇ ਗੋਲੇ; ਜੋ ਵੀ ਕੋਲ ਹੈ, ਇਸਤੇਮਾਲ ਕਰਦੇ ਹਨ।

ਇਹੀ ਨਹੀਂ, ਵੀਡੀਓ ਕੈਮਰੇ ਵੀ ਇਸਤੇਮਾਲ ਕੀਤੇ ਜਾਂਦੇ ਹਨ; ਪਥਰਾਓ ਕਰਨ ਵਾਲੇ ਵਿਖਾਵਾਕਾਰੀਆਂ ਦੀ ਫਿਲਮ ਬਣਾ ਲਈ ਜਾਂਦੀ ਹੈ, ਫਿਰ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਕੇ 'ਲਾਪਤਾ' ਕਰ ਦਿੱਤਾ ਜਾਂਦਾ ਹੈ, ਤੇ ਕਦੇ ਤਾਂ ਉਨ੍ਹਾਂ ਨੂੰ ਤੋੜਨ ਲਈ ਵਹਿਸ਼ੀ ਤਸੀਹਿਆਂ ਦੇ ਢੰਗ ਅਜ਼ਮਾਏ ਜਾਂਦੇ ਹਨ।

ਇਸ ਮੁਹੱਲੇ ਦੇ ਮੁੰਡਿਆਂ ਨੂੰ ਆਮ ਹੀ ਫੜਿਆ ਜਾਂਦਾ ਹੈ ਅਤੇ ਉਨ੍ਹਾਂ ਵਿਚੋਂ ਜ਼ਿਆਦਾਤਰ ਘੱਟੋ-ਘੱਟ ਇਕ ਵਾਰ ਤਾਂ ਜ਼ਰੂਰ ਹੀ ਤਸ਼ੱਦਦ ਦਾ ਸ਼ਿਕਾਰ ਹੋਏ ਹਨ।

ਮੈਂ ਉਨ੍ਹਾਂ ਦੇ ਹੱਥਾਂ ਵਿਚ ਫੜੇ ਗੋਲਿਆਂ ਦੀਆਂ ਤਸਵੀਰਾਂ ਲੈ ਰਿਹਾ ਹਾਂ, ਹਮੇਸ਼ਾ ਕੈਮਰੇ ਨੂੰ ਉਨ੍ਹਾਂ ਦੇ ਚਿਹਰਿਆਂ ਤੋਂ ਦੂਰ ਰੱਖ ਕੇ। ਉਂਜ, ਜਵਾਕ ਹੁਣ ਤਸਵੀਰ ਖਿਚਵਾਉਣੀ ਚਾਹੁੰਦੇ ਹਨ: ਉਨ੍ਹਾਂ ਨੂੰ ਹੁਣ ਕੋਈ ਡਰ-ਭੈਅ ਨਹੀਂ ਹੈ।

ਇਹ ਵਿਅੰਗ ਹੀ ਹੈ ਕਿ ਅੱਜ 26 ਜਨਵਰੀ ਹੈ, ਹਿੰਦੁਸਤਾਨੀ ਗਣਤੰਤਰ ਦਿਹਾੜਾ।

"ਬਾਅਦ ਵਿਚ ਅਸੀਂ ਉਥੇ ਜਾਵਾਂਗੇ! ਉਨ੍ਹਾਂ ਨਾਲ ਦੋ-ਦੋ ਹੱਥ ਕਰਨ! ਸਾਡੇ ਨਾਲ ਚੱਲਿਓ!" ਉਹ ਅਰਬੀ ਲਫ਼ਜ਼ ਬੋਲਦੇ ਹਨ! ਆਪਣੀਆਂ ਉਂਗਲੀਆਂ ਉਪਰ ਅਸਮਾਨ ਵੱਲ ਕਰ ਕੇ। ਚਿਹਰਿਆਂ 'ਤੇ ਮੁਸਕਾਨ ਲਿਆ ਕੇ, ਉਹ ਬਹਾਦਰ ਤੇ ਮਰਨ/ਸ਼ਹੀਦ ਹੋਣ ਲਈ ਤਿਆਰ ਹੋਣ ਦਾ ਵਿਖਾਵਾ ਕਰਦੇ ਹਨ, ਪਰ ਮੈਂ ਜਾਣਦਾ ਹਾਂ ਕਿ ਉਨ੍ਹਾਂ ਦੇ ਅੰਦਰ ਸਹਿਮ ਹੈ। ਬਹੁਤ ਸਾਲਾਂ ਤੋਂ ਮੇਰੀ ਇਹੀ ਹਾਲਤ ਹੈ...ਮੈਂ ਭਾਂਪ ਸਕਦਾ ਹਾਂ ਕਿ ਉਹ ਕਿੰਨਾ ਸਹਿਮੇ ਹੋਏ ਹਨ।

ਉਹ ਚੰਗੇ ਬੱਚੇ ਹਨ। ਮਾਯੂਸ, ਸੰਕਟਗ੍ਰਸਤ ਪਰ ਚੰਗੇ। ਮੈਂ ਉਨ੍ਹਾਂ ਨਾਲ ਇਕਰਾਰ ਕਰਦਾ ਹਾਂ। ਮੈਂ ਆਵਾਂਗਾ। ਬਾਅਦ ਵਿਚ; ਹਮੇਸ਼ਾ ਵਾਂਗ, ਮੈਂ ਆਪਣਾ ਇਕਰਾਰ ਪੂਰਾ ਕਰਦਾ ਹਾਂ।

***

ਕੁਝ ਦਿਨ ਬਾਅਦ ਨਵੀਂ ਦਿੱਲੀ ਵਿਚ ਆਪਣੇ ਸੁਖਾਵੇਂ, ਪੁਰਾਣੀ ਤਰਜ਼ ਦੇ ਘਰ ਵਿਚ, ਹਿੰਦੁਸਤਾਨੀ-ਕਸ਼ਮੀਰੀ ਦਸਤਾਵੇਜ਼ੀ ਫਿਲਮਸਾਜ਼ ਸੰਜੇ ਕਾਕ, ਕਸ਼ਮੀਰ ਤੇ ਉਤਰ-ਪੂਰਬ, ਦੋਵਾਂ ਖਿੱਤਿਆਂ ਵਿਚ ਹਿੰਦੁਸਤਾਨੀ ਬਸਤੀਵਾਦ ਬਾਰੇ ਚਰਚਾ ਕਰਦਾ ਹੈ।

ਅਸੀਂ ਦੋਵੇਂ ਸਹਿਮਤ ਹਾਂ ਕਿ ਕੁਲ ਆਲਮ ਨੂੰ, ਕਸ਼ਮੀਰ ਦੇ ਕਬਜ਼ੇ ਦੇ ਖ਼ੌਫ਼ ਬਾਰੇ ਬਹੁਤ ਘੱਟ ਇਲਮ ਹੈ। ਉਤਰ-ਪੂਰਬ ਬਾਰੇ ਤਾਂ ਬਿਲਕੁਲ ਹੀ ਜਾਣਕਾਰੀ ਨਹੀਂ ਹੈ। ਹਿੰਦੁਸਤਾਨ ਅਤੇ ਪੱਛਮ ਦਾ ਜਨਤਕ ਮੀਡੀਆ ਇਸ ਦਾਬੇ, ਕਤਲੋਗ਼ਾਰਤ, ਤਸੀਹਿਆਂ ਅਤੇ ਜਬਰ-ਜਨਾਹਾਂ ਦੇ ਅਸਲ ਸੁਭਾਅ ਬਾਰੇ ਜਾਣਕਾਰੀ ਨੂੰ ਦਬਾਉਣ ਬਾਰੇ ਇਕਸੁਰ ਹੈ।

ਵਜ੍ਹਾ ਇਹ ਹੈ ਕਿ ਹਿੰਦੁਸਤਾਨ ਨੇ 'ਬਰਿੱਕਸ' ਨਾਲ ਦਗ਼ਾ ਕਮਾਇਆ ਹੈ ਅਤੇ ਇਹ ਫੌਜੀ ਸੰਧੀਆਂ 'ਤੇ ਸਹੀ ਪਾਉਂਦਿਆਂ ਖੁੱਲ੍ਹੀ ਮੰਡੀ ਦਾ ਜਾਪ ਕਰਦੇ ਹੋਏ ਅਮਰੀਕੀ ਸਲਤਨਤ ਅਤੇ ਪੱਛਮ ਦੇ ਹੋਰ ਨੇੜੇ ਸਰਕਦਾ ਗਿਆ ਹੈ। ਹੁਣ ਇਹ 'ਖ਼ਾਸ ਰੁਤਬੇ' ਉਪਰ ਮਾਣ ਕਰ ਸਕਦਾ ਹੈ, ਇੰਡੋਨੇਸ਼ੀਆ ਵਾਂਗ। ਇਸ ਦੀ ਹਕੀਕਤ ਕੁਝ ਵੀ ਹੋਵੇ, ਇਹ ਸਹਿਜੇ ਹੀ ਇਸ ਨੂੰ ਹਜ਼ਮ ਹੋ ਜਾਵੇਗਾ! ਸੰਜੇ ਕਾਕ ਇਹ ਵੀ ਕਹਿੰਦਾ ਹੈ ਕਿ ਅੱਜ ਕੱਲ੍ਹ "ਦੁੱਖਾਂ ਦੀ ਆਲਮੀ ਮੰਡੀ ਵਿਚ ਮੁਕਾਬਲਾ ਸਖ਼ਤ ਹੋ ਗਿਆ ਹੈ।"



*ਅੱਕੇ ਕਸ਼ਮੀਰੀਆਂ ਦਾ ਭਾਰਤੀ ਸੁਰੱਖਿਆ ਬਲਾਂ ਨੂੰ ਲਲਕਾਰਾ*

ਮੇਰੇ ਵਲੋਂ ਕਸ਼ਮੀਰ ਵਿਚ ਹਿੰਦੁਸਤਾਨ ਦੀਆਂ ਫੌਜੀ ਮੁਹਿੰਮਾਂ ਅਤੇ ਇਸ ਦੇ ਨਾਲ ਹੀ ਹਿੰਦੁਸਤਾਨੀ ਪੁਲਿਸ ਤੇ ਕਸ਼ਮੀਰ ਵਿਚ ਲਗਾਏ ਫੌਜੀ ਅਫ਼ਸਰਾਂ ਨੂੰ ਸਿਖਲਾਈ ਦੇਣ ਵਿਚ ਅਮਰੀਕਾ ਤੇ ਇਜ਼ਰਾਈਲ ਦੇ ਸ਼ਾਮਲ ਹੋਣ ਦਾ ਜ਼ਿਕਰ ਕਰਨ 'ਤੇ ਸੰਜੇ ਕਾਕ ਜਵਾਬ ਦਿੰਦਾ ਹੈ, "ਜਿੱਥੋਂ ਤਾਈਂ ਵਹਿਸ਼ਤ ਦਾ ਸਵਾਲ ਹੈ, ਇਸ ਪੱਖੋਂ ਤਾਂ ਦਰਅਸਲ ਹਿੰਦੁਸਤਾਨੀ ਪੁਲਿਸ-ਫੌਜ ਇਜ਼ਰਾਈਲ ਤੇ ਅਮਰੀਕਾ- ਦੋਵਾਂ ਨੂੰ ਕਈ ਚੀਜ਼ਾਂ ਸਿਖਾ ਸਕਦੀ ਹੈ।"

ਸੰਜੇ ਕਾਕ ਦੀ ਮਿੱਤਰ, ਲੇਖਕਾ ਤੇ ਮਨੁੱਖੀ ਅਧਿਕਾਰ ਕਾਰਕੁਨ ਅਰੁੰਧਤੀ ਰਾਏ ਨੇ ਮਾਰਚ 2013 ਵਿਚ 'ਡੈਮੋਕਰੇਸੀ ਨਾਓ' ਉਪਰ ਚਰਚਾ ਵਿਚ ਖ਼ੁਲਾਸਾ ਕੀਤਾ ਸੀ, "ਅੱਜ ਕਸ਼ਮੀਰ ਦੁਨੀਆਂ ਵਿਚ ਸਭ ਤੋਂ ਵੱਧ ਫੌਜੀ ਤਾਇਨਾਤੀ ਵਾਲਾ ਖੇਤਰ ਹੈ। ਹਿੰਦੁਸਤਾਨ ਨੇ ਇਥੇ 7 ਲੱਖ ਤੋਂ ਉਪਰ ਸੁਰੱਖਿਆ ਕਰਮੀ ਲਗਾਏ ਹੋਏ ਹਨ; ਤੇ 90ਵਿਆਂ ਦੇ ਸ਼ੁਰੂ 'ਚ ਲੜਾਈ, ਹਥਿਆਰਬੰਦ ਸੰਘਰਸ਼ ਵਿਚ ਬਦਲ ਗਈ, ਤੇ ਉਦੋਂ ਤੋਂ ਲੈ ਕੇ 70 ਹਜ਼ਾਰ ਤੋਂ ਉਪਰ ਲੋਕ ਮਾਰੇ ਗਏ, ਸ਼ਾਇਦ ਇਕ ਲੱਖ ਤੋਂ ਵੱਧ ਨੂੰ ਤਸੀਹੇ ਦਿੱਤੇ ਗਏ, 8 ਹਜ਼ਾਰ ਤੋਂ ਉਪਰ ਲਾਪਤਾ ਕਰ ਦਿੱਤੇ ਗਏ। ਮੇਰੇ ਕਹਿਣ ਦਾ ਭਾਵ, ਅਸੀਂ ਚਿੱਲੀ, ਪਿਨੋਚੇ ਬਾਰੇ ਤਾਂ ਬਥੇਰੀ ਚਰਚਾ ਕਰਦੇ ਹਾਂ, ਪਰ ਇਥੇ ਤਾਦਾਦ ਉਸ ਤੋਂ ਕਿਤੇ ਵਧੇਰੇ ਹੈ।"

***

ਖ਼ੁਦ ਕਸ਼ਮੀਰ ਵਿਚ ਮੈਂ 'ਜੰਮੂ ਐਂਡ ਕਸ਼ਮੀਰ ਕੁਲੀਸ਼ਨ ਆਫ ਸਿਵਲ ਸੁਸਾਇਟੀ' (ਜੇ.ਕੇ.ਸੀ.ਸੀ.ਐਸ.) ਨਾਲ ਮਿਲ ਕੇ ਕੰਮ ਕਰ ਰਿਹਾ ਹਾਂ। ਇਸ ਦੇ ਪ੍ਰਧਾਨ ਪਰਵੇਜ਼ ਇਮਰੋਜ਼ ਤੇ ਮਨੁੱਖੀ ਅਧਿਕਾਰਾਂ ਬਾਰੇ ਖੋਜਕਾਰ ਪਰਵੇਜ਼ ਮਾਟਾ ਨਾਲ ਮਿਲ ਕੇ। ਦੋਵੇਂ ਮੇਰੇ ਵਧੀਆ ਮਿੱਤਰ ਬਣ ਗਏ ਹਨ। ਦਰਅਸਲ ਇਸ ਸੁਸਾਇਟੀ ਦਾ ਮੰਨਣਾ ਹੈ ਕਿ 90ਵਿਆਂ ਤੋਂ ਲੈ ਕੇ ਕਸ਼ਮੀਰ ਵਿਚ 70 ਹਜ਼ਾਰ ਤੋਂ ਉਪਰ ਲੋਕਾਂ ਦੀਆਂ ਜਾਨਾਂ ਜਾ ਚੁੱਕੀਆਂ ਹਨ, ਜ਼ਿਆਦਾਤਰ ਆਮ ਸ਼ਹਿਰੀਆਂ ਦੀਆਂ। ਜੋ ਕਸ਼ਮੀਰ ਵਿਚ ਹੋ ਰਿਹਾ ਹੈ, ਉਸ ਨੂੰ ਇਹ ਸੰਸਥਾ ਸ਼ਰੇਆਮ ਨਸਲਕੁਸ਼ੀ ਕਰਾਰ ਦਿੰਦੀ ਹੈ।

ਪਰਵੇਜ਼ ਇਮਰੋਜ਼ ਨੇ ਲਿਖਿਆ ਹੈ, "1989 ਤੋਂ ਹੀ ਫੌਜ ਜੰਗੀ ਜੁਰਮ ਕਰਦੀ ਆ ਰਹੀ ਹੈ ਕਿਉਂਕਿ ਉਨ੍ਹਾਂ ਨੂੰ ਕਾਨੂੰਨੀ ਖੁੱਲ੍ਹ-ਖੇਡ ਦਿੱਤੀ ਗਈ ਹੈ ਅਤੇ ਸ਼ਾਇਦ ਹੀ ਕਦੇ ਕਿਸੇ ਫੌਜੀ ਨੂੰ ਇਨਸਾਨੀਅਤ ਦੇ ਖਿਲਾਫ ਜੁਰਮਾਂ ਬਦਲੇ ਸਜ਼ਾ ਮਿਲੀ ਹੋਵੇ। ਜੰਮੂ ਕਸ਼ਮੀਰ ਦੇ ਫੌਜੀਕਰਨ ਨੇ ਜ਼ਿੰਦਗੀ ਦੇ ਹਰ ਪਹਿਲੂ 'ਤੇ ਅਸਰ ਪਾਇਆ ਹੈ ਅਤੇ ਮੰਦੇ ਭਾਗਾਂ ਨੂੰ ਕੁਝ ਮਿਸਾਲਾਂ ਨੂੰ ਛੱਡ ਕੇ, ਹਿੰਦੁਸਤਾਨੀ ਮੀਡੀਆ ਅਤੇ ਸਿਵਲ ਸੁਸਾਇਟੀ ਵੀ ਫੌਜ ਨੂੰ ਸਿਆਸੀ ਤੇ ਇਖ਼ਲਾਕੀ ਖੁੱਲ੍ਹ-ਖੇਡ ਦਿੰਦੇ ਆਏ ਹਨ ਜਿਸ ਬਾਰੇ ਇਨ੍ਹਾਂ ਦਾ ਵਿਸ਼ਵਾਸ ਹੈ ਕਿ ਫੌਜ ਸਰਹੱਦ ਪਾਰਲੇ ਦਹਿਸ਼ਤਵਾਦ ਨਾਲ ਲੜ ਰਹੀ ਹੈ। ਹਿੰਦੁਸਤਾਨੀ ਅਤੇ ਕੌਮਾਂਤਰੀ ਮੀਡੀਆ, ਗਿਣ-ਮਿਥ ਕੇ ਲਾਪਤਾ ਕਰ ਦੇਣ ਦੇ ਮਾਮਲਿਆਂ, ਵਸੀਹ ਪੈਮਾਨੇ 'ਤੇ ਕਬਰਾਂ, ਤਸੀਹਿਆਂ ਨੂੰ ਪੂਰੀ ਤਰ੍ਹਾਂ ਨਜ਼ਰ-ਅੰਦਾਜ਼ ਕਰਦਾ ਆ ਰਿਹਾ ਹੈ।... ਜੰਮੂ ਕਸ਼ਮੀਰ ਦੇ ਸੰਘਰਸ਼ ਨੂੰ ਕੁਚਲਣ ਲਈ, ਹਿੰਦੁਸਤਾਨੀ ਹਕੂਮਤ ਨੇ ਗਿਣੇ-ਮਿਥੇ ਅਤੇ ਸੰਸਥਾਗਤ ਦਮਨ ਦਾ ਢੰਗ ਅਖ਼ਤਿਆਰ ਕੀਤਾ ਹੈ। ਹਥਿਆਰਬੰਦ ਸੰਘਰਸ਼ ਨੂੰ ਬੇਅਸਰ ਬਣਾਉਣ ਅਤੇ ਜੰਮੂ ਕਸ਼ਮੀਰ ਦੇ ਆਵਾਮ ਨੂੰ ਕਾਬੂ ਕਰਨ ਲਈ 7 ਲੱਖ ਤੋਂ ਉਪਰ ਹਥਿਆਰਬੰਦ ਕਰਮੀ ਲਗਾਏ ਹੋਏ ਹਨ। ਇਹ ਆਵਾਮ ਉਹ ਸਵੈ-ਨਿਰਣਾ ਚਾਹੁੰਦੇ ਹਨ ਜਿਸ ਦਾ ਵਾਅਦਾ ਹਿੰਦੁਸਤਾਨੀ ਹਕੂਮਤ ਨੇ 1948 ਅਤੇ 1949 ਦੇ ਮਤਿਆਂ ਵਿਚ ਸੰਯੁਕਤ ਰਾਸ਼ਟਰ ਵਿਚ ਕੀਤਾ ਸੀ। ਹਿੰਦੁਸਤਾਨੀ ਸਟੇਟ ਵਲੋਂ ਜਬਰ ਬਾਕਾਇਦਾ ਨੀਤੀ ਦਾ ਹਿੱਸਾ ਹੈ। ਇੱਥੋਂ ਤਕ ਕਿ ਨਿਆਂ ਪ੍ਰਬੰਧ ਵੀ ਸਟੇਟ ਦੇ ਅੰਗ ਵਜੋਂ ਹਕੂਮਤ ਦੇ ਮੁਫ਼ਾਦ ਲਈ ਕੰਮ ਕਰ ਰਿਹਾ ਹੈ, ਜੰਮੂ ਕਸ਼ਮੀਰ ਦੇ ਆਵਾਮ ਦੇ ਹਿੱਤ ਲਈ ਨਹੀਂ।...ਕੌਮਾਂਤਰੀ ਸੰਸਥਾਵਾਂ, ਖ਼ਾਸ ਕਰ ਕੇ ਪੱਛਮੀ ਸਿਵਲ ਸੁਸਾਇਟੀ ਤੇ ਹਕੂਮਤਾਂ 9/11 ਪਿੱਛੋਂ ਅਤੇ ਇਸਲਾਮ ਹਊਏ ਤੇ ਹੋਰ ਹਿੱਤਾਂ ਕਾਰਨ ਜੰਮੂ ਕਸ਼ਮੀਰ ਦੇ ਹਾਲਾਤ ਨੂੰ ਲਗਾਤਾਰ ਅੱਖੋਂ-ਪਰੋਖੇ ਕਰ ਰਹੇ ਹਨ।"

***

ਕਸ਼ਮੀਰ ਵਿਚ ਮੈਂ ਜਿਥੇ ਵੀ ਗਿਆ, ਜਿੱਧਰ ਵੀ ਸਫ਼ਰ ਕੀਤਾ, ਹਰ ਪਾਸੇ ਕਬਜ਼ੇ ਦੀਆਂ ਲਗਾਤਾਰ, ਜ਼ਬਰਦਸਤ ਨਿਸ਼ਾਨੀਆਂ ਨਜ਼ਰ ਆਉਂਦੀਆਂ ਰਹੀਆਂ। ਤਕਰੀਬਨ ਹਰ ਥਾਂ ਫੌਜ, ਪੁਲਿਸ ਅਤੇ ਨੀਮ-ਫੌਜੀ ਕਰਮੀਆਂ ਦੀ ਅਜੀਬ ਮੌਜੂਦਗੀ ਤੋਂ ਲੈ ਕੇ ਵਿਆਪਕ ਕਬਰਾਂ ਤਕ। ਹਰ ਵੱਡੀ ਸੜਕ ਦੇ ਨਾਲ-ਨਾਲ ਫੌਜ ਦੀਆਂ ਬੈਰਕਾਂ ਦੀਆਂ ਕਤਾਰਾਂ ਹਨ। ਸਾਰੀਆਂ ਵੱਡੀਆਂ-ਨਿੱਕੀਆਂ ਸੜਕਾਂ ਉਪਰ ਫੌਜ ਤੇ ਪੁਲਿਸ ਦੇ ਟਰੱਕ ਦਗੜ-ਦਗੜ ਕਰਦੇ ਫਿਰਦੇ ਹਨ। ਥਾਂ-ਥਾਂ ਬੇਸ਼ੁਮਾਰ ਨਾਕੇ ਅਤੇ ਤਲਾਸ਼ੀ ਕੇਂਦਰ ਬਣੇ ਹੋਏ ਹਨ।

ਨਿਰੀ ਸਿੱਧੀ ਤੇ ਵਹਿਸ਼ੀ ਤਾਕਤ ਹੀ ਕਸ਼ਮੀਰ ਵਿਚ ਖ਼ੂਨ-ਖਰਾਬਾ ਅਤੇ ਤਬਾਹੀ ਨਹੀਂ ਕਰ ਰਹੀ। ਪਰਵੇਜ਼ ਮਾਟਾ ਖੁਲਾਸਾ ਕਰਦਾ ਹੈ ਕਿ ਇਹ ਅਥਾਹ ਹਿੰਦੁਸਤਾਨੀ ਸੁਰੱਖਿਆ ਕਰਮੀ ਮੁਕਾਮੀ (ਸਥਾਨਕ) ਸਮਾਜ 'ਚ ਘੁਸਪੈਠ ਕਰਨ ਤੇ ਪਾਟਕ ਪਾਉਣ 'ਚ ਕਾਮਯਾਬ ਹੋ ਗਈਆਂ ਹਨ। ਜਾਸੂਸਾਂ ਤੇ ਮੁਖਬਰਾਂ ਨੇ ਘੁਸਪੈਠ ਕਰ ਲਈ ਹੈ। ਜੰਗਜੂ ਯੋਧਿਆਂ ਨੂੰ ਮੁਖਬਰ ਕਹਿ ਕੇ ਬਦਨਾਮ ਕੀਤਾ ਗਿਆ। ਟਾਕਰਾ ਤਹਿਰੀਕ ਖੇਰੂੰ-ਖੇਰੂੰ ਤੇ ਫੁੱਟ ਦਾ ਸ਼ਿਕਾਰ ਹੋ ਗਈ ਹੈ, ਇਵੇਂ ਹੀ ਮੁਕਾਮੀ ਭਾਈਚਾਰਿਆਂ ਤੇ ਪਰਿਵਾਰਾਂ ਵਿਚ ਹੋਇਆ।

ਘੋਰ ਅਸੁਰੱਖਿਆ ਦਾ ਬੋਲਬਾਲਾ ਹੈ। ਪਹਿਲਾਂ ਜਿਨ੍ਹਾਂ ਅਖੌਤੀ ਖਾੜਕੂਆਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ, ਉਨ੍ਹਾਂ ਨੂੰ ਫ਼ੋਨ ਕਰ ਕੇ ਤਫ਼ਤੀਸ਼ੀ ਅਧਿਕਾਰੀ ਧਮਕਾਉਂਦੇ ਹਨ, "ਛੇਤੀ ਹੀ ਅਸੀਂ ਤੇਰੀ ਭੈਣ ਨੂੰ ਚੁੱਕਾਂਗੇ।"

ਇਥੇ ਤਸੀਹਿਆਂ ਦੀ ਵਹਿਸ਼ਤ ਕਿਸੇ ਹਿਸਾਬ ਨਾਲ ਵੀ ਕਲਪਨਾ ਤੋਂ ਬਾਹਰੀ ਹੈ। ਮੈਂ ਕੁੱਲ ਆਲਮ ਵਿਚ ਬੇਸ਼ੁਮਾਰ ਯੁੱਧ ਖੇਤਰਾਂ ਦੀ ਪਤਾ ਨਹੀਂ ਕਿੰਨੀ ਵਾਰ ਛਾਣ-ਬੀਣ ਤੇ ਰਿਪੋਰਟ ਕੀਤੀ ਹੈ, ਮੇਰਾ ਵਾਹ ਲੂੰ-ਕੰਡੇ ਖੜ੍ਹੇ ਕਰਨ ਵਾਲੀ ਵਹਿਸ਼ਤ ਨਾਲ ਪੈਂਦਾ ਰਿਹਾ ਹੈ, ਪਰ ਕਸ਼ਮੀਰ ਵਿਚ ਮੈਨੂੰ ਜੋ ਪਤਾ ਲੱਗਾ, ਉਹ ਭਿਆਨਕ ਤੋਂ ਭਿਆਨਕ ਵਹਿਸ਼ਤ ਨੂੰ ਵੀ ਮਾਤ ਦਿੰਦਾ ਹੈ।


ਆਧੁਨਿਕ ਇਤਿਹਾਸ ਵਿਚ ਕਸ਼ਮੀਰ ਅੰਦਰ ਹਿੰਦੁਸਤਾਨੀ ਸੁਰੱਖਿਆ ਬਲਾਂ ਦੀ ਬੇਰਹਿਮੀ ਦਾ ਮੁਕਾਬਲਾ ਸਿਰਫ 1965 ਵਿਚ ਇੰਡੋਨੇਸ਼ੀਆ ਵਿਚ ਢਾਹੇ ਗਏ ਜ਼ੁਲਮਾਂ ਅਤੇ ਪੂਰਬੀ ਤਿਮੋਰ ਵਿਚ ਇਸ ਵਲੋਂ ਕੀਤੀ ਗਈ ਨਸਲਕੁਸ਼ੀ, ਇਸੇ ਤਰ੍ਹਾਂ ਪਾਪੂਆ ਵਿਚ ਨਸਲਕੁਸ਼ੀ ਜਾਂ ਕਾਂਗੋ ਦੇ ਜਮਹੂਰੀ ਗਣਰਾਜ ਵਿਚ ਰਵਾਂਡਾ ਅਤੇ ਯੁਗਾਂਡਾ ਦੇ ਬਲਾਂ ਦੀ ਵਹਿਸ਼ਤ ਨਾਲ ਕੀਤਾ ਜਾ ਸਕਦਾ ਹੈ; ਜਾਂ ਫਿਰ ਖ਼ੁਦ ਅਮਰੀਕੀ ਸਲਤਨਤ ਵਲੋਂ ਹਿੰਦ-ਚੀਨ ਵਿਚ ਸਿੱਧੀ ਕਤਲੋਗ਼ਾਰਤ ਨਾਲ।

ਇਹ ਹੈਰਤ-ਅੰਗੇਜ਼ ਨਹੀਂ ਕਿ ਹਿੰਦੁਸਤਾਨ ਅਤੇ ਇੰਡੋਨੇਸ਼ੀਆ-ਦੋਵੇਂ ਪੱਛਮ ਦੇ ਗਾਹਕ ਸਟੇਟ ਹਨ ਜਿਨ੍ਹਾਂ ਨੂੰ 'ਜਮਹੂਰੀਅਤ' ਤੇ 'ਸਹਿਣਸ਼ੀਲਤਾ' ਦੀਆਂ ਮਿਸਾਲਾਂ ਦੱਸਿਆ ਜਾਂਦਾ ਹੈ।

***

"ਹਿੰਦੁਸਤਾਨ ਅੰਨਾ, ਧੌਂਸਬਾਜ਼ ਅਤੇ ਦਰਿੰਦਾ ਹੈ", ਸ੍ਰੀਨਗਰ ਸ਼ਹਿਰ ਦੇ ਬਾਹਰਵਾਰ

**(ਬਾਕੀ ਅਗਲੇ ਸਫੇ 'ਤੇ)**



ਦਿੱਲੀ ਤੋਂ ਦਿਸਦਾ ਕਸ਼ਮੀਰ: *26 ਜਨਵਰੀ 2015 ਨੂੰ ਨਵੀਂ ਦਿੱਲੀ ਵਿਖੇ ਗਣਤੰਤਰ ਦਿਵਸ ਮੌਕੇ ਕੱਢੀ ਜੰਮੂ ਕਸ਼ਮੀਰ ਦੀ ਝਾਕੀ*

ਪਰਵੇਜ਼ ਇਮਰੋਜ਼ ਦੇ ਘਰ ਮੈਨੂੰ ਦੱਸਿਆ ਜਾਂਦਾ ਹੈ।

ਪੂਰੀ ਤਰ੍ਹਾਂ ਰਵਾਇਤੀ ਕਸ਼ਮੀਰੀ ਰਿਵਾਜ ਮੁਤਾਬਕ ਬਹੁਤ ਸਾਰੇ ਲੋਕ ਫੈਰਨ ਹੇਠ ਪੁਰਾਣੇ ਜ਼ਮਾਨੇ ਦੀਆਂ ਨਿੱਘ ਦੇਣ ਵਾਲੀਆਂ ਕਾਂਗੜੀਆਂ ਟਿਕਾਈ ਭੁੰਜੇ ਲੱਤਾਂ ਪਸਾਰੀ ਬੈਠੇ ਹਨ। ਅਸੀਂ ਚਾਹ ਪੀ ਰਹੇ ਹਾਂ। ਜਿੱਥੋਂ ਤਾਈਂ ਇਸ ਬੈਠਕ ਦਾ ਸਵਾਲ ਹੈ, ਮੈਂ ਮਹਿਜ਼ ਇਸ ਲੇਖ ਵਿਚ ਜ਼ਿਕਰ ਕੀਤੇ ਜੇ.ਕੇ.ਸੀ.ਸੀ.ਐਸ. ਦੇ ਦੋ ਜਣਿਆਂ ਨੂੰ ਹੀ ਅਸਲ ਨਾਂਵਾਂ ਤੋਂ ਜਾਣਦਾ ਹਾਂ। ਬਾਕੀ ਦੇ ਇਸ ਲਤਾੜੀ ਹੋਈ ਧਰਤੀ ਦੀ ਤਰਫੋਂ ਕੰਮ ਕਰ ਰਹੇ ਹਨ, ਪਰ ਜੇ ਉਹ ਆਪਣੀ ਪਛਾਣ ਨਸ਼ਰ ਕਰਦੇ ਤਾਂ ਕੌਮਾਂਤਰੀ ਸੰਸਥਾਵਾਂ ਅਤੇ ਪ੍ਰੈਸ ਏਜੰਸੀਆਂ ਵਿਚ ਉਨ੍ਹਾਂ ਨੂੰ ਆਪਣੀਆਂ ਪੁਜੀਸ਼ਨਾਂ ਨਾਲ ਸਮਝੌਤਾ ਕਰਨਾ ਪੈਣਾ ਸੀ।

ਉਨ੍ਹਾਂ ਸਾਰਿਆਂ ਨੇ ਰਾਹਨੁਮਾਈ ਕਰ ਕੇ, ਹਾਲਾਤ ਬਿਆਨ ਕੇ, ਸੰਪਰਕ ਤੇ ਜਾਣਕਾਰੀ ਦੇ ਕੇ ਮੇਰੀ ਮਦਦ ਕੀਤੀ। ਉਹ ਆਪਣੀ ਪਛਾਣ ਨਾ ਦੱਸੇ ਜਾਣ ਦੀ ਸ਼ਰਤ 'ਤੇ ਗੱਲ ਕਰਨ ਦੇ ਚਾਹਵਾਨ ਸਨ, ਤੇ ਇਹ ਸਾਫ ਸੀ ਕਿ ਉਨ੍ਹਾਂ ਦੇ ਦਿਲ ਤੇ ਵਫ਼ਾਦਾਰੀਆਂ ਕਿਸ ਧਿਰ ਨਾਲ ਸਨ, "ਜਦੋਂ ਫ਼ਲਸਤੀਨ ਦਾ ਸਵਾਲ ਆਉਂਦਾ ਹੈ ਤਾਂ ਹਿੰਦੁਸਤਾਨੀ ਬਹੁਤ ਇਖ਼ਲਾਕ ਪ੍ਰੇਮੀ ਹੁੰਦੇ ਹਨ...ਹਾਲਾਂਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਹਿੰਦੁਸਤਾਨ ਨੂੰ ਪੱਛਮ ਦੇ ਵਧੇਰੇ ਤੋਂ ਵਧੇਰੇ ਨੇੜੇ ਲੈ ਜਾਣ ਨਾਲ ਇਹ ਵੀ ਬਦਲ ਰਿਹਾ ਹੈ। ਅਮਰੀਕਾ ਅਤੇ ਇਜ਼ਰਾਈਲ ਇਥੇ 'ਦਹਿਸ਼ਤਵਾਦ ਵਿਰੋਧੀ ਸਿਖਲਾਈ' ਵਿਚ ਸ਼ਾਮਲ ਹਨ। ਬੇਸ਼ੁਮਾਰ ਫੌਜੀ ਤੇ ਪੁਲਿਸ ਅਫ਼ਸਰ ਅਮਰੀਕਾ, ਯੂਰਪੀ ਯੂਨੀਅਨ ਅਤੇ ਇਜ਼ਰਾਈਲ ਵਿਚ ਸਿਖਲਾਈ ਲੈ ਰਹੇ ਹਨ। ਪੁਲਿਸ ਅਧਿਕਾਰੀ ਵਿਦੇਸ਼ ਜਾ ਰਹੇ ਹਨ। ਹਿੰਦੁਸਤਾਨੀ ਫੌਜ, ਅਮਰੀਕੀ ਅਤੇ ਇਜ਼ਰਾਈਲੀ ਤਾਕਤਾਂ ਮਿਲ ਕੇ ਬਾਕਾਇਦਾ ਜੰਗੀ ਅਭਿਆਸ ਕਰ ਰਹੀਆਂ ਹਨ, ਮੁੱਖ ਤੌਰ 'ਤੇ ਪਾਕਿਸਤਾਨ ਲਾਗੇ ਲੱਦਾਖ਼ ਦੇ ਇਲਾਕੇ ਵਿਚ।"

"ਦਰਅਸਲ ਲੱਦਾਖ਼ ਇਜ਼ਰਾਈਲੀਆਂ ਵਿਚ ਬੜਾ ਹਰਮਨਪਿਆਰਾ ਹੈ। ਹਰ ਸਾਲ 20 ਤੋਂ 30 ਹਜ਼ਾਰ ਇਜ਼ਰਾਈਲੀ ਸੈਲਾਨੀਆਂ ਵਜੋਂ ਜਾਂ ਹੋਰ ਦੂਹਰੀ ਹੈਸੀਅਤ ਵਿਚ ਇਥੇ ਆਉਂਦੇ ਹਨ।"

"ਇਜ਼ਰਾਈਲੀ ਬਸਤੀਆਂ ਦੇ ਖ਼ਿਆਲ ਤੇ ਢੰਗ ਇਥੇ ਵਸੀਹ ਪੈਮਾਨੇ 'ਤੇ ਇਸਤੇਮਾਲ ਕੀਤੇ ਜਾਂਦੇ ਹਨ ਪਰ ਇਥੇ ਉਨ੍ਹਾਂ ਨੂੰ 'ਹੋਰ ਮਾਂਜਿਆ-ਸੰਵਾਰਿਆ' ਜਾਂਦਾ ਹੈ। ਹਿੰਦੁਸਤਾਨੀ ਸਟੇਟ ਨਸਲੀ ਭੇਦਭਾਵ ਦੀਆਂ ਇਜ਼ਰਾਈਲੀ ਨੀਤੀਆਂ ਨੂੰ ਚਾਰ ਚੰਨ ਲਾ ਰਿਹਾ ਹੈ।"

ਇਥੇ ਹਰ ਕੋਈ ਸਹਿਮਤ ਹੈ ਕਿ ਕਸ਼ਮੀਰ ਵਿਚ ਵਹਿਸ਼ਤ ਫਲਸਤੀਨ ਤੋਂ ਕਿਤੇ ਜ਼ਿਆਦਾ ਹੈ, "ਇਜ਼ਰਾਈਲੀ ਤਾਕਤਾਂ ਦੀ ਵਹਿਸ਼ਤ ਲੁਕੀ-ਛਿਪੀ ਨਹੀਂ, ਸ਼ਰੇਆਮ ਹੈ। ਫ਼ਲਸਤੀਨੀ ਆਵਾਮ ਖਿਲਾਫ ਹਰ ਕਾਰਵਾਈ ਲਿਖਤੀ ਰਿਕਾਰਡ 'ਚ ਦਰਜ ਹੁੰਦੀ ਹੈ। ਵਿਦੇਸ਼ਾਂ 'ਚੋਂ, ਤੇ ਮੁਲਕ ਦੇ ਅੰਦਰੋਂ ਵੀ ਇਜ਼ਰਾਈਲੀ ਕਾਰਵਾਈਆਂ ਦੀ ਲਗਾਤਾਰ ਨੁਕਤਾਚੀਨੀ ਹੁੰਦੀ ਰਹਿੰਦੀ ਹੈ। ਮੁਲਕਾਂ ਦੇ ਵੱਡੇ ਗੁੱਟ, ਇੱਥੋਂ ਤਕ ਕਿ ਯੂਰਪੀ ਯੂਨੀਅਨ ਵੀ, ਫ਼ਲਸਤੀਨ ਦੀ ਆਜ਼ਾਦੀ ਦੀ ਮੰਗ ਕਰ ਰਹੇ ਹਨ; ਕਸ਼ਮੀਰ ਦਾ ਮਾਮਲਾ ਵੱਖਰਾ ਹੈ: ਸਾਡੀ ਬਗਾਵਤ ਦੀ ਬਾਕੀ ਆਲਮ ਨੂੰ ਕੋਈ ਜਾਣਕਾਰੀ ਨਹੀਂ ਹੈ। ਸਾਡੇ ਘੱਟੋ-ਘੱਟ 80,000 ਲੋਕ ਪਹਿਲਾਂ ਹੀ ਮਾਰੇ ਜਾ ਚੁੱਕੇ ਹਨ। ਲੱਖਾਂ ਦੇ ਹਿਸਾਬ ਲੋਕਾਂ ਨੂੰ ਤਸੀਹੇ ਦਿੱਤੇ ਗਏ ਹਨ ਪਰ ਇਸ ਬਾਰੇ ਵਿਦੇਸ਼ਾਂ ਨੇ ਤਕਰੀਬਨ ਮੁਕੰਮਲ ਖ਼ਾਮੋਸ਼ੀ ਧਾਰੀ ਹੋਈ ਹੈ।"

ਫ਼ਲਸਤੀਨ ਤੇ ਕਸ਼ਮੀਰੀ ਟਾਕਰੇ ਅਤੇ ਉਨ੍ਹਾਂ ਦੇ ਆਜ਼ਾਦੀ ਤੇ ਵੱਖਰੀ ਰਿਆਸਤ ਦੇ ਨਿਸ਼ਾਨੇ ਦਰਮਿਆਨ ਉਘੜਵੀਆਂ ਸਮਾਨਤਾਵਾਂ ਹਨ। ਨਵੀਂ ਦਿੱਲੀ ਤੋਂ ਮੇਰੇ ਮਿੱਤਰ ਸੰਜੇ ਕਾਕ ਦੀਆਂ ਬਣਾਈਆਂ ਬਹੁਤ ਹੀ ਮਸ਼ਹੂਰ ਫਿਲਮਾਂ ਵਿਚੋਂ ਇਕ ਦਾ ਨਾਂ ਹੈ 'ਜਸ਼ਨ-ਏ-ਆਜ਼ਾਦੀ: ਅਸੀਂ ਆਪਣੀ ਆਜ਼ਾਦੀ ਦੇ ਜਸ਼ਨ ਕਿਵੇਂ ਮਨਾਉਂਦੇ ਹਾਂ', ਅਤੇ ਇਹ ਐਨ ਵਿਸ਼ੇ ਦੇ ਮੁਤਾਬਿਕ ਹੈ। ਸੰਜੇ ਨੇ ਕਿਤਾਬ ਦਾ ਸੰਪਾਦਨ ਵੀ ਕੀਤਾ: ਜਦੋਂ ਤਕ ਮੈਨੂੰ ਮੇਰੀ ਆਜ਼ਾਦੀ ਨਹੀਂ ਮਿਲਦੀ- ਕਸ਼ਮੀਰ ਵਿਚ ਨਵਾਂ ਇੰਤਿਫਦਾ (2011)।

***

ਕੁਪਵਾੜਾ। ਪਹਾੜੀ ਉਪਰ ਕਬਰਾਂ ਹੀ ਕਬਰਾਂ ਨਜ਼ਰ ਆ ਰਹੀਆਂ ਹਨ।

ਜਿਸ ਵਕਤ ਅਸੀਂ ਇਥੇ ਪਹੁੰਚੇ, ਕਸਬਾ ਪੂਰੀ ਤਰ੍ਹਾਂ ਬੰਦ ਸੀ। ਹਿੰਦੁਸਤਾਨੀ ਬਲਾਂ ਵਲੋਂ ਮੁਕਾਮੀ (ਸਥਾਨਕ) ਆਵਾਮ ਦੀ ਕਤਲੋਗ਼ਾਰਤ ਦੀ 21ਵੀਂ ਬਰਸੀ ਹੈ। ਦੋ ਦਹਾਕੇ ਤੋਂ ਵੱਧ ਸਮਾਂ ਹੋ ਗਿਆ, ਜਦੋਂ ਆਵਾਮ ਨੇ ਹਿੰਦੁਸਤਾਨੀ ਕਬਜ਼ਾ ਖਤਮ ਕੀਤੇ ਜਾਣ ਦੀ ਮੰਗ ਕੀਤੀ ਤਾਂ 27 ਬੰਦਿਆਂ ਨੂੰ ਕਤਲ ਕਰ ਦਿੱਤਾ ਗਿਆ ਸੀ।



ਲਾਪਤਾ ਪੁੱਤਾਂ ਦੀਆਂ ਤਸਵੀਰਾਂ ਦਿਖਾ ਰਿਹਾ ਇਕ ਕਸ਼ਮੀਰੀ

***ਕਸ਼ਮੀਰ ਵਿਚ ਮੈਂ ਜਿਥੇ ਵੀ ਗਿਆ, ਜਿੱਧਰ ਵੀ ਸਫ਼ਰ ਕੀਤਾ, ਹਰ ਪਾਸੇ ਕਬਜ਼ੇ ਦੀਆਂ ਲਗਾਤਾਰ, ਜ਼ਬਰਦਸਤ ਨਿਸ਼ਾਨੀਆਂ ਨਜ਼ਰ ਆਉਂਦੀਆਂ ਰਹੀਆਂ। ਤਕਰੀਬਨ ਹਰ ਥਾਂ ਫ਼ੌਜ, ਪੁਲਿਸ ਅਤੇ ਨੀਮ-ਫ਼ੌਜੀ ਕਰਮੀਆਂ ਦੀ ਅਜੀਬ ਮੌਜੂਦਗੀ ਤੋਂ ਲੈ ਕੇ ਵਿਆਪਕ ਕਬਰਾਂ ਤਕ। ਹਰ ਵੱਡੀ ਸੜਕ ਦੇ ਨਾਲ-ਨਾਲ ਫ਼ੌਜ ਦੀਆਂ ਬੈਰਕਾਂ ਦੀਆਂ ਕਤਾਰਾਂ ਹਨ। ਸਾਰੀਆਂ ਹੀ ਵੱਡੀਆਂ-ਨਿੱਕੀਆਂ ਸੜਕਾਂ ਉਪਰ ਫ਼ੌਜ ਤੇ ਪੁਲਿਸ ਦੇ ਟਰੱਕ ਦਗੜ-ਦਗੜ ਕਰਦੇ ਫਿਰਦੇ ਹਨ। ਥਾਂ-ਥਾਂ ਬੇਸ਼ੁਮਾਰ ਨਾਕੇ ਅਤੇ ਤਲਾਸ਼ੀ ਕੇਂਦਰ ਬਣੇ ਹੋਏ ਹਨ।***

"ਇਥੇ ਬਹੁਤ ਸਾਰੇ ਲੋਕ 'ਲਾਪਤਾ ਕਰ ਦਿੱਤੇ ਗਏ'; ਉਨ੍ਹਾਂ ਨੂੰ ਅਖੌਤੀ ਮੁਕਾਬਲਿਆਂ ਵਿਚ ਮਾਰ ਦਿੱਤਾ ਗਿਆ ਸੀ। ਇਹ ਕਈ ਮੌਕਿਆਂ 'ਤੇ ਹੋਇਆ", ਪਰਵੇਜ਼ ਮਾਟਾ ਖ਼ੁਲਾਸਾ ਕਰਦਾ ਹੈ। "ਬੇਸ਼ੁਮਾਰ ਵੱਢੀਆਂ-ਟੁੱਕੀਆਂ ਲਾਸ਼ਾਂ ਮੁਕਾਮੀ ਹਸਪਤਾਲਾਂ ਵਿਚ ਆਉਂਦੀਆਂ ਰਹੀਆਂ; ਕਈਆਂ ਦੀਆਂ ਲੱਤਾਂ ਨਹੀਂ ਸਨ, ਇਹ ਤਸੀਹਿਆਂ ਦਾ ਜ਼ਾਹਰਾ ਨਤੀਜਾ ਸੀ।"

ਰੁੱਖ ਨਾਲ ਜੰਗਾਲ ਖਾਧੇ ਸਟਰੇਚਰ ਖੜ੍ਹੇ ਕੀਤੇ ਹੋਏ ਸਨ। ਮੈਨੂੰ ਦੱਸਿਆ ਗਿਆ ਕਿ ਇਹ ਹਸਪਤਾਲ ਤੋਂ ਉਨ੍ਹਾਂ ਕਬਰਾਂ ਤਕ ਲਾਸ਼ਾਂ ਢੋਣ ਲਈ ਇਸਤੇਮਾਲ ਕੀਤੇ ਜਾਂਦੇ ਸਨ। ਸੁਰੱਖਿਆ ਬਲਾਂ ਵਲੋਂ ਜੰਗਲ ਤੋਂ ਲਿਆਂਦੀਆਂ ਜਾਣ ਵਾਲੀਆਂ ਲਾਸ਼ਾਂ ਲਗਾਤਾਰ ਇਥੇ ਆਉਂਦੀਆਂ ਰਹੀਆਂ। ਪੂਰੀ ਪਹਾੜੀ ਉਪਰ ਵਸੀਹ ਪੈਮਾਨੇ 'ਤੇ ਕਬਰਾਂ ਬਣੀਆਂ ਹੋਈਆਂ ਹਨ, ਕੁਝ ਤਾਂ ਐਨ ਸਕੂਲ ਦੇ ਨਾਲ ਹਨ ਜੋ ਚੋਟੀ 'ਤੇ ਬਣਾਇਆ ਗਿਆ ਹੈ।

ਮੈਨੂੰ ਦੱਸਿਆ ਗਿਆ, "ਸੁਰੱਖਿਆ ਬਲਾਂ ਵਲੋਂ ਲਾਸ਼ਾਂ ਨੂੰ 'ਬੇਪਛਾਣ ਵਿਦੇਸ਼ੀ ਦਹਿਸ਼ਤਗਰਦਾਂ' ਦੀਆਂ ਲਾਸ਼ਾਂ ਕਰਾਰ ਦੇ ਦਿੱਤਾ ਜਾਂਦਾ ਸੀ, ਪਰ 'ਵਿਦੇਸ਼ੀ' ਤਾਂ ਪਹਿਲਾਂ ਹੀ ਸ਼ਨਾਖ਼ਤ ਦਾ ਇਕ ਰੂਪ ਹੈ।" ਉਥੇ 7000 ਬੇਪਛਾਣ ਜਨਤਕ ਕਬਰਾਂ ਹਨ।

7 ਲੱਖ ਦੀ ਤਾਦਾਦ ਵਿਚ ਮਜ਼ਬੂਤ ਸੁਰੱਖਿਆ ਬਲਾਂ ਦੋ-ਤਿੰਨ ਸੌ ਸਰਗਰਮ ਮੁਜਾਹਿਦੀਨ, ਜੰਗਜੂਆਂ ਨਾਲ ਲੜ ਰਹੀਆਂ ਹਨ।

ਮੁੱਖ ਤੌਰ 'ਤੇ ਬੇਕਸੂਰ ਰਾਹਗੀਰਾਂ ਜਾਂ ਦੂਰ-ਦਰਾਜ ਦੇ ਇਲਾਕਿਆਂ ਵਿਚ ਪੇਂਡੂਆਂ ਦੇ ਕਤਲ ਹੀ 'ਲੜਾਈ' ਹਨ। ਫਿਰ ਇਨ੍ਹਾਂ ਲਾਸ਼ਾਂ ਨੂੰ 'ਮੁਕਾਬਲੇ ਵਿਚ ਮਰੇ' ਮੁਜਾਹਿਦੀਨ ਦੀਆਂ ਲਾਸ਼ਾਂ ਕਹਿ ਦਿੱਤਾ ਜਾਂਦਾ ਹੈ। ਸਿੱਟਾ ਇਹ ਹੈ ਕਿ ਇਸ ਨਾਲ ਵਸੀਹ ਫੌਜੀ ਕਾਰਵਾਈਆਂ ਅਤੇ ਬਜਟ ਨੂੰ 'ਵਾਜਬੀਅਤ' ਮਿਲ ਜਾਂਦੀ ਹੈ।

'ਲੜਾਈ' ਵਿਚ ਕਿਸੇ ਨੂੰ ਵੀ ਤਸੀਹੇ ਦੇਣਾ ਸ਼ਾਮਲ ਹੈ ਜਿਸ ਬਾਰੇ ਮੁਜਾਹਿਦੀਨ ਹੋਣ ਦਾ ਸ਼ੱਕ ਹੋਵੇ, ਜਾਂ ਉਸ ਉਪਰ ਮੁਜਾਹਿਦੀਨ ਨਾਲ ਸਬੰਧਤ ਜਾਂ ਉਨ੍ਹਾਂ ਦਾ ਹਮਾਇਤੀ ਹੋਣ ਦਾ 'ਦੋਸ਼' ਹੋਵੇ; ਭਾਵ ਜਿਸ ਕਿਸੇ ਬਾਰੇ ਵੀ ਸੁਰੱਖਿਆ ਬਲ ਇਹ ਸ਼ਨਾਖ਼ਤ ਮਿਥ ਲੈਂਦੇ ਹਨ।

ਕੁਪਵਾੜਾ ਵਿਚ ਤਸੀਹਿਆਂ ਵਜੋਂ ਲੱਤਾਂ ਜਾਂ ਉਂਗਲਾਂ ਵੱਢ ਦੇਣਾ ਆਮ ਹੈ। ਪਾਕਿਸਤਾਨੀ ਸਰਹੱਦ ਨਾਲ ਲੱਗਦੇ ਇਸ ਇਲਾਕੇ ਵਿਚ ਤਸੀਹੇ ਦੇਣ ਵਾਲੇ ਯੰਤਰ ਅਤੇ ਢੰਗ ਬਹੁਤ ਵਸੀਹ ਕਿਸਮ ਦੇ ਹਨ। ਤਸੀਹਿਆਂ ਦੇ ਵੱਸ ਪੈਣ ਵਾਲਿਆਂ ਦੀਆਂ ਛਾਤੀਆਂ ਨੂੰ ਗਰਮ ਸਿੱਕੇ ਨਾਲ ਲੂਹਿਆ ਜਾਂਦਾ ਹੈ, ਤੇ ਗੁਪਤ ਅੰਗ ਨੂੰ ਬਿਜਲੀ ਦਾ ਕਰੰਟ ਲਗਾਇਆ ਜਾਂਦਾ ਹੈ। ਪਤਾਲੂ ਲੂਹ ਦਿੱਤੇ ਜਾਂਦੇ ਹਨ। ਛੱਤ ਨਾਲ ਪੁੱਠੇ ਲਟਕਾ ਕੇ ਗੁਦਾ ਵਿਚ ਸ਼ਰਾਬ ਦੀਆਂ ਬੋਤਲਾਂ ਧੱਕ ਦਿੱਤੀਆਂ ਜਾਂਦੀਆਂ ਹਨ। ਲੱਤਾਂ ਨਕਾਰਾ ਕਰਨ ਲਈ ਲੱਕੜ ਦੇ ਭਾਰੀ ਰੋਲਰ ਵਰਤੇ ਜਾਂਦੇ ਹਨ। ਬੰਦੀਆਂ ਦੇ ਪੈਰਾਂ ਵਿਚ ਕਿੱਲਾਂ ਠੋਕ ਦਿੱਤੀਆਂ ਜਾਂਦੀਆਂ ਹਨ। ਜਿਨ੍ਹਾਂ ਦੇ ਜਿਸਮ ਉਪਰ ਅੱਧੇ ਚੰਨ ਖੁਣਵਾਏ ਗਏ ਹੋਣ, ਉਨ੍ਹਾਂ ਨੂੰ ਗਰਮ ਜੰਬੂਰਾਂ ਨਾਲ ਨੋਚ ਕੇ ਮਿਟਾਇਆ ਜਾਂਦਾ ਹੈ।

ਜੇ ਕੋਈ ਔਰਤ ਗ੍ਰਿਫ਼ਤਾਰ ਕੀਤੀ ਜਾਂਦੀ ਹੈ, ਇਹ ਲਗਭਗ ਤੈਅ ਹੈ ਕਿ ਉਸ ਨੂੰ ਦਿੱਤੇ ਜਾਣ ਵਾਲੇ ਤਸੀਹਿਆਂ ਵਿਚ ਸਮੂਹਕ ਜਬਰ-ਜਨਾਹ ਸ਼ਾਮਲ ਹੋਵੇਗਾ। ਮਰਦ ਬੰਦੀਆਂ ਨਾਲ ਬਦਫੈਲੀ ਆਮ ਹੈ। ਨਿਸ਼ਚੇ ਹੀ, ਇਹ ਸਾਰਾ ਕੁਝ 'ਆਪ-ਮੁਹਾਰਾ' ਵਰਤਾਰਾ ਨਹੀਂ ਹੋ ਸਕਦਾ। ਸਾਫ਼ ਤੌਰ 'ਤੇ ਇਹ ਤੈਅਸ਼ੁਦਾ ਨਮੂਨੇ ਮੁਤਾਬਕ ਹੁੰਦਾ ਹੈ। ਸੁਰੱਖਿਆ ਬਲ ਜੋ ਕੁਝ ਕਰ ਰਹੇ ਹਨ, ਉਨ੍ਹਾਂ ਨੂੰ ਇਹ ਕਰਨ ਦੀ ਸਿਖਲਾਈ ਦਿੱਤੀ ਜਾਂਦੀ ਹੈ। ਸਟੇਟ ਵਲੋਂ ਨਵਾਂ, ਘੋਰ ਵਹਿਸ਼ੀ ਗਰੋਹ ਖੜ੍ਹਾ ਕੀਤਾ ਗਿਆ ਹੈ। ਇਸ ਨੂੰ ਐਸ.ਓ.ਜੀ. (ਸਪੈਸ਼ਲ ਓਪਰੇਸ਼ਨ ਗਰੁਪ) ਕਿਹਾ ਜਾਂਦਾ ਹੈ। ਇਹ ਮੁੱਖ ਤੌਰ 'ਤੇ ਮੁਜਾਹਿਦੀਨ ਨਾਲ ਟੱਕਰਾਂ ਵਿਚ ਮਾਰੇ ਗਏ ਪੁਲਸੀਆਂ ਅਤੇ ਫੌਜੀਆਂ ਦੇ ਟੱਬਰਾਂ ਦੇ ਬੱਚਿਆਂ ਨੂੰ ਲੈ ਕੇ ਬਣਾਇਆ ਜਾਂਦਾ ਹੈ। ਇਹ ਜਿਸ ਤਰ੍ਹਾਂ ਦੇ ਢੰਗ ਵਰਤਦੇ ਹਨ, ਉਸ ਦੀ ਕਲਪਨਾ ਸਹਿਜੇ ਹੀ ਕੀਤੀ ਜਾ ਸਕਦੀ ਹੈ।

"ਤਸੀਹਿਆਂ ਅਤੇ ਜਬਰ-ਜਨਾਹ ਦੇ ਜ਼ਿਆਦਾਤਰ ਮਾਮਲਿਆਂ ਨੂੰ ਕਿਤੇ ਦਰਜ ਹੀ ਨਹੀਂ ਕੀਤਾ ਜਾਂਦਾ", ਪਰਵੇਜ਼ ਨੇ ਖ਼ੁਲਾਸਾ ਕੀਤਾ। "ਪਰ ਇਕੱਲੀ ਮੇਰੀ ਜਥੇਬੰਦੀ ਨੇ ਪਹਿਲਾਂ ਹੀ ਤਸੀਹਿਆਂ ਦੇ 5000 ਦੇ ਕਰੀਬ ਮਾਮਲਿਆਂ ਨੂੰ ਲਿਖਤੀ ਰੂਪ ਦਿੱਤਾ ਹੈ। ਮਿਸਾਲ ਵਜੋਂ, ਇਕ ਬਾਪ ਦਾ ਸਿਰ ਉਸ ਦੇ ਖ਼ੌਫ਼ ਨਾਲ ਸਹਿਮੇ ਪਰਿਵਾਰ ਦੀਆਂ ਅੱਖਾਂ ਸਾਹਮਣੇ ਕਲਮ ਕਰ ਦਿੱਤਾ ਗਿਆ।"

ਮੈਂ ਉਸ ਨੂੰ ਰੋਕ ਦਿੰਦਾ ਹਾਂ, ਘੱਟੋ-ਘੱਟ ਕੁਝ ਪਲ ਲਈ। ਮੈਂ ਜੋ ਆਲੇ-ਦੁਆਲੇ ਦੇਖਿਆ ਹੈ, ਤੇ ਜੋ ਮੈਨੂੰ ਦੱਸਿਆ ਗਿਆ ਹੈ, ਉਸ ਨੂੰ ਬਰਦਾਸ਼ਤ ਕਰਨ ਲਈ ਥੋੜ੍ਹਾ ਵਕਤ ਚਾਹੀਦਾ ਹੈ।

***(ਚਲਦਾ)***




1. Brand new showers and bathroom
2. Truck repair shop
3. 20 Cents cheaper reefer fuel
4. Free Scale with 100 gallons fuel purchase
5. Fully Paved truck parking,
6. Free Wi-Fi & Driver lounge
7. Pizza & Arby's Restaurant

ਪੰਜਾਬੀਆਂ ਦਾ ਆਪਣਾ ਟਰੱਕ ਸਟਾਪ

Indian Restaurant Coming Soon.

Guaranteed 100% pure diesel no bio diesel.
100% ਪਿਓਰ ਡੀਜ਼ਲ, ਕੋਈ ਬਾਇਓ ਡੀਜ਼ਲ ਨਹੀਂ

ਹਰ ਗੈਲਨ 'ਤੇ 10 ਸੈਂਟ ਬਚਾਓ, ਖਰਚ ਘਟਾਓ, ਪੈਸੇ ਬਚਾਓ

Ph: 317-291-2300, ext. 22

# ਮਹਾਰਾਜਾ ਦਲੀਪ ਸਿੰਘ ਦੀ ਨਵੀਂ ਤਸਵੀਰ



## ਜੌੜੀਆਂ ਚਿੱਤਰਕਾਰ ਭੈਣਾਂ ਨੇ ਚਿਤਵਿਆ ਰਾਜ ਸਿੰਘਾਸਣ

*ਲੰਡਨ ਵਿਚ ਜੰਮੀਆਂ ਜੌੜੀਆਂ ਭੈਣਾਂ ਅੰਮ੍ਰਿਤ ਸਿੰਘ ਤੇ ਰਬਿੰਦਰ ਸਿੰਘ ਸੰਸਾਰ ਭਰ ਵਿਚ 'ਸਿੰਘ ਟਵਿਨਜ਼' ਵਜੋਂ ਮਸ਼ਹੂਰ ਹਨ। ਉਨ੍ਹਾਂ ਪੂਰਬੀ ਅਤੇ ਪੱਛਮੀ ਚਿੱਤਰਕਲਾ ਦੇ ਸੁਮੇਲ ਨਾਲ ਅਜਿਹੀ ਚਿੱਤਰਕਲਾ ਦਾ ਅਰੰਭ ਕੀਤਾ ਜੋ ਆਪਣੇ ਆਪ ਵਿਚ ਵਿਲੱਖਣ ਹੈ। ਇਨ੍ਹਾਂ ਵਲੋਂ ਬਣਾਏ ਚਿੱਤਰ ਦੂਰੋਂ ਹੀ ਪਛਾਣੇ ਜਾਂਦੇ ਹਨ। ਇਨ੍ਹਾਂ ਭੈਣਾਂ ਦਾ ਵੈੱਬ ਸਿਰਨਾਵਾਂ ਹੈ:*

*www.singhtwins.co.uk*

ਬਰਤਾਨੀਆ ਦੀਆਂ ਜੰਮਪਲ, ਭਾਰਤੀ ਮੂਲ ਦੀਆਂ ਜੌੜੀਆਂ ਭੈਣਾਂ ਅੰਮ੍ਰਿਤ ਸਿੰਘ ਅਤੇ ਰਬਿੰਦਰ ਸਿੰਘ ਨੇ ਸਿੱਖਾਂ ਦੇ ਆਖਰੀ ਮਹਾਰਾਜਾ, ਮਹਾਰਾਜਾ ਦਲੀਪ ਸਿੰਘ ਦੀ ਪੇਂਟਿੰਗ ਬਣਾਈ ਹੈ। ਇਸ ਵਿਚ ਮਹਾਰਾਜਾ ਨੂੰ ਐਨ ਵੱਖਰੇ ਰੂਪ ਵਿਚ ਦਿਖਾਇਆ ਗਿਆ ਹੈ। ਇਸ ਪੇਂਟਿੰਗ ਵਿਚ ਮਹਾਰਾਜਾ ਦਲੀਪ ਸਿੰਘ ਨੂੰ ਮਹਾਰਾਜੇ ਵਾਂਗ ਚਿਤਰਿਆ ਗਿਆ ਹੈ ਜੋ ਸ਼ਾਹੀ ਦਰਬਾਰ ਦੀ ਸ਼ਾਨੋ-ਸ਼ੌਕਤ ਨਾਲ ਸਜਿਆ ਹੋਇਆ ਹੈ।

'ਕੈਜ਼ੂਐਲਟੀ ਆਫ ਵਾਰ: ਏ ਪੋਟਰੇਟ ਆਫ ਮਹਾਰਾਜਾ ਦਲੀਪ ਸਿੰਘ' ਨਾਂ ਦੀ ਇਹ ਪੇਂਟਿੰਗ ਬਣਾਉਣ ਵਾਲੀਆਂ ਇਹ ਜੌੜੀਆਂ ਭੈਣਾਂ ਕਲਾ ਜਗਤ ਵਿਚ 'ਸਿੰਘ ਟਵਿਨਜ਼' ਕਰ ਕੇ ਮਸ਼ਹੂਰ ਹਨ। ਉਨ੍ਹਾਂ ਨੇ ਸਕਾਟਲੈਂਡ ਦੇ ਅਜਾਇਬ ਘਰ ਵਿਚ ਮਹਾਰਾਜਾ ਦਲੀਪ ਸਿੰਘ ਨਾਲ ਸਬੰਧਤ ਵਸਤਾਂ ਜਿਨ੍ਹਾਂ ਵਿਚ ਗਹਿਣੇ, ਪੈਨ ਕੇਸ ਅਤੇ ਇਤਰ ਦੀ ਬੋਤਲ ਸ਼ਾਮਲ ਹੈ, ਤੋਂ ਪ੍ਰਭਾਵਿਤ ਹੋ ਕੇ ਮਹਾਰਾਜਾ ਦਾ ਚਿੱਤਰ ਬਣਾਉਣ ਬਾਰੇ ਸੋਚਿਆ।

ਇਨ੍ਹਾਂ ਭੈਣਾਂ ਨੇ ਮਹਾਰਾਜਾ ਦਾ ਇਹ ਚਿੱਤਰ ਸਮਕਾਲੀ ਭਾਰਤੀ ਲਘੂ ਚਿੱਤਰਕਲਾ ਸ਼ੈਲੀ ਵਿਚ ਬਣਾਇਆ ਹੈ। ਇਸ ਵਿਚ ਮਹਾਰਾਜਾ ਦਾ ਹਕੀਕੀ ਸਰੂਪ ਸਿਰਜਣ ਦੀ ਥਾਂ ਉਸ ਦੇ ਕਿਰਦਾਰ, ਜੀਵਨ, ਸਮੇਂ ਅਤੇ ਵਿਰਾਸਤ ਦਾ ਕਲਪਨਾਪੂਰਨ ਖਾਕਾ ਉਲੀਕਿਆ ਗਿਆ ਹੈ। ਇਸ ਚਿੱਤਰ ਦੇ ਕੇਂਦਰ ਵਿਚ ਮਹਾਰਾਜਾ ਦਲੀਪ ਸਿੰਘ ਹੈ। ਇਸ ਵਿਚ ਕਲਪਨਾ ਕੀਤੀ ਗਈ ਹੈ ਕਿ ਜੇ ਬਰਤਾਨੀਆ ਨੇ ਉਨ੍ਹਾਂ ਨੂੰ ਤਖ਼ਤ ਤੋਂ ਨਾ ਲਾਹਿਆ ਹੁੰਦਾ ਅਤੇ ਜਲਾਵਤਨ ਨਾ ਕੀਤਾ ਹੁੰਦਾ ਤਾਂ ਉਨ੍ਹਾਂ ਦਾ ਇਹੋ ਜਿਹਾ ਸਰੂਪ ਹੋਣਾ ਸੀ। ਚਿੱਤਰ ਵਿਚ ਮਹਾਰਾਜਾ ਨੇ ਸ਼ਾਹੀ ਦਸਤਾਰ ਬੰਨ੍ਹੀ ਹੋਈ ਹੈ ਅਤੇ ਸਿੱਖ ਰਾਜ-ਭਾਗ ਦੇ ਸ਼ਾਹੀ ਗਹਿਣੇ ਜਿਵੇਂ ਕੋਹਿਨੂਰ ਹੀਰਾ ਅਤੇ ਤਿਮੂਰ ਰੂਬੀ ਪਹਿਨੇ ਹੋਏ ਹਨ। ਇਸ ਚਿੱਤਰ ਨੂੰ ਇਕ ਮਹਿਰਾਬ ਵਿਚ ਦਰਸਾਇਆ ਗਿਆ ਹੈ ਜਿਸ ਦੀ ਬਣਤਰ ਬਕਿੰਘਮ ਪੈਲੇਸ ਅਤੇ ਮਹਾਰਾਜਾ ਦੀ ਐਲਵੀਡਨ ਹਾਲ ਵਾਲੀ ਬਰਤਾਨਵੀ ਰਿਹਾਇਸ਼ ਵਿਚਲੇ ਮਹਿਰਾਬਾਂ ਦੀ ਬਣਤਰ ਵਰਗੀ ਹੈ। ਇਹ ਐਂਗਲੋ-ਇੰਡੀਅਨ ਢਾਂਚਾ ਉਨ੍ਹਾਂ ਦੀ ਪਛਾਣ ਦੇ ਦੋਹਰੇ ਸਭਿਆਚਾਰਵਾਦੀ ਪੱਖਾਂ ਦਾ ਪ੍ਰਤੀਕ ਹੈ। ਇਸ ਮਹਿਰਾਬ ਦੇ ਅੰਦਰ ਹੀ ਇਮਾਰਤਾਂ ਅਤੇ ਹੋਰ ਵੇਰਵੇ ਦਰਸਾਏ ਗਏ ਹਨ ਜੋ ਭਾਰਤ ਵਿਚਲੀ ਉਨ੍ਹਾਂ ਦੀ ਜ਼ਿੰਦਗੀ ਨਾਲ ਸਬੰਧਤ ਹਨ। ਇਨ੍ਹਾਂ ਵਿਚ ਖੂਨ ਦੇ ਨਿਸ਼ਾਨਾਂ ਵਾਲਾ ਸਤਲੁਜ ਦਰਿਆ ਵੀ ਸ਼ਾਮਿਲ ਹੈ ਜੋ ਐਂਗਲੋ-ਸਿੱਖ ਜੰਗਾਂ ਦਾ ਪ੍ਰਤੀਕ ਹੈ ਤੇ ਪੰਜਾਬ 'ਚੋਂ ਸਿੱਖ ਰਾਜ ਦੇ ਖ਼ਾਤਮੇ ਦੀ ਸ਼ੁਰੂਆਤ ਦਰਸਾਉਂਦਾ ਹੈ। ਪੇਂਟਿੰਗ ਵਿਚਲੀ ਇਸ ਮਹਿਰਾਬ ਦੇ ਬਾਹਰਲੇ ਪਾਸੇ ਅੰਗਰੇਜ਼ੀ ਲੈਂਡਸਕੇਪ ਦਰਸਾਇਆ ਗਿਆ ਹੈ ਜਿਸ ਵਿਚ ਉਹ ਯਾਦਗਾਰਾਂ, ਇਮਾਰਤਾਂ ਅਤੇ ਵਸਤਾਂ ਹਨ ਜੋ ਦਲੀਪ ਸਿੰਘ ਵਲੋਂ ਆਪਣੇ ਰਾਜ-ਭਾਗ ਤੋਂ ਜਲਾਵਤਨ ਹੋਏ ਨੌਜਵਾਨ ਵਜੋਂ ਬਰਤਾਨਵੀ ਸਥਾਪਤੀ ਦੇ ਪ੍ਰਭਾਵ ਹੇਠ ਰਹਿੰਦਿਆਂ ਬਿਤਾਈ ਜ਼ਿੰਦਗੀ ਨਾਲ ਸਬੰਧਤ ਹਨ।

*ਚਿੱਤਰ ਵਿਚ ਕਲਪਨਾ ਕੀਤੀ ਗਈ ਹੈ ਕਿ ਜੇ ਬਰਤਾਨੀਆ ਨੇ ਦਲੀਪ ਸਿੰਘ ਨੂੰ ਤਖ਼ਤ ਤੋਂ ਨਾ ਲਾਹਿਆ ਹੁੰਦਾ ਅਤੇ ਜਲਾਵਤਨ ਨਾ ਕੀਤਾ ਹੁੰਦਾ ਤਾਂ ਉਨ੍ਹਾਂ ਦਾ ਇਹੋ ਜਿਹਾ ਸਰੂਪ ਹੋਣਾ ਸੀ। ਚਿੱਤਰ ਵਿਚ ਮਹਾਰਾਜਾ ਨੇ ਸ਼ਾਹੀ ਦਸਤਾਰ ਬੰਨ੍ਹੀ ਹੋਈ ਹੈ ਅਤੇ ਸਿੱਖ ਰਾਜ-ਭਾਗ ਦੇ ਸ਼ਾਹੀ ਗਹਿਣੇ ਪਹਿਨੇ ਹੋਏ ਹਨ।*

ਸਿੰਘ ਭੈਣਾਂ ਦਾ ਕਹਿਣਾ ਹੈ ਕਿ ਇਸ ਪੇਂਟਿੰਗ ਦੀ ਵਿਆਖਿਆ ਦੇ ਕਈ ਪੱਧਰ ਹਨ। ਇਕ ਹੈ ਕਿ ਬਸਤੀਵਾਦ ਤੇ ਰਾਜਾਸ਼ਾਹੀ ਦੇ ਵਿਸਥਾਰ ਨੇ ਬਹੁ-ਸਭਿਆਚਾਰਾਂ ਵਾਲੇ ਬਰਤਾਨੀਆ ਨੂੰ ਕਿਵੇਂ ਪ੍ਰਭਾਵਿਤ ਕੀਤਾ। ਕਲਾਕਾਰਾਂ ਵਲੋਂ ਸਭਿਆਚਾਰਕ ਅਤੇ ਆਤਮਿਕ ਹਕੀਕਤ ਨੂੰ ਖੂਬ ਉਜਾਗਰ ਕੀਤਾ ਗਿਆ ਹੈ। ਪਹਿਲੀ ਵਿਸ਼ਵ ਜੰਗ ਵੇਲੇ ਸ਼ਹੀਦ ਹੋਏ ਭਾਰਤੀ ਸਿਪਾਹੀਆਂ ਦੀ ਯਾਦਗਾਰ ਨੂੰ ਵੀ ਉਲੀਕਿਆ ਗਿਆ ਹੈ। ਇਸ ਤੋਂ ਇਲਾਵਾ ਕਿਸ਼ਤੀ ਦੇ ਬੈਨਰ 'ਤੇ ਤਿੰਨ ਅਹਿਮ ਤਰੀਕਾਂ (ਪੰਜਾਬ ਉਤੇ ਬਰਤਾਨੀਆ ਦੇ ਕਬਜ਼ੇ, ਪੰਜਾਬ ਦੀ ਵੰਡ ਅਤੇ ਆਪਰੇਸ਼ਨ ਬਲਿਊ ਸਟਾਰ ਦੀ) ਵੀ ਉਲੀਕੀਆਂ ਗਈਆਂ ਹਨ ਅਤੇ ਨਾਲ ਹੀ ਇਤਿਹਾਸ ਵਿਚੋਂ ਟੂਕਾਂ ਦਿੱਤੀਆਂ ਗਈਆਂ ਹਨ। ਇਸ ਪੇਂਟਿੰਗ ਦੀ ਖੂਬ ਚਰਚਾ ਹੋ ਰਹੀ ਹੈ।



ਜਰਮਨ ਚਿੱਤਰਕਾਰ ਫਰਾਂਜ਼ ਜ਼ੇਵਰ ਵਿੰਟਰਹਾਲਟਰ ਵਲੋਂ ਸੰਨ 1854 ਵਿਚ ਬਣਾਇਆ ਗਿਆ ਮਹਾਰਾਜਾ ਦਲੀਪ ਸਿੰਘ ਦਾ ਚਿੱਤਰ



ਜੌੜੀਆਂ ਚਿੱਤਰਕਾਰ ਭੈਣਾਂ- ਅੰਮ੍ਰਿਤ ਸਿੰਘ ਅਤੇ ਰਬਿੰਦਰ ਸਿੰਘ, ਜਿਨ੍ਹਾਂ ਨੇ ਮਹਾਰਾਜਾ ਦਲੀਪ ਸਿੰਘ ਦਾ ਨਵਾਂ ਚਿੱਤਰ 'ਕੈਜ਼ੂਐਲਟੀ ਆਫ ਵਾਰ: ਏ ਪੋਟਰੇਟ ਆਫ ਮਹਾਰਾਜਾ ਦਲੀਪ ਸਿੰਘ' ਬਣਾਇਆ ਹੈ

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 14 ਮਾਰਚ 2015 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-159



*ਪਾਥੀਆਂ ਵਾਲੀ ਅੱਗ ਚਲੇ ਗਈ, ਛੱਜ ਟੋਕਰਾ ਸਾਰੇ।*
*ਕੜਛੀ ਅਤੇ ਪਤੀਲੀ, ਤੌੜੀ ਹੌਕੇ ਲਗਦਾ ਮਾਰੇ।*
*ਚਕਲਾ, ਵੇਲਣਾ, ਗੜਬੀ ਕਿਥੇ ਆਉਂਦੇ ਨੇ ਹੁਣ ਰਾਸ,*
*ਤਾਹੀਂ ਘਰਾਂ ਵਿਚ ਚੁੱਲ੍ਹਾ ਚੌਂਕਾ ਰਹਿੰਦਾ ਬੜਾ ਉਦਾਸ।*

## ਕੈਪਸ਼ਨ ਮੁਕਾਬਲਾ-157



ਤਿੱਲੇਦਾਰ ਜੁੱਤੀਆਂ ਦੇ ਨਾਲ
ਬਾਣੇ ਕੇਸਰੀ ਪਾ ਕੇ।
ਫੌਜ ਲਾਡਲੀ ਹਮੇਸ਼ਾ ਰੱਖੇ
ਸਿਰ ਦਸਤਾਰ ਸਜਾ ਕੇ।
ਮਾੜਾ ਮੋਟਾ ਨੁਕਸ ਜੇ ਪੈ'ਜੇ
ਕੱਢ ਲੈਂਦੇ ਨੇ ਨਾੜ ਦਬਾ ਕੇ।

*-ਜਗਮੀਤ ਸਿੰਘ ਪੰਧੇਰ*
*ਫੋਨ: 91-98783-37222*

---

ਦਾੜ੍ਹੀ, ਕੇਸਰੀ ਬਾਣਾ ਤੇ ਦਸਤਾਰ,
ਰੋਅਬ ਦੂਣਾ ਵਧਦਾ ਵਿਚ ਸੰਸਾਰ,
ਦੂਰੋਂ-ਪਾਰੋਂ ਦਿਸੇ ਨਿਆਰੀ ਪਛਾਣ।
ਇਕ ਹਰਿਆਲੀ, ਦੂਜਾ ਧੁੱਪ,
ਤੀਜਾ ਲਿਸ਼ਕਾਂ ਮਾਰੇ ਬਸੰਤੀ ਚੋਲਾ।
ਗਦ-ਗਦ ਕਿਉਂ ਨਾ ਹੋਵਣ ਦੋਨੋਂ,
ਜੂਝਣ ਸਦਾ ਬਦੀ ਦੇ ਖਿਲਾਫ਼।

*-ਦਰਸ਼ਨਪਾਲ ਦੋਸਾਂਝ*

---

ਸਿੰਘ ਤੇ ਸਿੰਘਣੀ ਸਜੇ ਬੈਠੇ,
ਗੁਰੂ ਕੀ ਫੌਜ ਦੇ ਦੋ ਸਿਪਾਹੀ।
ਇਕ ਦੂਜੇ ਲਈ ਜੂਝ ਪੈਂਦੇ ਨੇ,
ਮੁਸੀਬਤ ਜਦੋਂ ਕਿਸੇ 'ਤੇ ਆਈ।

*-ਪਰਸ਼ੋਤਮ ਸਿੰਘ ਯੂਬਾ ਸਿਟੀ*

---

ਉਮਰ ਹੰਢਾਈ ਵਿਚ ਪਰਦੇਸਾਂ
ਹੁਣ ਪਿੰਡ ਦਾ ਚੇਤਾ ਆਇਆ।
ਝੱਟ ਜਹਾਜ ਦਾ ਟਿਕਟ ਕਟਾ ਕੇ
ਪੰਜਾਬ ਦਾ ਗੇੜਾ ਲਾਇਆ।
ਹੱਡ ਭੰਨਵੀਂ ਸਦਾ ਕੀਤੀ ਕਮਾਈ
ਨਾਲੇ ਬਾਣੀ ਤੇ ਬਾਣੇ ਦੇ ਪੱਕੇ।
ਵੱਟ ਉਤੇ ਭੁੰਜੇ ਹੀ ਬੈਠ ਗਏ
ਜਦੋਂ ਖੇਤਾਂ ਵਿਚ ਘੁੰਮਦੇ ਥੱਕੇ।
ਨੇੜੇ ਸੀ ਕਿਤੇ ਭੌਣ ਕੀੜੀਆਂ ਦਾ
ਕੀੜੀ ਝੱਟ ਧੌਣ 'ਤੇ ਚੜ੍ਹ ਗਈ।
ਪ੍ਰੀਤਮ ਕੁਰੇ ਜ਼ਰਾ ਦੇਖੋ ਤਾਂ
ਇਹ ਕੀ ਬਲਾ ਹੈ ਲੜ ਗਈ?

*-ਸੇਵਾ ਸਿੰਘ ਨੂਰਪੁਰੀ*
*ਸੈਨ ਹੋਜ਼ੇ, ਕੈਲੀਫੋਰਨੀਆ।*
*ਫੋਨ: 408-912-3438*

## ਹੋਲੀ

ਰੰਗਾਂ ਦਾ ਤਿਉਹਾਰ ਹੈ ਹੋਲੀ
ਖੁਸ਼ੀਆਂ ਦੀ ਭਰਮਾਰ ਹੈ ਹੋਲੀ।
ਸਰਦੀ ਦੀ ਰੁੱਤ ਮੁੱਕਦੀ ਹੈ ਜਦ
ਸਾਡੇ ਹੋਲੀ ਆਉਂਦੀ ਹੈ ਤਦ।
ਹੱਟੀਆਂ ਉਤੇ ਮਿਲਦੇ ਰੰਗ
ਪਿਆਰਾਂ ਦੀ ਜੋ ਛੇੜਨ ਜੰਗ।
ਕੁਝ ਕੁ ਫੜਦੇ ਨੇ ਪਿਚਕਾਰੀ
ਬੋਤਲ ਚੁੱਕੇ ਹਾਰੀ ਸਾਰੀ।
ਕੁੱਲ ਮੁਕਾ ਕੇ ਘਰ ਦੇ ਆਹਰ
ਮੁੰਡੇ-ਕੁੜੀਆਂ ਨਿਕਲਣ ਬਾਹਰ।
ਰੰਗ-ਬਰੰਗੇ ਹੋਵਣ ਚਿਹਰੇ
ਆਉਣ ਪਛਾਣ ਨਾ ਤੇਰੇ ਮੇਰੇ।

ਵੱਜਣ ਢੋਲ ਤੇ ਨੱਚਣ ਲੋਕ
ਨੱਚ-ਨੱਚ ਕੇ ਨਾ ਥੱਕਣ ਲੋਕ।
ਝਗੜੇ-ਝੇੜੇ ਪਿਛਲੇ ਭੁੱਲਣ
ਮਿਲ ਕੇ ਲੋਕੀਂ ਹੋਲੀ ਖੇਲਣ।
ਖੂਨ ਦੀ ਹੋਲੀ ਖੇਲੇ ਜੋ ਜੋ
'ਮੀਤ' ਉਨ੍ਹਾਂ ਦੇ ਤਾਈਂ ਰੋਕੋ।

*-ਸੁਲੱਖਣ ਮੀਤ (ਪ੍ਰੋ.)*

# ਪੰਜਾਬ ਵਿਚ ਲਾਵਾਰਸ ਹੋਈਆਂ ਸਿਹਤ ਨਾਲ ਸਬੰਧਤ ਸੇਵਾਵਾਂ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਵਿਚ ਸਿਹਤ ਸੇਵਾਵਾਂ ਦੀ ਗੱਡੀ ਲੀਹੋਂ ਲੱਥ ਗਈ ਹੈ। ਸਿਹਤ ਵਿਭਾਗ ਵਿਚੋਂ 175 ਮਾਹਿਰ ਡਾਕਟਰਾਂ ਦੇ ਇਕੋ ਦਿਨ ਇਕੱਠਿਆਂ ਨੌਕਰੀ ਛੱਡਣ ਕਾਰਨ ਕਈ ਹਸਪਤਾਲ ਡਾਕਟਰਾਂ ਤੋਂ ਸੱਖਣੇ ਹੋ ਗਏ ਹਨ। ਨੌਕਰੀ ਛੱਡਣ ਵਾਲੇ ਡਾਕਟਰਾਂ ਨੂੰ ਗੌਰਮਿੰਟ ਮੈਡੀਕਲ ਕਾਲਜ ਤੇ ਹਸਪਤਾਲਾਂ ਵਿਚ ਸੀਨੀਅਰ ਰੈਜ਼ੀਡੈਂਟ ਦੀ ਨੌਕਰੀ ਮਿਲ ਗਈ ਹੈ।

ਮੈਡੀਕਲ ਸਿੱਖਿਆ ਤੇ ਖੋਜ ਵਿਭਾਗ ਵਲੋਂ 250 ਸੀਨੀਅਰ ਰੈਜ਼ੀਡੈਂਟ ਡਾਕਟਰਾਂ ਦੀ ਭਰਤੀ ਲਈ ਜਨਵਰੀ ਵਿਚ ਅਰਜ਼ੀਆਂ ਮੰਗੀਆਂ ਗਈਆਂ ਸਨ। ਇਨ੍ਹਾਂ ਆਸਾਮੀਆਂ ਲਈ 400 ਉਮੀਦਵਾਰਾਂ ਨੇ ਅਪਲਾਈ ਕੀਤਾ ਸੀ ਤੇ ਚੁਣੇ ਗਏ ਉਮੀਦਵਾਰਾਂ ਵਿਚੋਂ 250 ਸਿਹਤ ਵਿਭਾਗ ਵਿਚ ਤਾਇਨਾਤ ਸਨ।

ਪਹਿਲੇ ਗੇੜ ਵਿਚ ਪੌਣੇ ਦੋ ਸੌ ਮਾਹਿਰ ਡਾਕਟਰਾਂ ਨੇ ਸਿਹਤ ਵਿਭਾਗ ਨੂੰ ਛੱਡ ਕੇ ਮੈਡੀਕਲ ਸਿੱਖਿਆ ਤੇ ਖੋਜ ਵਿਭਾਗ ਜੁਆਇਨ ਕਰ ਲਿਆ ਹੈ। ਦੂਜੇ ਗੇੜ ਵਿਚ 75 ਹੋਰ ਡਾਕਟਰਾਂ ਵਲੋਂ ਵੀ ਸਿਹਤ ਵਿਭਾਗ ਨੂੰ ਅਲਵਿਦਾ ਕਹਿਣ ਦੀ ਤਿਆਰੀ ਹੈ। ਚੁਣੇ ਗਏ ਡਾਕਟਰਾਂ ਨੂੰ 17 ਫਰਵਰੀ ਨੂੰ ਨਿਯੁਕਤੀ ਪੱਤਰ ਮਿਲੇ ਸਨ ਤੇ ਸਿਹਤ ਵਿਭਾਗ ਵਲੋਂ ਇਨ੍ਹਾਂ ਨੂੰ ਗੌਰਮਿੰਟ ਮੈਡੀਕਲ ਕਾਲਜਾਂ ਵਿਚ ਤਬਦੀਲ ਕਰਨ ਲਈ ਲਿਖਤੀ ਆਗਿਆ ਦੇ ਦਿੱਤੀ ਗਈ ਹੈ।

ਪਤਾ ਲੱਗਾ ਹੈ ਕਿ ਗੌਰਮਿੰਟ ਮੈਡੀਕਲ ਕਾਲਜਾਂ ਵਿਚ 30 ਹੋਰ ਸੀਨੀਅਰ ਰੈਜ਼ੀਡੈਂਟ ਨੇ ਵੀ ਨੌਕਰੀ ਜੁਆਇਨ ਕਰ ਲਈ ਹੈ ਪਰ ਇਹ ਸਰਕਾਰੀ ਨੌਕਰੀ ਵਿਚ ਨਹੀਂ ਸਨ। ਸਿਹਤ ਵਿਭਾਗ ਵਲੋਂ ਗੌਰਮਿੰਟ ਮੈਡੀਕਲ ਕਾਲਜਾਂ ਵਿਚ ਜਾਣ ਲਈ ਜਿਨ੍ਹਾਂ ਡਾਕਟਰਾਂ ਨੂੰ ਮੈਡੀਕਲ ਖੋਜ ਤੇ ਸਿੱਖਿਆ ਵਿਭਾਗ ਵਿਚ ਨੌਕਰੀ ਦੀ ਆਗਿਆ ਦਿੱਤੀ ਗਈ ਹੈ ਉਨ੍ਹਾਂ ਵਿਚ ਮਨੋਰੋਗ ਦੇ ਸੱਤ ਡਾਕਟਰ ਸ਼ਾਮਲ ਹਨ। ਸਿਹਤ ਵਿਭਾਗ ਕੋਲ ਨਸ਼ਿਆਂ ਵਿਰੁਧ ਛੇੜੀ ਮੁਹਿੰਮ ਨੂੰ ਚਲਾਉਣ ਲਈ ਪਹਿਲਾਂ ਹੀ ਮਨੋਰੋਗ ਦੇ ਮਾਹਿਰਾਂ ਦੀ ਘਾਟ ਹੈ ਉਤੋਂ ਤੀਹਾਂ ਵਿਚੋਂ ਸੱਤ ਡਾਕਟਰ ਹੋਰ ਘਟ ਗਏ ਹਨ। ਪਤਾ ਲੱਗਾ ਹੈ ਕਿ ਅੰਮ੍ਰਿਤਸਰ, ਅਬੋਹਰ, ਫਾਜ਼ਿਲਕਾ, ਕਪੂਰਥਲਾ ਤੇ ਫਗਵਾੜਾ ਦੇ ਨਸ਼ਾ ਛਡਾਊ ਕੇਂਦਰਾਂ ਵਿਚ ਮਨੋਰੋਗ ਦੇ ਮਾਹਿਰ ਡਾਕਟਰ ਨਹੀਂ ਰਹੇ ਹਨ। ਸਿਹਤ ਵਿਭਾਗ ਵਲੋਂ ਕੈਂਸਰ ਦੇ ਮਰੀਜ਼ਾਂ ਦੇ ਇਲਾਜ ਲਈ ਤਾਇਨਾਤ ਮਾਹਿਰਾਂ ਦੀ ਗਿਣਤੀ ਸਿਰਫ 53 ਹੈ ਅਤੇ ਇਨ੍ਹਾਂ ਵਿਚੋਂ 18 ਨੇ ਵਿਭਾਗ ਛੱਡ ਦਿੱਤਾ ਹੈ। ਜਿਨ੍ਹਾਂ ਹੋਰ ਮਾਹਿਰਾਂ ਨੇ ਸਿਹਤ ਵਿਭਾਗ ਵਿਚੋਂ ਨੌਕਰੀ ਛੱਡੀ ਹੈ ਉਨ੍ਹਾਂ ਵਿਚ ਇਕ ਜ਼ਿਲ੍ਹਾ ਨੋਡਲ ਅਫਸਰ ਸਮੇਤ 18 ਪੈਥਾਲੋਜਿਸਟ ਅਤੇ 4 ਮਾਈਕਰੋਬਾਇਲੋਜਿਸਟ ਸ਼ਾਮਲ ਹਨ।

ਮਰੀਜ਼ ਇਲਾਜ ਕਰਾਉਣ ਲਈ ਪ੍ਰਾਈਵੇਟ ਡਾਕਟਰਾਂ ਕੋਲ ਜਾਣ ਲਈ ਮਜਬੂਰ ਹਨ। ਮੈਡੀਕਲ ਕਾਲਜਾਂ ਵਾਸਤੇ ਅਰਜ਼ੀ ਦੇਣ ਲਈ ਮਾਹਿਰ ਡਾਕਟਰਾਂ ਨੇ ਸਰਕਾਰ ਤੋਂ ਬਾਕਾਇਦਾ ਆਗਿਆ ਲਈ ਸੀ। ਆਗਿਆ ਲੈਣ ਪਿਛੋਂ ਦੋ ਮਹੀਨੇ ਲੰਘ ਗਏ ਹਨ ਪਰ ਸਰਕਾਰ ਨੇ ਖਾਲੀ ਹੋਣ ਵਾਲੀਆਂ ਸੰਭਾਵੀ ਆਸਾਮੀਆਂ ਨੂੰ ਪੂਰ ਕਰਨ ਲਈ ਬੰਦੋਬਸਤ ਕਰਨ ਦੀ ਜ਼ਰੂਰਤ ਨਹੀਂ ਸਮਝੀ, ਜਿਸ ਦਾ ਖਮਿਆਜ਼ਾ ਆਮ ਲੋਕ ਭੁਗਤਣ ਲਈ ਮਜਬੂਰ ਹੋ ਰਹੇ ਹਨ। ਸਿਹਤ ਵਿਭਾਗ ਵਿਚ ਮਾਹਿਰਾਂ ਦੀਆਂ ਮਨਜ਼ੂਰਸ਼ੁਦਾ ਆਸਾਮੀਆਂ ਦੀ ਗਿਣਤੀ 1700 ਹੈ ਤੇ ਇਨ੍ਹਾਂ ਵਿਚੋਂ ਇਕ ਹਜ਼ਾਰ ਖਾਲੀ ਹਨ। ਪੌਣੇ ਦੋ ਸੌ ਡਾਕਟਰਾਂ ਦੇ ਮੈਡੀਕਲ ਵਿਭਾਗ ਵਿਚ ਚਲੇ ਜਾਣ ਬਾਰੇ ਪ੍ਰਤੀਕਿਰਿਆ ਜ਼ਾਹਰ ਕਰਦਿਆਂ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼ ਦੇ ਸਾਬਕਾ ਰਜਿਸਟਰਾਰ ਪੀ.ਐਲ. ਗਰਗ ਨੇ ਕਿਹਾ ਹੈ ਕਿ ਸਰਕਾਰ ਦੀਆਂ ਕੰਢਾਗਰਜ਼ ਨੀਤੀਆਂ ਦਾ ਖਮਿਆਜ਼ਾ ਆਮ ਲੋਕਾਂ ਨੂੰ ਭੁਗਤਣਾ ਪੈ ਰਿਹਾ ਹੈ।

ਸਿਹਤ ਮੰਤਰੀ ਸੁਰਜੀਤ ਕੁਮਾਰ ਜਿਆਣੀ ਨੇ ਦਾਅਵਾ ਕੀਤਾ ਹੈ ਕਿ ਡਾਕਟਰਾਂ ਦੇ ਜਾਣ ਨਾਲ ਸਿਹਤ ਸੇਵਾਵਾਂ ਬਿਲਕੁਲ ਪ੍ਰਭਾਵਿਤ ਨਹੀਂ ਹੋਈਆਂ ਹਨ। ਉਨ੍ਹਾਂ ਨਾਲ ਹੀ ਕਿਹਾ ਕਿ ਡਾਕਟਰਾਂ ਨੂੰ ਬਿਹਤਰ ਸਥਾਨ ਉਤੇ ਜਾਣ ਤੋਂ ਰੋਕਣਾ ਠੀਕ ਨਹੀਂ ਹੋਵੇਗਾ। ਮੈਡੀਕਲ ਸਿੱਖਿਆ ਤੇ ਖੋਜ ਵਿਭਾਗ ਦੇ ਪ੍ਰਿੰਸੀਪਲ ਸਕੱਤਰ ਹੁਸਨ ਲਾਲ ਦਾ ਕਹਿਣਾ ਹੈ ਕਿ ਡਾਕਟਰਾਂ ਦੇ ਸਿਹਤ ਵਿਭਾਗ ਵਿਚੋਂ ਚਲੇ ਜਾਣ ਨਾਲ ਨਿਰਸੰਦੇਹ ਸਿਹਤ ਸੇਵਾਵਾਂ ਪ੍ਰਭਾਵਿਤ ਹੋਈਆਂ ਹਨ ਪਰ ਨਾਲ ਹੀ ਨਵੀਂ ਭਰਤੀ ਸ਼ੁਰੂ ਕਰ ਲਈ ਗਈ ਹੈ ਤੇ ਮਰੀਜ਼ਾਂ ਦਾ ਠੀਕ ਇਲਾਜ ਹੋ ਰਿਹਾ ਹੈ।

*175 ਡਾਕਟਰਾਂ ਵਲੋਂ ਨੌਕਰੀ ਛੱਡਣ ਕਾਰਨ ਸੱਖਣੇ ਹੋਏ ਹਸਪਤਾਲ*

## ਕੈਂਸਰ ਤੇ ਨਸ਼ਿਆਂ ਵਿਰੁਧ ਮੁਹਿੰਮ ਵੀ ਦਮ ਤੋੜਨ ਲੱਗੀ

ਹਸਪਤਾਲਾਂ ਵਿਚ ਲਾਏ ਮਾਹਿਰ ਚਲੇ ਜਾਣ ਨਾਲ ਸਰਕਾਰ ਦੀ ਕੈਂਸਰ ਤੇ ਨਸ਼ਿਆਂ ਵਿਰੁਧ ਛੇੜੀ ਮੁਹਿੰਮ ਵੀ ਅੱਧਵਾਟੇ ਦਮ ਤੋੜਨ ਲੱਗੀ ਹੈ। ਇਸ ਤੋਂ ਇਲਾਵਾ ਸਵਾਈਨ ਫਲੂ ਪੀੜਤ ਮਰੀਜ਼ਾਂ ਦੇ ਇਲਾਜ ਵਿਚ ਦਿੱਕਤ ਆਉਣ ਲੱਗੀ ਹੈ। ਪਿਛਲੇ ਤਿੰਨ ਸਾਲਾਂ ਨਾਲੋਂ ਸਵਾਈਨ ਫਲੂ ਕਰਕੇ ਸਭ ਤੋਂ ਜ਼ਿਆਦਾ ਮੌਤਾਂ ਇਸ ਵਾਰ ਹੋਈਆਂ ਹਨ।

ਜਾਣਕਾਰੀ ਅਨੁਸਾਰ ਸਿਹਤ ਵਿਭਾਗ ਵਿਚ ਕੁਲ ਸੱਤ ਮਾਈਕਰੋਬਾਇਲੋਜਿਸਟ ਕੰਮ ਕਰ ਰਹੇ ਹਨ। ਇਨ੍ਹਾਂ ਵਿਚੋਂ ਚਾਰ ਨੇ ਸਿਹਤ ਵਿਭਾਗ ਤੋਂ ਵਿਦਾਇਗੀ ਲੈ ਲਈ ਹੈ। ਸਿਹਤ ਵਿਭਾਗ ਵਿਚ ਪੈਥਾਲੋਜਿਸਟਾਂ ਦੀ ਗਿਣਤੀ ਸਿਰਫ 53 ਹੈ ਜਿਨ੍ਹਾਂ ਵਿਚੋਂ ਅਠਾਰਾਂ ਨੇ ਨੌਕਰੀ ਕਰਨ ਤੋਂ ਅਸਤੀਫ਼ਾ ਦੇ ਦਿੱਤਾ ਹੈ। ਸਵਾਈਨ ਫਲੂ ਵਿਰੁਧ ਛੇੜੀ ਮੁਹਿੰਮ ਵਿਚ ਜ਼ਿਲ੍ਹਾ ਪੱਧਰ 'ਤੇ ਨੋਡਲ ਅਫ਼ਸਰ ਤਾਇਨਾਤ ਕੀਤੇ ਗਏ ਹਨ ਤੇ ਗੁਰਦਾਸਪੁਰ ਦੇ ਨੋਡਲ ਅਫ਼ਸਰ ਸਮੇਤ ਨੌਕਰੀ ਛੱਡਣ ਵਾਲੇ ਸਾਰੇ ਮਾਹਿਰਾਂ ਨੂੰ ਵਿਭਾਗ ਵਲੋਂ ਰਲੀਵ ਕਰ ਦਿੱਤਾ ਗਿਆ ਹੈ।

# ਗੋਰਿਆਂ ਵਲੋਂ ਕਾਲੀ ਵੇਈਂ ਦੀ ਕਾਰ ਸੇਵਾ

**ਸੁਲਤਾਨਪੁਰ ਲੋਧੀ:** ਵਿਦੇਸ਼ ਤੋਂ ਆਏ ਸਿੱਖ ਗੋਰਿਆਂ ਨੇ ਪਹਿਲੀ ਵਾਰ ਪਵਿੱਤਰ ਕਾਲੀ ਵੇਈਂ ਦੀ ਕਾਰ ਸੇਵਾ ਵਿਚ ਹਿੱਸਾ ਲਿਆ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਕਾਲੀ ਵੇਈਂ ਵਿਚ ਸਿੱਖ ਗੋਰਿਆਂ ਦੇ ਵਫਦ ਨੇ ਤਿੰਨ ਘੰਟੇ ਤੱਕ ਸੇਵਾ ਕੀਤੀ। ਉਨ੍ਹਾਂ ਨੇ ਵੇਈਂ ਅੰਦਰੋਂ ਬੂਟੀ ਕੱਢੀ ਤੇ ਇਸ਼ਨਾਨ ਘਾਟਾਂ ਦੀ ਸਫਾਈ ਕੀਤੀ। ਪਹਿਲੀ ਵਾਰ ਸੇਵਾ ਕਰਨ ਦੇ ਮੌਕੇ ਨੂੰ ਉਨ੍ਹਾਂ ਨੇ ਸਭ ਤੋਂ ਵਿਲੱਖਣ ਤਜਰਬਾ ਦੱਸਿਆ। ਇਹ ਵੀ ਪਹਿਲਾ ਮੌਕਾ ਸੀ ਜਦੋਂ ਕਿਸੇ ਵਿਦੇਸ਼ੀ ਵਫਦ ਨੇ ਰਾਤ ਵੇਈਂ ਕਿਨਾਰੇ ਬਣੀ ਨਿਰਮਲ ਕੁਟੀਆ ਵਿਚ ਗੁਜ਼ਾਰੀ।



ਸਿੱਖੀ ਧਾਰਨ ਕਰ ਚੁੱਕੇ ਇਨ੍ਹਾਂ ਗੋਰੇ ਸਿੱਖਾਂ ਦਾ ਕਹਿਣਾ ਸੀ ਕਿ ਉਹ ਸਿੱਖ ਧਰਮ ਦੇ ਮੋਢੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਬਾਰੇ ਅਧਿਐਨ ਕਰਨ ਆਏ ਹਨ। ਸੇਵਾ ਕਰਨ ਉਪਰੰਤ ਉਨ੍ਹਾਂ ਕਿਹਾ ਪਹਿਲੀ ਵਾਰ ਉਨ੍ਹਾਂ ਨੂੰ ਹੱਥੀਂ ਸੇਵਾ ਕਰਨ ਦਾ ਅਨੁਭਵ ਹੋਇਆ ਹੈ ਤੇ ਸਿੱਖ ਧਰਮ ਵਿਚ ਸੇਵਾ ਦੀ ਮਹੱਤਤਾ ਤੇ ਇਸ ਦੀ ਪਰਿਭਾਸ਼ਾ ਜਾਣ ਕੇ ਅਨੰਦ ਆਇਆ। ਇਸ ਮੌਕੇ ਕਾਲੀ ਵੇਈਂ ਦੀ ਕਾਰ ਸੇਵਾ ਕਰਵਾ ਰਹੇ ਸੰਤ ਬਲਬੀਰ ਸਿੰਘ ਸੀਚੇਵਾਲ ਵੀ ਉਚੇਚੇ ਤੌਰ 'ਤੇ ਵਫਦ ਨੂੰ ਮਿਲਣ ਲਈ ਪੁੱਜੇ। ਯੂਕਰੇਨ ਤੋਂ ਆਏ ਗੋਰਿਆਂ ਨੇ ਕਿਹਾ ਕਿ ਕੁਦਰਤ ਤੇ ਸਮਾਜ ਦੀ ਕੀਤੀ ਜਾ ਰਹੀ ਸੇਵਾ ਦਾ ਅਹਿਸਾਸ ਉਨ੍ਹਾਂ ਨੂੰ ਕਾਲੀ ਵੇਈਂ ਦੀ ਬਹਾਲ ਕੀਤੀ ਗਈ ਸੁੰਦਰਤਾ ਨੂੰ ਦੇਖ ਕੇ ਹੋਇਆ ਹੈ। ਸੰਤ ਸੀਚੇਵਾਲ ਨੇ ਸਿੱਖ ਗੋਰਿਆਂ ਦੇ ਵਫਦ ਨਾਲ ਗੱਲ ਕਰਦਿਆਂ ਕਿਹਾ ਕਿ ਜੇਕਰ ਗੁਰਬਾਣੀ ਦੇ ਪਹਿਲੇ ਸਲੋਕ 'ਤੇ ਹੀ ਅਮਲ ਕਰ ਲਿਆ ਜਾਵੇ ਤਾਂ ਸਮੁੱਚੀ ਦੁਨੀਆਂ ਗਲੋਬਲ ਵਾਰਮਿੰਗ ਦੇ ਸੰਕਟ ਤੋਂ ਬਚ ਸਕਦੀ ਹੈ। ਸੰਤ ਸੀਚੇਵਾਲ ਨੇ ਵਫਦ ਦੇ ਸਾਰੇ ਮੈਂਬਰਾਂ ਨੂੰ ਸਨਮਾਨਤ ਕੀਤਾ ਤੇ ਮਗਰੋਂ ਉਨ੍ਹਾਂ (ਵਫਦ ਨੇ) ਸੁਲਤਾਨਪੁਰ ਲੋਧੀ ਸਥਿਤ ਬੇਬੇ ਨਾਨਕੀ ਦਾ ਘਰ ਵੀ ਦੇਖਿਆ।

## ਈ.ਡੀ. ਨਿਰੰਜਣ ਸਿੰਘ ਦੀ ਬਦਲੀ 'ਤੇ ਰੋਕ ਵਧਾਈ

ਚੰਡੀਗੜ੍ਹ: ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਐਨਫੋਰਸਮੈਂਟ ਡਾਇਰੈਕਟੋਰੇਟ ਅਧਿਕਾਰੀ ਦੇ ਤਬਾਦਲੇ ਉਪਰ ਲਗਾਈ ਰੋਕ ਦੀ ਮਿਆਦ ਵਧਾ ਦਿੱਤੀ ਹੈ। ਹੁਣ ਇਕ ਰੋਕ ਮਾਮਲੇ ਦੀ ਅਗਲੀ ਸੁਣਵਾਈ, ਜੋ 12 ਮਾਰਚ ਨੂੰ ਹੋਣੀ ਹੈ, ਤੱਕ ਜਾਰੀ ਰਹੇਗੀ। ਅਧਿਕਾਰੀ ਨਿਰੰਜਣ ਸਿੰਘ ਨੇ ਨਸ਼ਾ ਤਸਕਰੀ ਦੇ ਮਾਮਲੇ ਵਿਚ ਪੰਜਾਬ ਦੇ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਪਾਸੋਂ ਪੁੱਛ-ਪੜਤਾਲ ਕੀਤੀ ਸੀ। ਹਾਈਕੋਰਟ ਨੇ ਐਨਫੋਰਸਮੈਂਟ ਡਾਇਰੈਕਟੋਰੇਟ ਨੂੰ ਕਿਹਾ ਕਿ ਉਹ ਦੱਸੇ ਕਿ ਉਸ ਵਲੋਂ ਨਿਰੰਜਣ ਸਿੰਘ ਦੀ ਥਾਂ ਇਥੇ ਕਿਹੜੇ ਅਧਿਕਾਰੀ ਦੀ ਨਿਯੁਕਤੀ ਕੀਤੀ ਜਾ ਸਕਦੀ ਹੈ। ਬੈਂਚ ਨੇ ਇਹ ਵੀ ਕਿਹਾ ਕਿ ਵਿਭਾਗ ਦੱਸੇ ਕਿ ਉਸ ਦੀ ਥਾਂ ਕੋਲਕਾਤਾ ਵਿਚ ਕਿਹੜਾ ਅਧਿਕਾਰੀ ਤਾਇਨਾਤ ਕੀਤਾ ਜਾ ਸਕਦਾ ਹੈ।

ਵਿਭਾਗ ਨੇ ਪਿਛਲੀ ਸੁਣਵਾਈ ਵਿਚ ਕਿਹਾ ਸੀ ਕਿ ਨਿਰੰਜਣ ਸਿੰਘ ਦੀਆਂ ਸੇਵਾਵਾਂ ਦੀ ਕੋਲਕਾਤਾ ਵਿਚ ਲੋੜ ਹੈ। ਐਨਫੋਰਸਮੈਂਟ ਡਾਇਰੈਕਟੋਰੇਟ ਵਲੋਂ ਆਪਣੇ ਅਧਿਕਾਰੀ ਦੇ ਕੀਤੇ ਤਬਾਦਲੇ ਖਿਲਾਫ ਐਡਵੋਕੇਟ ਨਵਕਿਰਨ ਸਿੰਘ ਨੇ ਅਪੀਲ ਪਾਈ ਹੋਈ ਹੈ। ਇਹ ਅਪੀਲ ਉਨ੍ਹਾਂ ਗੈਰ-ਸਰਕਾਰੀ ਸੰਗਠਨ ਲਾਇਰਜ਼ ਫਾਰ ਹਿਊਮਨ ਰਾਈਟਸ ਇੰਟਰਨੈਸ਼ਨਲ ਵਲੋਂ ਪਾਈ ਹੈ। ਉਨ੍ਹਾਂ ਕਿਹਾ ਕਿ ਨਿਰੰਜਣ ਸਿੰਘ ਦੇ ਤਬਾਦਲੇ ਨਾਲ 6000 ਕਰੋੜ ਰੁਪਏ ਦੇ ਨਸ਼ਾ ਤਸਕਰੀ ਮਾਮਲੇ ਦੀ ਜਾਂਚ ਪ੍ਰਭਾਵਿਤ ਹੋਵੇਗੀ। ਇਹ ਤਬਾਦਲਾ ਲੋਕਾਂ ਅਤੇ ਨਿਆਂ ਦੇ ਹਿੱਤ ਵਿਚ ਨਹੀਂ ਹੈ।

# ਰੁਲਦਾ ਸਿੰਘ ਕਤਲ ਕੇਸ ਵਿਚੋਂ ਪੰਜ ਬਰੀ



**ਪਟਿਆਲਾ:** ਅਦਾਲਤ ਨੇ ਰਾਸ਼ਟਰੀ ਸਿੱਖ ਸੰਗਤ ਦੇ ਸੂਬਾ ਪ੍ਰਧਾਨ ਰੁਲਦਾ ਸਿੰਘ ਕਤਲ ਕੇਸ ਵਿਚ ਨਾਮਜ਼ਦ ਪੰਜ ਮੁਲਜ਼ਮ ਬਰੀ ਕਰ ਦਿੱਤੇ ਹਨ। ਇਸ ਕੇਸ ਵਿਚ ਖਾਲਿਸਤਾਨ ਪੱਖੀ ਕਾਰਕੁਨ ਜਗਤਾਰ ਸਿੰਘ ਤਾਰਾ ਤੇ ਰਮਨਦੀਪ ਸਿੰਘ ਗੋਲਡੀ ਖਿਲਾਫ ਅਜੇ ਕੇਸ ਚੱਲਣਾ ਬਾਕੀ ਹੈ। ਅਦਾਲਤ ਵਲੋਂ ਬਰੀ ਕੀਤੇ ਵਿਅਕਤੀਆਂ ਵਿਚੋਂ ਦਰਸ਼ਨ ਸਿੰਘ ਮਕਾਰੋਂਪੁਰ, ਗੁਰਜੰਟ ਸਿੰਘ ਕੁਰੁਕਸ਼ੇਤਰ, ਜਗਮੋਹਣ ਸਿੰਘ ਬਸੀ ਪਠਾਣਾ, ਅਮਰਜੀਤ ਸਿੰਘ ਮੁਹਾਲੀ ਤੇ ਦਲਜੀਤ ਸਿੰਘ ਮੁੰਬਈ ਦੇ ਨਾਂ ਸ਼ਾਮਲ ਹਨ।

ਜ਼ਿਕਰਯੋਗ ਹੈ ਕਿ 28/29 ਜੁਲਾਈ 2009 ਦੀ ਰਾਤ ਨੂੰ ਅਣਪਛਾਤੇ ਵਿਅਕਤੀਆਂ ਨੇ ਰੁਲਦਾ ਸਿੰਘ ਨੂੰ ਗੋਲੀਆਂ ਮਾਰ ਕੇ ਗੰਭੀਰ ਰੂਪ ਵਿਚ ਜ਼ਖਮੀ ਕਰ ਦਿੱਤਾ ਸੀ ਤੇ ਉਸ ਦੀ 15 ਅਗਸਤ 2009 ਨੂੰ ਮੌਤ ਹੋ ਗਈ ਸੀ। ਥਾਣਾ ਤ੍ਰਿਪੜੀ ਵਿਖੇ ਕੇਸ ਦਰਜ ਕਰਕੇ ਕੀਤੀ ਤਫਤੀਸ਼ ਵਿਚ ਇਹ ਕਤਲ ਇੰਗਲੈਂਡ ਤੋਂ ਆਏ ਦੋ ਸਿੱਖ ਨੌਜਵਾਨਾਂ ਵਲੋਂ ਕੀਤਾ ਹੋਇਆ ਪਾਇਆ ਗਿਆ ਸੀ, ਜਿਨ੍ਹਾਂ ਦੀ ਮਦਦ ਕਰਨ ਦੇ ਦੋਸ਼ਾਂ ਵਿਚ ਸ਼ੁਰੂ ਵਿਚ ਚਾਰ ਹੋਰ ਵਿਅਕਤੀ ਵੀ ਗ੍ਰਿਫਤਾਰ ਕੀਤੇ ਗਏ ਸਨ ਪਰ ਇਨ੍ਹਾਂ ਦੀ ਸ਼ਮੂਲੀਅਤ ਨਾ ਹੋਣ ਦਾ ਤਰਕ ਦਿੰਦਿਆਂ ਪੁਲਿਸ ਨੇ ਚਾਰਾਂ ਨੂੰ ਕੇਸ ਵਿਚੋਂ ਫਾਰਗ ਕਰ ਦਿੱਤਾ ਸੀ। ਫਿਰ ਕੁਝ ਮਹੀਨਿਆਂ ਬਾਅਦ ਦਰਸ਼ਨ ਸਿੰਘ ਮਕਾਰੋਂਪੁਰ, ਗੁਰਜੰਟ ਸਿੰਘ ਕੁਰੁਕਸ਼ੇਤਰ, ਜਗਮੋਹਣ ਸਿੰਘ ਬਸੀ ਪਠਾਣਾ ਨੂੰ ਗ੍ਰਿਫਤਾਰ ਕੀਤਾ ਗਿਆ। ਪੁਲਿਸ ਦਾ ਕਹਿਣਾ ਸੀ ਕਿ ਕਤਲ ਦੀ ਇਹ ਵਾਰਦਾਤ ਇਨ੍ਹਾਂ ਦੀ ਮਦਦ ਨਾਲ ਹੀ ਨੇਪਰੇ ਚੜ੍ਹੀ ਹੈ। ਦਲਜੀਤ ਸਿੰਘ ਮੁੰਬਈ ਤੇ ਅਮਰਜੀਤ ਸਿੰਘ ਮੁਹਾਲੀ ਦੀ ਗ੍ਰਿਫਤਾਰੀ 2012 ਵਿਚ ਹੋਈ। ਉਨ੍ਹਾਂ 'ਤੇ ਵੀ ਕਤਲ ਦੀ ਇਸ ਵਾਰਦਾਤ ਵਿਚ ਭਾਗੀਦਾਰ ਹੋਣ ਦੇ ਦੋਸ਼ ਤਹਿਤ 23 ਜੁਲਾਈ 2012 ਨੂੰ ਸਪਲੀਮੈਂਟਰੀ ਚਲਾਨ ਪੇਸ਼ ਕਰ ਦਿੱਤਾ ਗਿਆ। ਬਚਾਅ ਪੱਖ ਦੇ ਵਕੀਲਾਂ ਵਲੋਂ ਪੁਲਿਸ ਦੀ ਕਹਾਣੀ ਨੂੰ ਝੂਠੀ ਦੱਸਣ ਸਮੇਤ ਇਨ੍ਹਾਂ ਦੇ ਬੇਕਸੂਰ ਹੋਣ ਦੀਆਂ ਦਿੱਤੀਆਂ ਕਈ ਹੋਰ ਦਲੀਲਾਂ ਤੇ ਫਿਰ ਪੁਲਿਸ ਵਲੋਂ ਮੁਲਜ਼ਮਾਂ ਖਿਲਾਫ ਠੋਸ ਸਬੂਤ ਨਾ ਜੁਟਾਏ ਸਕਣ ਤੇ ਗਵਾਹਾਂ ਦੇ ਆਪਾ ਵਿਰੋਧੀ ਬਿਆਨਾਂ ਦੇ ਮੱਦੇਨਜ਼ਰ ਅਦਾਲਤ ਨੇ ਇਨ੍ਹਾਂ ਪੰਜਾਂ ਜਣਿਆਂ ਨੂੰ ਬਰੀ ਕਰ ਦਿੱਤਾ।

ਬੇਅੰਤ ਸਿੰਘ ਕਤਲ ਕੇਸ ਦੇ ਮੁਲਜ਼ਮ ਜਗਤਾਰ ਸਿੰਘ ਤਾਰਾ ਤੇ ਇਕ ਹੋਰ ਖਾਲਿਸਤਾਨੀ ਕਾਰਕੁਨ ਰਮਨਦੀਪ ਸਿੰਘ ਗੋਲਡੀ ਵੀ ਇਸੇ ਕੇਸ ਵਿਚ ਨਾਮਜ਼ਦ ਹਨ। ਗੋਲਡੀ ਖਿਲਾਫ ਤਾਂ ਕੁਝ ਦਿਨ ਪਹਿਲਾਂ ਹੀ ਚਲਾਨ ਵੀ ਪੇਸ਼ ਕਰ ਦਿੱਤਾ ਗਿਆ ਹੈ ਪਰ ਤਾਰਾ ਦੇ ਖਿਲਾਫ ਚਲਾਨ ਪੇਸ਼ ਕਰਨਾ ਬਾਕੀ ਹੈ। ਇਸ ਕਰਕੇ ਇਨ੍ਹਾਂ ਖਿਲਾਫ ਸੁਣਵਾਈ ਅਜੇ ਸ਼ੁਰੂ ਹੋਣੀ ਹੈ।

# ਮਨਜੀਤ ਸਿੰਘ ਜੀ.ਕੇ. ਦਿੱਲੀ ਗੁਰਦੁਆਰਾ ਕਮੇਟੀ ਦੇ ਮੁੜ ਪ੍ਰਧਾਨ

**ਨਵੀਂ ਦਿੱਲੀ:** ਮਨਜੀਤ ਸਿੰਘ ਜੀ.ਕੇ. ਨੂੰ ਅਗਲੇ ਦੋ ਸਾਲਾਂ ਵਾਸਤੇ ਮੁੜ ਦਿੱਲੀ ਗੁਰਦੁਆਰਾ ਕਮੇਟੀ ਦਾ ਪ੍ਰਧਾਨ ਚੁਣ ਲਿਆ ਗਿਆ ਹੈ ਜਦਕਿ ਮਨਜਿੰਦਰ ਸਿੰਘ ਸਿਰਸਾ ਨੂੰ ਵੀ ਮੁੜ ਜਨਰਲ ਸਕੱਤਰ ਚੁਣ ਲਿਆ ਗਿਆ। ਕਮੇਟੀ ਦਾ ਸੀਨੀਅਰ ਮੀਤ ਪ੍ਰਧਾਨ ਐਮ.ਪੀ.ਐਸ. ਚੱਢਾ, ਮੀਤ ਪ੍ਰਧਾਨ ਸਤਪਾਲ ਸਿੰਘ ਤੇ ਜਾਇੰਟ ਸਕੱਤਰ ਅਮਰਜੀਤ ਸਿੰਘ ਪੱਪੂ ਨੂੰ ਬਣਾਇਆ ਗਿਆ ਹੈ।

ਦਿੱਲੀ ਸਰਕਾਰ ਦੇ ਗੁਰਦੁਆਰਾ ਚੋਣ ਡਾਇਰੈਕਟੋਰੇਟ ਦੇ ਪ੍ਰਤੀਨਿਧੀਆਂ ਵਲੋਂ ਇਥੋਂ ਦੇ ਗੁਰਦੁਆਰਾ ਰਕਾਬ ਗੰਜ ਸਥਿਤ ਦਿੱਲੀ ਗੁਰਦੁਆਰਾ ਕਮੇਟੀ ਦੇ ਦਫ਼ਤਰ ਵਿਚ ਕਮੇਟੀ ਦੇ ਅੰਤ੍ਰਿੰਗ ਬੋਰਡ ਦੀਆਂ ਚੋਣਾਂ ਕਰਵਾਈਆਂ ਗਈਆਂ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਦਿੱਲੀ ਪ੍ਰਦੇਸ਼ ਦੇ ਇੰਚਾਰਜ ਬਲਵੰਤ ਸਿੰਘ ਰਾਮੂਵਾਲੀਆ ਨੇ ਕਮੇਟੀ ਦੇ ਸਾਬਕਾ ਪ੍ਰਧਾਨ ਅਵਤਾਰ ਸਿੰਘ ਹਿੱਤ ਨੂੰ ਇਕ ਲਿਫਾਫੇ ਵਿਚੋਂ ਪਾਰਟੀ ਵਲੋਂ ਤਜਵੀਜ਼ਸ਼ੁਦਾ ਨਵੇਂ ਅਹੁਦੇਦਾਰਾਂ ਦੀ ਸੂਚੀ ਸੌਂਪੀ। ਸ੍ਰੀ ਹਿੱਤ ਨੇ ਇਸ ਸੂਚੀ ਮੁਤਾਬਕ ਪ੍ਰਧਾਨ ਦੇ ਅਹੁਦੇ ਵਾਸਤੇ ਮਨਜੀਤ ਸਿੰਘ ਜੀ.ਕੇ. ਦੇ ਨਾਮ ਦੀ ਤਜਵੀਜ਼ ਕੀਤੀ, ਜਿਸ ਨੂੰ ਸ੍ਰੀ ਸਿਰਸਾ ਨੇ ਤਸਦੀਕ ਕੀਤਾ ਪਰ ਸ਼੍ਰੋਮਣੀ ਅਕਾਲੀ ਦਲ ਤੋਂ ਅਸਤੀਫ਼ਾ ਦੇ ਚੁੱਕੀ ਮੈਂਬਰ ਬੀਬੀ ਦਲਜੀਤ ਕੌਰ ਨੇ ਪ੍ਰਧਾਨ ਦੇ ਅਹੁਦੇ ਵਾਸਤੇ ਚੋਣ ਲੜਨ ਦਾ ਐਲਾਨ ਕੀਤਾ। ਉਨ੍ਹਾਂ ਦੇ ਨਾਮ ਨੂੰ ਅਕਾਲੀ ਦਲ (ਦਿੱਲੀ) ਨਾਲ ਸਬੰਧਤ ਕਮੇਟੀ ਮੈਂਬਰ ਤਜਿੰਦਰ ਪਾਲ ਸਿੰਘ ਗੋਪਾ ਨੇ ਤਜਵੀਜ਼ ਕੀਤਾ ਜਦਕਿ ਪ੍ਰਭਜੀਤ ਸਿੰਘ ਜੀਤੀ ਨੇ ਉਨ੍ਹਾਂ ਦੇ ਨਾਂ ਨੂੰ ਤਸਦੀਕ ਕੀਤਾ। ਪ੍ਰਧਾਨ ਦੇ ਅਹੁਦੇ ਲਈ ਹੋਈ ਵੋਟਿੰਗ ਦੌਰਾਨ ਮਨਜੀਤ ਸਿੰਘ ਜੀ.ਕੇ. ਨੂੰ 45 ਵੋਟਾਂ ਮਿਲੀਆਂ ਜਦਕਿ ਬੀਬੀ ਦਲਜੀਤ ਕੌਰ ਨੂੰ ਚਾਰ ਵੋਟਾਂ ਹੀ ਪ੍ਰਾਪਤ ਹੋ ਸਕੀਆਂ।

ਦੋ ਸਾਲਾਂ ਵਾਸਤੇ ਗੁਰਦੁਆਰਾ ਕਮੇਟੀ ਦਾ ਦੁਬਾਰਾ ਗਠਨ



ਇਸ ਮਗਰੋਂ ਬਾਕੀ ਸਾਰੇ ਅਹੁਦੇਦਾਰਾਂ ਦੀ ਚੋਣ ਲਿਫਾਫੇ ਵਾਲੀ ਸੂਚੀ ਵਿਚ ਦਰਜ ਨਾਂਵਾਂ ਦੇ ਜ਼ੁਬਾਨੀ ਐਲਾਨ ਰਾਹੀਂ ਪੂਰੀ ਕਰ ਲਈ ਗਈ ਕਿਉਂਕਿ ਕਿਸੇ ਮੈਂਬਰ ਨੇ ਇਨ੍ਹਾਂ ਅਹੁਦਿਆਂ ਵਾਸਤੇ ਚੋਣ ਲੜਨ ਦੀ ਇੱਛਾ ਨਹੀਂ ਪ੍ਰਗਟਾਈ। ਕਾਰਜਕਾਰਨੀ ਦੇ ਮੈਂਬਰਾਂ ਦੀ ਚੋਣ ਸਮੇਂ ਚਾਰ ਮੈਂਬਰਾਂ ਨੇ ਇਹ ਮੰਗ ਕੀਤੀ ਕਿ ਉਨ੍ਹਾਂ ਵਿਚੋਂ ਕਿਸੇ ਇਕ ਨੂੰ ਕਾਰਜਕਾਰਨੀ ਦਾ ਮੈਂਬਰ ਚੁਣਿਆ ਜਾਵੇ ਪਰ ਮਨਜੀਤ ਸਿੰਘ ਜੀ.ਕੇ. ਨੇ ਐਲਾਨ ਕੀਤਾ ਕਿ ਉਨ੍ਹਾਂ ਦੇ ਕੋਟੇ ਵਿਚੋਂ ਅਕਾਲੀ ਦਲ (ਦਿੱਲੀ) ਨਾਲ ਸਬੰਧਤ ਜਤਿੰਦਰ ਸਿੰਘ ਸਾਹਨੀ ਨੂੰ ਕਾਰਜਕਾਰੀ ਮੈਂਬਰ ਚੁਣ ਲਿਆ ਗਿਆ ਹੈ।

ਕਾਰਜਕਾਰੀ ਬੋਰਡ ਦੇ ਬਾਕੀ ਨੌਂ ਮੈਂਬਰਾਂ ਵਜੋਂ ਗੁਰਬਚਨ ਸਿੰਘ ਚੀਮਾ, ਗੁਰਿੰਦਰਪਾਲ ਸਿੰਘ, ਹਰਦੇਵ ਸਿੰਘ ਧਨੋਆ, ਜੀਤ ਸਿੰਘ ਖੋਖਰ, ਕੁਲਮੋਹਨ ਸਿੰਘ, ਮਨਮੋਹਨ ਸਿੰਘ, ਪਰਮਜੀਤ ਸਿੰਘ ਚੰਢੋਕ, ਰਵੇਲ ਸਿੰਘ ਤੇ ਕੁਲਦੀਪ ਸਿੰਘ ਸਾਹਨੀ ਨੂੰ ਚੁਣਿਆ ਗਿਆ।

# ਦੇਣਦਾਰੀਆਂ ਵਿਚ ਬੁਰੀ ਤਰ੍ਹਾਂ ਉਲਝੀ ਪੀ.ਆਰ.ਟੀ.ਸੀ.

## 200 ਕਰੋੜ ਦੀਆਂ ਜ਼ਮੀਨਾਂ ਵੇਚਣ ਲਈ ਕੋਈ ਖਰੀਦਦਾਰ ਨਾ ਲੱਭਿਆ




**ਜਲੰਧਰ:** ਆਰਥਿਕ ਤੰਗੀ ਵਿਚੋਂ ਲੰਘ ਰਹੀ ਪੈਪਸੂ ਰੋਡਵੇਜ਼ ਟਰਾਂਸਪੋਰਟ ਕਾਰਪੋਰੇਸ਼ਨ (ਪੀ.ਆਰ.ਟੀ.ਸੀ.) ਲਈ ਹੁਣ ਜ਼ਮੀਨਾਂ ਵੇਚ ਕੇ ਵੀ ਦੇਣਦਾਰੀਆਂ ਦਾ ਨਿਬੇੜਾ ਕਰਨਾ ਔਖਾ ਹੋ ਗਿਆ ਹੈ। ਕਾਰਪੋਰੇਸ਼ਨ ਤਿੰਨ ਵਾਰ ਆਪਣੀਆਂ ਜ਼ਮੀਨਾਂ ਵੇਚਣ ਲਈ ਟੈਂਡਰ ਕੱਢ ਚੁਕੀ ਹੈ ਪਰ ਬਦਕਿਸਮਤੀ ਨਾਲ ਅਜੇ ਤੱਕ ਕੋਈ ਖਰੀਦਦਾਰ ਨਹੀਂ ਬਹੁੜਿਆ। ਪੀ.ਆਰ.ਟੀ.ਸੀ. ਨੇ ਇਸ ਕਾਰੋਬਾਰ ਨਾਲ ਜੁੜੇ ਲੋਕਾਂ ਨਾਲ ਸਿੱਧਾ ਸੰਪਰਕ ਕਰਕੇ ਜ਼ਮੀਨਾਂ ਵੇਚਣ ਦੀ ਪ੍ਰਕਿਰਿਆ ਸ਼ੁਰੂ ਕਰਨ ਦਾ ਫ਼ੈਸਲਾ ਕੀਤਾ ਹੈ। ਪੀ.ਆਰ.ਟੀ.ਸੀ. ਨੇ ਫਗਵਾੜਾ ਬੱਸ ਸਟੈਂਡ ਦੀ ਕੁਝ ਜ਼ਮੀਨ ਤੋਂ ਇਲਾਵਾ ਪਟਿਆਲਾ ਸਥਿਤ ਆਪਣੇ ਦਫ਼ਤਰ ਦੀ 3.90 ਏਕੜ ਥਾਂ ਸਮੇਤ ਤਕਰੀਬਨ 200 ਕਰੋੜ ਦੀਆਂ ਜ਼ਮੀਨਾਂ ਵੇਚਣੀਆਂ ਹਨ।

ਮਿਲੀ ਜਾਣਕਾਰੀ ਮੁਤਾਬਕ ਇਨ੍ਹਾਂ ਜ਼ਮੀਨਾਂ ਦੀ ਵਿਕਰੀ ਕਰਨ ਲਈ ਵਿਭਾਗ ਦੋ ਵਾਰ ਟੈਂਡਰ ਤੇ ਇਕ ਵਾਰ ਖੁੱਲ੍ਹੀ ਬੋਲੀ ਕਰਵਾ ਚੁੱਕਾ ਹੈ ਪਰ ਵਿਕਰੀ ਨੂੰ ਕੋਈ ਬਹੁਤਾ ਹੁੰਗਾਰਾ ਨਹੀਂ ਮਿਲਿਆ, ਜਿਸ ਦਾ ਇਕ ਕਾਰਨ ਤਾਂ ਜਾਇਦਾਦ ਕਾਰੋਬਾਰ ਵਿਚ ਆਇਆ ਮੰਦਾ ਦੱਸਿਆ ਜਾ ਰਿਹਾ ਹੈ। ਇਹ ਜ਼ਮੀਨਾਂ ਵੇਚਣ ਲਈ ਹੁਣ ਵਿਭਾਗ ਦੇ ਅਧਿਕਾਰੀਆਂ ਨੇ ਜਾਇਦਾਦ ਕਾਰੋਬਾਰ ਨਾਲ ਜੁੜੇ ਲੋਕਾਂ ਤੇ ਕਈ ਮਾਹਿਰਾਂ ਨੂੰ ਸੱਦ ਕੇ ਇਸ ਸਮੱਸਿਆ ਦੇ ਹੱਲ 'ਤੇ ਵਿਚਾਰ ਕੀਤਾ ਜਾ ਰਿਹਾ ਹੈ। ਪੀ.ਆਰ.ਟੀ.ਸੀ. ਨੂੰ ਉਮੀਦ ਸੀ ਕਿ ਉਸ ਦੀਆਂ 200 ਕਰੋੜ ਰੁਪਏ ਦੀਆਂ ਪੰਜ ਜਾਇਦਾਦਾਂ ਵੇਚਣ ਨਾਲ ਮੁਲਾਜ਼ਮਾਂ ਦੀਆਂ ਪੈਨਸ਼ਨਾਂ ਸਮੇਤ ਹੋਰ ਦੇਣਦਾਰੀਆਂ ਦਾ ਨਿਬੇੜਾ ਹੋ ਸਕੇਗਾ ਪਰ ਜ਼ਮੀਨਾਂ ਦੀ ਵਿੱਕਰੀ ਨਾ ਹੋਣ ਕਰਕੇ ਵਿਭਾਗ ਨੂੰ ਧੱਕਾ ਲੱਗਾ ਹੈ।

ਦੱਸਣਯੋਗ ਹੈ ਕਿ ਕਾਰਪੋਰੇਸ਼ਨ ਨੂੰ ਡੋਬਣ ਵਿਚ ਪੰਜਾਬ ਸਰਕਾਰ ਨੇ ਸਭ ਤੋਂ ਵੱਧ ਭੂਮਿਕਾ ਨਿਭਾਈ ਹੈ। ਸੂਬਾ ਸਰਕਾਰ ਨੇ ਪੀ.ਆਰ.ਟੀ.ਸੀ. ਦੇ 47.70 ਕਰੋੜ ਰੁਪਏ ਨੱਪੇ ਹੋਏ ਹਨ। ਪੀ.ਆਰ.ਟੀ.ਸੀ. ਨੇ ਸਰਕਾਰ ਤੋਂ ਮੁਫ਼ਤ ਸਫ਼ਰ ਸਹੂਲਤ ਦੇ ਬਦਲੇ 59.70 ਕਰੋੜ ਰੁਪਏ ਲੈਣੇ ਹਨ। ਟਰਾਂਸਪੋਰਟਰ ਸਕੱਤਰ ਪੰਜਾਬ ਨੇ ਹਾਈਕੋਰਟ ਵਿਚ ਹਲਫੀਆ ਬਿਆਨ ਦਿੱਤਾ ਸੀ ਕਿ ਉਹ ਦੋ ਕਿਸ਼ਤਾਂ ਵਿਚ ਇਹ ਬਕਾਏ ਦੇ ਦੇਣਗੇ। ਹਾਈਕੋਰਟ ਦਾ ਹੁਕਮ ਸੀ ਕਿ ਕਾਰਪੋਰੇਸ਼ਨ ਦੀ 47.70 ਕਰੋੜ ਦੀ ਰਾਸ਼ੀ ਦੋ ਕਿਸ਼ਤਾਂ ਵਿਚ ਸੱਤ ਦਸੰਬਰ ਤੱਕ ਦੇ ਦਿੱਤੀ ਜਾਵੇ।

ਵੇਰਵਿਆਂ ਮੁਤਾਬਕ ਪੰਜਾਬ ਸਰਕਾਰ ਨੇ ਸਿਰਫ਼ 12 ਕਰੋੜ ਰੁਪਏ ਦਿੱਤੇ ਹਨ। ਕਾਰਪੋਰੇਸ਼ਨ ਦੇ ਹਾਲੇ ਵੀ ਮੁਫ਼ਤ ਸਫ਼ਰ ਸਹੂਲਤ ਦੇ 30 ਸਤੰਬਰ 2014 ਤੱਕ ਦੇ 47.70 ਕਰੋੜ ਰੁਪਏ ਸਰਕਾਰ ਵੱਲ ਖੜ੍ਹੇ ਹਨ। ਪੀ.ਆਰ.ਟੀ.ਸੀ. ਆਪਣੇ ਮੁਲਾਜ਼ਮਾਂ ਨੂੰ ਦੋ ਮਹੀਨੇ ਤੋਂ ਤਨਖਾਹ ਨਹੀਂ ਦੇ ਸਕੀ ਹੈ ਤੇ ਚਾਰ ਮਹੀਨੇ ਤੋਂ ਪੈਨਸ਼ਨ ਨਹੀਂ ਦਿੱਤੀ ਜਾ ਸਕੀ ਹੈ। ਇਕ ਵਿਸ਼ੇਸ਼ ਕਮੇਟੀ ਨੇ ਪੀ.ਆਰ.ਟੀ.ਸੀ. ਨੂੰ ਪੰਜਾਬ ਰੋਡਵੇਜ਼ ਵਿਚ ਮਰਜ਼ ਕਰਨ ਦੀ ਸਿਫ਼ਾਰਸ਼ ਕੀਤੀ ਸੀ। ਖ਼ਜ਼ਾਨਾ ਮੰਤਰੀ ਪੰਜਾਬ ਦੀ ਅਗਵਾਈ ਵਿਚ 22 ਸਤੰਬਰ 2014 ਨੂੰ ਮੀਟਿੰਗ ਵਿਚ ਸਰਕਾਰ ਨੇ ਖੁਦ ਕਾਰਪੋਰੇਸ਼ਨ ਦੀ ਬਾਂਹ ਫੜਨ ਦਾ ਫੈਸਲਾ ਕੀਤਾ ਸੀ। ਇਹ ਵੀ ਫੈਸਲਾ ਹੋਇਆ ਸੀ ਕਿ ਇਕ ਸਾਲ ਕਾਰਪੋਰੇਸ਼ਨ ਤੋਂ ਕੋਈ ਨਵਾਂ ਪੁਰਾਣਾ ਟੈਕਸ ਨਾ ਲਿਆ ਜਾਵੇ। ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਸਰਕਾਰ ਮਦਦ ਤਾਂ ਕਰਨਾ ਚਾਹੁੰਦੀ ਹੈ ਪਰ ਖਜ਼ਾਨਾ ਖਾਲੀ ਹੋਣ ਕਰਕੇ ਕੋਈ ਵਾਹ ਨਹੀਂ ਚੱਲ ਰਹੀ ਹੈ।

ਬੱਸਾਂ ਦੀ ਕਮੀ ਕਰਕੇ ਕਾਰਪੋਰੇਸ਼ਨ ਆਪਣੇ ਬਨਦੇ ਰੂਟਾਂ 'ਤੇ ਬੱਸਾਂ ਚਲਾਉਣ ਤੋਂ ਬੇਵੱਸ ਹੈ। ਇਕ ਅਧਿਕਾਰੀ ਨੇ ਦੱਸਿਆ ਕਿ ਕਾਰਪੋਰੇਸ਼ਨ ਦਾ ਆਮਦਨ ਤੇ ਖਰਚ ਵਿਚਲਾ ਪ੍ਰਤੀ ਮਹੀਨਾ ਫ਼ਰਕ ਪੰਜ ਕਰੋੜ ਰੁਪਏ ਦਾ ਆ ਰਿਹਾ ਹੈ। ਸਰਕਾਰ ਨੇ ਬਾਂਹ ਨਾ ਫੜੀ ਤਾਂ ਇਹ ਫਰਕ 10 ਕਰੋੜ ਰੁਪਏ ਪ੍ਰਤੀ ਮਹੀਨਾ ਦਾ ਹੋ ਜਾਵੇਗਾ। ਕਾਰਪੋਰੇਸ਼ਨ ਨੂੰ ਇਸ ਵੇਲੇ ਹਰ ਪਾਸੇ ਤੰਗੀ ਝੱਲਣੀ ਪੈ ਰਹੀ ਹੈ। ਮੁਲਾਜ਼ਮਾਂ ਤੇ ਪੈਨਸ਼ਨਰਾਂ ਨੇ ਧਰਨੇ ਦੇਣੇ ਸ਼ੁਰੂ ਕਰ ਦਿੱਤੇ ਹਨ। ਕਾਰਪੋਰੇਸ਼ਨ ਦੇ ਅਧਿਕਾਰੀ ਹੁਣ ਸਰਕਾਰ ਦੇ ਪਿੱਛੇ ਹੀ ਚੱਕਰ ਕੱਟ ਰਹੇ ਹਨ।

# ਹੋਦ ਚਿੱਲੜ ਕਾਂਡ ਦੇ ਪੀੜਤਾਂ ਨੂੰ ਇਨਸਾਫ ਮਿਲਣ ਦੀ ਆਸ

**ਚੰਡੀਗੜ੍ਹ:** ਹੋਦ ਚਿੱਲੜ ਕਾਂਡ ਦੀ ਸੁਣਵਾਈ ਦਾ ਕੰਮ ਮੁਕੰਮਲ ਹੋ ਗਿਆ ਹੈ ਤੇ ਇਸ ਦੀ ਸੁਣਵਾਈ ਕਰ ਰਹੇ ਇਕ ਮੈਂਬਰੀ ਕਮਿਸ਼ਨ ਜੱਜ (ਰਿਟਾਇਰਡ) ਟੀ.ਪੀ. ਗਰਗ ਵਲੋਂ ਛੇਤੀ ਹੀ ਰਿਪੋਰਟ ਹਰਿਆਣਾ ਸਰਕਾਰ ਨੂੰ ਸੌਂਪੀ ਜਾ ਸਕਦੀ ਹੈ। ਜ਼ਿਕਰਯੋਗ ਹੈ ਕਿ ਹੋਦ ਚਿੱਲੜ ਪਿੰਡ ਵਿਚ 1984 ਦੇ ਸਿੱਖ ਕਤਲੇਆਮ ਦੌਰਾਨ 32 ਸਿੱਖਾਂ ਨੂੰ ਮੌਤ ਦੇ ਘਾਟ ਉਤਾਰਨ ਦਾ ਮਾਮਲਾ ਸਾਹਮਣੇ ਆਉਣ ਤੋਂ ਬਾਅਦ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਇਸ ਦੀ ਜਾਂਚ ਲਈ ਇਹ ਕਮਿਸ਼ਨ ਬਣਾਇਆ ਸੀ। ਕਮਿਸ਼ਨ ਨੂੰ ਛੇ ਮਹੀਨਿਆਂ ਵਿਚ ਰਿਪੋਰਟ ਦੇਣ ਲਈ ਕਿਹਾ ਗਿਆ ਸੀ ਪਰ ਕੰਮ ਹੌਲੀ ਰਫ਼ਤਾਰ ਨਾਲ ਚੱਲਣ ਕਰਕੇ ਸਰਕਾਰ ਨੂੰ ਹਰ ਛੇ ਮਹੀਨਿਆਂ ਬਾਅਦ ਇਸ ਦੀ ਮਿਆਦ ਵਧਾਉਣੀ ਪਈ। ਇਸ ਤਰ੍ਹਾਂ ਛੇ ਮਹੀਨਿਆਂ ਦਾ ਕੰਮ ਤਿੰਨ ਸਾਲ ਤੋਂ ਵੱਧ ਸਮੇਂ ਵਿਚ ਨਿਬੜਿਆ।



ਸੂਬੇ ਵਿਚ ਸੱਤਾ ਬਦਲਣ ਤੋਂ ਬਾਅਦ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਕਮਿਸ਼ਨ ਦੀ ਮਿਆਦ ਵਿਚ ਛੇ ਮਹੀਨਿਆਂ ਦਾ ਵਾਧਾ ਕਰਦਿਆਂ ਹਦਾਇਤ ਦਿੱਤੀ ਸੀ ਕਿ ਇਹ ਜਾਂਚ ਛੇ ਮਹੀਨਿਆਂ ਵਿਚ ਨਿਬੇੜੀ ਜਾਵੇ।

ਸੁਣਵਾਈ ਦਾ ਕੰਮ ਖ਼ਤਮ ਹੋਣ ਨਾਲ ਪੀੜਤ ਪਰਿਵਾਰਾਂ ਨੇ ਵੀ ਸੁੱਖ ਦਾ ਸਾਹ ਲਿਆ ਹੈ। ਹੋਦ ਚਿੱਲੜ ਤਾਲਮੇਲ ਕਮੇਟੀ ਦੇ ਆਗੂਆਂ ਨੇ ਦੱਸਿਆ ਕਿ ਸਰਕਾਰੀ ਧਿਰ ਦੇ ਜਵਾਬ ਤੋਂ ਬਾਅਦ ਜੱਜ ਨੇ ਪੀੜਤ ਧਿਰ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਨੂੰ ਜਲਦੀ ਇਨਸਾਫ ਮਿਲੇਗਾ। ਇੰਜੀਨੀਅਰ ਮਨਵਿੰਦਰ ਸਿੰਘ ਗਿਆਸਪੁਰਾ ਤੇ ਦਰਸ਼ਨ ਸਿੰਘ ਘੋਲੀਆ ਨੇ ਕਮਿਸ਼ਨ ਨੂੰ ਬੇਨਤੀ ਕੀਤੀ ਕਿ ਉਹ ਸਰਕਾਰ ਨੂੰ ਅਜਿਹਾ ਕਾਨੂੰਨ ਬਣਾਉਣ ਦੀ ਸਿਫ਼ਾਰਸ਼ ਕਰੇ ਤਾਂ ਜੋ ਘੱਟ ਗਿਣਤੀ ਭਾਈਚਾਰੇ ਵਿਚ ਸੁਰੱਖਿਆ ਦੀ ਭਾਵਨਾ ਬਰਕਰਾਰ ਰਹੇ।

ਇਸ ਕਾਂਡ ਦਾ ਜਨਤਕ ਤੌਰ 'ਤੇ ਪਤਾ ਉਸ ਸਮੇਂ ਲੱਗਾ ਸੀ ਜਦੋਂ ਗੁੜਗਾਉਂ ਰਹਿੰਦੇ ਲੁਧਿਆਣਾ ਦੇ ਇੰਜੀਨੀਅਰ ਮਨਵਿੰਦਰ ਸਿੰਘ ਗਿਆਸਪੁਰਾ ਨੂੰ ਇਕ ਦੋਧੀ ਨੇ ਦੱਸਿਆ ਸੀ ਕਿ ਹੋਦ ਪਿੰਡ ਵਿਚ ਕਤਲੇਆਮ ਦੌਰਾਨ ਕਈ ਸਿੱਖ ਪਰਿਵਾਰ ਮਾਰੇ ਗਏ ਸਨ। ਉਸ ਤੋਂ ਬਾਅਦ ਸ੍ਰੀ ਗਿਆਸਪੁਰਾ ਨੇ ਪਿੰਡ ਵਿਚੋਂ ਜਾਣਕਾਰੀ ਇਕੱਤਰ ਕਰਨ ਮਗਰੋਂ ਇਸ ਦਾ ਮੀਡੀਆ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕੀ ਕਮੇਟੀ ਤੇ ਸਿੱਖ ਜਥੇਬੰਦੀਆਂ ਕੋਲ ਖੁਲਾਸਾ ਕੀਤਾ। ਪੀੜਤਾਂ ਤੱਕ ਪਹੁੰਚ ਕਰਨ ਲਈ ਸ੍ਰੀ ਗਿਆਸਪੁਰਾ ਦੀ ਅਗਵਾਈ ਹੇਠ ਹੋਦ ਚਿੱਲੜ ਤਾਲਮੇਲ ਕਮੇਟੀ ਬਣਾਈ ਗਈ ਸੀ ਤੇ ਇਸ ਕਮੇਟੀ ਦੇ ਆਗੂ ਹਰ ਪੇਸ਼ੀ 'ਤੇ ਕਮਿਸ਼ਨ ਦੀ ਹਿਸਾਰ ਵਿਚ ਲੱਗਦੀ ਅਦਾਲਤ ਵਿਚ ਪਹੁੰਚਦੇ ਸਨ ਤੇ ਬਿਆਨ ਦਰਜ ਕਰਵਾਉਂਦੇ ਰਹੇ।

# ਕਮਿਸ਼ਨ ਨੇ ਪੰਜਾਬੀ ਲਾਗੂ ਨਾ ਕਰਨ ਵਾਲੇ ਵਿਭਾਗ ਘੇਰੇ

**ਚੰਡੀਗੜ੍ਹ (ਬਿਊਰੋ):** ਸੂਚਨਾ ਕਮਿਸ਼ਨ ਪੰਜਾਬ ਨੇ ਸੂਬੇ ਵਿਚ ਰਾਜ ਭਾਸ਼ਾ ਪੰਜਾਬੀ ਨੂੰ ਲਾਗੂ ਕਰਨ ਬਾਰੇ ਅਹਿਮ ਫੈਸਲਾ ਸੁਣਾਉਂਦਿਆਂ ਪੰਜਾਬੀ ਭਾਸ਼ਾ ਐਕਟ ਦੀ ਮੱਦ-8 ਲਾਗੂ ਕਰਨ ਦੇ ਹੁਕਮ ਜਾਰੀ ਕੀਤੇ ਹਨ। ਹੁਕਮਾਂ ਵਿਚ ਕਮਿਸ਼ਨ ਨੇ ਕਿਹਾ ਹੈ ਕਿ ਪੰਜਾਬੀਆਂ ਦੀ ਸਹੂਲਤ ਲਈ ਸਮੁੱਚਾ ਸਰਕਾਰੀ ਰਿਕਾਰਡ ਸੂਬੇ ਦੀ ਸਰਕਾਰੀ ਭਾਸ਼ਾ ਪੰਜਾਬੀ ਵਿਚ ਵੀ ਉਪਲੱਬਧ ਹੋਣਾ ਜ਼ਰੂਰੀ ਹੈ ਤੇ ਅਜਿਹਾ ਨਾ ਕਰਨ ਵਾਲੇ ਨੂੰ ਸਜ਼ਾ ਵੀ ਹੋ ਸਕਦੀ ਹੈ। ਇਹ ਫੈਸਲਾ ਰਾਜ ਸੂਚਨਾ ਕਮਿਸ਼ਨਰ ਸੁਰਿੰਦਰ ਅਵਸਥੀ ਨੇ ਲੁਧਿਆਣਾ ਮਿਉਂਸਪਲ ਕਾਰਪੋਰੇਸ਼ਨ ਖਿਲਾਫ ਦਾਇਰ ਇਕ ਮਾਮਲੇ ਦੀ ਸੁਣਵਾਈ ਕਰਦਿਆਂ ਸੁਣਾਇਆ। ਇਸ ਮਾਮਲੇ ਨਾਲ ਇਹ ਵੀ ਸਪੱਸ਼ਟ ਹੋ ਗਿਆ ਕਿ ਪੰਜਾਬ 'ਚ ਸਰਕਾਰੀ ਪੱਧਰ 'ਤੇ ਪੰਜਾਬੀ ਭਾਸ਼ਾ ਐਕਟ ਦੀਆਂ ਖੁੱਲ੍ਹ ਕੇ ਧੱਜੀਆਂ ਉਡਾਈਆਂ ਜਾ ਰਹੀਆਂ ਹਨ।

ਕਮਿਸ਼ਨ ਨੇ ਆਪਣੇ ਫੈਸਲੇ ਵਿਚ ਸਪੱਸ਼ਟ ਕੀਤਾ ਕਿ ਪੰਜਾਬੀ ਭਾਸ਼ਾ ਐਕਟ (ਸੋਧਿਆ)-2008 ਦੀ ਮੱਦ-8ਡੀ 1 ਤੇ 2 ਸੂਬੇ ਵਿਚ ਸਰਕਾਰੀ ਪੱਧਰ 'ਤੇ ਪੰਜਾਬੀ ਭਾਸ਼ਾ ਦੀ ਵਰਤੋਂ ਯਕੀਨੀ ਬਣਾਉਣ ਨਾਲ ਸਬੰਧਤ ਹੈ, ਵਿਚ ਇਸ ਐਕਟ ਦੀ ਪਾਲਣਾ ਨਾ ਕਰਨ ਵਾਲੇ ਨੂੰ ਸਜ਼ਾ ਬਾਰੇ ਵੀ ਦਰਜ ਹੈ। ਇਸ ਫੈਸਲੇ ਦਾ ਅਸਰ ਆਉਂਦੇ ਦਿਨੀਂ ਸਮੁੱਚੇ ਪੰਜਾਬ ਵਿਚ ਵੇਖਣ ਨੂੰ ਮਿਲਣ ਦੀ ਪੂਰੀ ਸੰਭਾਵਨਾ ਹੈ। ਫੈਸਲੇ ਵਿਚ ਕਮਿਸ਼ਨਰ ਨੇ ਕਿਹਾ ਕਿ ਵੈਬਸਾਈਟ 'ਤੇ ਐਨੀ ਜਾਣਕਾਰੀ ਅੰਗਰੇਜ਼ੀ ਤੇ ਪੰਜਾਬੀ ਦੋਵਾਂ ਭਾਸ਼ਾਵਾਂ ਵਿਚ ਅਪਲੋਡ ਹੋਣੀ ਚਾਹੀਦੀ ਹੈ ਕਿ ਲੋਕਾਂ ਨੂੰ ਆਰ.ਟੀ.ਆਈ. ਤਹਿਤ ਸੂਚਨਾਵਾਂ ਮੰਗਣ ਦੀ ਲੋੜ ਹੀ ਨਾ ਪਵੇ, ਬਲਕਿ ਉਨ੍ਹਾਂ ਨੂੰ ਬਹੁਤੀਆਂ ਸੂਚਨਾਵਾਂ ਵੈਬਸਾਈਟ ਤੋਂ ਹੀ ਮਿਲ ਜਾਣ।

ਸਿਰਫ ਪੰਜਾਬੀ ਭਾਸ਼ਾ ਐਕਟ ਹੀ ਨਹੀਂ, ਬਲਕਿ ਸੂਚਨਾ ਅਧਿਕਾਰ ਐਕਟ ਵਿਚ ਵੀ ਇਹ ਸਪੱਸ਼ਟ ਹੈ ਕਿ ਮੰਗੇ ਜਾਣ 'ਤੇ ਸੂਚਨਾ ਸਥਾਨਕ ਭਾਸ਼ਾ ਵਿਚ ਵੀ ਉਪਲੱਬਧ ਕਰਵਾਈ ਜਾਵੇ। ਫੈਸਲੇ ਵਿਚ ਲੁਧਿਆਣਾ ਕਾਰਪੋਰੇਸ਼ਨ ਦੇ ਕਮਿਸ਼ਨਰ ਨੂੰ ਹੁਕਮ ਦਿੱਤਾ ਕਿ ਇਸ ਮਾਮਲੇ ਦੀ 12 ਮਾਰਚ ਨੂੰ ਹੋਣ ਵਾਲੀ ਅਗਲੀ ਸੁਣਵਾਈ ਮੌਕੇ ਪੰਜਾਬੀ ਭਾਸ਼ਾ ਐਕਟ ਲਾਗੂ ਕਰਨ ਤੇ ਵੈਬਸਾਈਟ ਦੇ ਨਵੀਨੀਕਰਨ ਬਾਰੇ ਰਿਪੋਰਟ ਪੇਸ਼ ਕੀਤੀ ਜਾਵੇ।

## ਅੰਮ੍ਰਿਤਸਰ ਹਵਾਈ ਅੱਡੇ 'ਤੇ ਪੰਜਾਬੀ ਔਰਤ ਕੋਲੋਂ ਕਾਰਤੂਸ ਫੜੇ

**ਅੰਮ੍ਰਿਤਸਰ:** ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਤਾਇਨਾਤ ਕੇਂਦਰੀ ਸਨਅਤੀ ਸੁਰੱਖਿਆ ਬਲ (ਸੀ.ਆਈ.ਐਸ.ਐਫ.) ਨੇ ਇਕ ਔਰਤ ਕੋਲੋਂ 25 ਕਾਰਤੂਸ ਬਰਾਮਦ ਕੀਤੇ ਹਨ। ਇਸ ਔਰਤ ਦੀ ਸ਼ਨਾਖਤ ਮਨਜੀਤ ਕੌਰ ਢਿੱਲੋਂ ਵਾਸੀ ਅਮਰੀਕਾ ਵਜੋਂ ਹੋਈ ਹੈ। ਪੰਜਾਬੀ ਮੂਲ ਦੀ ਇਹ ਔਰਤ ਜੈਟ ਏਅਰਵੇਜ਼ ਹਵਾਈ ਕੰਪਨੀ ਦੀ ਅੰਮ੍ਰਿਤਸਰ-ਨਵੀਂ ਦਿੱਲੀ ਉਡਾਣ ਰਾਹੀਂ ਦਿੱਲੀ ਜਾ ਰਹੀ ਸੀ, ਜਿਥੋਂ ਉਸ ਨੇ ਅਗਾਂਹ ਪੂਨੇ ਜਾਣਾ ਸੀ ਪਰ ਇਸ ਤੋਂ ਪਹਿਲਾਂ ਹੀ ਜਾਂਚ-ਪੜਤਾਲ ਦੌਰਾਨ ਉਸ ਦੇ ਪਰਸ ਵਿਚੋਂ ਇਹ 25 ਕਾਰਤੂਸ ਬਰਾਮਦ ਹੋਏ।

ਮੁੱਢਲੀ ਪੁੱਛਗਿੱਛ ਦੌਰਾਨ ਉਸ ਨੇ ਪਰਸ ਵਿਚੋਂ ਬਰਾਮਦ ਹੋਏ ਕਾਰਤੂਸਾਂ ਬਾਰੇ ਅਗਿਆਨਤਾ ਪ੍ਰਗਟਾਈ ਤੇ ਕਿਸੇ ਦੀ ਸ਼ਰਾਰਤ ਦੱਸ ਰਹੀ ਹੈ। ਇਹ ਔਰਤ ਇੰਡੋਨੇਸ਼ੀਆ ਦੀ ਜੰਮਪਲ ਹੈ ਪਰ ਉਸ ਦਾ ਪਤੀ ਤੇ ਬੱਚੇ ਅਮਰੀਕਾ ਲਾਸ ਏਂਜਲਸ ਵਿਚ ਰਹਿੰਦੇ ਹਨ, ਜਿਥੇ ਉਹ ਇਕ ਉਸਾਰੀ ਕੰਪਨੀ ਦਾ ਕੰਮ-ਕਾਜ ਚਲਾਉਂਦੀ ਹੈ। ਉਹ 7 ਫਰਵਰੀ ਨੂੰ ਇੰਡੋਨੇਸ਼ੀਆ ਦੇ ਲੋਕਾਂ ਦੇ ਇਕ ਗਰੁਪ ਨਾਲ ਇਥੇ ਆਈ ਸੀ। ਉਸ ਦਾ ਵੀਜ਼ਾ 8 ਮਾਰਚ ਤੱਕ ਹੈ। ਉਹ ਇਥੇ ਨਵਾਂ ਸ਼ਹਿਰ ਵਿਖੇ ਇਕ ਵਿਆਹ ਸਮਾਗਮ ਵਿਚ ਸ਼ਾਮਲ ਹੋਣ ਲਈ ਆਈ ਸੀ।

ਅਧਿਕਾਰੀਆਂ ਨੇ ਦੱਸਿਆ ਕਿ ਇਨ੍ਹਾਂ 25 ਕਾਰਤੂਸਾਂ ਤੋਂ ਇਲਾਵਾ ਇਕ ਖਾਲੀ ਕਾਰਤੂਸ ਵੀ ਪਰਸ ਵਿਚੋਂ ਬਰਾਮਦ ਹੋਇਆ ਹੈ। ਸਾਰੇ ਕਾਰਤੂਸ ਵੱਖ-ਵੱਖ ਹਥਿਆਰਾਂ ਨਾਲ ਸਬੰਧਤ ਹਨ। ਕਾਰਤੂਸਾਂ ਉਤੇ 'ਮੇਡ ਇਨ ਅਮੈਰਿਕਾ' ਲਿਖਿਆ ਹੋਇਆ ਹੈ।

# ਮਰਨ ਪਿੱਛੋਂ ਵੀ ਅਧਿਆਪਕਾਂ ਦੀ ਡਿਊਟੀ ਤੋਂ ਖਲਾਸੀ ਨਾ ਹੋਈ

**ਮੁਹਾਲੀ:** ਅਧਿਆਪਕਾਂ ਤੋਂ ਗੈਰ ਵਿਦਿਅਕ ਕੰਮ ਕਰਵਾਉਣ ਕਾਰਨ ਚਰਚਾ ਵਿਚ ਰਹਿੰਦੇ ਪੰਜਾਬ ਦੇ ਸਿੱਖਿਆ ਵਿਭਾਗ ਨੇ ਹੁਣ ਸੇਵਾਮੁਕਤੀ ਜਾਂ ਮਰਨ ਤੋਂ ਬਾਅਦ ਵੀ ਅਧਿਆਪਕਾਂ ਦੀ ਸਰਕਾਰੀ ਡਿਊਟੀ ਤੋਂ ਖਲਾਸੀ ਨਾ ਕਰਨ ਦਾ ਫੈਸਲਾ ਕਰ ਲਿਆ ਹੈ। ਇਸ ਦੀ ਤਾਜ਼ਾ ਮਿਸਾਲ ਦਸਵੀਂ ਤੇ ਬਾਰ੍ਹਵੀਂ ਸ਼੍ਰੇਣੀ ਦੀਆਂ ਸਾਲਾਨਾ ਪ੍ਰੀਖਿਆਵਾਂ ਵਿਚ ਅਧਿਆਪਕਾਂ ਦੀਆਂ ਲੱਗੀਆਂ ਡਿਊਟੀਆਂ ਤੋਂ ਮਿਲਦੀ ਹੈ।

ਸਿੱਖਿਆ ਵਿਭਾਗ ਨੇ ਇਕ ਮ੍ਰਿਤਕ ਅਧਿਆਪਕ ਨੂੰ ਪ੍ਰੀਖਿਆ ਡਿਊਟੀ ਦੇਣ ਦੇ ਹੁਕਮ ਚਾੜ ਦਿੱਤੇ ਹਨ। ਈ.ਟੀ.ਟੀ. ਅਧਿਆਪਕ ਰਣਜੀਤ ਸਿੰਘ (ਸਰਕਾਰੀ ਐਲੀਮੈਂਟਰੀ ਸਕੂਲ ਜਾਗੋ ਚਨਾਥਲ, ਜ਼ਿਲ੍ਹਾ ਫਤਹਿਗੜ੍ਹ ਸਾਹਿਬ) ਦੀ ਕੁਝ ਸਮਾਂ ਪਹਿਲਾਂ ਮੌਤ ਹੋ ਚੁੱਕੀ ਹੈ ਪਰ ਬੋਰਡ ਦੀਆਂ ਸਾਲਾਨਾ ਪ੍ਰੀਖਿਆਵਾਂ ਵਿਚ ਇਸ ਅਧਿਆਪਕ ਦੀ ਡਿਊਟੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਮੁੱਲੇਪੁਰ (ਜ਼ਿਲ੍ਹਾ ਫਤਹਿਗੜ੍ਹ ਸਾਹਿਬ) ਦੇ ਪ੍ਰੀਖਿਆ ਕੇਂਦਰ ਵਿਚ ਲਾਈ ਗਈ ਹੈ। ਇਨ੍ਹਾਂ ਸਾਲਾਨਾ ਪ੍ਰੀਖਿਆਵਾਂ ਵਿਚ 150 ਤੋਂ 200 ਅਜਿਹੇ ਅਧਿਆਪਕਾਂ ਦੀ ਵੀ ਡਿਊਟੀ ਲਾਈ ਗਈ ਹੈ, ਜੋ ਸੇਵਾਮੁਕਤ ਹੋ ਚੁੱਕੇ ਹਨ। ਇਨ੍ਹਾਂ ਵਿਚ ਕਈ ਅਜਿਹੇ ਅਧਿਆਪਕ ਵੀ ਹਨ, ਜੋ 28 ਫਰਵਰੀ ਨੂੰ ਸੇਵਾਮੁਕਤ ਹੋ ਗਏ ਹਨ। ਪ੍ਰੀਖਿਆ ਡਿਊਟੀ ਦੇਣ ਬਾਰੇ ਸਕੂਲਾਂ ਵਿਚ ਪੁੱਜੀਆਂ ਅਧਿਆਪਕਾਂ ਦੀਆਂ ਸੂਚੀਆਂ ਵਿਚ ਕੁਝ ਅਜਿਹੇ ਨਾਂ ਵੀ ਹਨ, ਜਿਨ੍ਹਾਂ ਦੀ ਉਥੋਂ ਕਿਸੇ ਹੋਰ ਸਕੂਲ ਵਿਚ ਬਦਲੀ ਹੋ ਚੁੱਕੀ ਹੈ। ਇਸ ਕਾਰਨ ਪ੍ਰੀਖਿਆ ਕੇਂਦਰਾਂ ਵਿਚ ਅਧਿਆਪਕਾਂ ਦੀਆਂ ਡਿਊਟੀਆਂ ਲਾਉਣ ਦੇ ਕੰਮ ਵਿਚ ਦੇਰੀ ਹੋ ਰਹੀ ਹੈ।

ਉਂਜ ਵੀ ਸਿੱਖਿਆ ਵਿਭਾਗ ਹੁਣ ਤੱਕ ਅਧਿਆਪਕਾਂ ਦੀਆਂ ਡਿਊਟੀਆਂ ਪ੍ਰਤੀ ਪਾਰਦਰਸ਼ਤਾ ਲਿਆਉਣ ਵਿਚ ਨਾਕਾਮ ਸਾਬਤ ਹੋਇਆ ਹੈ। ਅਜਿਹੀਆਂ ਬਹੁਤ ਸਾਰੀਆਂ ਸ਼ਿਕਾਇਤਾਂ ਮਿਲ ਰਹੀਆਂ ਹਨ ਕਿ ਸੂਬੇ ਵਿਚ ਬਹੁਤ ਸਾਰੇ ਅਧਿਆਪਕਾਂ ਨੂੰ ਹਰੇਕ ਸਾਲ ਪ੍ਰੀਖਿਆ ਤੇ ਚੋਣ ਡਿਊਟੀ ਦੇਣੀ ਪੈਂਦੀ ਹੈ ਜਦਕਿ ਬਹੁਤ ਸਾਰੇ ਅਧਿਆਪਕ ਅਜਿਹੇ ਹਨ, ਜਿਨ੍ਹਾਂ ਪੂਰੀ ਸੇਵਾ ਦੌਰਾਨ ਕਦੇ ਵੀ ਸਾਲਾਨਾ ਪ੍ਰੀਖਿਆ, ਚੋਣ ਡਿਊਟੀ, ਵੋਟਾਂ ਦੀ ਸੁਧਾਈ ਜਾਂ ਆਟਾ-ਦਾਲ ਸਕੀਮ ਵਿਚ ਡਿਊਟੀ ਨਹੀਂ ਦਿੱਤੀ।

ਇਸੇ ਦੌਰਾਨ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ (ਜੀ.ਟੀ.ਯੂ.) ਦੇ ਸੂਬਾਈ ਪ੍ਰਧਾਨ ਕਰਨੈਲ ਸਿੰਘ ਸੰਧੂ ਨੇ ਕਿਹਾ ਕਿ ਅਧਿਆਪਕਾਂ ਦੀ ਦੂਰ ਦੁਰਾਡੇ ਦੇ ਪ੍ਰੀਖਿਆ ਕੇਂਦਰਾਂ ਵਿਚ ਡਿਊਟੀ ਲਾਈ ਗਈ ਹੈ। ਕਈ ਸੇਵਾਮੁਕਤ ਅਧਿਆਪਕਾਂ ਨੂੰ ਵੀ ਪ੍ਰੀਖਿਆ ਡਿਊਟੀ ਦੇਣ ਦੇ ਹੁਕਮ ਚਾੜ ਦਿੱਤੇ ਹਨ।

## ਅਧਿਆਪਕਾਂ ਨਾਲ ਧੱਕੇਸ਼ਾਹੀ ਦੀ ਸੰਸਦ ਵਿਚ ਵੀ ਗੂੰਜ

**ਨਵੀਂ ਦਿੱਲੀ:** ਕਾਂਗਰਸੀ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਸੰਸਦ ਵਿਚ ਨੈਸ਼ਨਲ ਚਾਈਲਡ ਲੇਬਰ ਪ੍ਰਾਜੈਕਟ ਰਾਹੀਂ ਪੜ੍ਹਾਏ ਜਾ ਰਹੇ ਗਰੀਬ ਬੱਚਿਆਂ ਦੇ ਧੁੰਦਲੇ ਭਵਿੱਖ ਦਾ ਮੁੱਦਾ ਚੁੱਕਦਿਆਂ ਕੇਂਦਰ ਤੇ ਭਾਜਪਾ ਸਰਕਾਰ 'ਤੇ ਬੱਚਿਆਂ ਦੇ ਭਵਿੱਖ ਅਣਗੌਲਿਆਂ ਕਰਨ ਦਾ ਇਲਜ਼ਾਮ ਲਾਇਆ।

ਸ. ਬਿੱਟੂ ਨੇ ਕਿਹਾ ਕਿ ਇਸ ਵੇਲੇ ਦੇਸ਼ ਦੇ ਵੱਖ-ਵੱਖ 271 ਜ਼ਿਲ੍ਹਿਆਂ ਦੇ 6000 ਸਕੂਲਾਂ ਵਿਚ ਤਕਰੀਬਨ 10 ਲੱਖ ਬੱਚੇ ਸਿੱਖਿਆ ਹਾਸਲ ਕਰ ਰਹੇ ਹਨ ਪਰ ਇਨ੍ਹਾਂ ਸਕੂਲਾਂ ਦੇ ਅਧਿਆਪਕਾਂ ਨੂੰ ਇਕ ਸਾਲ ਤੋਂ ਤਨਖਾਹ ਨਾ ਮਿਲਣ ਕਾਰਨ ਬੱਚਿਆਂ ਦਾ ਭਵਿੱਖ ਧੁੰਦਲਾ ਨਜ਼ਰ ਆ ਰਿਹਾ ਹੈ। ਸ. ਬਿੱਟੂ ਨੇ ਲੁਧਿਆਣਾ ਦਾ ਜ਼ਿਕਰ ਕਰਦਿਆਂ ਕਿਹਾ ਕਿ ਲੁਧਿਆਣਾ ਦੇ ਹੀ 40 ਸਕੂਲਾਂ ਦੇ 200 ਅਧਿਆਪਕਾਂ ਨੂੰ ਤਨਖਾਹ ਨਹੀਂ ਮਿਲੀ ਜਦਕਿ 2013-14 ਵਿਚ ਪਿਛਲੀ ਸਰਕਾਰ ਨੇ ਇਸ ਲਈ 55 ਲੱਖ ਰੁਪਏ ਭੇਜੇ ਸਨ।

# ਸ਼ਬਦ-ਸਲਾਈਆਂ ਨਾਲ ਸਿਆਸਤ ਦੀ ਬੁਣਤੀ

## ਨੋਕ-ਝੋਕ



ਐਸ. ਅਸ਼ੋਕ ਭੌਰਾ

*ਕੁਝ ਲੋਕ ਸਿਰਫ ਆਪਣੇ ਪਹਿਨਣ ਵਾਲੇ ਕੱਪੜਿਆਂ ਦੇ ਸੰਪਰਕ ਵਿਚ ਹੀ ਹੁੰਦੇ ਹਨ, ਦੂਜਿਆਂ ਨਾਲ ਮੇਲ-ਮਿਲਾਪ ਦੀ ਸ਼ਾਬਾਸ਼ ਉਨ੍ਹਾਂ ਨੇ ਕਦੇ ਲਈ ਨਹੀਂ ਹੁੰਦੀ। ਇਨ੍ਹਾਂ ਹੀ ਲੋਕਾਂ ਨੇ ਪਿੱਠ ਪਿੱਛੇ ਕਹਿਣਾ ਹੁੰਦਾ ਹੈ- 'ਮੈਂ ਜਾਣਦਾਂ ਉਹਨੂੰ ਚੰਗੀ ਤਰ੍ਹਾਂ', ਤੇ ਸਾਹਮਣੇ ਆਉਣ 'ਤੇ ਇਹ ਆਖ ਰਹੇ ਹੁੰਦੇ ਨੇ- 'ਤੂੰ ਮੈਨੂੰ ਜਾਣਦਾ ਨਹੀਂ...ਤੈਨੂੰ ਹਾਲੇ ਮੇਰਾ ਪਤਾ ਨਹੀਂ!' ਇਹ ਅਸਲ ਵਿਚ ਭਰਮ ਦੀ ਚਟਣੀ ਹੀ ਰਗੜ ਰਹੇ ਹੁੰਦੇ ਹਨ। ਇਹ ਭੋਲੇ, ਹਨ੍ਹੇਰੇ ਵਿਚ ਹੀ ਘੁੰਮਦੇ ਰਹਿੰਦੇ ਹਨ। ਇਨ੍ਹਾਂ ਨੂੰ ਨਹੀਂ ਪਤਾ ਕਿ ਦੁਨੀਆਂ ਹਰ ਇਕ ਨੂੰ ਜਾਣਦੀ ਹੈ ਤੇ ਇਹ ਸਿਰਫ ਵਕਤ ਆਉਣ 'ਤੇ ਹੀ ਪੱਤੇ ਖੋਲ੍ਹਦੀ ਹੈ। ਕਈਆਂ ਕੋਲ ਦੀਵਾ ਵੀ ਹੁੰਦਾ ਹੈ, ਤੇਲ ਤੇ ਬੱਤੀ ਵੀ, ਪਰ ਤ੍ਹੀਲਾਂ ਦੀ ਸਲ੍ਹਾਬੀ ਹੋਈ ਡੱਬੀ ਵਾਹ-ਪੇਸ਼ ਨਹੀਂ ਚੱਲਣ ਦਿੰਦੀ। ਦੁਨੀਆਂ ਫਿਰ ਇਨ੍ਹਾਂ ਲੋਕਾਂ ਨੂੰ 'ਦੀਵੇ' ਆਖਦੀ ਹੈ। ਬਾਪੂ ਆਸਾ ਰਾਮ ਨੂੰ ਨਹੀਂ ਪਤਾ ਸੀ ਕਿ ਬੁੱਢੇ ਵਾਰੇ ਠਰਕ ਉਹਦੀ ਸਾਰੀ ਜਾਇਦਾਦ ਤੋਂ ਵੀ ਕਿਤੇ ਵੱਧ ਮਹਿੰਗਾ ਹੋ ਜਾਵੇਗਾ। ਵਿਚਾਰਾ ਹਰਿਆਣੇ ਆਲਾ ਰਾਮਪਾਲ ਵੀ ਨਹੀਂ ਸੀ ਜਾਣਦਾ ਕਿ ਹੱਥ ਆਮ ਜਨਤਾ ਦੇ ਦੇਖੀਦੇ ਹੁੰਦੇ ਆ, ਕਾਨੂੰਨ ਦੇ ਨਹੀਂ। ਉੱਲੂ ਦੀਆਂ ਅੱਖਾਂ ਚੰਗਾ ਹੈ ਜੇ ਹਾਲੇ ਦਿਨ ਨੂੰ ਨਾ ਹੀ ਖੁੱਲ੍ਹਣ। ਦੁਨੀਆਂ 107/51 ਵਿਚ ਵਰਤੇ ਡਾਂਗਾਂ-ਸੋਟੇ ਹੀ ਸੰਭਾਲਣ ਲੱਗ ਪਈ ਹੈ ਜਦਕਿ ਭਲੇ ਲੋਕਾਂ ਨੂੰ ਪਤਾ ਹੈ ਕਿ ਜਿੱਤੀਆਂ ਗਈਆਂ ਇਤਿਹਾਸਕ ਜੰਗਾਂ ਦੇ ਹਥਿਆਰਾਂ ਨੇ ਹੀ ਅਜਾਇਬਘਰਾਂ ਵਿਚ ਸ਼ਸ਼ੋਭਿਤ ਹੋਣਾ ਹੁੰਦਾ ਹੈ। ਪਾਗਲਾਂ ਨੂੰ ਅਕਲ ਦੀਆਂ ਪੌੜੀਆਂ ਚੜ੍ਹਾਉਗੇ ਤਾਂ ਪੌਡੇ ਤੇ ਗੋਡੇ- ਦੋਵੇਂ ਟੁੱਟ ਜਾਣਗੇ। ਜੈਕਾਰੇ ਸੰਗਤ ਨੇ ਲਾਉਣੇ ਹੁੰਦੇ ਨੇ, ਤੇ ਨਾਅਰੇ ਭੀੜ ਨੇ। ਸੰਗਤ ਵਿਚ ਸ਼ਰਧਾ ਹੁੰਦੀ ਹੈ ਤੇ ਭੀੜ ਕੋਲ ਜ਼ਿੰਦਾਬਾਦ-ਮੁਰਦਾਬਾਦ! ਵਰਤਮਾਨ ਸਿਆਸੀ ਹਾਲਾਤ ਨੇ ਬੇਸੁਰੇ ਨਾਅਰੇ ਗੂੰਜਣ ਲਾ ਦਿੱਤੇ ਹਨ। ਇਹ ਸ਼ੋਰ ਪ੍ਰਦੂਸ਼ਣ ਵਧ ਵੀ ਲਗਾਤਾਰ ਰਿਹਾ ਹੈ। ਆਹ ਪੜ੍ਹ ਕੇ ਲੱਗੇਗਾ ਕਿ ਵਾਸ਼ਨਾ ਤਾਂ ਸੁਆਦਲੇ ਭੋਜਨ ਦੀ ਵੀ ਆਉਂਦੀ ਸੀ ਪਰ ਖਾਣਾ ਨਸੀਬ ਨਹੀਂ ਹੋਇਆ। ਫਿਰ ਜੀਭ ਜੇ ਜੈਕਾਰੇ ਨਹੀਂ, ਨਾਅਰੇ ਲਾਵੇਗੀ, ਨਹੀਂ ਤਾਂ ਹੋਰ ਫਿਰ ਕੀ ਕਰੇਗੀ?*

ਹਰ ਇਨਸਾਨ ਦੀ ਜ਼ਿੰਦਗੀ ਵਿਚ ਅਜਿਹਾ ਕਦੇ ਨਾ ਕਦੇ ਵਾਪਰਿਆ ਜ਼ਰੂਰ ਹੈ ਜੋ ਸੀ ਤਾਂ ਤਰਤੀਬ ਵਿਚ, ਪਰ ਵਕਤ ਨੇ ਅਠੋਤਰੀ ਮਾਲਾ ਦੇ ਟੁੱਟੇ ਧਾਗੇ ਵਾਂਗ ਮੋਤੀ ਖਿਲਾਰ ਕੇ ਸਭ ਕੁਝ ਬੇ-ਤਰਬੀਬ ਕਰ ਦਿੱਤਾ। 'ਜੇ ਇੱਦਾਂ ਨਾ ਹੁੰਦਾ ਤਾਂ ਇੱਦਾਂ ਹੋਣਾ ਸੀ', ਦੀ ਸੋਚ ਵਾਂਗ ਮੈਂ ਵੀ ਹਰ ਵਕਤ ਉਲਝਿਆ ਰਿਹਾ ਹਾਂ ਕਿਉਂਕਿ ਦਰਜਨਾਂ ਦੇਸ਼ ਦੇਖ ਕੇ ਆਪਣਾ ਮੁਲਕ ਛੱਡ, ਕਿਤੇ ਵੀ ਸਥਾਈ ਤੌਰ 'ਤੇ ਵਸਣਾ ਮੇਰੇ ਜੀਵਨ ਦੇ ਵਿਧੀ-ਵਿਧਾਨ ਵਿਚ ਨਹੀਂ ਸੀ। ਅਮਰੀਕਾ ਦੀ ਪੱਕੀ ਠਹਿਰ ਦਾ ਮੈਨੂੰ ਕੋਈ ਝੋਰਾ ਨਹੀਂ, ਤੇ ਇਥੇ ਮੈਂ ਕਿਉਂ ਵਸ ਗਿਆ ਹਾਂ, ਇਹ ਕੋਈ ਇਤਫ਼ਾਕ ਨਹੀਂ ਸੀ। ਸਮਾਂ ਆਉਣ 'ਤੇ ਗੰਢੇ ਦੀ ਛਿੱਲ ਵਾਂਗ ਇਹ ਸੱਚ ਵੀ ਕਦੇ ਜ਼ਰੂਰ ਉਤਾਰਾਂਗਾ, ਕਿਉਂਕਿ ਦੁੱਧ 'ਤੇ ਆਈ ਮਲਾਈ ਲਾਹ ਕੇ ਖਾਣ ਤੋਂ ਕਈ ਵਾਰ ਮਰੀਜ਼ ਡਾਕਟਰਾਂ ਦੇ ਕਹਿਣ 'ਤੇ ਵੀ ਨਹੀਂ ਹਟਦਾ, ਮਰੀਜ਼ ਲਈ ਇਹ ਘਟਨਾ ਬਿਮਾਰੀ ਨਾਲ ਨਹੀਂ, ਸੁਆਦ ਤੇ ਪ੍ਰਸੰਨਤਾ ਨਾਲ ਵੀ ਜੁੜੀ ਹੁੰਦੀ ਹੈ।

ਹਰ ਜ਼ਿੰਮੇਵਾਰੀ ਦਾ ਅਹਿਸਾਸ ਹੋਣ ਕਰ ਕੇ ਮੈਂ ਜ਼ਿੰਦਗੀ ਨਾਲ ਕਦੇ ਕੋਈ ਸ਼ਿਕਾਇਤ ਨਹੀਂ ਕਰਦਾ, ਅਮੀਰ ਬਣਨ ਦਾ ਵੀ ਭਰਮ ਨਹੀਂ, ਪਰ ਔਰਤ ਤੋਂ ਬਾਅਦ ਕਈ ਤਸਵੀਰਾਂ ਵੀ ਤੁਹਾਡੇ ਘਰ ਦਾ ਸ਼ਿੰਗਾਰ ਹੁੰਦੀਆਂ ਹਨ ਜੋ ਬੋਲਦੀਆਂ ਭਾਵੇਂ ਨਹੀਂ, ਕਹਿੰਦੀਆਂ ਸਭ ਕੁਝ ਹਨ।

ਕੋਈ ਸਮਾਂ ਸੀ, ਸਤਲੁਜ-ਜਮਨਾ ਲਿੰਕ ਵਾਂਗ ਜਗਦੇਵ ਸਿੰਘ ਜੱਸੋਵਾਲ ਅਤੇ ਮੇਰੀ ਬੇਹੱਦ ਸਾਂਝ ਸੀ। ਫਰਕ ਸਿਰਫ ਇਹੀ ਸੀ ਕਿ ਪਾਣੀਆਂ ਵਾਂਗ ਝਗੜਾ ਕੋਈ ਨਹੀਂ ਸੀ ਸਗੋਂ ਅਸੀਂ ਸਭਿਆਚਾਰਕ ਪੁਲ ਉਸਾਰਨ ਵਿਚ ਲੱਗੇ ਹੋਏ ਸਾਂ। ਇਹ ਉਨ੍ਹਾਂ ਦਿਨਾਂ ਦੀ ਗੱਲ ਹੈ ਜਦੋਂ ਪੰਜਾਬ ਦੇ ਦੋ ਮੇਲਿਆਂ-ਲੁਧਿਆਣੇ ਲਗਦੇ ਪ੍ਰੋ. ਮੋਹਨ ਸਿੰਘ ਤੇ ਮਾਹਿਲਪੁਰ ਲਗਦੇ ਸ਼ੌਂਕੀ ਮੇਲੇ, ਪੰਜਾਬ



*ਅਸ਼ੋਕ ਭੌਰਾ ਆਪਣੇ ਘਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲ ਸਾਲ 2002 'ਚ*

ਦੇ ਸਭਿਆਚਾਰਕ ਨਕਸ਼ੇ 'ਤੇ ਪੂਰੇ ਗੂੜ੍ਹੇ ਹੋ ਕੇ ਉਘੜੇ ਸਨ। ਦੋਹਾਂ ਮੇਲਿਆਂ 'ਤੇ ਸਰਕਾਰੀ ਛੁੱਟੀ ਹੁੰਦੀ ਰਹੀ, ਲੱਖਾਂ ਲੋਕ ਜੁੜਦੇ ਰਹੇ ਅਤੇ ਕਲਾ ਤੇ ਗਾਇਨ ਦਾ ਹਰ ਰੰਗ ਉਘੜਿਆ। ਇਨ੍ਹਾਂ ਮੇਲਿਆਂ ਵਿਚੋਂ ਇਕ ਦੀ ਕਮਾਨ ਜੱਸੋਵਾਲ ਤੇ ਦੂਜੇ ਦੀ ਕਮਾਨ ਮੇਰੇ ਕੋਲ ਸੀ।

ਹੋਇਆ ਇਉਂ ਕਿ ਬੇਅੰਤ ਸਿੰਘ ਦੀ ਸਰਕਾਰ ਸੀ 1993 ਵਿਚ, ਤੇ ਉਦੋਂ ਚਰਚਾ ਇਹ ਛਿੜ ਗਈ ਸੀ ਕਿ ਜੱਸੋਵਾਲ ਦੇ ਕੱਦ ਦੇ ਹਿਸਾਬ ਨਾਲ ਉਹਨੂੰ ਕੋਈ ਸਰਕਾਰੀ ਰੁਤਬਾ ਦਿੱਤਾ ਜਾਵੇ। ਕਨਸੋਅ ਸੀ ਕਿ ਪੁਰਾਤੱਤਵ ਤੇ ਸਭਿਆਚਾਰਕ ਵਿਭਾਗ ਹੀ ਉਹਨੂੰ ਦੇ ਦਿੱਤਾ ਜਾਵੇ। ਮੈਨੂੰ ਇਸ ਭੇਤ ਦਾ ਉਦੋਂ ਪਤਾ ਲੱਗਾ ਜਦੋਂ ਜੱਸੋਵਾਲ ਮੈਨੂੰ ਨਾਲ ਲੈ ਕੇ ਚੰਡੀਗੜ੍ਹ ਗਿਆ। ਪਹਿਲੇ ਦਿਨ ਮੁੱਖ ਮੰਤਰੀ ਨਾਲ ਮੇਲ ਨਹੀਂ ਹੋ ਸਕਿਆ। ਰਾਤ ਅਸੀਂ ਕਿਸਾਨ ਭਵਨ ਠਹਿਰੇ। ਸਵੇਰੇ 11 ਕੁ ਵਜੇ ਜਦੋਂ ਸਕੱਤਰੇਤ ਵਿਚ ਮੁੱਖ ਮੰਤਰੀ ਬੇਅੰਤ ਸਿੰਘ ਨੂੰ ਮਿਲੇ, ਤਾਂ ਜੱਸੋਵਾਲ ਦੀ ਫਰਾਖਦਿਲੀ ਵੇਖ ਕੇ ਮੈਂ ਸੁੰਨ ਜਿਹਾ ਹੋ ਗਿਆ। ਦੋਹਾਂ ਦੀ ਆਪਸੀ ਰਾਜਨੀਤਕ, ਪਰ ਗੂੜ੍ਹੀ ਮਿੱਤਰਤਾ ਸੀ। ਜੱਸੋਵਾਲ ਕਹਿਣ ਲੱਗਾ, "ਸੀ.ਐਮ. ਸਾਹਿਬ! ਮੈਂ ਤਾਂ ਹੋ ਗਿਆ ਬੁੱਢਾ, ਬਥੇਰਾ ਸੁਆਦ ਦੇਖ ਲਿਆ; ਇਸ ਮੁੰਡੇ ਨੇ ਵੀ ਬਹੁਤ ਕੰਮ ਕੀਤਾ...ਢਾਡੀਆਂ, ਕਵੀਸ਼ਰਾਂ ਬਾਰੇ ਲਿਖਿਆ, ਸ਼ੌਂਕੀ ਮੇਲਾ ਲਾਉਂਦਾ... ਮੈਨੂੰ ਛੱਡੋ, ਇਹਨੂੰ ਲਾਓ ਕਿਤੇ।" ਸਾਡੇ ਬੈਠਿਆਂ ਹੀ ਬੇਅੰਤ ਸਿੰਘ ਨੇ ਆਪਣੇ ਪ੍ਰਿੰਸੀਪਲ ਸੈਕਟਰੀ ਨੂੰ ਬੁਲਾ ਕੇ ਕਾਰਵਾਈ ਕਰਨ ਲਈ ਕਹਿ ਦਿੱਤਾ। ਹੁਣ ਮੈਂ ਆਪਣੀ ਯੋਗਤਾ ਤੇ ਹੋਰ ਕੰਮਾਂ ਦੀ ਫਾਈਲ ਤਿਆਰ ਕਰ ਕੇ ਭੇਜਣੀ ਸੀ!

ਇਹ ਘਟਨਾ ਵਾਪਰ ਤਾਂ ਗਈ, ਜੱਸੋਵਾਲ ਹੱਥ ਫਾਈਲ ਮੈਂ ਤਿਆਰ ਕਰ ਕੇ ਭੇਜ ਵੀ ਦਿੱਤੀ, ਪਰ ਮੇਰਾ ਸਿਆਸੀ ਪਿਛੋਕੜ ਨਾ ਹੋਣ ਕਰ ਕੇ ਕਹਾਣੀ ਬਿਨਾਂ ਪਾਤਰ ਵਾਲੀ ਬਣ ਗਈ। ਮੇਰਾ ਕਿਸੇ ਪਾਰਟੀ ਨਾਲ ਬਹੁਤਾ ਲੱਗ-ਲਗਾ ਨਹੀਂ ਸੀ!

ਦਿਲਬਾਗ ਸਿੰਘ ਨਵਾਂ ਸ਼ਹਿਰ ਉਦੋਂ ਬੇਅੰਤ ਸਿੰਘ ਸਰਕਾਰ ਵਿਚ ਖੇਤੀਬਾੜੀ ਤੇ ਸਹਿਕਾਰੀ ਮੰਤਰੀ ਸਨ। ਜੱਸੋਵਾਲ ਵਾਪਸੀ 'ਤੇ ਕਹਿਣ ਲੱਗਾ, "ਦਿਲਬਾਗ ਸਿੰਘ ਤੇਰਾ ਗਰਾਈਂ ਐ, ਚੱਲ ਉਹਨੂੰ ਮਿਲ ਚੱਲਦੇ ਆਂ। ਉਹ ਵੀ ਸਿਫ਼ਾਰਸ਼ ਕਰ ਦਏਗਾ।" ਸੱਤ ਵਜੇ ਦੇ ਕਰੀਬ ਅਸੀਂ ਉਹਦੀ 18 ਸੈਕਟਰ ਵਾਲੀ ਕੋਠੀ ਗਏ, ਪਰ ਉਨ੍ਹਾਂ ਇਹ ਕਹਿ ਕੇ ਜਿਵੇਂ ਨਿਚੋੜ ਹੀ ਕੱਢ ਦਿੱਤਾ ਹੋਵੇ, "ਅੱਛਾ, ਤੂੰ ਫਲਾਣੇ ਦਾ ਮੁੰਡਾ ਏਂ।" ਗਰੀਬ ਦੀ ਕੰਧ ਤਾਂ ਕਈ ਵਾਰ ਪੱਕੀਆਂ ਇੱਟਾਂ ਦੀ ਹੁੰਦੀ ਐ, ਪਰ ਗਾਰੇ ਦੀ ਚਿਣਾਈ ਕਰ ਕੇ ਉਂਈ ਡਿੱਗਣ-ਡਿੱਗਣ ਕਰਦੀ ਰਹਿੰਦੀ ਐ। ਹਾਲਾਂਕਿ ਮੇਰੇ ਦਾਦੇ-ਪੜਦਾਦੇ ਤੋਂ ਵੋਟਾਂ ਕਾਂਗਰਸ, ਖਾਸ ਕਰ ਕੇ ਦਿਲਬਾਗ ਸਿੰਘ ਨੂੰ ਹੀ ਪੈਂਦੀਆਂ ਆਈਆਂ ਸਨ।

ਮੈਨੂੰ ਲਗਦਾ ਸੀ ਕਿ ਮੱਸਿਆ ਦੀ ਰਾਤ ਭੁਲੇਖੇ ਨਾਲ ਮਾੜਾ-ਮੋਟਾ ਚੰਦ ਨਿਕਲ ਸਕਦਾ ਹੈ, ਪਰ ਦਿਲਬਾਗ ਸਿੰਘ ਹੋਰਾਂ ਮੇਰੀ ਆਸ ਮੱਧਮ ਕਰ ਦਿੱਤੀ ਸੀ। ਮੰਨੋ ਭਾਵੇਂ ਨਾ, ਪਰ ਵੱਡੇ ਲੋਕਾਂ ਦੇ ਗਰਾਈਂ ਹੋਣਾ ਕਈ ਵਾਰ ਗੁਨਾਹ ਵੀ ਬਣ ਜਾਂਦਾ ਹੈ। ਇੱਦਾਂ ਦਾ ਹੀ ਮੇਰਾ ਅਹਿਸਾਸ ਸੀ ਉਸ ਦਿਨ। ਇਸ ਤੋਂ ਬਾਅਦ ਤਾਂ ਵਲੈਤੀ ਗਾਂ ਜਿਵੇਂ ਨਵੇਂ ਦੁੱਧ ਹੋਈ ਹੀ ਨਾ ਹੋਵੇ, ਗੱਲ ਥਾਂਏਂ ਜਾਮ ਹੋ ਗਈ ਸੀ।

1994 ਵਿਚ ਸ਼ੌਂਕੀ ਮੇਲੇ ਦੀ ਇਕ ਤਰ੍ਹਾਂ ਨਾਲ ਸਿਖਰ ਸੀ। ਉਸੇ ਸਾਲ ਢਾਡੀ ਦਿਲਬਰ ਵੀ ਆਇਆ, ਰਣਜੀਤ ਸਿੰਘ ਸਿਧਵਾਂ ਵੀ, ਹਰਭਜਨ ਮਾਨ, ਕਮਲਜੀਤ ਨੀਰੂ, ਮਾਣਕ, ਸੰਗੀਤਕਾਰ ਚਰਨਜੀਤ ਅਹੂਜਾ, ਦੇਬੀ ਮਖਸੂਸਪੁਰੀ ਤੇ ਮਨਮੋਹਨ ਵਾਰਸ ਦੀ ਪਹਿਲੀ ਐਂਟਰੀ ਸੀ, ਪਰ ਖਾਸ ਗੱਲ ਇਹ ਸੀ ਕਿ ਮੁੱਖ ਮਹਿਮਾਨ ਵਜੋਂ ਦਿਲਬਾਗ ਸਿੰਘ ਨੇ ਸ਼ਾਮਲ ਹੋਣਾ ਪ੍ਰਵਾਨ ਕਰ ਲਿਆ ਸੀ।...ਜਦੋਂ ਉਹਨੇ ਮੇਲੇ ਦਾ ਇਕੱਠ ਤੇ ਰੰਗ ਵੇਖਿਆ ਤਾਂ 'ਮੈਂ ਆਪਣੀ ਜ਼ਿੰਦਗੀ ਵਿਚ ਇੰਨਾ ਇਕੱਠ ਪਹਿਲੀ ਵਾਰ ਵੇਖਿਆ', ਕਹਿ ਕੇ ਨਾਲ ਹੀ ਮੈਨੂੰ ਕਲਾਵੇ ਵਿਚ ਲੈ ਲਿਆ ਤੇ ਕਿਹਾ, "ਮੈਨੂੰ ਨਹੀਂ ਸੀ ਪਤਾ ਕਿ ਮੇਰੇ ਪਿੰਡ ਦਾ ਇਹ ਮੁੰਡਾ ਇੰਨਾ ਕਾਬਿਲ ਹੈ।" ਨਾਲ ਹੀ ਉਹਨੇ ਪੰਜਾਹ ਹਜ਼ਾਰ ਰੁਪਏ ਦੀ ਗ੍ਰਾਂਟ ਐਲਾਨ ਦਿੱਤੀ। ਵਾਪਸੀ 'ਤੇ ਤਤਕਾਲੀ ਵਧੀਕ ਡਿਪਟੀ ਕਮਿਸ਼ਨਰ ਜਗਜੀਤ ਸਿੰਘ ਤੇ ਐਸ. ਡੀ.ਐਮ. ਜੌਹਲ ਦੀ ਹਾਜ਼ਰੀ 'ਚ ਮਾਹਿਲਪੁਰ ਦੇ ਰੈਸਟ ਹਾਊਸ ਵਿਚ ਚਾਹ ਪੀਂਦਿਆਂ ਮੈਨੂੰ ਪੁੱਛਿਆ, "ਅਸ਼ੋਕ, ਉਸ ਕੇਸ ਦਾ ਕੀ ਬਣਿਆ ਜਿਹੜਾ ਤੂੰ ਜੱਸੋਵਾਲ ਨਾਲ ਚੰਡੀਗੜ੍ਹ ਦੱਸਿਆ ਸੀ?"

ਮੇਰੀਆਂ ਆਸਾਂ ਨੂੰ ਬੂਰ ਪੈਣ ਦੇ ਆਸਾਰ ਬਣ ਗਏ ਸਨ। ਮੈਂ ਕਿਹਾ, "ਜੀ ਸਰਕਾਰ ਥੋਡੀ ਹੈ, ਕੇਸ ਥੋਡੇ ਕੋਲ ਹੈ, ਇਹ ਤਾਂ ਹੁਣ ਤੁਸੀਂ ਹੀ ਜਾਣਦੇ ਹੋ।"

"ਫਿਰ ਆ ਜਾ ਅਗਲੇ ਹਫ਼ਤੇ ਚੰਡੀਗੜ੍ਹ।" ਕਹਿ ਕੇ ਉਹ ਚਲੇ ਗਏ।

ਮੈਨੂੰ ਤਾਂ ਹਫ਼ਤਾ ਨਾ ਲੰਘੇ, ਉਸੇ ਫਾਈਲ ਦੀ ਦੂਜੀ ਕਾਪੀ ਲੈ ਕੇ ਚਲਾ ਗਿਆ ਰਿਹਾਇਸ਼ 'ਤੇ। ਮੇਰੇ ਲਈ ਮੌਸਮ ਹੋਰ ਸਾਫ਼ ਹੋ ਗਿਆ ਜਦੋਂ ਉਨ੍ਹਾਂ ਕਿਹਾ, "ਪੁੱਤਰਾ! ਇਕ ਹੋਰ ਕੰਮ ਕਰਦੇ ਆਂ, ਤੈਨੂੰ ਪੀ.ਸੀ.ਐਸ. ਨੌਮੀਨੇਟ ਕਰਵਾਉਨੇ ਆਂ।"

ਕਈ ਵਾਰ ਇੱਦਾਂ ਹੁੰਦਾ ਹੀ ਹੈ, ਜਿੱਦਣ ਗਰੀਬ ਦੀ ਧੀ ਦੀ ਬਰਾਤ ਆਉਣੀ ਹੋਵੇ, ਉਦਣ ਮੀਂਹ ਪੈਣ ਲੱਗ ਪੈਂਦਾ ਹੈ; ਤੇ ਜਿੱਦਣ ਪੁੱਤ ਦਾ ਮੁਕਲਾਵਾ ਹੋਵੇ, ਉਦਣ ਛੱਤ ਚੋਣ ਲੱਗ ਪੈਂਦੀ ਹੈ। ਇਸ ਸਿਆਸੀ ਚੱਕਰਵਿਊ ਦਾ ਦਰਵਾਜ਼ਾ ਫਿਰ ਅੱਗੇ ਚੱਲ ਬੰਦ ਹੋ ਗਿਆ। 1995 ਵਿਚ ਬੇਅੰਤ ਸਿੰਘ ਦਾ ਕਤਲ ਹੋ ਗਿਆ, ਤੇ ਅਗਲੇ ਵਰ੍ਹੇ ਦਿਲਬਾਗ ਸਿੰਘ ਨੇ ਅੱਖਾਂ ਮੀਚ ਲਈਆਂ। ਅਦਾਲਤੀ ਨੁਕਤੇ ਵਾਂਗ ਫਿਰ 'ਸਟੇਟਸ-ਕੋ' ਹੋ ਗਿਆ।

ਲਿਖਣ, ਪੜ੍ਹਨ ਤੇ ਬੋਲਣ ਦਾ ਕਾਰਜ ਮੈਂ ਨਿਰੰਤਰ ਕਰਦਾ ਰਿਹਾ। ਅਚਾਨਕ ਸਾਉਣ ਦਾ ਛਰਾਟਾ ਫਿਰ ਪੈ ਗਿਆ, ਜਦੋਂ 2000 ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਮੇਰੇ ਕੋਲ ਘਰੇ ਆ ਗਏ। ਨਾਟਕੀ ਦ੍ਰਿਸ਼ ਇੱਦਾਂ ਸੀ ਕਿ ਮੈਂ ਉਦੋਂ ਬੰਗਿਆਂ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ 'ਚ ਪੜ੍ਹਾ ਰਿਹਾ ਸਾਂ। ਕਰੀਬ ਇਕ ਵਜੇ ਡੀ. ਐਸ. ਪੀ. ਨੇ ਸਕੂਲੇ ਆ ਕੇ ਮੈਨੂੰ ਦੱਸਿਆ ਕਿ ਮੁੱਖ ਮੰਤਰੀ ਸਾਹਿਬ ਚਾਰ-ਪੰਜ ਕੁ ਵਜੇ ਤੁਹਾਡੇ ਘਰ ਚਾਹ ਦਾ ਪਿਆਲਾ ਪੀਣ ਆਉਣਗੇ। ਮੈਂ ਹੈਰਾਨ ਹੋ ਕੇ ਪੁੱਛਿਆ, "ਜਨਾਬ ਇਹ ਕਿੱਦਾਂ? ਮੈਂ ਤਾਂ ਕੋਈ ਬੁਲਾਵਾ ਨਹੀਂ ਦਿੱਤਾ।" ਪੁਲਿਸ ਅਧਿਕਾਰੀ ਦਾ ਜਵਾਬ ਸੀ, "ਸਾਨੂੰ ਤਾਂ ਵਾਇਰਲੈਸ ਆਈ ਆ, ਤੁਸੀਂ ਆਪਣਾ ਪ੍ਰਬੰਧ ਕਰੋ।"

ਮੈਂ ਤਿੰਨ ਕੁ ਵਜੇ ਜਿੰਨਾ ਕੁ ਮੈਥੋਂ ਪ੍ਰਬੰਧ ਹੋ ਸਕਦਾ ਸੀ, ਜਦੋਂ ਰਾਸ਼ਣ-ਪਾਣੀ ਲੈ ਕੇ ਘਰੇ ਪਹੁੰਚਿਆ, ਤਾਂ ਰਾਹੋਂ ਤੋਂ ਥਾਣੇਦਾਰ ਸੁਰਿੰਦਰ ਮੋਹਨ ਸਾਡੇ ਘਰੇ ਸਕਿਓਰਿਟੀ ਇੰਚਾਰਜ ਲੱਗਾ ਹੋਇਆ ਸੀ, ਤੇ ਦਸ ਕੁ ਪੁਲਿਸ ਵਾਲੇ ਛੱਤ 'ਤੇ ਆਲੇ-ਦੁਆਲੇ ਤਾਇਨਾਤ ਕੀਤੇ ਜਾ ਚੁੱਕੇ ਸਨ।

ਸਾਡਾ ਬਹੁਤਾ ਪਿੰਡ ਦਿਲਬਾਗ ਸਿੰਘ ਕਰ ਕੇ ਕਾਂਗਰਸੀ ਹੀ ਸੀ, ਇਸ ਲਈ ਮੈਂ ਉਹਦੇ ਟੱਬਰ ਵਿਚੋਂ ਵੀ ਕਈਆਂ ਨੂੰ ਚਾਹ 'ਤੇ ਬੁਲਾ ਲਿਆ ਸੀ।

ਹੁਣ ਇਹ ਭੇਤ ਵੀ ਖੋਲ੍ਹ ਹੀ ਦਿੰਨਾਂ ਕਿ ਮੁੱਖ ਮੰਤਰੀ ਦਾ ਮੇਰੇ ਘਰੇ ਆਉਣਾ ਸੰਭਵ ਕਿਵੇਂ ਹੋਇਆ ਸੀ...ਉਨ੍ਹੀਂ ਦਿਨੀਂ ਦਿਲਬਾਗ ਸਿੰਘ ਦੇ ਪੁੱਤਰ ਚਰਨਜੀਤ ਚੰਨੀ ਦੇ ਹੁਸ਼ਿਆਰਪੁਰ ਤੋਂ ਮੈਂਬਰ ਪਾਰਲੀਮੈਂਟ ਬਣ ਜਾਣ ਕਰ ਕੇ ਖਾਲੀ ਹੋਈ ਨਵਾਂ ਸ਼ਹਿਰ ਵਿਧਾਨ ਸਭਾ ਸੀਟ ਲਈ ਜ਼ਿਮਨੀ ਚੋਣ ਹੋ ਰਹੀ ਸੀ, ਤੇ ਪੂਰੀ ਦੀ ਪੂਰੀ ਅਕਾਲੀ ਸਰਕਾਰ ਪਿੰਡ ਵੰਡ ਕੇ ਹਲਕੇ ਵਿਚ ਸੀ। ਮੁੱਖ ਮੰਤਰੀ ਬਾਦਲ, ਜਤਿੰਦਰ ਸਿੰਘ ਕਰੀਹਾ ਨੂੰ ਜਿਤਾਉਣ ਲਈ ਆਪ ਕਮਾਂਡ ਸੰਭਾਲ ਰਹੇ ਸਨ। ਕਿਤੇ ਮੁੱਖ ਮੰਤਰੀ ਦਾ ਕਾਫ਼ਲਾ ਪਿੰਡ ਵਿਚੋਂ ਗੁਜ਼ਰਨ ਲੱਗਾ ਤਾਂ ਬਾਦਲ ਸਾਹਿਬ ਨੇ ਬੋਰਡ 'ਤੇ ਭੌਰਾ ਪੜ੍ਹ ਕੇ ਮੁੱਖ ਸਕੱਤਰ ਨੂੰ ਕਿਹਾ ਕਿ ਇਥੋਂ ਦਾ ਮੁੰਡਾ ਅਖਬਾਰਾਂ ਵਿਚ ਲਿਖਦੈ, ਉਹਦੇ ਘਰ ਸ਼ਾਮ ਨੂੰ ਚੱਲਣੈ। ਖੈਰ! ਮੁੱਖ ਮੰਤਰੀ ਨੇ ਮੈਨੂੰ ਕੀ ਦਿੱਤਾ, ਜਾਂ ਕੀ ਨਹੀਂ ਦਿੱਤਾ, ਉਹ ਬਾਅਦ ਦੀਆਂ ਗੱਲਾਂ ਹਨ, ਪਰ ਉਸ ਦਿਨ ਮੈਨੂੰ ਇਸ ਗੱਲ 'ਤੇ ਜ਼ਰੂਰ ਮਾਣ ਹੋਇਆ ਸੀ ਕਿ ਸ਼ਬਦਾਂ ਦਾ ਪੁਲ ਜਾਂ ਲਿਖਣ ਦਾ ਇਵਜ਼ਾਨਾ ਇਉਂ ਵੀ ਮਿਲ ਜਾਂਦਾ ਹੈ।

ਬਾਦਲ ਦਾ ਕਾਫ਼ਲਾ ਕਰੀਬ ਛੇ ਕੁ ਵਜੇ ਘਰ ਪੁੱਜਿਆ। ਕਾਫ਼ਲੇ ਵਿਚ ਜਥੇਦਾਰ ਤੋਤਾ ਸਿੰਘ ਵੀ ਸੀ, ਮੰਤਰੀ ਸਵਰਨਾ ਰਾਮ ਵੀ, ਐਮ.ਐਲ.ਏ. ਬੰਗਾ ਮੋਹਨ ਲਾਲ ਵੀ, ਰਮੇਸ਼ ਇੰਦਰ ਸਿੰਘ ਆਈ.ਏ.ਐਸ. ਵੀ, ਤੇ ਤਰਲੋਚਨ ਸਿੰਘ ਦੁਪਾਲਪੁਰ ਦੇ ਦਰਸ਼ਨ ਉਸ ਦਿਨ ਪਹਿਲੀ ਵਾਰ ਕੀਤੇ ਸਨ।

ਬਾਦਲ ਸਾਹਿਬ ਕਰੀਬ ਇਕ ਘੰਟਾ ਮੇਰੇ ਘਰੇ ਰੁਕੇ। ਜਥੇਦਾਰਾਂ ਨੇ ਬੋਰਨਵੀਟਾ ਵਾਲੇ ਦੁੱਧ ਨਾਲ ਬਦਾਮ ਤੇ ਕਾਜੂਆਂ ਦੀਆਂ ਭਰ-ਭਰ ਮੁੱਠਾਂ ਖਾਧੀਆਂ।

ਮੈਨੂੰ ਕੋਲ ਬਿਠਾ ਕੇ ਮੁੱਖ ਮੰਤਰੀ ਨੇ ਮੋਢੇ 'ਤੇ ਹੱਥ ਰੱਖ ਕੇ ਕਿਹਾ, "ਸ਼ਾਬਾਸ਼ ਮੁੰਡਿਆ, ਬੜਾ ਚੰਗਾ ਲਿਖਦੈਂ। ਅੱਜ ਇਹੀ ਸਬੱਬ ਤੇਰੇ ਘਰੇ ਆਉਣ ਦਾ ਬਣਿਐ।"

ਹੈਰਾਨੀ ਵਾਲੀ ਗੱਲ ਇਹੀ ਸੀ ਕਿ ਉਨ੍ਹਾਂ ਅਕਾਲੀ ਉਮੀਦਵਾਰਾਂ ਨੂੰ ਵੋਟਾਂ ਪਾਉਣ ਜਾਂ ਪੁਆਉਣ ਲਈ ਇਕ ਵਾਰ ਵੀ ਨਹੀਂ ਕਿਹਾ। ਉਸ ਤੋਂ ਵੀ ਭੇਤਭਰੀ ਹੈਰਾਨੀਜਨਕ ਘਟਨਾ ਤੁਹਾਨੂੰ ਵੀ ਲੱਗੇਗੀ ਕਿ ਸਮੁੱਚੀ ਅਫ਼ਸਰਸ਼ਾਹੀ, ਮੰਤਰੀ ਤੇ ਬਾਦਲ ਸਾਹਿਬ ਨੂੰ ਖੁਦ ਵੀ ਸ਼ਾਇਦ ਇਸ ਗੱਲ ਦਾ ਇਲਮ ਨਹੀਂ ਸੀ ਕਿ ਮੈਂ ਸਰਕਾਰੀ ਨੌਕਰੀ ਕਰਦਾਂ, ਤੇ ਸਕੂਲ ਅਧਿਆਪਕ ਹਾਂ। ਵੱਡੇ ਲੋਕਾਂ ਦਾ ਇਹ ਸਾਰਾ ਕਾਫ਼ਲਾ ਮੈਨੂੰ ਸਿਰਫ ਪੱਤਰਕਾਰ ਦੀ ਹੈਸੀਅਤ ਵਿਚ ਹੀ ਵੇਖ ਰਿਹਾ ਸੀ, ਵਰਨਾ



*ਸਾਲ 1994 ਵਿਚ ਸ਼ੌਂਕੀ ਮੇਲੇ 'ਤੇ ਮਰਹੂਮ ਕਾਂਗਰਸੀ ਮੰਤਰੀ ਦਿਲਬਾਗ ਸਿੰਘ ਨਾਲ ਇਕ ਯਾਦ*

ਚਾਹ ਤਾਂ ਦੂਰ ਦੀ ਗੱਲ, ਮੇਰਾ ਜ਼ਿਕਰ ਤੱਕ ਨਾ ਹੁੰਦਾ।

ਤੁਰਨ ਲੱਗਿਆਂ ਮੈਂ ਇੱਛਾ ਜ਼ਾਹਿਰ ਕੀਤੀ ਕਿ ਬਾਦਲ ਸਾਹਿਬ, ਤੁਹਾਡੇ ਨਾਲ ਦਿਲ ਦੀ ਇਕ ਗੱਲ ਕਰਨੀ ਆਂ।

"ਛੇਤੀ ਦੱਸ ਮੁੰਡਿਆ, ਆਪਣੇ ਘਰੇ ਨਹੀਂ ਦੱਸੇਂਗਾਂ, ਤਾਂ ਫਿਰ ਕਦੋਂ ਦੱਸੇਂਗਾ?" ਉਨ੍ਹਾਂ ਮੇਰੀ ਬਾਂਹ ਖਿੱਚ ਕੇ ਕਿਹਾ।

ਤੇ ਉਪਰੋਕਤ ਫਾਈਲ ਵਾਲੀ ਪੀ.ਸੀ.ਐਸ. ਲੱਗਣ ਦੀ ਗੱਲ ਮੈਂ ਜ਼ਾਹਿਰ ਕਰ ਦਿੱਤੀ।

ਉਨ੍ਹਾਂ ਰਮੇਸ਼ ਇੰਦਰ ਨੂੰ ਕਿਹਾ, "ਨੋਟ ਕਰੋ, ਇਸ ਚੋਣ ਜ਼ਾਬਤੇ ਤੋਂ ਬਾਅਦ ਮੰਤਰੀ ਮੰਡਲ ਦੀ ਪਹਿਲੀ ਮੀਟਿੰਗ ਵਿਚ ਪਹਿਲਾਂ ਕੰਮ ਇਹਦਾ।"

ਤੇ ਭੁਰਦਾ ਲੱਡੂ ਮੇਰੇ ਮੂੰਹ ਵਿਚ ਦੇ ਕੇ ਮੁੱਖ ਮੰਤਰੀ ਦਾ ਕਾਫ਼ਲਾ ਹੂਟਰਾਂ ਵਿਚ ਧੂੜ ਉਡਾ ਕੇ ਚਲਾ ਗਿਆ।

ਵਰਤਮਾਨ ਸਿਆਸਤ ਦੇ ਤਾਂ ਹੁਣ ਮੈਂ ਖਿਲਾਫ਼ ਹਾਂ ਪੂਰਾ, ਤੇ ਹੁਣ ਸੋਚਦਾਂ-ਕਿੱਡੀ ਮੂਰਖਤਾ ਭਰਿਆ ਸੁਪਨਾ ਲੈ ਰਿਹਾ ਸਾਂ! ਜੇ ਇੱਦਾਂ ਪੀ.ਸੀ.ਐਸ. ਲਗਦੇ ਹੁੰਦੇ, ਤਾਂ ਜਥੇਦਾਰਾਂ ਦਾ ਘਰ ਹੀ ਮਸਾਂ ਪੂਰਾ ਹੋਣਾ ਸੀ।

ਚਲੋ ਇਹ ਚਰਖਾ ਤਾਂ ਟੁੱਟ ਗਿਆ।

ਅਕਾਲੀ ਸਰਕਾਰ ਦਾ ਮੀਡੀਆ ਸਲਾਹਕਾਰ ਹਰਚਰਨ ਬੈਂਸ ਮਾਹਿਲਪੁਰ ਤੋਂ ਹੈ। ਮਾਹਿਲਪੁਰ ਨਾਲ ਮੇਰਾ ਗੂੜ੍ਹਾ ਰਿਸ਼ਤਾ ਹੈ। ਬੈਂਸ ਨੂੰ ਮੈਂ ਪਟਿਆਲੇ 'ਚੜ੍ਹਦੀ ਕਲਾ' ਵਿਚ ਕੰਮ ਕਰਨ ਵੇਲੇ ਮਿਲਣ ਜਾਂਦਾ ਰਿਹਾ ਹਾਂ। ਇਕ ਵਾਰ ਫਿਰ ਢਿੱਡ ਵਿਚ ਉਬਾਲ ਉਠਿਆ, 'ਮੀਡੀਆ ਸਲਾਹਕਾਰ ਮੈਂ ਕਿਉਂ ਨਹੀਂ ਲਗਦਾ?'

ਸਾਲ 2007 ਵਿਚ ਇਥੇ ਆਉਣ ਤੋਂ ਪਹਿਲਾਂ ਮੈਂ 'ਅਜੀਤ' ਦੇ ਦਫ਼ਤਰ ਗਿਆ, ਭਾਅਜੀ ਬਰਜਿੰਦਰ ਸਿੰਘ ਹਮਦਰਦ ਨੂੰ ਮਿਲਣ। ਉਹ ਕਿਤੇ ਜਾ ਰਹੇ ਸਨ, ਮੈਨੂੰ ਵੀ ਨਾਲ ਹੀ ਗੱਡੀ ਵਿਚ ਬਿਠਾ ਲਿਆ। ਕਪੂਰਥਲੇ ਵਾਲੇ ਪੱਤਰਕਾਰ ਅਮਰਜੀਤ ਕੋਮਲ ਦੇ ਘਰ ਅਫ਼ਸੋਸ 'ਤੇ ਜਾਣਾ ਸੀ। ਉਹ ਭਾਅਜੀ ਨਾਲ 30 ਸਾਲਾਂ ਤੋਂ ਵੀ ਵੱਧ ਲੰਮੇ ਸਮੇਂ ਤੋਂ ਸਨ। ਵਾਪਸੀ 'ਤੇ ਹਨ੍ਹੇਰੇ ਹੋਏ ਜਦੋਂ ਮੈਂ ਦਫ਼ਤਰ ਅੱਗੇ ਗੱਡੀ ਵਿਚੋਂ ਉਤਰਨ ਲੱਗਿਆਂ ਮੀਡੀਆ ਸਲਾਹਕਾਰ ਲੱਗਣ ਦੀ ਇੱਛਾ ਵਾਲੀ ਪੰਡ ਖੋਲ੍ਹੀ ਤਾਂ ਉਹ ਹੱਸ ਪਏ...ਸ਼ਾਇਦ ਲੱਗ ਵੀ ਜਾਂਦਾ ਜੇ ਅਮਰੀਕਾ ਨਾ ਆਉਂਦਾ, ਪਰ ਮੈਨੂੰ ਲਗਦੈ...ਮੈਂ ਜੱਗੋਂ ਤੇਰ੍ਹਵੀਂ ਕੁਪੱਤ ਕਰਵਾਉਣ ਤੋਂ ਬਚ ਗਿਆ।

ਅਸਲ ਵਿਚ ਦੰਦਾਂ 'ਤੇ ਸੋਨਾ ਚੜ੍ਹਾ ਕੇ ਖਾਣਾ ਸੁਆਦ ਨਹੀਂ ਬਣ ਜਾਂਦਾ।

## ਗੱਲ ਬਣੀ ਕਿ ਨਹੀਂ

-ਐਸ. ਅਸ਼ੋਕ ਭੌਰਾ

### ਭਟਕਦੀ ਜ਼ਿੰਦਗੀ।

ਐਵੇਂ ਉਮਰ ਗਵਾ ਲਈ ਕਾਫਰਾ ਤੂੰ, ਭਰਿਆ ਈਰਖਾ ਨਾਲ ਨੱਕੋ-ਨੱਕ ਰਹਿਨੈ।
ਪੀਂਘ ਹੋਰਾਂ ਨਾਲ ਪਿਆਰ ਦੀ ਝੂਟਦਾ ਏਂ, ਪਰ ਤੂੰ ਆਪਣੇ-ਆਪ ਤੋਂ ਵੱਖ ਰਹਿਨੈ।
ਸੁੱਖਾਂ ਦੂਜਿਆਂ ਦਾ ਡਾਢਾ ਫਿਕਰ ਕਰਦੈਂ, ਗਮ ਹੱਡਾਂ ਨੂੰ ਐਵੇਂ ਲਾ ਲਿਆ ਏ।
ਇੱਦਾਂ ਕਿਸੇ ਦਾ ਕੀ ਵਿਗਾੜ ਲਏਂਗਾ, ਦਿੰਨਾਂ ਆਪਣੀਂ ਜੜ੍ਹੀਂ ਹੀ ਅੱਕ ਰਹਿੰਨੈ।
ਇਹ ਭਰਮ ਤੈਨੂੰ ਕਿ ਕੋਈ ਜਾਣਦਾ ਨਹੀਂ, ਦੁਨੀਆਂ ਕਦੀ ਨਹੀਂ ਤੋਲਦੀ ਘੱਟ ਮਿੱਤਰਾ।
ਬੁੱਢੇ ਕੈਦੋਂ ਦੀ ਸੋਹਣੀ ਨਾਲ ਅੱਖ ਲੜ ਗਈ, ਕੀਹਨੂੰ ਚੀਰ ਖਵਾਏਂਗਾ ਪੱਟ ਮਿੱਤਰਾ।
ਕੰਧਾਂ ਸਣੇ ਚੁਬਾਰੇ ਦੇ ਹਿੱਲੀਆਂ ਨੇ, ਜ਼ਹਿਰ ਰੋਜ਼ ਸੁਕਰਾਤ ਹੀ ਪੀਣ ਲੱਗਾ।
ਤੇਰੀ ਨਬਜ਼ ਨਹੀਂ ਚੱਲਦੀ ਵੇਖ ਟੋਹ ਕੇ, ਬਿਨਾਂ ਸਾਹਾਂ ਦੇ ਜ਼ਿੰਦਗੀ ਜਿਉਣ ਲੱਗਾ।
ਤੂੰ ਵੀ ਹੋਰਨਾਂ ਦੀ ਸੇਜ 'ਤੇ ਜਾ ਬਹਿਨੈਂ, ਬੀਵੀ ਕਿਵੇਂ ਪਛਾਣੇਗੀ ਕੰਤ ਦੱਸੀਂ।
ਕਿਹੜੀ ਤੂੰ ਕਹਾਣੀ ਇਹ ਲਿਖੀ ਜਾਵੇਂ, ਕਿੱਥੇ ਹੋਵੇਗਾ ਇਸ ਦਾ ਅੰਤ ਦੱਸੀਂ।
ਤਲੀਆਂ ਮਲੇਂਗਾ ਵਕਤ ਨੂੰ ਸਾਂਭ 'ਭੌਰੇ', ਚੰਗਾ ਹਰ ਥਾਂ ਨਹੀਂ ਪ੍ਰੀਤ ਪਾਉਣਾ,
ਜਿਹੜਾ ਸੁਰਾਂ 'ਚ ਕਦੀ ਨਹੀਂ ਫਿੱਟ ਹੁੰਦਾ, ਛੱਡ ਮੂਰਖਾ ਇਹੋ ਜਿਹਾ ਗੀਤ ਗਾਉਣਾ।

# ਇਹੁ ਜਗਤੁ ਮਮਤਾ ਮੁਆ ਜੀਵਣ ਕੀ ਬਿਧਿ ਨਾਹਿ

ਗੁਰਮਤਿ ਗਿਆਨ



ਡਾ. ਗੁਰਨਾਮ ਕੌਰ, ਕੈਨੇਡਾ

ਇਸ ਲੇਖ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ ੪੯੯ ਤੋਂ ੫੨੬ ਤੱਕ ਦਰਜ ਗੁਰੂ ਅਮਰਦਾਸ ਸਾਹਿਬ ਦੀ ਗੂਜਰੀ ਰਾਗੁ ਵਿਚ ਰਚੀ ਵਾਰ ਦਾ ਅਧਿਐਨ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਅਤੇ ਇਸ ਰਾਗੁ ਵਿਚ ਗੁਰੂ ਅਮਰਦਾਸ ਅਤੇ ਗੁਰੂ ਅਰਜਨ ਦੇਵ ਜੀ ਰਚਿਤ ਦੋ ਵਾਰਾਂ ਪ੍ਰਾਪਤ ਹਨ। ਗੁਰਮਤਿ ਵਿਚਾਰਧਾਰਾ ਵਿਚ ਮਨੁੱਖ ਲਈ ਅਸਲੀ ਰਸਤਾ ਗੁਰੂ ਦਾ ਦੱਸਿਆ ਪ੍ਰਵਾਨ ਕੀਤਾ ਗਿਆ ਹੈ ਜਿਸ ਨੂੰ ਭਾਈ ਗੁਰਦਾਸ ਨੇ 'ਗੁਰਮੁਖਿ ਗਾਡੀ ਰਾਹ' ਕਿਹਾ ਹੈ। ਇਸ ਰਸਤੇ 'ਤੇ ਚੱਲ ਕੇ ਹੀ ਮਨੁੱਖ ਨੂੰ ਅਸਲੀ ਜੀਵਨ ਦੀ ਸੋਝੀ ਮਿਲਦੀ ਹੈ। ਇਸ ਤੋਂ ਉਲਟ ਮਨਮੁੱਖਤਾ ਦਾ ਰਸਤਾ ਹੈ ਜਿਸ 'ਤੇ ਚੱਲ ਕੇ ਮਨੁੱਖ ਖੁਆਰ ਹੁੰਦਾ ਹੈ। ਇਸ ਸਲੋਕ 'ਚ ਵੀ ਇਸੇ ਤੱਥ ਨੂੰ ਉਜਾਗਰ ਕੀਤਾ ਗਿਆ ਹੈ।

ਗੁਰੂ ਅਮਰਦਾਸ ਫੁਰਮਾਉਂਦੇ ਹਨ ਕਿ ਇਹ ਸੰਸਾਰ ਮੋਹ-ਮਮਤਾ ਵਿਚ ਏਨਾ ਫਸਿਆ ਹੋਇਆ ਹੈ ਕਿ ਇਸ ਨੂੰ ਜੀਵਨ ਜਿਉਣ ਦਾ ਢੰਗ ਆਉਂਦਾ ਹੀ ਨਹੀਂ ਹੈ। ਜੋ ਜੀਵ ਗੁਰੂ ਦੀ ਆਗਿਆ ਮੰਨ ਕੇ ਚੱਲਦਾ ਹੈ, ਉਸ ਨੂੰ ਹੀ ਆਤਮ-ਅਨੁਭਵ ਪ੍ਰਾਪਤ ਹੁੰਦਾ ਹੈ। ਜੋ ਮਨੁੱਖ ਆਪਣਾ ਮਨ ਅਕਾਲ ਪੁਰਖ ਦੇ ਚਰਨਾਂ ਨਾਲ ਜੋੜਦੇ ਹਨ ਉਹ ਆਤਮਕ ਤੌਰ 'ਤੇ ਸਦਾ ਜੀਵਤ ਰਹਿੰਦੇ ਹਨ। ਗੁਰੂ ਦੇ ਸਨਮੁਖ ਹੋਇਆਂ ਉਹ ਮਿਹਰ ਕਰਨ ਵਾਲਾ ਅਕਾਲ ਪੁਰਖ ਮਨੁੱਖ ਦੇ ਮਨ ਵਿਚ ਆ ਵਸਦਾ ਹੈ ਅਤੇ ਗੁਰਮੁਖ ਸਹਿਜ ਅਵਸਥਾ ਨੂੰ ਪਹੁੰਚ ਜਾਂਦੇ ਹਨ ਜਿਥੇ ਉਨ੍ਹਾਂ ਦਾ ਮਨ ਦੁਨਿਆਵੀ ਪਦਾਰਥਾਂ ਵੱਲ ਨਹੀਂ ਡੋਲਦਾ,

ਇਹੁ ਜਗਤੁ ਮਮਤਾ ਮੁਆ
ਜੀਵਣ ਕੀ ਬਿਧਿ ਨਾਹਿ॥
ਗੁਰ ਕੈ ਭਾਣੈ ਜੋ ਚਲੈ ਤਾਂ ਜੀਵਣ ਪਦਵੀ ਪਾਹਿ॥
ਓਇ ਸਦਾ ਸਦਾ ਜਨ ਜੀਵਤੇ
ਜੋ ਹਰਿ ਚਰਣੀ ਚਿਤੁ ਲਾਹਿ॥
ਨਾਨਕ ਨਦਰੀ ਮਨਿ ਵਸੈ
ਗੁਰਮੁਖਿ ਸਹਜਿ ਸਮਾਹਿ॥੧॥ (ਪੰਨਾ ੫੦੮)

ਦੂਸਰੇ ਸਲੋਕ ਵਿਚ ਦੱਸਿਆ ਗਿਆ ਹੈ ਕਿ ਜਿਨ੍ਹਾਂ ਦੇ ਮਨ ਵਿਚ ਦਵੈਤ ਭਾਵ ਹੈ, ਭਰਮ ਅਤੇ ਅਗਿਆਨ ਹੈ, ਉਨ੍ਹਾਂ ਨੇ ਝਮੇਲਿਆਂ ਵਿਚ ਫਸਣ ਦਾ ਦੁੱਖ ਆਪ ਹੀ ਸਹੇੜਿਆ ਹੋਇਆ ਹੈ। ਉਹ ਮਾਇਆ ਦੇ ਮੋਹ ਵਿਚ ਗਲਤਾਨ ਹੋਏ, ਸੁੱਤੇ ਹੋਏ ਕਦੇ ਜਾਗਦੇ ਨਹੀਂ, ਚੇਤੰਨ ਨਹੀਂ ਹੁੰਦੇ। ਮਨਮੁੱਖ ਅਕਾਲ ਪੁਰਖ ਦੇ ਨਾਮ ਦਾ ਸਿਮਰਨ ਨਹੀਂ ਕਰਦੇ ਅਤੇ ਨਾ ਹੀ ਗੁਰੂ ਦੇ ਸ਼ਬਦ ਦੀ ਵਿਚਾਰ ਕਰਦੇ ਹਨ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਅਜਿਹੇ ਲੋਕ ਮਨ ਦੇ ਪਿੱਛੇ ਲੱਗ ਕੇ ਚੱਲਣ ਵਾਲੇ ਮਨੁੱਖਾਂ ਨੂੰ ਇਸ ਜਨਮ ਵਿਚ ਨਾਮ ਦੀ ਪ੍ਰਾਪਤੀ ਨਹੀਂ ਹੁੰਦੀ ਅਤੇ ਉਨ੍ਹਾਂ ਦਾ ਦੁਨੀਆਂ 'ਤੇ ਜਨਮ ਲੈਣਾ ਬੇਅਰਥ ਜਾਂਦਾ ਹੈ, ਉਨ੍ਹਾਂ ਨੂੰ ਜਮਾਂ ਦੇ ਹੱਥੋਂ ਮਾਰ ਖਾਣੀ ਪੈਂਦੀ ਹੈ ਅਤੇ ਖੁਆਰ ਹੋਣਾ ਪੈਂਦਾ ਹੈ,

ਅੰਦਰਿ ਸਹਸਾ ਦੁਖੁ ਹੈ
ਆਪੈ ਸਿਰਿ ਧੰਧੈ ਮਾਰ॥
ਦੂਜੈ ਭਾਇ ਸੁਤੇ ਕਬਹਿ ਨ ਜਾਗਹਿ
ਮਾਇਆ ਮੋਹ ਪਿਆਰ॥
ਨਾਮੁ ਨ ਚੇਤਹਿ ਸਬਦੁ ਨ ਵੀਚਾਰਹਿ
ਇਹੁ ਮਨਮੁਖ ਕਾ ਆਚਾਰੁ॥
ਹਰਿ ਨਾਮੁ ਨ ਪਾਇਆ
ਜਨਮੁ ਬਿਰਥਾ ਗਵਾਇਆ
ਨਾਨਕ ਜਮੁ ਮਾਰਿ ਕਰੇ ਖੁਆਰ॥੨॥
(ਪੰਨਾ ੫੦੮-੯)

ਪਹਿਲੀ ਪਉੜੀ ਵਿਚ ਸ੍ਰਿਸ਼ਟੀ ਦੀ ਰਚਨਾ ਤੋਂ ਪਹਿਲਾਂ ਦੀ ਅਵਸਥਾ ਦੱਸੀ ਗਈ ਹੈ ਕਿ ਰਚਨਾ ਤੋਂ ਪਹਿਲਾਂ ਸਿਰਫ ਕਰਤਾ ਪੁਰਖ ਦੀ ਆਪਣੀ ਹੀ ਹੋਂਦ ਸੀ, ਹੋਰ ਕੁਝ ਵੀ ਨਹੀਂ ਸੀ। ਜੋ ਉਹ ਕਰਤਾ ਪੁਰਖ ਕਰਦਾ ਸੀ ਉਹੀ ਹੁੰਦਾ ਸੀ। ਉਦੋਂ ਅਕਾਸ਼, ਪਾਤਾਲ, ਧਰਤੀ ਆਦਿ ਕੁਝ ਵੀ ਨਹੀਂ ਸੀ, ਤਿੰਨੇ ਲੋਕਾਂ ਦੀ ਕੋਈ ਹੋਂਦ ਹੀ ਨਹੀਂ ਸੀ। ਉਦੋਂ ਉਹ ਮਾਇਆ ਤੋਂ ਨਿਰਲੇਪ ਅਕਾਲ ਪੁਰਖ ਆਪ ਹੀ ਸੀ, ਕੋਈ ਉਤਪਤੀ ਨਹੀਂ ਸੀ ਹੋਈ (ਇਸ ਨੂੰ ਗੁਰਮਤਿ ਵਿਚਾਰਧਾਰਾ ਵਿਚ ਪਾਰਬ੍ਰਹਮ ਦੀ ਸੁੰਨ ਸਮਾਧੀ ਦੀ ਅਵਸਥਾ ਵੀ ਕਿਹਾ ਗਿਆ ਹੈ)। ਗੁਰੂ ਸਾਹਿਬ ਕਹਿੰਦੇ ਹਨ ਕਿ ਸਭ ਕੁਝ ਉਸ ਦੇ ਭਾਣੇ ਵਿਚ ਵਾਪਰ ਰਿਹਾ ਹੈ, ਜਿਵੇਂ ਉਸ ਨੂੰ ਚੰਗਾ ਲਗਦਾ ਹੈ, ਉਵੇਂ ਹੀ ਕਰਦਾ ਹੈ, ਕਿਉਂਕਿ ਉਸ ਤੋਂ ਬਿਨਾ ਕੋਈ ਦੂਸਰਾ ਕਰ ਸਕਣ ਦੇ ਸਮਰੱਥ ਨਹੀਂ ਹੈ,

ਆਪਣਾ ਆਪੁ ਉਪਾਇਓਨੁ
ਤਦਹੁ ਹੋਰੁ ਨ ਕੋਈ॥
ਮਤਾ ਮਸੂਰਤਿ ਆਪਿ ਕਰੇ ਜੋ ਕਰੇ ਸੁ ਹੋਈ॥
ਤਦਹੁ ਆਕਾਸੁ ਨ ਪਾਤਾਲੁ ਹੈ ਨਾ ਤ੍ਰੈ ਲੋਈ॥
ਤਦਹੁ ਆਪੇ ਆਪਿ ਨਿਰੰਕਾਰੁ ਹੈ
ਨਾ ਓਪਤਿ ਹੋਈ॥
ਜਿਉ ਤਿਸੁ ਭਾਵੈ ਤਿਵੈ ਕਰੇ
ਤਿਸੁ ਬਿਨੁ ਅਵਰੁ ਨ ਕੋਈ॥੧॥ (ਪੰਨਾ ੫੦੯)

ਅਗਲੇ ਸਲੋਕ ਵਿਚ ਉਸ ਪਰਮ ਹਸਤੀ ਦੀ ਸਦੀਵਤਾ ਦਾ ਬਿਆਨ ਹੈ ਕਿ ਉਹ ਮਾਲਕ ਅਕਾਲ ਪੁਰਖ ਸਦਾ ਰਹਿਣ ਵਾਲਾ ਹੈ ਅਤੇ ਉਸ ਨੂੰ ਸ਼ਬਦ ਰਾਹੀਂ ਦੇਖ ਸਕੀਦਾ ਹੈ, ਅਨੁਭਵ ਕਰ ਸਕੀਦਾ ਹੈ। ਉਹ ਅਬਿਨਾਸ਼ੀ ਹੈ, ਕਦੇ ਵੀ ਨਾਸ ਨਾ ਹੋਣ ਵਾਲੀ ਹਸਤੀ ਹੈ ਜੋ ਨਾ ਜਨਮ ਲੈਂਦੀ ਹੈ ਅਤੇ ਨਾ ਹੀ ਮਰਦੀ ਹੈ। ਉਹ ਇਸ ਸ੍ਰਿਸ਼ਟੀ ਦੀ ਰਚਨਾ ਕਰਕੇ ਆਪ ਹੀ ਇਸ ਵਿਚ ਸਮਾਇਆ ਹੋਇਆ ਹੈ, ਇਸ ਲਈ ਉਸ ਇੱਕ ਦੀ ਹੀ ਅਰਾਧਨਾ ਕਰਨੀ ਚਾਹੀਦੀ ਹੈ ਜੋ ਸਭ ਦੇ ਅੰਦਰ ਸਮਾਇਆ ਹੋਇਆ ਹੈ। ਹੋਰ ਹਸਤੀਆਂ ਜੋ ਜਨਮ ਲੈਂਦੀਆਂ ਅਤੇ ਮਰਦੀਆਂ ਹਨ ਉਨ੍ਹਾਂ ਦੀ ਅਰਾਧਨਾ ਕਿਉਂ ਕਰਨੀ ਹੈ? ਕਿਉਂਕਿ ਜੋ ਜਨਮ ਲੈਂਦਾ ਅਤੇ ਮਰ ਜਾਂਦਾ ਹੈ ਉਹ ਪਰਮ ਹਸਤੀ ਨਹੀਂ ਹੋ ਸਕਦਾ। ਅਜਿਹੇ ਮਨੁੱਖਾਂ ਦਾ ਸਾਰਾ ਜੀਵਨ ਹੀ ਬੇਅਰਥ ਜਾਂਦਾ ਹੈ ਜੋ ਆਪਣੇ ਸਿਰਜਣਹਾਰ ਨੂੰ ਨਹੀਂ ਜਾਣਦੇ ਅਤੇ ਦੂਸਰੀਆਂ ਹਸਤੀਆਂ ਜਿਵੇਂ ਅਵਤਾਰਾਂ ਆਦਿ ਨਾਲ ਆਪਣਾ ਮਨ ਜੋੜ ਕੇ ਰੱਖਦੇ ਹਨ। ਗੁਰੂ ਅਮਰਦਾਸ ਕਹਿੰਦੇ ਹਨ ਕਿ ਅਜਿਹੇ ਮਨੁੱਖਾਂ ਨੂੰ ਕਰਤਾ ਪੁਰਖ ਕਿਹੋ ਜਿਹੀ ਸਜਾ ਦਿੰਦਾ ਹੈ, ਇਹ ਇਸ ਤਰ੍ਹਾਂ ਨਹੀਂ ਦੱਸੀ ਜਾ ਸਕਦੀ ਅਰਥਾਤ ਇਸ ਦਾ ਇਸ ਤਰ੍ਹਾਂ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ,

ਸਾਹਿਬੁ ਮੇਰਾ ਸਦਾ ਹੈ ਦਿਸੈ ਸਬਦੁ ਕਮਾਇ॥
ਓਹੁ ਅਉਹਾਣੀ ਕਦੇ ਨਾਹਿ ਨਾ ਆਵੈ ਨਾ ਜਾਇ॥
ਸਦਾ ਸਦਾ ਸੋ ਸੇਵੀਐ ਜੋ ਸਭ ਮਹਿ ਰਹੈ ਸਮਾਇ॥
ਅਵਰੁ ਦੂਜਾ ਕਿਉ ਸੇਵੀਐ ਜੰਮੈ ਤੈ ਮਰਿ ਜਾਇ॥
ਨਿਹਫਲੁ ਤਿਨ ਕਾ ਜੀਵਿਆ ਜਿ ਖਸਮੁ ਨ ਜਾਣਹਿ
ਆਪਣਾ ਅਵਰੀ ਕਉ ਚਿਤੁ ਲਾਇ॥
ਨਾਨਕ ਏਵ ਨ ਜਾਪਈ ਕਰਤਾ
ਕੇਤੀ ਦੇਇ ਸਜਾਇ॥੧॥ (ਪੰਨਾ ੫੦੯)

ਉਹ ਅਕਾਲ ਪੁਰਖ ਨਾਮ-ਰੂਪ ਹੋ ਕੇ ਆਪਣੀ ਰਚਨਾ ਵਿਚ ਸਮਾਇਆ ਹੋਇਆ ਹੈ, ਇਸ ਲਈ ਉਸ ਦਾ ਨਾਮ ਸਿਮਰਨਾ ਚਾਹੀਦਾ ਹੈ। ਇਹੀ ਸੰਦੇਸ਼ ਗੁਰੂ ਅਮਰਦਾਸ ਦੇ ਇਸ ਸਲੋਕ ਵਿਚ ਦਿੱਤਾ ਗਿਆ ਹੈ। ਗੁਰੂ ਸਾਹਿਬ ਨੇ ਦੱਸਿਆ ਹੈ ਕਿ ਉਹ ਸਦਾ ਕਾਇਮ ਰਹਿਣ ਵਾਲਾ ਅਕਾਲ ਪੁਰਖ ਹਰ ਥਾਂ ਵਸਦਾ ਅਤੇ ਸਭ ਕੁਝ ਕਰਦਾ ਹੈ, ਇਸ ਲਈ ਉਸ ਦੇ ਨਾਮ ਦਾ ਸਿਮਰਨ ਕਰਨਾ ਚਾਹੀਦਾ ਹੈ। ਉਹੀ ਮਨੁੱਖ ਉਸ ਦੇ ਦਰ 'ਤੇ ਪਰਵਾਨ ਹੁੰਦਾ ਹੈ ਤੇ ਸਦਾ ਕਾਇਮ ਰਹਿਣ ਵਾਲਾ ਫਲ ਪ੍ਰਾਪਤ ਕਰਦਾ ਹੈ ਜੋ ਉਸ ਦਾ ਹੁਕਮ ਬੁੱਝ ਕੇ ਉਸ ਦੇ ਭਾਣੇ 'ਚ ਚਲਦਾ ਹੈ। ਇਸ ਦੇ ਉਲਟ ਜਿਹੜਾ ਮਨੁੱਖ ਨਿਰੀਆਂ ਗੱਲਾਂ ਕਰਦਾ ਹੈ ਅਤੇ ਉਸ ਦੇ ਹੁਕਮ ਨੂੰ ਨਹੀਂ ਪਛਾਣਦਾ, ਉਹ ਗਿਆਨ-ਵਿਹੂਣਾ ਹੈ ਅਤੇ ਕੱਚੀਆਂ ਗੱਲਾਂ ਕਰਦਾ ਹੈ,

ਸਚਾ ਨਾਮੁ ਧਿਆਈਐ ਸਭੋ ਵਰਤੈ ਸਚੁ॥
ਨਾਨਕ ਹੁਕਮੁ ਬੁਝਿ ਪਰਵਾਣੁ ਹੋਇ
ਤਾ ਫਲੁ ਪਾਵੈ ਸਚੁ॥
ਕਥਨੀ ਬਦਨੀ ਕਰਤਾ ਫਿਰੈ
ਹੁਕਮੈ ਮੂਲਿ ਨਾ ਬੁਝਈ
ਅੰਧਾ ਕਚੁ ਨਿਕਚੁ॥੨॥ (ਪੰਨਾ ੫੦੯)

ਪਹਿਲੀ ਪਉੜੀ ਵਿਚ ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਦੀ ਅਵਸਥਾ ਬਿਆਨ ਕੀਤੀ ਗਈ ਹੈ ਜਦੋਂ ਪਾਰਬ੍ਰਹਮ ਨੇ ਆਪ ਹੀ ਆਪਣੀ ਉਤਪਤੀ ਕੀਤੀ ਸੀ। ਦੂਸਰੀ ਪਉੜੀ ਵਿਚ ਦੱਸਿਆ ਗਿਆ ਹੈ ਕਿ ਉਸ ਕਰਤਾ ਪੁਰਖ ਨੇ ਸੰਜੋਗ ਅਤੇ ਵਿਜੋਗ ਅਰਥਾਤ ਮੇਲ ਅਤੇ ਵਿਛੋੜੇ ਦੇ ਨਿਯਮ ਦੀ ਰਚਨਾ ਕਰਕੇ ਇਸ ਸ੍ਰਿਸ਼ਟੀ ਦਾ ਮੁੱਢ ਬੰਨਿਆ। ਉਸ ਨੇ ਇਸ ਸ੍ਰਿਸ਼ਟੀ ਦੀ ਰਚਨਾ ਆਪਣੇ ਹੁਕਮ ਵਿਚ ਹੀ ਕੀਤੀ ਅਤੇ ਰਚਨਾ ਕਰਕੇ ਆਪਣੀ ਜੋਤ ਇਸ 'ਚ ਮਿਲਾ ਦਿੱਤੀ ਭਾਵ ਉਸ ਨੇ ਸ੍ਰਿਸ਼ਟੀ ਦੀ ਰਚਨਾ ਕਰਕੇ ਫਿਰ ਆਪ ਹੀ ਇਸ ਵਿਚ ਨਿਵਾਸ ਕੀਤਾ। ਇਹ ਸਾਰੀ ਸ੍ਰਿਸ਼ਟੀ ਉਸੇ ਪਰਮ ਹਸਤੀ ਦੀ ਜੋਤਿ ਨਾਲ ਪ੍ਰਕਾਸ਼ਤ ਹੈ, ਸਤਿਗੁਰੂ ਦੇ ਸ਼ਬਦ ਤੋਂ ਇਹ ਗਿਆਨ ਪ੍ਰਾਪਤ ਹੋਇਆ। ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਜਿਨ੍ਹਾਂ ਨੂੰ ਆਮ ਤੌਰ 'ਤੇ ਰਚਨਾ ਕਰਨ ਵਾਲਾ, ਪਾਲਣ ਵਾਲਾ ਅਤੇ ਸੰਘਾਰ ਕਰਤਾ ਮੰਨਿਆ ਜਾਂਦਾ ਹੈ, ਕੋਈ ਸੁਤੰਤਰ ਹਸਤੀਆਂ ਨਹੀਂ ਹਨ, ਸਭ ਦੀ ਰਚਨਾ ਉਸ ਅਕਾਲ ਪੁਰਖ ਨੇ ਕੀਤੀ ਹੈ ਅਤੇ ਮਾਇਆ ਦੇ ਤਿੰਨਾ ਗੁਣਾਂ ਨੇ ਉਨ੍ਹਾਂ ਨੂੰ ਆਪਣੇ ਆਪਣੇ ਕਾਰਜਾਂ ਵਿਚ ਲਗਾ ਦਿੱਤਾ। ਇਸ ਤਰ੍ਹਾਂ ਕਰਤਾ ਪੁਰਖ ਨੇ ਮਾਇਆ ਦਾ ਮੂਲ ਰਚ ਦਿੱਤਾ ਪਰ ਇਸ ਮਾਇਆਵੀ ਸੰਸਾਰ ਵਿਚ ਰਹਿ ਕੇ ਸੁੱਖ ਉਸ ਨੇ ਪ੍ਰਾਪਤ ਕੀਤਾ ਜਿਸ ਨੇ ਤੁਰੀਆ ਅਵਸਥਾ ਪ੍ਰਾਪਤ ਕੀਤੀ,

ਸੰਜੋਗੁ ਵਿਜੋਗੁ ਉਪਾਇਓਨੁ
ਸ੍ਰਿਸਟੀ ਕਾ ਮੂਲੁ ਰਚਾਇਆ॥
ਹੁਕਮੀ ਸ੍ਰਿਸਟਿ ਸਾਜੀਅਨੁ
ਜੋਤੀ ਜੋਤਿ ਮਿਲਾਇਆ॥
ਜੋਤੀ ਹੂੰ ਸਭੁ ਚਾਨਣਾ
ਸਤਿਗੁਰਿ ਸਬਦੁ ਸੁਣਾਇਆ॥
ਬ੍ਰਹਮਾ ਬਿਸਨੁ ਮਹੇਸੁ
ਤ੍ਰੈ ਗੁਣ ਸਿਰਿ ਧੰਧੈ ਲਾਇਆ॥
ਮਾਇਆ ਕਾ ਮੂਲੁ ਰਚਾਇਓਨੁ
ਤੁਰੀਆ ਸੁਖੁ ਪਾਇਆ॥੨॥ (ਪੰਨਾ ੫੦੯)

ਅਗਲੇ ਸਲੋਕ ਵਿਚ ਆਪਾ-ਭਾਵ ਤਿਆਗ ਕੇ ਪੂਰਨ ਸਮਰਪਣ ਦੀ ਗੱਲ ਕੀਤੀ ਹੈ। ਦੱਸਿਆ ਗਿਆ ਹੈ ਕਿ ਉਹ ਸਿਮਰਨ ਅਤੇ ਭਗਤੀ ਹੀ ਸਹੀ ਹੈ ਜੋ ਸਤਿਗੁਰੂ ਦੇ ਭਾਣੇ ਅਨੁਸਾਰ ਕੀਤੀ ਜਾਂਦੀ ਹੈ। ਸਤਿਗੁਰੂ ਦੇ ਭਾਣੇ ਵਿਚ ਚੱਲ ਕੇ ਵਡਿਆਈ ਪ੍ਰਾਪਤ ਹੁੰਦੀ ਹੈ। ਗੁਰੂ ਅਮਰਦਾਸ ਫਰਮਾਉਂਦੇ ਹਨ ਕਿ ਆਪਾ-ਭਾਵ ਦਾ ਤਿਆਗ ਕਰਕੇ ਹੀ ਮਨੁੱਖ ਸਤਿਗੁਰੂ ਵਿਚ ਲੀਨ ਹੋ ਜਾਂਦਾ ਹੈ,

ਸੋ ਜਪੁ ਸੋ ਤਪੁ ਜਿ ਸਤਿਗੁਰ ਭਾਵੈ॥
ਸਤਿਗੁਰ ਕੈ ਭਾਣੈ ਵਡਿਆਈ ਪਾਵੈ॥
ਨਾਨਕ ਆਪੁ ਛੋਡਿ ਗੁਰ ਮਾਹਿ ਸਮਾਵੈ॥੧॥
(ਪੰਨਾ ੫੦੯)

ਇਸ ਸਲੋਕ 'ਚ ਸਤਿਗੁਰ ਦੇ ਭਾਣੇ ਅਤੇ ਅਕਾਲ ਪੁਰਖ ਦੀ ਮਿਹਰ ਦੀ ਗੱਲ ਕੀਤੀ ਗਈ ਹੈ। ਗੁਰੂ ਅਮਰਦਾਸ ਫਰਮਾਉਂਦੇ ਹਨ ਕਿ ਸਹੀ ਰਸਤੇ ਦੀ ਸੋਝੀ ਸਤਿਗੁਰੂ ਦੀ ਸਿੱਖਿਆ ਤੇ ਅਮਲ ਕਰਨ ਨਾਲ ਆਉਂਦੀ ਹੈ ਪਰ ਸਤਿਗੁਰੂ ਦੀ ਸਿੱਖਿਆ ਕੋਈ ਉਹ ਵਿਰਲਾ ਮਨੁੱਖ ਲੈਂਦਾ ਹੈ ਜਿਸ ਉਤੇ ਅਕਾਲ ਪੁਰਖ ਦੀ ਮਿਹਰ ਹੁੰਦੀ ਹੈ। ਇਹ ਵਡਿਆਈ ਕਿਸੇ ਭਾਗਾਂ ਵਾਲੇ ਮਨੁੱਖ ਨੂੰ ਮਿਲਦੀ ਹੈ ਜਿਸ 'ਤੇ ਆਪ ਅਕਾਲ ਪੁਰਖ ਮਿਹਰ ਕਰੇ,

ਗੁਰ ਕੀ ਸਿਖ ਕੋ ਵਿਰਲਾ ਲੇਵੈ॥
ਨਾਨਕ ਜਿਸੁ ਆਪਿ ਵਡਿਆਈ ਦੇਵੈ॥੨॥
(ਪੰਨਾ ੫੦੯)

ਗੁਰਮਤਿ ਦਰਸ਼ਨ ਅਨੁਸਾਰ ਹਉਮੈ ਅਗਿਆਨ ਦਾ ਪ੍ਰਤੀਕ ਹੈ ਅਤੇ ਉਸ ਅਕਾਲ ਪੁਰਖ ਦਾ ਹੁਕਮ ਅਤੇ ਨਾਮ ਗਿਆਨ ਦਾ ਪ੍ਰਤੀਕ ਹੈ। ਇਸੇ ਲਈ ਹਉਮੈ ਦਾ ਨਾਮ ਨਾਲ ਵਿਰੋਧ ਹੈ। ਜਿਥੇ ਅਗਿਆਨ ਹੈ, ਉਥੇ ਨਾਮ ਨਹੀਂ ਹੈ। ਅਗਿਆਨ ਵਸ ਹੀ ਮਨੁੱਖ ਕਾਮ, ਕਰੋਧ, ਲੋਭ, ਮੋਹ ਅਤੇ ਅਹੰਕਾਰ ਆਦਿ ਵਿਕਾਰਾਂ ਵਿਚ ਫਸ ਕੇ ਕਰਮ ਕਰਦਾ ਹੈ ਜੋ ਉਸ ਦੇ ਬੰਧਨ ਦਾ ਕਾਰਨ ਬਣਦੇ ਹਨ। ਤੀਜੀ ਪਉੜੀ 'ਚ ਗੁਰੂ ਸਾਹਿਬ ਦੱਸਦੇ ਹਨ ਕਿ ਮਾਇਆ ਤੇ ਮੋਹ ਅਗਿਆਨ ਹਨ ਜਿਨ੍ਹਾਂ ਕਾਰਨ ਮਨੁੱਖ ਬੰਧਨ ਵਿਚ ਪੈ ਜਾਂਦਾ ਹੈ, ਜਿਸ ਕਾਰਨ ਸੰਸਾਰ ਸਾਗਰ ਦਾ ਪੈਂਡਾ ਔਖਾ ਅਤੇ ਭਾਰਾ ਹੋ ਜਾਂਦਾ ਹੈ ਅਰਥਾਤ ਇਸ ਸੰਸਾਰ ਸਾਗਰ ਨੂੰ ਤਰਨਾ ਮੁਸ਼ਕਿਲ ਹੋ ਜਾਂਦਾ ਹੈ। ਜੇ ਕਿਸੇ ਮਨੁੱਖ ਨਾਲ ਕੋਈ ਬੋਝ ਬੰਨ੍ਹਿਆ ਹੋਇਆ ਹੋਵੇ ਉਹ ਭਾਰਾ ਹੋਣ ਕਰਕੇ ਡੁੱਬ ਜਾਂਦਾ ਹੈ। ਇਸੇ ਤਰ੍ਹਾਂ ਵਿਕਾਰਾਂ ਵਿਚ ਪੈ ਕੇ ਮਨੁੱਖ ਜੋ ਕਰਮ ਕਰਦਾ ਹੈ, ਉਨ੍ਹਾਂ ਪਾਪਾਂ ਦੇ ਬੋਝ ਨਾਲ ਲੱਦਿਆ ਹੋਇਆ ਉਹ ਇਸ ਭਵ-ਸਾਗਰ ਨੂੰ ਕਿਵੇਂ ਪਾਰ ਕਰ ਸਕਦਾ ਹੈ। ਜਿਹੜੇ ਜੀਵ ਹਰ ਰੋਜ਼ ਪਰਮਾਤਮਾ ਦੀ ਭਗਤੀ ਵਿਚ ਲੱਗੇ ਰਹਿੰਦੇ ਹਨ, ਉਸ ਦੇ ਨਾਮ ਦੇ ਰੰਗ ਵਿਚ ਰੰਗੇ ਜਾਂਦੇ ਹਨ ਅਤੇ ਉਨ੍ਹਾਂ ਨੂੰ ਅਕਾਲ ਪੁਰਖ ਇਸ ਸੰਸਾਰ ਸਾਗਰ ਤੋਂ ਪਾਰ ਲਗਾ ਦਿੰਦਾ ਹੈ। ਗੁਰੂ ਦੇ ਸ਼ਬਦ, ਗੁਰੂ ਦੀ ਸਿੱਖਿਆ 'ਤੇ ਚੱਲਣ ਨਾਲ ਮਨੁੱਖ ਦਾ ਮਨ ਪਵਿੱਤਰ ਹੋ ਜਾਂਦਾ ਹੈ ਕਿਉਂਕਿ ਗੁਰੂ ਦੇ ਸ਼ਬਦ ਰਾਹੀਂ ਉਹ ਹਉਮੈ ਆਦਿ ਵਿਕਾਰਾਂ ਨੂੰ ਛੱਡ ਦਿੰਦਾ ਹੈ। ਗੁਰੂ ਸਾਹਿਬ ਉਪਦੇਸ਼ ਕਰਦੇ ਹਨ ਕਿ ਅਕਾਲ ਪੁਰਖ ਦੇ ਨਾਮ ਦਾ ਸਿਮਰਨ ਕਰਨਾ ਚਾਹੀਦਾ ਹੈ ਤਾਂ ਕਿ ਵਿਕਾਰਾਂ ਦੀ ਮੈਲ ਮਨ ਤੋਂ ਸਾਫ ਹੋ ਜਾਵੇ ਅਤੇ ਅਕਾਲ ਪੁਰਖ ਇਸ ਸੰਸਾਰ ਸਾਗਰ ਤੋਂ ਪਾਰ ਲੰਘਾ ਦੇਵੇ,

ਮਾਇਆ ਮੋਹੁ ਅਗਿਆਨੁ ਹੈ
ਬਿਖਮੁ ਅਤਿ ਭਾਰੀ॥
ਪਥਰ ਪਾਪ ਬਹੁ ਲਦਿਆ ਕਿਉ ਤਰੀਐ ਤਾਰੀ॥
ਅਨਦਿਨੁ ਭਗਤੀ ਰਤਿਆ ਹਰਿ ਪਾਰਿ ਉਤਾਰੀ॥
ਗੁਰ ਸਬਦੀ ਮਨੁ ਨਿਰਮਲਾ
ਹਉਮੈ ਛਡਿ ਵਿਕਾਰੀ॥
ਹਰਿ ਹਰਿ ਨਾਮੁ ਧਿਆਈਐ
ਹਰਿ ਹਰਿ ਨਿਸਤਾਰੀ॥੩॥ (ਪੰਨਾ ੫੦੯)

ਅਗਲੇ ਸਲੋਕ ਨਾਲ 'ਮਹਲਾ' ਨਹੀਂ ਲੱਗਾ ਹੋਇਆ ਪਰ ਭਗਤ ਕਬੀਰ ਜੀ ਦਾ ਸੰਬੋਧਨ ਹੈ। ਕਿਹਾ ਹੈ ਕਿ ਹੇ ਕਬੀਰ! ਮੁਕਤੀ ਦਾ ਦਰਵਾਜ਼ਾ ਬਹੁਤ ਹੀ ਸੁੰਗੜਿਆ ਹੋਇਆ ਹੈ, ਰਾਈ ਦਾ ਵੀ ਦਸਵਾਂ ਹਿੱਸਾ ਹੈ। ਇਸ ਵਿਚੋਂ ਕਿਵੇਂ ਨਿਕਲਿਆ ਜਾਵੇ। ਮਨ ਹਉਮੈ ਕਾਰਨ ਮਸਤ ਹਾਥੀ ਦੀ ਤਰ੍ਹਾਂ ਹੋ ਗਿਆ ਹੈ ਕਿਵੇਂ ਇਸ ਦਰਵਾਜ਼ੇ ਵਿਚੋਂ ਪਾਰ ਹੋਵੇਗਾ। ਜੇ ਅਜਿਹਾ ਸਤਿਗੁਰ ਮਿਲ ਜਾਵੇ ਜੋ ਖੁਸ਼ ਹੋ ਕੇ ਆਪਣੀ ਮਿਹਰ ਕਰੇ ਤਾਂ ਇਹ ਮੁਕਤੀ ਦਾ ਦਰਵਾਜ਼ਾ ਖੁਲ੍ਹ ਸਕਦਾ ਹੈ ਅਤੇ ਇਸ ਵਿਚੋਂ ਸਹਿਜ ਨਾਲ ਹੀ ਪਾਰ ਹੋਇਆ ਜਾ ਸਕਦਾ ਹੈ,

ਕਬੀਰ ਮੁਕਤਿ ਸੰਕੁੜਾ ਰਾਈ ਦਸਵੈ ਭਾਇ॥
ਮਨੁ ਤਉ ਮੈਗਲੁ ਹੋਇ ਰਹਾ
ਨਿਕਸਿਆ ਕਿਉਕਰਿ ਜਾਇ॥
ਐਸਾ ਸਤਿਗੁਰੁ ਜੇ ਮਿਲੈ ਤੁਠਾ ਕਰੇ ਪਸਾਉ॥
ਮੁਕਤਿ ਦੁਆਰਾ ਮੋਕਲਾ
ਸਹਜੇ ਆਵਉ ਜਾਉ॥੧॥ (ਪੰਨਾ ੫੦੯)

ਅਗਲੇ ਸਲੋਕ ਵਿਚ ਗੁਰੂ ਅਮਰਦਾਸ ਇਸੇ ਦਾ ਉਤਰ ਦਿੰਦੇ ਹਨ ਕਿ ਮੁਕਤੀ ਦਾ ਦਰਵਾਜ਼ਾ ਬੇਹੱਦ ਛੋਟਾ ਹੈ ਅਤੇ ਬਹੁਤ ਛੋਟਾ ਹੋ ਕੇ ਹੀ ਇਸ 'ਚੋਂ ਲੰਘਿਆ ਜਾ ਸਕਦਾ ਹੈ। ਪਰ ਹਉਮੈ ਨਾਲ ਮਿਨ ਏਨਾ ਮੋਟਾ ਹੋ ਜਾਂਦਾ ਹੈ ਕਿ ਇਸ 'ਚੋਂ ਪਾਰ ਹੋਣਾ ਮੁਸ਼ਕਿਲ ਹੈ। ਜਦੋਂ ਮਨੁੱਖ ਸਤਿਗੁਰ ਨੂੰ ਮਿਲਦਾ ਹੈ ਤਾਂ ਮਨ ਤੋਂ ਹਉਮੈ ਆਦਿ ਵਿਕਾਰਾਂ ਦੀ ਮੈਲ ਦੂਰ ਹੋ ਜਾਂਦੀ ਹੈ ਅਤੇ ਅੰਦਰ ਗਿਆਨ ਦੀ ਜੋਤਿ ਜਗ ਪੈਂਦੀ ਹੈ, ਮਨ ਗਿਆਨ ਨਾਲ ਪ੍ਰਕਾਸ਼ਿਤ ਹੋ ਜਾਂਦਾ ਹੈ। ਫਿਰ ਇਹ ਜੀਵ ਸਦੀਵੀ ਤੌਰ 'ਤੇ ਮੁਕਤ ਹੋ ਜਾਂਦਾ ਹੈ ਤੇ ਸਹਿਜ ਅਵਸਥਾ ਪ੍ਰਾਪਤ ਕਰ ਲੈਂਦਾ ਹੈ,

ਨਾਨਕ ਮੁਕਤਿ ਦੁਆਰਾ ਅਤਿ ਨੀਕਾ
ਨਾਨ੍ਹਾ ਹੋਇ ਸੁ ਜਾਇ॥
ਹਉਮੈ ਮਨੁ ਅਸਥੂਲੁ ਹੈ
ਕਿਉਕਰਿ ਵਿਚੁਦੇ ਜਾਇ॥
ਸਤਿਗੁਰ ਮਿਲਿਐ ਹਉਮੈ ਗਈ
ਜੋਤਿ ਰਹੀ ਸਭ ਆਇ॥
ਇਹੁ ਜੀਉ ਸਦਾ ਮੁਕਤੁ ਹੈ
ਸਹਜੇ ਰਹਿਆ ਸਮਾਇ॥੨॥
(ਪੰਨਾ ੫੦੯-੧੦)

## ਭੁੱਲ ਦੀ ਸੋਧ

ਪੰਜਾਬ ਟਾਈਮਜ਼ ਦੇ 28 ਫਰਵਰੀ ਦੇ ਅੰਕ ਵਿਚ ਮੇਰਾ ਲੇਖ 'ਪੰਜਾਬੀ ਮਾਂ ਕੀ ਕਰੇ, ਕਿਧਰ ਨੂੰ ਜਾਵੇ?' ਛਪਿਆ ਹੈ। ਇਸ ਲੇਖ ਵਿਚ ਆਸਾ ਦੀ ਵਾਰ ਵਿਚੋਂ ਗੁਰਬਾਣੀ ਦੀ ਜੋ ਤੁਕ ਦਿੱਤੀ ਗਈ ਹੈ, ਉਹ ਗਲਤ ਟਾਈਪ ਹੋ ਗਈ ਹੈ। ਬਾਣੀ ਵਿਚ ਗਲਤੀ ਨਹੀਂ ਹੋਣੀ ਚਾਹੀਦੀ। ਮੈਂ ਇਸ ਲਈ ਖਿਮਾ ਦੀ ਜਾਚਕ ਹਾਂ। ਇਸ ਤੁਕ ਵਿਚ 'ਅੰਨੀ ਪਰਜਾ' ਛਪ ਗਿਆ ਸੀ ਜਦ ਕਿ ਇਹ ਤੁਕ ਹੈ, "ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ॥"

*-ਡਾ. ਗੁਰਨਾਮ ਕੌਰ, ਕੈਨੇਡਾ*

## ਤੁਝ ਬਿਨੁ ਕਵਨੁ ਹਮਾਰਾ

ਗੁਰਬਾਣੀ ਗਿਆਨ

**ਗਉੜੀ ਮਹਲਾ ੫**
ਤੁਝ ਬਿਨੁ ਕਵਨੁ ਹਮਾਰਾ॥
ਮੇਰੇ ਪ੍ਰੀਤਮ ਪ੍ਰਾਨ ਅਧਾਰਾ॥੧॥ ਰਹਾਉ॥
ਅੰਤਰ ਕੀ ਬਿਧਿ ਤੁਮ ਹੀ ਜਾਨੀ
ਤੁਮ ਹੀ ਸਜਨ ਸੁਹੇਲੇ॥
ਸਰਬ ਸੁਖਾ ਮੈ ਤੁਝ ਤੇ ਪਾਏ
ਮੇਰੇ ਠਾਕੁਰ ਅਗਹ ਅਤੋਲੇ॥੧॥
ਬਰਨਿ ਨ ਸਾਕਉ ਤੁਮਰੇ ਰੰਗਾ
ਗੁਣ ਨਿਧਾਨ ਸੁਖਦਾਤੇ॥
ਅਗਮ ਅਗੋਚਰ ਪ੍ਰਭ ਅਬਿਨਾਸੀ
ਪੂਰੇ ਗੁਰ ਤੇ ਜਾਤੇ॥੨॥
ਭ੍ਰਮੁ ਭਉ ਕਾਟਿ ਕੀਏ ਨਿਹਕੇਵਲ
ਜਬ ਤੇ ਹਉਮੈ ਮਾਰੀ॥
ਜਨਮ ਮਰਣ ਕੋ ਚੂਕੋ ਸਹਸਾ
ਸਾਧਸੰਗਤਿ ਦਰਸਾਰੀ॥੩॥
ਚਰਣ ਪਖਾਰਿ ਕਰਉ ਗੁਰ ਸੇਵਾ
ਬਾਰਿ ਜਾਉ ਲਖ ਬਰੀਆ॥
ਜਿਹ ਪ੍ਰਸਾਦਿ ਇਹੁ ਭਉਜਲੁ ਤਰਿਆ
ਜਨ ਨਾਨਕ ਪ੍ਰਿਅ ਸੰਗਿ ਮਿਰੀਆ॥੪॥

ਪੰਜਵੇਂ ਸਤਿਗੁਰੂ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਉਸ ਮਿਹਰਵਾਨ ਪ੍ਰਭੂ ਦੇ ਚਰਨਾਂ ਵਿਚ ਅਰਦਾਸ ਕਰਦਿਆਂ ਸਾਨੂੰ ਕਲਜੁਗ ਦੇ ਜੀਵਾਂ ਨੂੰ ਉਪਦੇਸ਼ ਕਰਦੇ ਹਨ- ਹੇ ਭਾਈ! ਅਰਦਾਸ ਕਿਵੇਂ ਕਰਨੀ ਹੈ; ਤੁਝ ਬਿਨੁ ਕਵਨੁ ਹਮਾਰਾ, ਹੇ ਸੰਸਾਰ ਦੇ ਰਚਨਹਾਰ ਮਾਲਕ ਤੇ ਪ੍ਰਤਿਪਾਲਕ ਪ੍ਰਭ ਜੀਓ! ਤੈਥੋਂ ਬਿਨਾਂ ਸਾਡਾ ਹੋਰ ਕੌਣ ਸਹਾਰਾ ਹੈ; ਮੇਰੇ ਪ੍ਰੀਤਮ ਪ੍ਰਾਨ ਅਧਾਰਾ, ਹੇ ਮੇਰੇ ਪ੍ਰੀਤਮ ਪਿਆਰੇ ਪ੍ਰਭ ਜੀਓ! ਤੂੰ ਹੀ ਤਾਂ ਸਾਡੀ ਗਰੀਬਾਂ ਦੀ ਜਿੰਦ-ਜਾਨ ਦਾ ਆਸਰਾ ਹੈਂ, ਸਹਾਰਾ ਹੈਂ।

ਅੰਤਰ ਕੀ ਬਿਧਿ ਤੁਮ ਹੀ ਜਾਨੀ
ਤੁਮ ਹੀ ਸਜਨ ਸੁਹੇਲੇ॥
ਸਰਬ ਸੁਖਾ ਮੈ ਤੁਝ ਤੇ ਪਾਏ
ਮੇਰੇ ਠਾਕੁਰ ਅਗਹ ਅਤੋਲੇ॥੧॥

ਗੁਰਦੇਵ ਪਿਤਾ ਜੀ ਆਖਦੇ ਹਨ- ਮੇਰੇ ਪ੍ਰਾਣਾਂ ਦੇ ਆਧਾਰ ਮਿਹਰਵਾਨ ਪ੍ਰੀਤਮ ਜੀਓ! ਮੇਰੇ ਅੰਦਰ, ਭਾਵ ਦਿਲ ਦੀ ਹਾਲਤ ਤਾਂ ਤੂੰ ਜਾਣਦਾ ਹੈਂ; ਹੇ ਮੇਰੇ ਪ੍ਰਭੂ ਜੀਓ! ਤੂੰ ਹੀ ਤਾਂ ਮੇਰਾ ਸੱਜਣ ਹੈਂ; ਮੈਂ ਸਾਰੇ ਸੁੱਖ ਤਾਂ ਤੇਰੇ ਕੋਲੋਂ ਹੀ ਪ੍ਰਾਪਤ ਕੀਤੇ ਹਨ, ਤੇ ਤੂੰ ਹੀ ਮੈਨੂੰ ਸਾਰੇ ਸੁੱਖ ਦੇਣ ਵਾਲਾ ਹੈਂ; ਮੇਰੇ ਮਾਲਕ ਜੀਓ! ਤੇਰੇ ਚਰਨਾਂ ਵਿਚ ਜੁੜ ਕੇ ਮੈਨੂੰ ਅਨੰਦ ਪ੍ਰਾਪਤ ਹੋਇਆ ਹੈ।

ਬਰਨਿ ਨ ਸਾਕਉ ਤੁਮਰੇ ਰੰਗਾ
ਗੁਣ ਨਿਧਾਨ ਸੁਖਦਾਤੇ॥
ਅਗਮ ਅਗੋਚਰ ਪ੍ਰਭ ਅਬਿਨਾਸੀ
ਪੂਰੇ ਗੁਰ ਤੇ ਜਾਤੇ॥੨॥

ਹੇ ਮੇਰੇ ਮਿਹਰਵਾਨ ਪ੍ਰਭ ਜੀਓ! ਭਲਾ ਮੈਂ ਤੇਰੀ ਰਹਿਮਤ ਨੂੰ ਵਰਣਨ ਕਿਵੇਂ ਕਰ ਸਕਦਾ ਹਾਂ; ਗੁਣ ਨਿਧਾਨ ਸੁਖਦਾਤੇ, ਹੇ ਮੇਰੇ ਪ੍ਰੀਤਮ ਜੀਓ! ਆਪ ਤਾਂ ਗੁਣਾਂ ਦੇ ਖਜ਼ਾਨੇ ਹੋ ਤੇ ਇਸ ਸਾਰੀ ਸ੍ਰਿਸ਼ਟੀ ਨੂੰ ਸੁਖ ਦੇਣ ਵਾਲੇ ਹੋ, ਸਭ ਤੋਂ ਵੱਡੇ ਦਾਤੇ ਹੋ; ਅਗਮ ਅਗੋਚਰ ਪ੍ਰਭ ਅਬਿਨਾਸੀ, ਅਗਮ ਭਾਵ ਪਹੁੰਚ ਤੋਂ ਪਰੇ ਅਪਹੁੰਚ ਪ੍ਰਭੂ, ਅਗੋਚਰ ਇੰਦਰੀਆਂ ਦੀ ਪਹੁੰਚ ਤੋਂ ਪਰੇ ਹੇ ਅਬਿਨਾਸੀ ਪ੍ਰਭੂ ਜੀਓ! ਪੂਰੇ ਗੁਰੂ ਦੀ ਮਿਹਰ ਸਦਕਾ ਹੀ ਤੇਰੇ ਨਾਲ ਸਾਂਝ ਪੈ ਸਕਦੀ ਹੈ।

ਭ੍ਰਮੁ ਭਉ ਕਾਟਿ ਕੀਏ ਨਿਹਕੇਵਲ
ਜਬ ਤੇ ਹਉਮੈ ਮਾਰੀ॥
ਜਨਮ ਮਰਣ ਕੋ ਚੂਕੋ ਸਹਸਾ
ਸਾਧਸੰਗਤਿ ਦਰਸਾਰੀ॥੩॥

ਗੁਰਦੇਵ ਜੀ ਆਖਦੇ ਹਨ- ਜਿਹੜੇ ਵਡਭਾਗੇ ਜੀਵ ਗੁਰੂ ਦੀ ਸ਼ਰਨ ਪੈ ਜਾਂਦੇ ਹਨ ਅਤੇ ਗੁਰੂ ਦੀ ਸ਼ਰਨ ਵਿਚ ਆ ਕੇ ਜਦੋਂ ਤੋਂ ਆਪਣੇ ਅੰਦਰੋਂ ਹਉਮੈ ਖਤਮ ਕਰ ਦਿੰਦੇ ਜਾਂ ਮਾਰ ਦਿੰਦੇ ਹਨ, ਫਿਰ ਗੁਰੂ ਉਨ੍ਹਾਂ ਦੀ ਭਟਕਣਾ ਤੇ ਸਾਰੇ ਡਰ ਭਉ ਦੂਰ ਕਰ ਕੇ ਉਨ੍ਹਾਂ ਜੀਵਾਂ ਨੂੰ ਉਚੇ-ਸੁੱਚੇ ਪਵਿਤਰ ਜੀਵਨ ਵਾਲੇ ਬਣਾ ਦਿੰਦਾ ਹੈ; ਹੇ ਭਾਈ! ਸਾਧ ਸੰਗਤਿ ਵਿਚ ਬੈਠ ਕੇ ਗੁਰੂ ਦੇ ਦਰਸ਼ਨਾਂ ਦੀ ਬਖਸ਼ਿਸ਼ ਸਦਕਾ ਜਨਮ-ਮਰਨ ਦਾ ਸੰਸਾ ਵੀ ਮੁੱਕ ਜਾਂਦਾ ਹੈ।

ਚਰਣ ਪਖਾਰਿ ਕਰਉ ਗੁਰ ਸੇਵਾ
ਬਾਰਿ ਜਾਉ ਲਖ ਬਰੀਆ॥
ਜਿਹ ਪ੍ਰਸਾਦਿ ਇਹੁ ਭਉਜਲੁ ਤਰਿਆ
ਜਨ ਨਾਨਕ ਪ੍ਰਿਅ ਸੰਗਿ ਮਿਰੀਆ॥੪॥

ਸ਼ਬਦ ਦੇ ਅਖੀਰ ਵਿਚ ਗੁਰਦੇਵ ਪਾਤਸ਼ਾਹ ਜੀ ਆਖ ਰਹੇ ਹਨ- ਹੇ ਭਾਈ! ਮੈਂ ਆਪਣੇ ਗੁਰੂ ਦੇ ਚਰਨ ਧੋਂਦਾ ਹਾਂ ਤੇ ਆਪਣੇ ਗੁਰੂ ਦੀ ਸੇਵਾ ਕਰਦਾ ਹਾਂ; ਮੈਂ ਆਪਣੇ ਗੁਰੂ ਜੀ ਤੋਂ ਲੱਖ-ਲੱਖ ਵਾਰੀ ਵਾਰੇ ਬਲਿਹਾਰੇ ਜਾਂਦਾ ਹਾਂ; ਜਿਹ ਪ੍ਰਸਾਦਿ ਇਹੁ ਭਉਜਲ ਤਰਿਆ, ਹੇ ਭਾਈ! ਇਹ ਨਾਨਕ ਆਖਦਾ ਹੈ, ਜਿਸ ਗੁਰੂ ਦੀ ਕ੍ਰਿਪਾ ਨਾਲ ਇਸ ਸੰਸਾਰ ਸਮੁੰਦਰ ਤੋਂ ਪਾਰ ਲੰਘ ਸਕੀਦਾ ਹੈ ਅਤੇ ਪ੍ਰਭੂ ਪ੍ਰੀਤਮ ਨਾਲ ਵੀ ਮਿਲ ਸਕੀਦਾ ਹੈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਸਿਰੁ ਦੀਜੈ ਕਾਣਿ ਨ ਕੀਜੈ

ਸੱਚ ਸੁਣਨਾ, ਬੋਲਣਾ, ਸੱਚ 'ਤੇ ਚੱਲਣਾ ਅਤੇ ਸੱਚ ਲਈ ਕੁਰਬਾਨ ਹੋਣ ਦਾ ਨਾਂ ਹੀ ਸ਼ਹੀਦੀ ਹੈ। ਸ਼ਹੀਦ ਉਹ ਬੰਦਾ ਹੁੰਦਾ ਹੈ ਜੋ ਸੱਚ ਖਾਤਰ ਸਿਰ-ਧੜ ਦੀ ਬਾਜ਼ੀ ਲਾ ਦੇਵੇ, ਸੱਚ ਨੂੰ ਸਮੁੱਚੀ ਕਾਇਨਾਤ ਵਿਚ ਪ੍ਰਗਟ ਕਰ ਦੇਵੇ। ਸ਼ਹੀਦ ਦੇ ਖੂਨ ਵਿਚ ਉਚੇਰੇ ਆਦਰਸ਼ ਸਮਾਏ ਹੁੰਦੇ ਹਨ। ਕਈ ਵਾਰ ਸ਼ਹੀਦ ਦੂਜਿਆਂ ਦੇ ਵਿਸ਼ਵਾਸ ਲਈ ਵੀ ਆਪਾ ਕੁਰਬਾਨ ਕਰਨ ਦਾ ਉਚੇਰਾ ਆਦਰਸ਼ ਰੱਖਦਾ ਹੈ। ਸੱਚ ਅਤੇ ਮਨੁੱਖਤਾ ਦੇ ਭਲੇ ਲਈ ਜੂਝ ਮਰਨਾ ਹੀ ਅੰਤਿਮ ਸੱਚ ਹੈ। "ਸ਼ਹੀਦ ਉਹ ਅਦੁੱਤੀ ਸ਼ਖਸੀਅਤ ਹੁੰਦਾ ਹੈ ਜਿਹੜਾ ਮੌਤ ਦੇ ਭੈਅ ਤੋਂ ਕੋਹਾਂ ਦੂਰ ਹੁੰਦਾ ਹੈ। ਉਹ ਉਚੀਆਂ ਕੀਮਤਾਂ ਦੀ ਬਹਾਲੀ ਲਈ ਲੋਕਾਂ ਨੂੰ ਜਾਗ੍ਰਿਤ ਕਰਦਾ ਹੈ ਅਤੇ ਇਸ ਦੀ ਕੀਮਤ ਵਜੋਂ ਉਹ ਆਪਣੀ ਜਾਨ ਕੁਰਬਾਨ ਕਰਨ ਲਈ ਤਤਪਰ ਰਹਿੰਦਾ ਹੈ।" (ਡਾ. ਸਰਬਜਿੰਦਰ ਸਿੰਘ)



ਪ੍ਰੋ. ਹਰਪਾਲ ਸਿੰਘ
ਫੋਨ: 916-478-1640

ਪੁਰਾਤਨ ਭਾਰਤੀ ਚਿੰਤਨ ਵਿਚ ਸਾਨੂੰ 'ਬਲੀ' ਦੀ ਪਰੰਪਰਾ ਤਾਂ ਮਿਲਦੀ ਹੈ, ਪਰ ਸ਼ਹੀਦੀ ਦਾ ਸੰਕਲਪ ਨਹੀਂ ਮਿਲਦਾ। ਬਲੀ ਸਵੈ-ਸੇਵੀ ਨਹੀਂ ਹੁੰਦੀ ਕਿਉਂਕਿ ਇਸ ਵਿਚ ਬਲੀ ਦਿੱਤੇ ਜਾਣ ਵਾਲੇ ਦੀ ਇੱਛਾ ਸ਼ਾਮਲ ਨਹੀਂ ਹੁੰਦੀ। ਹਿੰਦੂ ਸੰਸਕ੍ਰਿਤੀ ਵਿਚ ਕੁਰਬਾਨੀ ਵਾਰ-ਵਾਰ ਆਉਂਦਾ ਹੈ। ਕੁਰਬਾਨੀ ਕਿਸੇ ਦੇਵਤੇ ਨੂੰ ਖੁਸ਼ ਕਰਨ ਲਈ ਦਿੱਤੀ ਜਾਂਦੀ ਹੈ ਜਾਂ ਕਿਸੇ ਕਰੋਧਵਾਨ ਦੇਵਤੇ ਦੇ ਕਰੋਧ ਤੋਂ ਬਚਣ ਲਈ। ਹਿੰਦੂ ਧਰਮ ਗ੍ਰੰਥਾਂ ਤੇ ਹਿੰਦੂ ਇਤਿਹਾਸ ਵਿਚ ਕਿਧਰੇ ਵੀ ਕਿਸੇ ਉਚੇ ਆਦਰਸ਼ ਲਈ ਆਪਣੀ ਜਾਨ ਕੁਰਬਾਨ ਕਰਨ ਦਾ ਉਦੇਸ਼ ਨਹੀਂ ਸੀ ਅਤੇ ਨਾ ਹੀ ਮੌਜੂਦਾ ਸਮੇਂ ਵਿਚ ਸ਼ਹੀਦ ਹੋਣ ਦਾ ਸੰਕਲਪ। ਹਿੰਦੂ ਸ਼ਹੀਦ ਕਰਵਾ ਤਾਂ ਸਕਦਾ ਹੈ, ਸ਼ਹੀਦ ਹੋ ਨਹੀਂ ਸਕਦਾ। ਕਿਸੇ ਹਿੰਦੂ ਗੁਰੂ, ਮੱਠਾਂ-ਮੰਦਰਾਂ 'ਚ ਰਹਿਣ ਵਾਲਿਆਂ ਸ਼ੰਕਰਚਾਰੀਆਂ ਨੇ ਜ਼ੁਰਮ ਵਿਰੁਧ ਕਦੀ ਸ਼ਹਾਦਤ ਨਹੀਂ ਦਿੱਤੀ। ਤੁਲਸੀ ਦਾਸ ਵਰਗਿਆਂ ਨੇ ਰਮਾਇਣ ਦੀ ਰਚਨਾ ਕੀਤੀ, ਸੂਰਦਾਸ ਵਰਗਿਆਂ ਨੇ ਕਵਿਤਾ ਦੇ ਗ੍ਰੰਥ ਰਚੇ, ਪਰ ਕਿਸੇ ਵੀ ਹਿੰਦੂ ਨੇ ਉਸ ਵਕਤ ਜ਼ੁਲਮ ਢਾਹੁਣ ਵਾਲੇ ਜਰਵਾਣਿਆਂ ਵਿਰੁਧ ਕੋਈ ਵੀ ਲਾਈਨ ਨਹੀਂ ਲਿਖੀ। ਬਲੀਦਾਨ ਕਦੇ ਵੀ ਸ਼ਹਾਦਤ ਨਹੀਂ ਬਣ ਸਕਦਾ ਕਿਉਂਕਿ ਇਸ 'ਚ ਸੱਚ ਨੂੰ ਸਥਾਪਤ ਕਰਨ ਦੀ ਸੂਰਮਗਤੀ ਨਹੀਂ ਹੁੰਦੀ ਸਗੋਂ ਦੇਵਤੇ ਦੇ ਕਰੋਧ ਤੋਂ ਬਚਣ ਦੀ ਮਜਬੂਰੀ ਹੁੰਦੀ ਹੈ।

ਨਿੱਤ ਨਵੇਂ ਦਿਨ ਪੱਛਮ ਵਲੋਂ ਕੋਈ ਨਾ ਕੋਈ ਹਮਲਾਵਰ ਤੁਰਿਆ ਰਹਿੰਦਾ ਪਰ ਮਜਾਲ ਹੈ, ਕਿਸੇ ਹਿੰਦੂ ਨੇ ਕਿਸੇ ਆਦਰਸ਼ ਦੀ ਸੱਚਾਈ ਲਈ ਆਪਣੀ ਆਜ਼ਾਦ ਹਸਤੀ ਨੂੰ ਕਾਇਮ ਰੱਖਣ ਲਈ ਜ਼ਾਲਮ ਵਿਰੁਧ ਬੀੜਾ ਚੁੱਕਿਆ ਹੋਵੇ। ਜਦੋਂ ਮਹਿਮੂਦ ਗਜ਼ਨਵੀ ਨੇ ਸੋਮਨਾਥ ਦੇ ਮੰਦਰ (1025 ਈਸਵੀ) ਉਤੇ ਹਮਲਾ ਕੀਤਾ ਅਤੇ ਇਸ ਨੂੰ ਢਾਹਿਆ ਤਾਂ ਉਸ ਕੋਲ ਕੇਵਲ 36 ਹਜ਼ਾਰ ਸਿਪਾਹੀ ਸਨ ਤੇ ਸੋਮਨਾਥ ਮੰਦਰ ਤਹਿਤ 36 ਹਜ਼ਾਰ ਪਿੰਡ ਸਨ; ਭਾਵ 36 ਹਜ਼ਾਰ ਪਿੰਡਾਂ ਦੇ ਲੋਕਾਂ ਨੇ ਰਲ ਕੇ ਵੀ 36 ਹਜ਼ਾਰ ਸਿਪਾਹੀਆਂ ਦਾ ਮੁਕਾਬਲਾ ਨਾ ਕੀਤਾ ਅਤੇ ਆਪਣੀਆਂ ਅੱਖਾਂ ਸਾਹਮਣੇ ਆਪਣੇ ਧਰਮ ਅਸਥਾਨਾਂ ਨੂੰ ਮਲੀਆਮੇਟ ਹੁੰਦੇ ਦੇਖਦੇ ਰਹੇ। ਮੁਸਲਮਾਨਾਂ ਦੇ ਇਤਿਹਾਸਕ ਅਭਿਲੇਖਾਂ ਵਿਚ ਉਸ ਦੇ 17 ਤਬਾਹੀ ਅਤੇ ਕਤਲੇਆਮ ਭਰੇ ਹਲਿਆਂ ਦਾ ਅਤੇ ਹਰ ਹੱਲੇ ਪਿਛੋਂ ਲਿਜਾਏ ਗਏ ਬੇਅੰਤ ਧਨ-ਦੌਲਤ ਦਾ ਵਰਨਣ ਬੜੇ ਚਾਅ ਨਾਲ ਕੀਤਾ ਗਿਆ ਹੈ। ਕਿਹਾ ਜਾਂਦਾ ਹੈ ਕਿ ਇਕੱਲੇ ਨਗਰਕੋਟ ਵਿਚੋਂ ਉਹ 700,000 ਸੋਨੇ ਦੇ ਦਿਨਾਰ, 700 ਮਣ ਸੋਨੇ ਤੇ ਚਾਂਦੀ ਦੀਆਂ ਪਲੇਟਾਂ, 200 ਮਣ ਨਿਰੋਲ ਸੋਨਾ, 2000 ਮਣ ਚਾਂਦੀ, 20 ਮਣ ਕਈ ਪ੍ਰਕਾਰ ਦੇ ਜਵਾਹਰਾਤ ਜਿਨ੍ਹਾਂ ਵਿਚ ਮੋਤੀ, ਮੂੰਗੇ, ਹੀਰੇ ਅਤੇ ਰੂਬੀ ਸਨ, ਲੈ ਕੇ ਗਿਆ। ਮੁਗਲਾਂ, ਲੋਧੀਆਂ, ਖਿਲਜੀ ਦੀ ਹਕੂਮਤ ਸਮੇਂ ਰਾਜਿਆਂ ਨੇ ਹਰ ਹੀਲਾ ਵਰਤ ਕੇ ਹਿੰਦੂਆਂ ਨੂੰ ਜ਼ਲੀਲ ਕਰਨ ਦੀ ਕੋਈ ਕੋਸ਼ਿਸ਼ ਨਾ ਛੱਡੀ। ਜਜ਼ੀਆ ਲਾਇਆ, ਧਰਮ ਅਸਥਾਨ ਢਾਹੇ, ਹਜ਼ਾਰਾਂ ਨੂੰ ਮੌਤ ਦੇ ਘਾਟ ਉਤਾਰਿਆ, ਬਹੂ-ਬੇਟੀਆਂ ਦੀ ਇੱਜ਼ਤ ਸ਼ਰੇ-ਬਾਜ਼ਾਰ ਨਿਲਾਮ ਕੀਤੀ ਪਰ ਮਜਾਲ ਹੈ, ਕਿਸੇ ਹਿੰਦੂ ਰਾਜੇ, ਗੁਰੂ ਜਾਂ ਸ਼ੰਕਰਚਾਰੀਆ ਨੇ ਜ਼ੁਲਮ ਵਿਰੁਧ ਸ਼ਹਾਦਤ ਦਿੱਤੀ ਹੋਵੇ!

"ਹਿੰਦੂ ਸਮਾਜ ਦੇ ਸਭ ਤੋਂ ਵੱਡੇ ਧਾਰਮਿਕ ਅਸਥਾਨਾਂ ਵਿਸ਼ਵਾਨਾਥ (ਬਨਾਰਸ) ਅਤੇ ਕੇਸ਼ਵਨਾਥ (ਮਥੁਰਾ) ਦੇ ਮੰਦਰਾਂ ਦੇ ਸਿਰਾਂ 'ਤੇ ਇਸਲਾਮੀ ਮਸਜਿਦਾਂ ਦਿਨ-ਰਾਤ ਬੱਕਰੇ ਬੁਲਾ ਰਹੀਆਂ ਸਨ, ਪਰ ਬ੍ਰਾਹਮਣ ਲੋਕ ਫਿਰ ਵੀ ਬਿੱਲੀ ਤੋਂ ਡਰਦੇ ਕਬੂਤਰ ਵਾਂਗ ਅੱਖਾਂ ਮੀਟ ਕੇ, ਅਹਿੰਸਾ ਪਰਮੋ-ਧਰਮ ਦਾ ਪਾਠ ਪੜ੍ਹਾ ਰਹੇ ਸਨ। ਇਸਲਾਮ ਦੇ ਸਿਆਸੀ ਮਾਲਕਾਂ ਨੇ ਤਲਵਾਰ ਦੇ ਜ਼ੋਰ ਨਾਲ, ਰਾਜਪੂਤਾਂ ਦੀ ਅਣਖ ਨੂੰ ਹੱਥ ਪਾਇਆ ਅਤੇ ਰਾਜਪੂਤਾਂ ਦੇ ਜਿਗਰਾਂ ਦੀਆਂ ਲਾਡਲੀਆਂ ਦੇ ਆਪਣੇ ਹਰਮਾਂ ਵਿਚ ਕੁਆਰੇ ਖੂਨ ਵਗਾਏ ਪਰ ਰਾਜਪੂਤਾਂ ਦੀ ਅਣਖ ਇੰਨੀ ਮਰ ਚੁੱਕੀ ਸੀ ਕਿ ਉਹ ਇਸ ਨੂੰ ਆਪਣੀਆਂ ਰਿਸ਼ਤੇਦਾਰੀਆਂ ਦੱਸ ਰਹੇ ਸਨ।" (ਡਾ. ਸੁਖਦਿਆਲ ਸਿੰਘ, ਖਾਲਸਾ ਪ੍ਰਭੂਸੱਤਾ ਸਿਧਾਂਤ, ਸਫਾ 1,2)

ਭਾਰਤ ਦੇ ਗੁਲਾਮ ਰਹਿਣ ਦਾ ਕਾਰਨ ਭਾਰਤੀ ਧਰਮਾਂ ਦਾ ਰਵਾਇਤੀ ਵਿਹਾਰ ਸੀ। ਇਸ ਵਿਚ ਕੋਈ ਅਤਿਕਥਨੀ ਨਹੀਂ ਕਿ ਭਾਰਤੀ ਧਰਮਾਂ ਨੇ ਹਮੇਸ਼ਾ ਕੇਵਲ ਅੱਗਾ ਸੁਆਰਨ ਲਈ ਹੀ ਪ੍ਰੇਰਿਆ ਹੈ (ਸਿੱਖ ਮਤ ਵਿਚ ਵੀ ਇਹ ਵਿਚਾਰ ਅੱਜ ਭਾਰੂ ਹੈ)। ਇਸੇ ਕਰ ਕੇ ਸੰਨਿਆਸੀ ਅਤੇ ਤਿਆਗੀ, ਭਾਰਤੀ ਲੋਕਾਂ ਦੇ ਆਦਰਸ਼ ਰਹੇ ਹਨ। ਇਨ੍ਹਾਂ ਲਈ ਮਾਨਵੀ ਕਦਰਾਂ-ਕੀਮਤਾਂ, ਮਨੁੱਖੀ ਆਜ਼ਾਦੀ ਤੇ ਵਿਹਾਰ ਦਾ ਕੋਈ ਮਹੱਤਵ ਨਹੀਂ। ਰਹਿੰਦੀ ਕਸਰ ਬੁੱਧ ਮਤ ਅਤੇ ਜੈਨ ਮਤ ਦੀ ਅਵਿਗਿਆਨਕ ਸੋਚ ਨੇ ਪੂਰੀ ਕਰ ਦਿੱਤੀ। ਅਹਿੰਸਾ ਪਰਮੋ-ਧਰਮ ਦੀ ਰਟ ਲਗਾਈ ਗਈ ਅਤੇ ਲੋਕ ਸ਼ਕਤੀ ਨੂੰ ਨਿਪੁੰਸਕ ਕਰ ਦਿੱਤਾ ਗਿਆ। ਸੰਨਿਆਸ ਅਤੇ ਤਿਆਗ ਦੀਆਂ ਰੁਚੀਆਂ, ਅਹਿੰਸਾ ਨੂੰ ਜੀਵਨ ਦਾ ਮੂਲ ਮੰਨ ਲੈਣਾ ਭਾਰਤੀ ਗੁਲਾਮੀ ਦਾ ਮੂਲ ਕਾਰਨ ਸੀ। (ਮੇਰਾ ਆਪਣਾ ਯਕੀਨ ਹੈ ਕਿ ਜੇ ਪੰਜਾਬ ਦੀ ਸਰਜ਼ਮੀਨ 'ਤੇ ਸਿੱਖ ਗੁਰੂਆਂ ਦਾ ਆਗਮਨ ਨਾ ਹੁੰਦਾ, ਮੀਰੀ-ਪੀਰੀ ਦਾ ਸੰਕਲਪ ਜਨਮ ਨਾ ਲੈਂਦਾ, ਖਾਲਸੇ ਦੀ ਤੇਗ ਨਾ ਚਮਕਦੀ ਤਾਂ ਅੱਜ ਵੀ ਬਾਹਰਲੇ ਧਾੜਵੀ ਹਿੰਦੁਸਤਾਨ ਦੀ ਜ਼ਮੀਨ ਨੂੰ ਹਰ ਰੋਜ਼ ਪੈਰਾਂ ਹੇਠ ਦਰੜਦੇ। ਸਿੱਖ ਇਨਕਲਾਬ ਨੇ ਨਵਾਂ ਸਮਾਜ, ਨਵੇਂ ਸਿਧਾਂਤ ਅਤੇ ਨਵੀਂ ਕੌਮ ਦੀ ਸਥਾਪਨਾ ਕੀਤੀ)।

### ਸ਼ਹੀਦ ਅਤੇ ਸ਼ਹਾਦਤ

ਇਹ ਦੋਵੇਂ ਅਰਬੀ ਭਾਸ਼ਾ ਦੇ ਸ਼ਬਦ ਹਨ। ਸ਼ਹਾਦਤ ਸ਼ਬਦ 'ਤੁਸਹਾਦ' ਤੋਂ ਬਣਿਆ ਹੈ। ਸ਼ਹਾਦਤ ਦੇਣ ਵਾਲਾ ਹੀ ਸ਼ਹੀਦ ਅਖਵਾਉਂਦਾ ਹੈ। ਸ਼ਹਾਦਤ ਦੇ ਅਰਥ ਹਨ- ਗਵਾਹੀ, ਸੱਚੀ ਗਵਾਹੀ ਦੇਣਾ, ਸਾਖੀ ਭਰਨਾ, ਰੱਬ ਦੇ ਰਾਹ 'ਤੇ ਮਾਰੇ ਜਾਣਾ। ਸ਼ਹੀਦ ਸ਼ਬਦ ਦਾ ਪ੍ਰਯੋਗ ਕੁਰਾਨ ਸ਼ਰੀਫ ਵਿਚ ਵੀ ਆਇਆ ਹੈ। 'ਇਨਸਾਈਕਲੋਪੀਡੀਆ ਆਫ ਇਸਲਾਮ' ਵਿਚ ਸ਼ਹੀਦ ਦਾ ਅਰਥ ਗਵਾਹ ਹੈ ਪਰ ਕਿਤੇ-ਕਿਤੇ ਗਵਾਹੀ ਸ਼ਬਦ ਖੁਦਾ (ਰੱਬ) ਵਾਸਤੇ ਵੀ ਆਇਆ ਹੈ, "ਰੱਬ ਤੁਹਾਡੇ ਕਰਮਾਂ ਸ਼ਾਹਿਦ ਹੈ, ਭਾਵ ਗਵਾਹ ਹੈ।" (ਸੂਰਾ 3-98)



***ਸਿੱਖ ਇਤਿਹਾਸ ਦੇ ਸਫੇ ਸ਼ਹੀਦਾਂ ਦੇ ਖੂਨ ਨਾਲ ਭਰੇ ਪਏ ਹਨ। ਇਹ ਸ਼ਹੀਦੀਆਂ ਕਿਸੇ ਇਕ ਦੌਰ ਦੀਆਂ ਨਹੀਂ ਸਗੋਂ ਸਦੀਆਂ ਪੁਰਾਣੀਆਂ ਹਨ। ਸਿੱਖ ਚਿੰਤਨ ਵਿਚ ਸੱਚ ਅਤੇ ਮਨੁੱਖਤਾ ਦੇ ਭਲੇ ਲਈ ਜੂਝ ਮਰਨਾ ਹੀ ਸ਼ਹਾਦਤ ਹੈ। ਸਿੱਖ ਸ਼ਹਾਦਤ ਨਾ ਤਾਂ ਨਿੱਜ ਲਈ ਹੈ, ਤੇ ਨਾ ਕੇਵਲ ਆਪਣੀ ਕੌਮ ਦੇ ਸਨਮਾਨ ਵਾਸਤੇ ਹੈ, ਸਗੋਂ ਇਹ ਤਾਂ ਮਨੁੱਖਤਾ ਦੇ ਸਨਮਾਨ ਅਤੇ ਹਰ ਤਰ੍ਹਾਂ ਦੀ ਬੇਇਨਸਾਫੀ ਵਿਰੁਧ ਹੈ। ਸ਼ਹੀਦ ਉਹ ਹੁੰਦਾ ਹੈ ਜੋ ਦੇਹ ਦੇ ਬੰਧਨਾਂ ਤੋਂ ਮੁਕਤ ਹੋ ਕੇ ਆਪਣੀ ਚੇਤਨਾ ਨੂੰ ਰੱਬੀ ਸੂਝ ਨਾਲ ਇਕਸੁਰ ਕਰ ਲੈਂਦਾ ਹੈ।***

ਸਾਮੀ ਪਰੰਪਰਾ ਵਿਚ ਸ਼ਹੀਦ ਸ਼ਬਦ ਸ਼ੋਹਿਦ ਤੋਂ ਆਇਆ ਹੈ ਜਿਸ ਦੇ ਸ਼ਬਦੀ ਅਰਥ ਗਵਾਹੀ ਦੇਣਾ ਹੈ। ਸਾਮੀ ਪਰੰਪਰਾ ਵਿਚ ਇਹ ਸ਼ਬਦ ਸ਼ਾਇਦ ਯੂਨਾਨੀ ਭਾਸ਼ਾ 'ਚੋਂ ਆਇਆ ਹੈ ਅਤੇ ਇਸ ਲਈ ਸ਼ਬਦ UATAP ਵਰਤਿਆ ਗਿਆ ਹੈ। ਇਸ ਦੇ ਅਰਥ ਵੀ ਗਵਾਹੀ ਹਨ। ਸਾਮੀ ਪਰੰਪਰਾ ਵਿਚ ਸ਼ਹੀਦ ਉਹ ਹੁੰਦਾ ਹੈ ਜੋ ਵਿਸ਼ਵਾਸ ਦੇ ਬੋਲਬਾਲੇ ਵਾਸਤੇ ਜ਼ੁਲਮ ਸਹਿਣ ਲਈ ਤਿਆਰ ਹੋਵੇ, ਜਾਂ ਧਰਮ ਬਦਲੇ ਆਪਣੇ ਸੱਚ 'ਤੇ ਦ੍ਰਿੜ ਰਹਿ ਕੇ ਵੱਡੀ ਤੋਂ ਵੱਡੀ ਕੁਰਬਾਨੀ ਦੇਣ ਲਈ ਤਿਆਰ ਹੋਵੇ, ਜਾਂ ਧਰਮ ਬਦਲੇ ਆਪਣੇ ਸੱਚ 'ਤੇ ਦ੍ਰਿੜ ਰਹਿ ਕੇ ਵੱਡੀ ਤੋਂ ਵੱਡੀ ਕੁਰਬਾਨੀ ਦੇਣ ਲਈ ਤਿਆਰ ਰਹੇ। ਇਹ ਮੌਤ ਤੋਂ ਡਰਨ ਦੀ ਥਾਂ ਮੌਤ ਨੂੰ ਪਿਆਰ ਨਾਲ ਜਾ ਚੁੰਮਣਾ ਹੈ। (ਇਨਸਾਈਕਲੋਪੀਡੀਆ ਆਫ ਰਿਲੀਜਨ ਐਂਡ ਐਥਿਕਸ, ਸਫਾ 473)

ਇਰਾਨੀ ਪਰੰਪਰਾ ਵਿਚ ਧਰਮ ਲਈ ਆਪਾ ਕੁਰਬਾਨ ਕਰਨ ਵਾਲੇ ਨੂੰ ਸ਼ਹੀਦ ਕਿਹਾ ਗਿਆ ਹੈ। ਜਪਾਨੀ ਭਾਸ਼ਾ ਵਿਚ ਸ਼ਹੀਦ ਉਸ ਨੂੰ ਕਿਹਾ ਗਿਆ ਹੈ ਜੋ ਆਪਣੀ ਜ਼ਿੰਦਗੀ ਕੌਮ ਅਤੇ ਦੇਸ਼ ਲਈ ਕੁਰਬਾਨ ਕਰ ਦੇਵੇ। ਚੀਨ ਵਿਚ ਨੇਕੀ ਖਾਤਰ ਕੁਰਬਾਨੀ ਕਰਨ ਵਾਲੇ ਨੂੰ ਸ਼ਹੀਦ ਕਿਹਾ ਜਾਂਦਾ ਹੈ। ਯਹੂਦੀ ਧਰਮ ਵਿਚ ਉਹ ਲੋਕ ਜੋ ਰੱਬੀ ਕਾਨੂੰਨ ਦਿਲ, ਆਤਮਾ ਤੇ ਪੂਰੀ ਸ਼ਕਤੀ ਨਾਲ ਮੰਨਦੇ ਹਨ ਤੇ ਦੁੱਖ ਸਹਿੰਦੇ ਹਨ ਪਰ ਨਿਯਮ ਦੀ ਪਾਲਣਾ ਤੋਂ ਮੂੰਹ ਨਹੀਂ ਮੋੜਦੇ, ਉਹ ਸ਼ਹੀਦ ਹਨ।

ਈਸਾਈ ਧਰਮ ਵਿਚ ਵੀ ਸ਼ਹਾਦਤ ਦਾ ਅਰਥ ਗਵਾਹੀ ਹੈ। ਈਸਾਈ ਧਰਮ ਦੇ ਅਰੰਭ ਵੇਲੇ ਲੋਕਾਂ ਵਲੋਂ ਇਸ ਧਰਮ ਦਾ ਜਿਹੜਾ ਵਿਰੋਧ ਕੀਤਾ ਗਿਆ ਅਤੇ ਉਸ ਵਿਰੋਧ ਦੇ ਬਾਵਜੂਦ ਈਸਾ ਦੇ ਸਿਧਾਂਤ 'ਤੇ ਪੂਰੀ ਤਰ੍ਹਾਂ ਦ੍ਰਿੜ ਵਿਸ਼ਵਾਸ ਰੱਖਦਿਆਂ ਜਿਹੜੇ ਲੋਕਾਂ ਨੇ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ, ਉਨ੍ਹਾਂ ਨੂੰ ਈਸਾਈ ਧਰਮ ਵਿਚ ਗਵਾਹੀ ਮੰਨ ਲਿਆ ਗਿਆ। ਇਸ ਧਰਮ ਵਿਚ ਸਭ ਤੋਂ ਵੱਡੀ ਕੁਰਬਾਨੀ ਈਸਾ ਦੀ ਮੰਨੀ ਜਾਂਦੀ ਹੈ, ਪਰ ਨਵੇਂ ਨੇਮ (New Testament) 'ਚ ਸੇਂਟ ਸਟੀਫਨ ਨੂੰ ਪਹਿਲਾ ਸ਼ਹੀਦ ਪ੍ਰਵਾਨ ਕੀਤਾ ਗਿਆ ਹੈ। (ਪਵਿੱਤਰ ਬਾਈਬਲ, ਨਵਾਂ ਨੇਮ, ਮਤੀ ਦੀ ਇੰਜੀਲ 1,6,7- ਸਫਾ 9)

ਈਸਾਈ ਵਿਸ਼ਵਾਸ ਅਨੁਸਾਰ ਸ਼ਹੀਦ ਨੂੰ ਸਵਰਗ ਦੀਆਂ ਸਾਰੀਆਂ ਖੁਸ਼ੀਆਂ, ਮਾਨਵ ਦਾ ਪੂਰਾ ਹੱਕ ਮਿਲ ਜਾਂਦਾ ਹੈ ਜਦਕਿ ਦੂਜਿਆਂ ਨੂੰ ਕਿਆਮਤ ਦੇ ਦਿਨ ਤੱਕ ਉਡੀਕ ਕਰਨੀ ਪਵੇਗੀ। ਈਸਾਈ ਧਰਮ ਅਨੁਸਾਰ ਸ਼ਹੀਦ ਪਰਮਾਤਮਾ ਦੇ ਅਜਿਹੇ ਪਹਿਲਵਾਨ ਹਨ ਜਿਨ੍ਹਾਂ ਨੂੰ ਉਹ ਖੁਦ ਸਵਰਗ ਦੇ ਦਰਵਾਜ਼ੇ 'ਤੇ ਆ ਕੇ ਸਤਿਕਾਰ ਸਹਿਤ ਅੰਦਰ ਆਉਣ ਲਈ ਨਿਵਾਜਦਾ ਹੈ।

ਈਸਾਈ ਧਰਮ ਵਿਚ ਸ਼ਹਾਦਤ ਦਾ ਰੁਤਬਾ ਬਹੁਤ ਉਚਾ ਹੈ ਪਰ ਇਕ ਗੱਲ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਈਸਾਈ ਕੇਵਲ ਆਪਣੇ ਸੱਚ ਲਈ ਹੀ ਸ਼ਹੀਦੀ ਦਿੰਦਾ ਹੈ। ਸਿੱਖ ਧਰਮ ਦੂਜਿਆਂ ਦੇ ਵਿਸ਼ਵਾਸ ਲਈ ਵੀ ਜ਼ਿੰਦਗੀ ਅਤੇ ਮੌਤ ਨੂੰ ਇਕੋ ਜਿਹਾ ਸਮਝ ਕੇ ਸ਼ਹਾਦਤ ਦਿੰਦਾ ਹੈ।

ਇਸਲਾਮ 'ਚ ਸ਼ਹਾਦਤ ਨੂੰ ਚੁੰਮਣ ਵਾਲਿਆਂ ਲਈ ਸ਼ਹੀਦ, ਸ਼ੋਹਿਦ ਆਦਿ ਸ਼ਬਦ ਵਰਤੇ ਗਏ ਹਨ। ਸ਼ਹਾਦਤ ਸ਼ਬਦ ਨੂੰ ਗਵਾਹੀ ਵਜੋਂ ਵਰਤਣਾ, ਪਵਿੱਤਰ ਇਕਰਾਰ ਤਸੱਵਰ ਕੀਤਾ ਜਾਂਦਾ ਹੈ। ਇਸਲਾਮੀ ਪਿਛੋਕੜ ਵਿਚ 'ਕੁਰਾਨ ਮਜੀਦ' ਵਰਤੇ ਗਏ ਸ਼ਬਦ 'ਸ਼ਹੀਦ' ਅਤੇ 'ਸ਼ਹਾਦਤ' ਦਾ ਗੌਰਵ ਅੱਲਾਹ ਜਿੰਨਾ ਹੀ ਪਵਿੱਤਰ ਹੈ। ਕੁਰਾਨ ਮਜੀਦ ਵਿਚ ਸ਼ਹੀਦ ਸ਼ਬਦ ਕੋਈ 35 ਵਾਰ ਆਇਆ ਹੈ। ਇਸਲਾਮ ਵਿਚ ਸ਼ਹੀਦ ਉਸ ਨੂੰ ਕਿਹਾ ਜਾਂਦਾ ਹੈ ਜੋ ਇਸਲਾਮ ਦੇ ਪ੍ਰਚਾਰ ਤੇ ਪਸਾਰ ਲਈ ਕਾਫਿਰਾਂ ਵਿਰੁਧ ਲੜਦਾ ਮਾਰਿਆ ਜਾਂਦਾ ਹੈ। ਅਜਿਹੇ ਬੰਦੇ ਲਈ ਬਹਿਸ਼ਤਾਂ ਦੇ ਦਰਵਾਜੇ ਖੁੱਲ੍ਹ ਜਾਂਦੇ ਹਨ ਅਤੇ 'ਮੁਨਕਰ' ਤੇ ਨਕੀਰ ਫਰਿਸ਼ਤੇ ਉਸ ਦੇ ਕਰਮਾਂ ਦਾ ਹਿਸਾਬ ਨਹੀਂ ਕਰਦੇ। ਉਸ ਨੂੰ ਬਹਿਸ਼ਤ 'ਚ ਖੁਦਾ ਦੇ ਤਖਤ ਦੇ ਨੇੜੇ ਜਗ੍ਹਾ ਮਿਲਦੀ ਹੈ। ਇਸਲਾਮ ਅਨੁਸਾਰ ਸ਼ਹੀਦ ਮਰਦਾ ਨਹੀਂ ਸਗੋਂ ਮੌਤ ਤਾਂ ਉਸ ਦਾ ਇਮਤਿਹਾਨ ਹੁੰਦੀ ਹੈ ਤੇ ਇਹ ਇਮਤਿਹਾਨ ਲੈਣ ਵਾਲਿਆਂ 'ਚ ਅੱਲਾਹ ਤੇ ਪੈਗੰਬਰ ਖੁਦ ਹਾਜ਼ਰ ਹੁੰਦੇ ਹਨ। ਕੁਰਾਨ ਵਿਚ ਕਿਹਾ ਗਿਆ ਹੈ,

ਜੇ ਤੁਸੀਂ ਅੱਲਾਹ ਦੇ ਰਾਹ ਵਿਚ
ਮਾਰੇ ਜਾਓ ਜਾਂ ਮਰ ਜਾਓ
ਤਾਂ ਅੱਲਾਹ ਵਲੋਂ ਤੁਹਾਡੇ ਵੱਲ ਆਉਣ ਵਾਲੀ ਬਖਸ਼ਿਸ਼ ਤੇ ਮਿਹਰ ਬਹੁਤ ਚੰਗੀ ਹੋਵੇਗੀ।

ਇਸਲਾਮ ਵਿਚ ਸ਼ਹੀਦ ਦਾ ਰੁਤਬਾ ਬਹੁਤ ਪਵਿੱਤਰ ਹੈ। ਇਸਲਾਮ ਵਿਚ ਸ਼ਹੀਦ ਨੂੰ ਸ਼ਹੀਦੇ-ਉਲ-ਕਾਮਿਲ ਦਾ ਨਾਂ ਵੀ ਦਿੱਤਾ ਜਾਂਦਾ ਹੈ ਕਿਉਂਕਿ ਇਹੀ ਮਨੁੱਖ ਅੱਲਾਹ ਦੇ ਅਸਲ ਵਾਰਿਸ ਸਿੱਧ ਹੁੰਦੇ ਹਨ। ਇਸਲਾਮ 'ਚ ਉਤਮ ਦਰਜੇ ਦਾ ਸ਼ਹੀਦ ਉਹ ਹੈ ਜਿਸ ਨੇ ਹਜ਼ਰਤ ਮੁਹੰਮਦ ਨਾਲ ਲੜਾਈਆਂ ਵਿਚ ਸ਼ਾਮਲ ਹੋ ਕੇ ਆਪਣੀ ਜਾਨ ਦੀ ਕੁਰਬਾਨੀ ਦਿੱਤੀ ਹੋਵੇ। ਅਜਿਹੇ ਸ਼ਹੀਦਾਂ, ਜੋ ਦੀਨ ਫੈਲਾਉਣ ਲਈ ਸ਼ਹੀਦੀ ਪ੍ਰਾਪਤ ਕਰਦੇ ਹਨ, ਨੂੰ ਅਮਰਤਾ ਪ੍ਰਾਪਤ ਹੁੰਦੀ ਹੈ। ਇਹੀ ਕਾਰਨ ਹੈ ਕਿ ਮੁਸਲਮਾਨ ਜਹਾਦ (ਧਰਮ ਯੁੱਧ) ਵਿਚ ਸ਼ਾਮਲ ਹੋਣਾ ਆਪਣਾ ਉਤਮ ਕਰਤਵ ਤਸੱਵਰ ਕਰਦੇ ਹਨ।



ਰੱਬ ਦੇ ਰਾਹ 'ਤੇ ਜੋ
ਯੁੱਧ ਦੀ ਧੂੜ ਨਾਲ ਢਕਿਆ ਗਿਆ
ਉਸ ਦੀਆਂ ਲੱਤਾਂ ਨੂੰ
ਨਰਕ-ਅਗਨੀ ਛੂਹ ਨਹੀਂ ਸਕੇਗੀ।
(ਹਦੀਸ ਬੁਖਾਰੀ ਅਤੇ ਮੁਸਲਿਮ)

ਮੈਂ ਰੱਬ ਦੀ ਸਹੁੰ ਖਾ ਕੇ ਕਹਿੰਦਾ ਹਾਂ
ਕਿ ਮੈਂ ਰੱਬ ਦੇ ਰਾਹ 'ਤੇ
ਲੜ ਕੇ ਮਰਨਾ ਚਾਹਾਂਗਾ।
ਮਾਰਿਆ ਜਾਵਾਂਗਾ ਤਾਂ ਫਿਰ
ਜੀਵਨ ਵਿਚ ਲਿਆਇਆ ਜਾਵਾਂਗਾ।
ਫਿਰ ਮਾਰਿਆ ਜਾਵਾਂਗਾ ਅਤੇ
ਦੁਬਾਰਾ ਜੀਵਨ ਵਿਚ ਲਿਆਂਦਾ ਜਾਵਾਂਗਾ
ਤਾਂ ਕਿ ਹਰ ਵਾਰੀ ਮੈਨੂੰ ਨਵਾਂ ਫਲ ਮਿਲੇ।
(ਹਦੀਸ ਬੁਖਾਰੀ ਅਤੇ ਮੁਸਲਿਮ)

ਇਸਲਾਮ ਵਿਚ ਸਭ ਤੋਂ ਉਤਮ ਸ਼ਹੀਦ ਉਸ ਨੂੰ ਕਿਹਾ ਜਾਂਦਾ ਹੈ ਜੋ ਰੱਬ ਦੀ ਰਜ਼ਾ ਵਿਚ ਸੱਚਾਈ ਦੇ ਮਾਰਗ ਉਤੇ ਚੱਲਦਿਆਂ ਆਪਣੀ ਜਾਨ ਵਾਰ ਦੇਵੇ। ਇਸੇ ਕਰ ਕੇ ਇਮਾਮ ਹੁਸੈਨ ਇਸਲਾਮ ਵਿਚ ਮਹਾਨ ਸ਼ਹੀਦ ਦੀ ਪਦਵੀ ਪ੍ਰਾਪਤ ਹੈ।

ਇਸਲਾਮ ਦੋ ਤਰ੍ਹਾਂ ਦੀ ਸ਼ਹੀਦੀ ਮੰਨਦਾ ਹੈ। ਖੁਦਾ ਦੇ ਡਰ ਨਾਲ ਰੋਂਦਿਆਂ ਜੇ ਕੋਈ ਮਰ ਜਾਵੇ ਤਾਂ ਉਸ ਨੂੰ 'ਸ਼ਹਾਦਤ ਕਿਬਰਾ' ਅਰਥਾਤ ਵੱਡੀ ਸ਼ਹੀਦੀ ਪ੍ਰਾਪਤ ਹੁੰਦੀ ਹੈ ਅਤੇ ਸ਼ਹੀਦੇ-ਅਕਬਰ ਤੋਂ ਰਿਆਮਤ ਵੇਲੇ ਕਿਸੇ ਪ੍ਰਕਾਰ ਦਾ ਹਿਸਾਬ ਨਹੀਂ ਮੰਗਿਆ ਜਾਂਦਾ। ਦੂਜੀ ਪ੍ਰਕਾਰ ਦੀ ਸ਼ਹੀਦੀ ਵਿਚ ਪਲੇਗ, ਤਪਦਿਕ ਆਦਿ ਨਾਲ ਮਰਨ ਵਾਲੇ ਉਹ ਬੰਦੇ ਆਉਂਦੇ ਹਨ ਜੋ ਮੋਮਨ ਹੋਣ, ਤੇ ਬਿਮਾਰੀ ਕਾਰਨ ਹੋਣ ਵਾਲੀ ਮੌਤ ਤੋਂ ਡਰ ਕੇ ਦੇਸ਼ ਛੱਡ ਕੇ ਨਾ ਚਲੇ ਜਾਣ। ਅਜਿਹੇ ਸ਼ਹੀਦਾਂ ਨੂੰ ਕਿਆਮਤ ਵਾਲੇ ਦਿਨ ਹਿਸਾਬ ਦੇਣਾ ਪੈਂਦਾ ਹੈ। ਬੇਗੁਨਾਹ ਦਾ ਕਤਲ ਵੀ ਸ਼ਹਾਦਤ ਮੰਨਿਆ ਜਾਂਦਾ ਹੈ। ਜੇ ਕਿਸੇ ਦੀ ਜ਼ਹਿਰ ਨਾਲ ਮੌਤ ਹੋ ਜਾਵੇ ਤਾਂ ਉਸ ਨੂੰ ਵੀ ਸ਼ਹੀਦ ਮੰਨਿਆ ਜਾਂਦਾ ਹੈ ਪਰ ਜੋ ਜ਼ਹਿਰ ਖੁਦ ਖਾ ਲਵੇ, ਤਾਂ ਖੁਦਕੁਸ਼ੀ ਹੈ।

ਇਸਲਾਮ ਵਿਚ ਸ਼ਹੀਦ ਤੇ ਗਾਜ਼ੀ ਵਿਚ ਵੀ ਅੰਤਰ ਕੀਤਾ ਗਿਆ ਹੈ। ਜਿਹੜਾ ਮੁਸਲਮਾਨ, ਕਾਫਿਰਾਂ ਨਾਲ ਲੜਦਾ ਮਾਰਿਆ ਜਾਵੇ, ਉਹ ਸ਼ਹੀਦ ਕਹਾਉਂਦਾ ਹੈ, ਤੇ ਜੋ ਸਫਲ ਹੋ ਜਾਵੇ ਤੇ ਕਾਫਰਾਂ ਨੂੰ ਜਿੱਤ ਲਵੇ, ਗਾਜ਼ੀ ਕਹਾਉਂਦਾ ਹੈ। ਇਸਲਾਮ ਵਿਚ ਸ਼ਹੀਦੀ ਨੂੰ ਰੱਬੀ ਦਾਤ ਤਸੱਵਰ ਕੀਤਾ ਗਿਆ ਹੈ ਅਤੇ ਇਹ ਰੱਬੀ ਹੁਕਮ ਤੋਂ ਬਿਨਾਂ ਪ੍ਰਾਪਤ ਨਹੀਂ ਹੁੰਦੀ। ਇਸਲਾਮੀ ਵਿਸ਼ਵਾਸ ਵਿਚ ਵੀ ਈਸਾਈ ਧਰਮ ਵਾਂਗ ਸ਼ਹੀਦ ਸਿੱਧੇ ਸਵਰਗਾਂ ਨੂੰ ਜਾਂਦੇ ਹਨ। ਸਵਰਗ ਵਿਚ ਹਰਿਆਵਲੇ ਬਾਗਾਂ ਵਿਚ ਸੁੰਦਰ ਅਤੇ ਸੁਹਾਵਣੇ ਝਰਨਿਆਂ ਦੀਆਂ ਠੰਢੀਆਂ ਹਵਾਵਾਂ ਵਿਚ ਸ਼ਹੀਦਾਂ ਨੂੰ ਖੁਸ਼ੀ ਮਾਣਦੇ ਦੱਸਿਆ ਗਿਆ ਹੈ ਅਤੇ ਉਨ੍ਹਾਂ ਦੀ ਸੰਗਤ ਲਈ ਹਰ ਇਕ ਵਾਸਤੇ ਕਾਲੀਆਂ ਮੋਟੀਆਂ ਅੱਖਾਂ ਵਾਲੀਆਂ 72 ਹੂਰਾਂ ਸੇਵਾ ਲਈ ਹਮੇਸ਼ਾ ਤਿਆਰ ਰਹਿੰਦੀਆਂ ਹਨ। ਉਨ੍ਹਾਂ ਦਾ ਹੁਸਨ ਉਨ੍ਹਾਂ ਨੂੰ ਹਮੇਸ਼ਾ ਖੁਸ਼ ਰੱਖੇਗਾ। ਫਲਾਂ ਨਾਲ ਲੱਦੇ ਬ੍ਰਿਛ ਤੇ ਖੁੱਲ੍ਹੀ ਛਾਂ ਹੇਠ ਵਗਦੇ ਪਾਣੀਆਂ ਦੇ ਕੰਢੇ ਫਲਾਂ ਦੇ ਢੇਰ ਉਤੇ ਉਨ੍ਹਾਂ ਦਾ ਬਸੇਰਾ ਹੋਵੇਗਾ। (ਕੁਰਾਨ ਮਜੀਦ, ਸੂਰਤ-ਅਲ-ਇਮਰਾਨ, 3.196, ਸਫਾ 174)

### ਸਿੱਖ ਧਰਮ 'ਚ ਸ਼ਹਾਦਤ ਦਾ ਸੰਕਲਪ

ਸਵੈ-ਮਾਣ ਨਾਲ ਭਰੇ ਸਿੱਖਾਂ ਲਈ ਇਹ ਫਖਰ ਵਾਲੀ ਗੱਲ ਹੈ ਕਿ ਇਸ ਦਾ ਇਤਿਹਾਸ ਸ਼ਹਾਦਤਾਂ ਨਾਲ ਭਰਿਆ ਪਿਆ ਹੈ। ਭਾਰਤੀ ਚਿੰਤਨ ਵਿਚ ਸ਼ਹੀਦ ਸ਼ਬਦ ਪਹਿਲੀ ਵਾਰ ਸਿਧਾਂਤ ਅਤੇ ਅਮਲ ਦੇ ਰੂਪ ਵਿਚ ਸਿੱਖ ਮਤ ਵਿਚ ਉਦੇਮਾਨ ਹੋਇਆ। ਸਿੱਖਾਂ ਦੇ ਜੀਵਨ ਜਾਚ ਵਿਚ ਸ਼ਹੀਦੀ ਦਾ ਸੰਕਲਪ ਨਿਤ ਦਾ ਅਮਲ ਹੈ। ਸਿੱਖਾਂ ਦਾ ਰੋਮ-ਰੋਮ ਸ਼ਹਾਦਤ ਦੀ ਗਵਾਹੀ ਭਰਦਾ ਹੈ। ਸਿੱਖ ਸ਼ਹੀਦੀ ਦੇ ਚਾਓ ਦੀ ਪੂਰਤੀ ਲਈ ਹਰ ਵਕਤ ਤਿਆਰ ਰਹਿੰਦਾ ਹੈ। ਸਿੱਖ ਗੁਰੂਆਂ ਨੇ 'ਜੂਝ ਮਰੋ ਤਹਿ ਸਾਚ ਪਤੀਜੈ' ਦਾ ਮਹਾਨ ਸੰਕਲਪ ਸਿੱਖਾਂ ਦੇ ਦਿਲਾਂ ਦੀ ਧੜਕਣ ਵਿਚ ਵਸਾ ਦਿੱਤਾ ਜਿਸ 'ਤੇ ਚੱਲਦਿਆਂ ਲੱਖਾਂ ਸਿੱਖਾਂ ਨੇ ਸੱਚ, ਇਨਸਾਫ ਤੇ ਇਨਸਾਨੀ ਕਦਰਾਂ-ਕੀਮਤਾਂ ਦੀ ਰਾਖੀ ਲਈ ਸ਼ਹਾਦਤ ਦਿੱਤੀ।

ਸਿੱਖ ਇਤਿਹਾਸ ਦੇ ਸਫੇ ਸ਼ਹੀਦਾਂ ਦੇ ਖੂਨ ਨਾਲ ਭਰੇ ਪਏ ਹਨ। ਇਹ ਸ਼ਹੀਦੀਆਂ ਕਿਸੇ ਇਕ ਦੌਰ ਦੀਆਂ ਨਹੀਂ ਸਗੋਂ ਸਦੀਆਂ ਪੁਰਾਣੀਆਂ ਹਨ। ਸਿੱਖ ਚਿੰਤਨ ਵਿਚ ਸੱਚ ਅਤੇ ਮਨੁੱਖਤਾ ਦੇ ਭਲੇ ਲਈ ਜੂਝ ਮਰਨਾ ਹੀ ਸ਼ਹਾਦਤ ਹੈ। ਸਿੱਖ ਸ਼ਹਾਦਤ ਨਾ ਤਾਂ ਨਿੱਜ ਲਈ ਹੈ, ਤੇ ਨਾ ਕੇਵਲ ਆਪਣੀ ਕੌਮ ਦੇ ਸਨਮਾਨ ਵਾਸਤੇ ਸਗੋਂ ਇਹ ਤਾਂ ਮਨੁੱਖਤਾ ਦੇ ਸਨਮਾਨ ਅਤੇ ਹਰ ਤਰ੍ਹਾਂ ਦੀ ਬੇਇਨਸਾਫੀ ਵਿਰੁਧ ਹੈ। ਸ਼ਹੀਦ ਉਹ ਹੈ ਜੋ ਦੇਹ ਦੇ ਬੰਧਨਾਂ ਤੋਂ ਮੁਕਤ ਹੋ ਕੇ ਆਪਣੀ ਚੇਤਨਾ ਨੂੰ ਰੱਬੀ ਸੂਝ ਨਾਲ ਇਕਸੁਰ ਕਰ ਲੈਂਦਾ ਹੈ। "ਸ਼ਹਾਦਤ ਮਨੁੱਖੀ ਹਸਤੀ ਨੂੰ ਰੱਬੀ ਸੂਝ ਦੇ ਕੇਂਦਰ ਵਿਚ ਲਿਆਉਂਦੀ ਹੈ। ਇਵੇਂ ਮਨੁੱਖ ਦਾ ਰੂਹਾਨੀ ਸਫਰ ਅਜ਼ੀਮ ਸਾਬਤ ਹੋ ਜਾਂਦਾ ਹੈ ਅਤੇ ਉਸ ਨੂੰ ਹਾਸਲ ਕਰਦਿਆਂ ਰਹਿਮ ਵਿਚ ਅੰਤਮ ਨਾਂਹ ਨੂੰ ਆਪਣੇ ਵਿਚ ਸਮੋ ਲੈਣ ਦੀ ਤਾਕਤ ਆ ਜਾਂਦੀ ਹੈ।" (ਹਰਿੰਦਰ ਸਿੰਘ ਮਹਿਬੂਬ, ਸਹਿਜੇ ਰਚਿਓ ਖਾਲਸਾ)

ਗੁਰੂ ਨਾਨਕ ਵਲੋਂ ਉਚਾਰੀ ਬਾਣੀ 'ਚ ਸ਼ਹੀਦ ਸ਼ਬਦ ਨੂੰ ਮਹਾਨ ਰੁਤਬਾ ਦੇ ਕੇ ਪੀਰਾਂ, ਪੈਗੰਬਰਾਂ ਅਤੇ ਗੁਰੂਆਂ ਵਰਗਾ ਹੀ ਮੰਨਿਆ ਹੋਇਆ ਹੈ ਅਤੇ ਇਨ੍ਹਾਂ ਨੂੰ ਬਰਾਬਰੀ ਦਾ ਆਧਾਰ ਮੁਹੱਈਆ ਕਰਵਾਉਂਦਿਆਂ ਗੁਰੂ ਜੀ ਹੁਕਮ ਕਰਦੇ ਹਨ,

ਪੀਰ ਪੈਕਾਮਰ ਸਾਲਕ ਸਾਦਕ
ਸੁਹਦੇ ਅਉਰੁ ਸਹੀਦ॥
ਸੇਖ ਮਸਾਇਕ ਕਾਜੀ ਮੁਲਾ
ਦਰਿ ਦਰਵੇਸ ਰਸੀਦ॥
(ਗੁਰੂ ਗ੍ਰੰਥ ਸਾਹਿਬ, ਸਫਾ 53)

ਜੋ ਨਿਰਭਉ ਹੈ, ਜੋ ਨਿਰਵੈਰ ਹੈ, ਉਹ ਸ਼ਹੀਦ ਹੈ। "ਜੋ ਦੂਜਿਆਂ ਦੀ ਆਜ਼ਾਦੀ ਲਈ, ਉਨ੍ਹਾਂ ਦੀ ਵਿਚਾਰਧਾਰਾ ਦੀ ਰਾਖੀ ਲਈ ਮਰ ਮਿਟਣ ਦਾ ਸੰਕਲਪ ਪਾਲਦਾ ਹੈ, ਉਹ ਸ਼ਹੀਦ ਹੈ।" ਸਿੱਖ ਸ਼ਹਾਦਤ ਨਾ ਤਾਂ ਨਿੱਜ ਲਈ ਹੈ, ਤੇ ਨਾ ਹੀ ਕੇਵਲ ਆਪਣੀ ਕੌਮ ਦੇ ਸਨਮਾਨ ਲਈ ਸਗੋਂ ਇਹ

(ਬਾਕੀ ਸਫਾ 25 ਉਤੇ)


# ਅਰਬਾਂ ਨਾਲ ਦਸਤਪੰਜਾ

*ਸਿੱਖ ਵਿਦਵਾਨ ਪ੍ਰੋ. ਹਰਪਾਲ ਸਿੰਘ ਪੰਨੂ ਨੇ ਇਜ਼ਰਾਈਲ ਦੀ ਪ੍ਰਧਾਨ ਮੰਤਰੀ ਗੋਲਡਾ ਮਾਇਰ (3 ਮਈ 1898-8 ਦਸੰਬਰ 1978) ਦੇ ਬਹਾਨੇ ਇਜ਼ਰਾਈਲ ਦੇ ਪਿਛੋਕੜ ਬਾਰੇ ਕੁਝ ਗੱਲਾਂ-ਬਾਤਾਂ ਇਸ ਲੰਮੇ ਲੇਖ ਵਿਚ ਸਾਂਝੀਆਂ ਕੀਤੀਆਂ ਹਨ। ਇਸ ਵਿਚ ਯਹੂਦੀਆਂ ਦੇ ਧਰਮ, ਇਤਿਹਾਸ, ਕਲਚਰ ਅਤੇ ਸਿਆਸੀ ਸਮੱਸਿਆਵਾਂ ਬਾਰੇ ਖੁੱਲ੍ਹਾ ਖੁਲਾਸਾ ਤਾਂ ਕੀਤਾ ਹੀ ਗਿਆ ਹੈ; ਅੰਧਕਾਰ ਵਿਚੋਂ ਕਿਵੇਂ ਬਚ-ਬਚ ਨਿਕਲਣਾ ਹੈ ਤੇ ਧੀਰਜ ਨਾਲ ਕਸ਼ਟ ਝੱਲਦਿਆਂ ਲੰਮਾ ਸਮਾਂ ਸੰਘਰਸ਼ ਕਿਵੇਂ ਕਰਨਾ ਹੈ, ਇਸ ਬਾਬਤ ਵੀ ਕਿੱਸਾ ਛੋਹਿਆ ਗਿਆ ਹੈ। ਗੋਲਡਾ ਦਾ ਜਨਮ ਯੂਕਰੇਨ ਦੇ ਸ਼ਹਿਰ ਕੀਵ ਵਿਚ ਹੋਇਆ ਸੀ ਜਿੱਥੋਂ ਦੇ ਅੱਜ ਕੱਲ੍ਹ ਦੇ ਹਾਲਾਤ ਫਲਸਤੀਨ ਅਤੇ ਇਜ਼ਰਾਈਲ ਨਾਲੋਂ ਕੋਈ ਬਹੁਤੇ ਵੱਖਰੇ ਨਹੀਂ। ਪਿਛਲੇ ਅੰਕਾਂ ਵਿਚ ਪਾਠਕਾਂ ਨੇ 20ਵੀਂ ਸਦੀ ਦੇ ਅਰੰਭ ਵਿਚ ਯਹੂਦੀਆਂ ਦੇ ਹਾਲ ਅਤੇ ਫਿਰ ਇਜ਼ਰਾਈਲ ਦੀ ਕਾਇਮੀ ਲਈ ਜੂਝਦੇ ਜਿਊੜਿਆਂ ਦਾ ਜ਼ਿਕਰ ਪੜ੍ਹਿਆ। ਇਸ ਵਾਰ ਇਜ਼ਰਾਈਲ ਦੀ ਕਾਇਮੀ ਤੋਂ ਬਾਅਦ ਦੇ ਜੁਝਾਰੂ ਦਿਨਾਂ ਬਾਰੇ ਚਰਚਾ ਕੀਤੀ ਗਈ ਹੈ। -ਸੰਪਾਦਕ*

## ਗੋਲਡਾ ਮਾਇਰ ਅਤੇ ਇਕ ਦੇਸ਼ ਦਾ ਜਨਮ-4



ਇੱਛਾ ਦੇ ਐਨ ਉਲਟ ਗੋਲਡਾ ਮਾਇਰ ਨੂੰ ਰੂਸ ਵਿਚ ਰਾਜਦੂਤ ਲਾ ਦਿੱਤਾ। ਉਹਨੇ ਇਤਰਾਜ਼ ਕੀਤਾ, ਮੈਂ ਕੀ ਗੁਨਾਹ ਕੀਤਾ ਕਿ ਆਜ਼ਾਦ ਹੋਣ ਸਾਰ ਜਲਾਵਤਨੀ ਮਿਲੀ? ਵਿਦੇਸ਼ ਮੰਤਰੀ ਸ਼ੈਰੇ ਨੇ ਕਿਹਾ, ਤੇਰੀ ਧੀ ਸਾਰਾ, ਜਵਾਈ ਜ਼ਕਰੀਆ ਤੇਰੇ ਨਾਲ ਚਲੇ ਜਾਣ, ਤੇਰਾ ਦਿਲ ਲੱਗਾ ਰਹੇਗਾ। ਰਾਜਦੂਤ ਵਜੋਂ ਜਦੋਂ ਰੂਸ ਵਿਚ ਸਲਾਮੀ ਦਿੱਤੀ ਜਾਵੇਗੀ, ਉਦੋਂ ਕਿਸ ਤਰ੍ਹਾਂ ਦਾ ਲਿਬਾਸ ਪਹਿਨਿਆ ਜਾਏ? ਇਜ਼ਰਾਈਲ ਦਾ ਕੌਮੀ ਲਿਬਾਸ ਹੈ ਈ ਨਹੀਂ! ਵਧੇਰੇ ਹਾਰ-ਸ਼ਿੰਗਾਰ,



**ਹਰਪਾਲ ਸਿੰਘ ਪੰਨੂ**
ਫੋਨ: 91-94642-51454

ਦਿਖਾਵੇ ਦੀ ਕੀ ਲੋੜ? ਜਿਹੋ ਜਿਹਾ ਗਰੀਬ ਅਤੇ ਜ਼ਖਮੀ ਇਜ਼ਰਾਈਲ, ਗੋਲਡਾ ਉਵੇਂ ਰਹੇਗੀ। ਸਿਰ 'ਤੇ ਮਖਮਲੀ ਦਸਤਾਰ ਵਲੇਟੇਗੀ, ਕਾਲੇ ਰੰਗ ਦਾ ਚੋਲਾ ਹੋਵੇਗਾ, ਜਿਹੋ ਜਿਹਾ ਕਾਨਵੋਕੇਸ਼ਨ 'ਤੇ ਡਿਗਰੀ ਲੈਣ ਵੇਲੇ ਪਹਿਨੀਦਾ ਹੈ।

ਮਾਸਕੋ ਜਾਣ ਸਾਰ ਵਰਗ-ਮੁਕਤ ਰੂਸ ਦੀ ਝਲਕ ਦੇਖੀ। ਔਰਤਾਂ ਜੋ ਸੜਕ ਉਸਾਰੀ ਮਜ਼ਦੂਰੀ ਤੇ ਸਫਾਈ ਕਰਦੀਆਂ ਹੁੰਦੀਆਂ, ਕੜਕਦੀ ਸਰਦੀ ਵਿਚ ਉਨ੍ਹਾਂ ਨੇ ਪੈਰਾਂ ਦੁਆਲੇ ਚੀਥੜੇ ਲਪੇਟੇ ਹੁੰਦੇ। ਕੀਮਤੀ ਗਰਮ ਸੂਟ ਪਹਿਨੀ ਕਾਰਾਂ ਵਿਚ ਸਜੀਆਂ ਔਰਤਾਂ ਉਨ੍ਹਾਂ ਲਾਗਿਓਂ ਲੰਘਦੀਆਂ।

ਸਲਾਮੀ ਦੀ ਰਸਮ ਤੋਂ ਬਾਅਦ ਗੋਲਡਾ ਨੇ ਚਾਹਿਆ, ਯਹੂਦੀਆਂ ਨੂੰ ਮਿਲਾਂ, ਪਰ ਕਿਥੇ? ਕਿਸੇ ਯਹੂਦੀ ਮੰਦਰ ਵਿਚ। ਰੂਸ ਨੇ ਜ਼ਿਓਨਿਜ਼ਮ ਉਪਰ ਪਾਬੰਦੀ ਲਾਈ ਹੋਈ ਸੀ, ਹਿਬਰੂ ਉਪਰ ਵੀ ਪਾਬੰਦੀ, ਯਿਦਿਸ਼ ਅਜੇ ਸਿਸਕ ਰਹੀ ਸੀ। ਗੋਲਡਾ ਦਾ ਸਟਾਫ ਕਈ ਯਹੂਦੀਆਂ ਨੂੰ ਜਾਣਦਾ ਸੀ, ਕੁਝ ਤਾਂ ਰਿਸ਼ਤੇਦਾਰ ਵੀ ਸਨ ਪਰ ਜੇ ਉਨ੍ਹਾਂ ਨੂੰ ਮਿਲਣ 'ਤੇ ਸਰਕਾਰ ਜਾਣ ਗਈ ਕਿ ਇਨ੍ਹਾਂ ਦੀ ਰਿਸ਼ਤੇਦਾਰੀ ਇਜ਼ਰਾਈਲ ਵਿਚ ਹੈ ਤਾਂ ਕੀ ਹੋਵੇਗਾ? ਰੂਸੀ ਮੁਸ਼ੱਕਤ ਕੈਂਪਾਂ ਬਾਰੇ ਸੋਚ ਕੇ ਕਾਂਬਾ ਛਿੜ ਜਾਂਦਾ। ਮੰਦਰ ਵਿਚ ਅਧੇੜ ਅਤੇ ਵੱਡੀ ਉਮਰ ਦੇ ਬਜ਼ੁਰਗ ਦੇਖੇ। ਅੱਖਾਂ ਵਿਚ ਉਦਾਸੀ, ਚਿਹਰਿਆਂ 'ਤੇ ਥਕਾਨ। ਪੁਜਾਰੀ ਨੇ ਅਰਦਾਸ ਪਿਛੋਂ ਜਦੋਂ ਗੋਲਡਾ ਦਾ ਨਾਮ ਲਿਆ, ਸਾਰੀ ਸੰਗਤ ਦੀਆਂ ਨਿਗਾਹਾਂ ਉਸ ਵੱਲ ਗਈਆਂ...ਲਗਾਤਾਰ, ਦੇਰ ਤੱਕ ਦੇਖਦੇ ਰਹੇ। ਉਹਨੇ ਚਾਹਿਆ, ਅਗਲੇ ਹਫਤੇ ਇਸ ਤੋਂ ਵੱਡੇ ਮੰਦਰ ਵਿਚ ਜਾਵੇਗੀ।

'ਪਰਾਵਦਾ' ਵਿਚ ਇਲੀਆ ਅਹਿਰਨਬਰਗ ਦਾ ਲੇਖ ਛਪਿਆ- 'ਸਤਾਲਿਨ ਨਾ ਹੁੰਦਾ, ਇਜ਼ਰਾਈਲ ਨਾਂ ਦੀ ਸਟੇਟ ਨਹੀਂ ਸੀ ਹੋਣੀ, ਹੁਣ ਇਜ਼ਰਾਈਲ ਨੂੰ ਰੂਸੀ ਯਹੂਦੀਆਂ ਦਾ ਫਿਕਰ ਕਰਨ ਦੀ ਲੋੜ ਨਹੀਂ।' ਇਹ ਗੋਲਡਾ ਅਤੇ ਰੂਸੀ ਯਹੂਦੀਆਂ ਨੂੰ ਚਿਤਾਵਨੀ ਸੀ।

ਪਰ ਇਹ ਕੀ? ਜਿਸ ਗਿਰਜੇ ਵਿਚ ਦੋ ਹਜ਼ਾਰ ਤੋਂ ਵੱਧ ਯਹੂਦੀ ਨਹੀਂ ਸਨ ਆਉਂਦੇ, ਗੋਲਡਾ ਬਾਰੇ ਸੁਣ ਕੇ ਪੰਜਾਹ ਹਜ਼ਾਰ ਦਾ ਇਕੱਠ ਹੋ ਗਿਆ। ਇਹ ਸਨ ਉਹ ਯਹੂਦੀ ਜਿਨ੍ਹਾਂ ਨੇ ਅਹਿਰਨਬਰਗ ਦੀ ਧਮਕੀ 'ਪਰਾਵਦਾ' ਵਿਚ ਪੜ੍ਹ ਕੇ ਜਾਣਿਆ ਸੀ, ਗੋਲਡਾ ਮੰਦਰ ਵਿਚ ਆਏਗੀ। ਇਹ ਭੀੜ ਗੋਲਡਾ ਦੇ, ਇਜ਼ਰਾਈਲ ਦੇ ਸਵਾਗਤ ਵਿਚ ਤੇ ਧਮਕੀ ਦੇ ਜਵਾਬ ਵਿਚ ਚੱਲ ਕੇ ਆਈ। ਪ੍ਰਾਰਥਨਾ ਤੋਂ ਬਾਅਦ ਯਿਦਿਸ਼ ਵਿਚ ਨਾਅਰੇ ਲੱਗੇ- ਸਾਡੀ ਗੋਲਡਾ, ਪਿਆਰੀ ਗੋਲਡਾ, ਸਲਾਮ ਗੋਲਡਾ। ਕੋਈ ਹੱਸ ਰਿਹਾ ਸੀ, ਕੋਈ ਰੋ ਰਿਹਾ ਸੀ, ਕੋਈ ਹੱਥ ਹਿਲਾ ਰਿਹਾ ਸੀ। ਇਨ੍ਹਾਂ ਦਾ ਸ਼ੁਕਰਾਨਾ ਕਿਵੇਂ ਕੀਤਾ ਜਾਏ! ਉਚੀ ਥਾਂ 'ਤੇ ਖਲੋ ਕੇ ਗੋਲਡਾ ਨੇ ਉਚੀ ਆਵਾਜ਼ ਵਿਚ ਯਿਦਿਸ਼ ਵਾਕ ਬੋਲਿਆ, 'ਸ਼ੁਕਰਾਨਾ ਰੱਬ ਦਾ, ਤੁਸੀਂ ਯਹੂਦੀ ਹੀ ਰਹੇ।' ਬਿਜਲੀ ਵਾਂਗ ਇਹ ਵਾਕ ਹਰ ਇਕ ਦਿਲ-ਦਿਮਾਗ ਵਿਚ ਝੁਣਝੁਣੀ ਛੇੜਦਾ ਲੰਘਿਆ।

ਭੀੜ ਦਾ ਇਕ ਹਿੱਸਾ ਅੰਬੈਸੀ ਵਿਚ ਨਾਲ ਹੀ ਤੁਰ ਆਇਆ। ਗੱਲ ਕੋਈ ਨਹੀਂ ਸੀ ਹੋ ਰਹੀ, ਸਭ ਖਾਮੋਸ਼ ਪਰ ਕੋਈ ਸੁਨੇਹਾ ਆ-ਜਾ ਰਿਹਾ ਸੀ। ਗੋਲਡਾ ਦਾ ਇਜ਼ਰਾਈਲੀ ਸਟਾਫ ਰੋ ਪਿਆ। ਬਹੁਤੇ ਯਹੂਦੀ ਕਹਿ ਰਹੇ ਸਨ, ਜਦੋਂ ਰੱਬ ਦੀ ਰਜ਼ਾ ਹੋਈ, ਅਸੀਂ ਇਜ਼ਰਾਈਲ ਤੁਹਾਡੇ ਕੋਲ ਆ ਕੇ ਰਹਾਂਗੇ ਗੋਲਡਾ। ਸਤਾਲਿਨ ਵਰਗਾ ਸਖਤਜਾਨ ਤਾਨਾਸ਼ਾਹ ਯਹੂਦੀ ਸਪਿਰਿਟ ਨੂੰ ਤੋੜ ਨਾ ਸਕਿਆ। ਭੀੜ ਵਿਚ ਖਲੋਤੀ ਗੋਲਡਾ ਦੀ ਤਸਵੀਰ ਕਿਸੇ ਅਖਬਾਰ ਵਿਚ ਛਪੀ। ਵੀਹ ਸਾਲ ਬਾਅਦ ਤੱਕ ਰੂਸੀ ਯਹੂਦੀ ਇਜ਼ਰਾਈਲ ਵਿਚ ਸ਼ਰਨ ਲੈਣ ਆਉਂਦੇ, ਗੋਲਡਾ ਨੂੰ ਪੀਲੀ ਹੋ ਚੁੱਕੀ ਇਹ ਫੋਟੋ ਦਿਖਾਉਂਦੇ, ਸਾਂਭ-ਸਾਂਭ ਰੱਖੀ ਹੋਈ ਯਾਦਗਾਰ। ਯਹੂਦੀ ਅਰਦਾਸ ਦਾ ਆਖਰੀ ਵਾਕ ਹੈ- ਇੰਸ਼ਾ ਅੱਲਾਹ, ਅਗਲੇ ਸਾਲ ਯੋਰੋਸ਼ਲਮ ਵਿਚ ਹੋਵਾਂਗੇ।

ਇਕ ਅੰਗਰੇਜ਼ ਪੱਤਰਕਾਰ ਗੋਲਡਾ ਕੋਲ ਆ ਕੇ ਕਹਿਣ ਲੱਗਾ, ਅਹਿਰਨਬਰਗ ਨੂੰ ਮਿਲਾਵਾਂ? ਗੋਲਡਾ ਨੇ ਕਿਹਾ, ਵਧੀਆ ਰਹੇ, ਹੈ ਉਹ ਵੀ ਯਹੂਦੀ ਪਰਿਵਾਰ ਵਿਚੋਂ। ਚੈਕ ਦੂਤਾਵਾਸ ਵਿਚ ਡਿਨਰ ਸੀ, ਉਹ ਵੀ ਆਇਆ ਸੀ। ਪੱਤਰਕਾਰ ਨੇ ਗੋਲਡਾ ਨੂੰ ਕਿਹਾ, ਅਹੁ ਬੈਠਾ, ਲਿਆਵਾਂ? ਗੋਲਡਾ ਨੇ ਕਿਹਾ, ਉਹ ਤਾਂ ਸ਼ਰਾਬੀ ਲਗਦੈ। -ਹਾਂ ਮੈਡਮ, ਰੋਜ਼ ਦਾ ਇਹੀ ਹਾਲ ਐ ਕਾਮਰੇਡ ਦਾ। ਉਹ ਜਾਣਦਾ ਹੈ ਕਿ ਮੂਲੋਂ ਤੁਸੀਂ ਰੂਸ ਦੇ ਵਸਨੀਕ ਹੋ। ਪੱਤਰਕਾਰ ਲੜਖੜਾਉਂਦੇ ਅਹਿਰਨਬਰਗ ਨੂੰ ਲੈ ਆਇਆ। ਸਾਹਮਣੇ ਆ ਕੇ ਰਸ਼ੀਅਨ ਬੋਲਣ ਲੱਗ ਪਿਆ ਤਾਂ ਗੋਲਡਾ ਨੇ ਅੰਗਰੇਜ਼ੀ ਵਿਚ ਕਿਹਾ, ਮੈਂ ਰਸ਼ੀਅਨ ਨਹੀਂ ਬੋਲ ਸਕਦੀ। ਤਲਖੀ ਨਾਲ ਅਹਿਰਨਬਰਗ ਬੋਲਿਆ, ਰੂਸ ਵਿਚ ਜੰਮ ਕੇ ਜਿਹੜਾ ਅੰਗਰੇਜ਼ੀ ਬੋਲੇ, ਮੈਂ ਉਹਨੂੰ ਨਫਰਤ ਕਰਦਾਂ। ਗੋਲਡਾ ਬੋਲੀ, ਯਹੂਦੀ ਘਰ ਵਿਚ ਜੰਮ ਕੇ ਜਿਸ ਨੂੰ ਹਿਬਰੂ ਨਹੀਂ ਆਉਂਦੀ, ਯਿਦਿਸ਼ ਵੀ ਨਾ ਆਉਂਦੀ ਹੋਵੇ, ਲਾਹਣਤ। ਆਲੇ-ਦੁਆਲੇ ਇਕੱਤਰ ਹੋਈ ਰੂਸੀਆਂ ਦੀ ਭੀੜ ਨੇ ਅਹਿਰਨਬਰਗ ਵੱਲ ਨਫਰਤ ਨਾਲ ਦੇਖਿਆ।

ਇਸੇ ਤਰ੍ਹਾਂ ਦੇ ਇਕ ਹੋਰ ਰਾਤਰੀ ਭੋਜ 'ਤੇ ਰੂਸ ਦਾ ਵਿਦੇਸ਼ ਮੰਤਰੀ ਮੋਲੋਤੋਵ ਆਪਣੀ ਪਤਨੀ ਸਣੇ ਮਿਲਿਆ। ਮਿਸਿਜ਼ ਮੋਲੋਤੋਵ ਨੇ ਯਿਦਿਸ਼ ਵਿਚ ਗੱਲਾਂ ਸ਼ੁਰੂ ਕਰਦਿਆਂ ਕਿਹਾ, ਦੇਰ ਤੋਂ ਤੁਹਾਨੂੰ ਮਿਲਣ ਦੀ ਇੱਛੁਕ ਸਾਂ, ਅੱਜ ਮੌਕਾ ਮਿਲਿਆ। -ਤੂੰ ਯਹੂਦੀ ਹੈਂ? ਮਿਸਿਜ਼ ਮੋਲੋਤੋਵ ਨੇ ਕਿਹਾ, ਹਾਂ, ਪੱਕੀ। ਸੁਣਿਆ ਹੈ, ਤੁਹਾਡੀ ਧੀ ਤੁਹਾਡੇ ਨਾਲ ਆਈ ਹੈ, ਕਿਥੇ ਹੈ? ਗੋਲਡਾ ਨੇ ਬੁਲਾ ਲਈ, ਸਾਰਾ ਨੇ ਵੀ ਯਿਦਿਸ਼ ਵਿਚ ਗੱਲਾਂ ਕੀਤੀਆਂ। ਮਿਸਿਜ਼ ਮੋਲੋਤੋਵ ਬਾਅਦ ਵਿਚ ਗ੍ਰਿਫਤਾਰ ਕਰ ਲਈ ਗਈ। ਯਹੂਦੀਆਂ ਨੇ ਇਜ਼ਰਾਈਲੀ ਦੂਤ ਦਾ ਇੰਨਾ ਆਦਰ ਕਿਉਂ ਕੀਤਾ; ਫਿਰ ਮਾਸਕੋ ਦਾ ਯਿਦਿਸ਼ ਥਿਏਟਰ ਬੰਦ, ਯਿਦਿਸ਼ ਅਖਬਾਰ ਤੇ ਯਿਦਿਸ਼ ਪ੍ਰਕਾਸ਼ਨ ਹਾਊਸ ਵੀ ਬੰਦ। ਇਸ ਗੱਲ ਦੀ ਪ੍ਰਵਾਹ ਨਹੀਂ ਕਿ ਇਹ ਸਾਰੇ ਅਦਾਰੇ ਕਮਿਊਨਿਸਟ ਲਾਈਨ ਉਤੇ ਚੱਲ ਰਹੇ ਸਨ ਪਰ ਇਜ਼ਰਾਈਲ ਵਿਚ ਦਿਲਚਸਪੀ ਲੈਣ ਦੀ ਕੀ ਵਜ੍ਹਾ? ਪੰਜ ਮਹੀਨੇ ਬਾਅਦ ਇਕ ਵੀ ਯਹੂਦੀ ਨੇ ਗੋਲਡਾ ਨਾਲ ਸੰਪਰਕ ਕਰਨ ਦੀ ਜੁਰਅਤ ਨਹੀਂ ਕੀਤੀ। ਸੱਤ ਮਹੀਨੇ ਦਾ ਸਮਾਂ ਰੂਸ ਵਿਚ ਬਿਤਾ ਕੇ ਉਹ ਇਜ਼ਰਾਈਲ ਪਰਤ ਆਈ ਅਤੇ ਲੇਬਰ ਤੇ ਮਕਾਨ ਉਸਾਰੀ ਮੰਤਰੀ ਬਣ ਗਈ। ਪੁਜਾਰੀਆਂ ਨੇ ਇਕ ਔਰਤ ਨੂੰ ਏਡਾ ਰੁਤਬਾ ਦੇਣ ਖਿਲਾਫ ਰੋਸ ਕੀਤਾ ਪਰ ਜਦੋਂ ਦੱਸਿਆ ਕਿ ਪੁਰਾਤਨ ਸਮੇਂ ਦੇਬੋਰਾ ਨਾਮ ਦੀ ਔਰਤ ਯਹੂਦੀਆਂ ਦੀ ਜੱਜ ਰਹੀ ਹੈ ਤਾਂ ਚੁੱਪ ਹੋ ਗਏ। ਸੱਤ ਸਾਲ ਦਾ ਉਹਦਾ ਮੰਤਰਾਲੇ ਦਾ ਸਮਾਂ ਸਭ ਤੋਂ ਵਧੀਕ ਖੁਸ਼ੀ ਵਾਲਾ ਰਿਹਾ।

ਅਰਬਾਂ ਨੇ ਜੰਗਬੰਦੀ ਤਾਂ ਕਰ ਲਈ ਪਰ ਬਾਰਡਰ ਪਾਰ ਕਰ ਕੇ ਹਥਿਆਰਬੰਦ ਗ੍ਰੋਹ ਆਉਂਦੇ, ਲੁੱਟਮਾਰ, ਅਗਜ਼ਨੀ ਅਤੇ ਕਤਲ ਕਰ ਕੇ ਪਰਤ ਜਾਂਦੇ; ਫਲਸਰੂਪ ਹੱਦਾਂ 'ਤੇ ਵੱਸਦੇ ਯਹੂਦੀਆਂ ਦੀ ਜ਼ਿੰਦਗੀ ਨਰਕ ਸਮਾਨ ਸੀ। ਦੋ ਸਾਲਾਂ ਵਿਚ ਦੁਨੀਆਂ ਭਰ ਵਿਚੋਂ ਯਹੂਦੀ ਸ਼ਰਨਾਰਥੀ ਆਉਣ ਕਾਰਨ ਆਬਾਦੀ ਦੁੱਗਣੀ ਹੋ ਗਈ ਜਿਨ੍ਹਾਂ ਨੂੰ ਵਸਾਉਣਾ ਤੇ ਰੁਜ਼ਗਾਰ ਦੇਣਾ ਸੀ। ਭਾਂਤ-ਸੁਭਾਂਤੀਆਂ ਬੋਲੀਆਂ, ਭਾਂਤ-ਸੁਭਾਂਤੇ ਲਿਬਾਸ, ਭਿੰਨ-ਭਿੰਨ ਕਲਚਰ, ਬੱਸ ਇਕੋ ਚੀਜ਼ ਸਾਂਝੀ ਸੀ-ਸਭ ਯਹੂਦੀ ਸਨ, ਸਭ ਨੂੰ ਹਿਬਰੂ ਬਾਈਬਲ ਪੜ੍ਹਨੀ ਆਉਂਦੀ ਹੁੰਦੀ।

1949 ਵਿਚ 48 ਹਜ਼ਾਰ ਯਹੂਦੀ ਯਮਨ ਤੋਂ ਹਵਾਈ ਜਹਾਜਾਂ ਰਾਹੀਂ ਇਜ਼ਰਾਈਲ ਪੁੱਜੇ ਕਿਉਂਕਿ ਅਰਬਾਂ ਨੇ ਸੁਏਜ਼ ਨਹਿਰ ਯਹੂਦੀਆਂ ਦੇ ਲਾਂਘੇ ਵਾਸਤੇ ਬੰਦ ਕਰ ਦਿੱਤੀ ਸੀ। ਇਕ ਬਜ਼ੁਰਗ ਜਹਾਜ ਤੋਂ ਹੇਠਾਂ ਉਤਰਿਆ, ਗੋਲਡਾ ਨੇ ਪੁੱਛਿਆ, ਪਹਿਲਾਂ ਕਦੀ ਜਹਾਜੇ ਚੜ੍ਹੇ? ਬਜ਼ੁਰਗ ਨੇ ਕਿਹਾ, ਮੈਂ ਤਾਂ ਕਦੀ ਹੱਥ ਲਾ ਕੇ ਨਹੀਂ ਸੀ ਦੇਖਿਆ। ਪੁੱਛਿਆ, ਡਰ ਨਹੀਂ ਲੱਗਾ? ਬੋਲਿਆ, ਡਰ ਕਾਹਦਾ? ਬਾਈਬਲ ਵਿਚ ਲਿਖਿਆ ਤਾਂ ਹੋਇਐ, ਉਹ ਬਾਜ਼ਾਂ ਦੇ ਖੰਭਾਂ ਉਪਰ ਬੈਠ ਕੇ ਉਡ ਆਉਣਗੇ। ਜਦੋਂ ਇਸ ਯਾਤਰੀ ਨੇ ਹਿਬਰੂ ਦਾ ਇਹ ਮੂਲ ਵਾਕ ਸੁਣਾਇਆ, ਉਹਦੀਆਂ ਅੱਖਾਂ ਵਿਚ ਖੁਸ਼ੀ ਅਤੇ ਸ਼ੁਕਰਾਨੇ ਦੀ ਲਿਸ਼ਕ ਝਲਕੀ।

ਇਨ੍ਹਾਂ ਲੋਕਾਂ ਨੂੰ ਵਸਾਉਣ ਵਾਸਤੇ ਬਹੁਤ ਵੱਡੀ ਰਕਮ ਚਾਹੀਦੀ ਸੀ। ਆਲੇ-ਦੁਆਲੇ ਕਿਉਂਕਿ ਦੁਸ਼ਮਣ ਹੱਦਾਂ ਸਨ, ਧਨ ਦਾ ਬਹੁਤਾ ਹਿੱਸਾ ਤਾਂ ਫੌਜ ਅਤੇ ਹਥਿਆਰ ਚੱਟ ਜਾਂਦੇ। ਰਿਫਿਊਜੀਆਂ ਨੂੰ ਕੰਮ ਦੇਣਾ ਹੈ, ਕਿਹੜਾ ਕੰਮ? ਨਾ ਇਨ੍ਹਾਂ ਨੇ ਮਕਾਨ ਉਸਾਰੀ ਕੀਤੀ, ਨਾ ਖੇਤੀਬਾੜੀ। ਚਲੋ ਸੜਕਾਂ ਬਣਾਈਏ, ਪਰ ਸੜਕ ਬਣਾਉਣ ਦੀ ਨਿਗਰਾਨੀ ਅਤੇ ਅਗਵਾਈ ਕੌਣ ਕਰੇ? ਚਲੋ ਫੋਰਮੈਨ ਲੱਭ ਲਿਆ, ਸੜਕ ਬਣਾਉਣ ਲਈ ਸਮਾਨ ਤੇ ਮਸ਼ੀਨਰੀ? ਉਹ ਵੀ ਆ ਗਈ, ਇਕ ਫੋਰਮੈਨ ਨੂੰ ਦਸ ਮਜ਼ਦੂਰ ਦੇ ਦਿੱਤੇ, ਇਹ ਦਸ ਜਣੇ ਦਸ ਦੇਸ਼ਾਂ ਵਿਚੋਂ ਆਏ ਹਨ, ਕਿਸੇ ਨੂੰ ਨਾ ਫੋਰਮੈਨ ਦੀ ਬੋਲੀ ਸਮਝ ਆਏ, ਨਾ ਇਕ-ਦੂਜੇ ਦੀ। ਫਿਰ ਵੀ ਸੜਕਾਂ ਬਣੀਆਂ। ਗੋਲਡਾ ਦੇ ਸਤਿਕਾਰ ਵਜੋਂ ਇਨ੍ਹਾਂ ਸੜਕਾਂ ਦਾ ਨਾਮ ਗੋਲਡਨ ਰੋਡਜ਼ ਰੱਖਿਆ।

ਦਾਨ ਬਥੇਰਾ ਲੈ ਲਿਆ, ਇਜ਼ਰਾਈਲ ਮੰਗਤਾ ਨਹੀਂ ਰਹਿਣਾ ਚਾਹੀਦਾ। ਗੋਲਡਾ ਨੇ ਕਿਹਾ, ਕਰਜ਼ਾ ਮੰਗੀਏ। ਵਜ਼ਾਰਤ ਹੱਸੀ, ਮੰਗਤਿਆਂ ਨੂੰ ਕਰਜ਼ਾ ਕੌਣ ਦਏਗਾ? ਗੋਲਡਾ ਫਿਰ ਦੁਨੀਆਂ ਵਿਚ ਕਰਜ਼ੇ ਵਾਸਤੇ ਘੁੰਮੀ, ਕਿਸੇ ਨੇ ਜ਼ਮਾਨਤ ਬਾਰੇ ਸਵਾਲ ਨਾ ਕੀਤਾ, ਪਰ ਆਪੇ ਆਖ ਦਿੰਦੀ, ਅਣਖੀਲੇ ਯਹੂਦੀਆਂ ਨੂੰ ਛੱਤ ਮਿਲ ਜਾਏਗੀ, ਤਾਂ ਬੱਚੇ ਵੱਡੇ ਹੋ ਕੇ ਤੁਹਾਡਾ ਕਰਜ਼ਾ ਲਾਹ ਦੇਣਗੇ, ਮੈਂ ਇਜ਼ਰਾਈਲ ਦੇ ਬੱਚਿਆਂ ਨੂੰ ਤੁਹਾਡੇ ਕੋਲ ਗਹਿਣੇ ਰੱਖਣ ਆਈ ਹਾਂ। ਦੁਨੀਆਂ ਨੇ ਵੱਡੀਆਂ ਰਕਮਾਂ ਦੇ ਕੇ ਬਾਂਡ ਖਰੀਦੇ ਤੇ ਰਿਫਿਊਜੀਆਂ ਨੂੰ ਘਰ ਮਿਲ ਗਏ। ਅੰਧਕਾਰ ਦਾ ਸਾਹਮਣਾ ਕਰਦੇ, ਨੀਵੀਂ ਪਾਈ, ਲੀਰ-ਲੀਰ ਲਿਬਾਸ ਪਹਿਨੀ ਫਿਰਦੇ ਮਾਯੂਸ ਯਹੂਦੀਆਂ ਦੇ ਹੱਥਾਂ ਵਿਚ ਕਹੀਆਂ-ਕੁਹਾੜੀਆਂ, ਖੁਰਪੇ, ਗੈਂਤੀਆਂ ਆਉਂਦੀਆਂ, ਤਾਂ ਹੋਠਾਂ 'ਤੇ ਮੁਸਕਾਨ ਆ ਜਾਂਦੀ। 1951 ਦੇ ਅਖੀਰ ਤੱਕ ਤਿੰਨ ਬਿਲੀਅਨ ਡਾਲਰ ਦੇ ਬਾਂਡ ਵਿਕ ਗਏ।



*ਮਾਸਕੋ ਵਿਚ ਇਜ਼ਰਾਈਲ ਦੀ ਰਾਜਦੂਤ ਵਜੋਂ ਪੁੱਜੀ ਗੋਲਡਾ ਮਾਇਰ ਨੂੰ ਦੇਖਣ ਉਮੜੇ ਰੂਸੀ ਯਹੂਦੀ। ਗੋਲਡਾ ਦੀ ਤਸਵੀਰ ਸਰਕਲ ਵਿਚ ਦਿਸ ਰਹੀ ਹੈ।*

ਯੂ.ਐਨ.ਓ. ਨੇ ਸਲਾਹ ਦਿੱਤੀ ਕਿ ਰੋਜ਼ਾਨਾ ਖੂਨ-ਖਰਾਬਾ ਨਾ ਹੋਵੇ, ਸਹਿਮਤੀ ਨਾਲ ਯੋਰੋਸ਼ਲਮ ਨੂੰ ਵੈਟੀਕਨ ਸਿਟੀ ਐਲਾਨ ਦਿੱਤਾ ਜਾਵੇ। ਇਥੇ ਕੌਮਾਂਤਰੀ ਪੁਲਿਸ ਹੋਵੇਗੀ ਤੇ ਯੂ.ਐਨ.ਓ. ਆਪਣਾ ਗਵਰਨਰ ਨਿਯੁਕਤ ਕਰੇਗੀ। ਅਰਬਾਂ ਨੇ ਇਹ ਵਿਉਂਤ ਰੱਦ ਕਰ ਦਿੱਤੀ। ਯਹੂਦੀ, ਅਰਬਾਂ ਦੇ ਇਸ ਫੈਸਲੇ ਤੋਂ ਖੁਸ਼ ਹੋਏ ਕਿਉਂਕਿ ਯਹੂਦੀਆਂ ਦੀ ਗਿਣਤੀ ਇਕ ਲੱਖ ਸੀ ਤੇ 1948 ਦੇ ਸਾਲ ਮੁਸਲਮਾਨਾਂ ਦੀ ਗਿਣਤੀ ਸੀ 65 ਹਜ਼ਾਰ। ਬਿਨ ਗੁਰੀਓਂ ਨੇ ਐਲਾਨ ਕੀਤਾ ਕਿ ਤਲ ਅਵੀਵ ਤੋਂ ਬਦਲ ਕੇ ਰਾਜਧਾਨੀ ਯੋਰੋਸ਼ਲਮ ਹੋਵੇਗੀ, ਵਡੇਰਿਆਂ ਦੇ ਸ਼ਹਿਰ ਵਿਚ, ਪੈਗੰਬਰ ਦਾਊਦ ਦੇ ਸ਼ਹਿਰ ਵਿਚ। ਗੁਰੀਓਂ ਨੇ ਇਹ ਫੈਸਲਾ ਕਾਹਲੀ ਵਿਚ ਇਸ ਲਈ ਕੀਤਾ ਕਿ ਕਿਤੇ ਅਰਬਾਂ ਦੇ ਵਿਰੋਧ ਦੇ ਬਾਵਜੂਦ ਯੂ.ਐਨ.ਓ. ਸ਼ਹਿਰ ਨੂੰ ਵੈਟੀਕਨ ਦਾ ਦਰਜਾ ਨਾ ਦੇ ਦੇਵੇ। ਮਿਸਰ ਅਤੇ ਜਾਰਡਨ ਦੇ ਬੰਬਾਂ ਨੇ ਸ਼ਹਿਰ ਵਿਚ ਤਬਾਹੀ ਮਚਾ ਦਿੱਤੀ। ਕਿਸੇ ਦੇਸ਼ ਨੇ ਹਾਅ ਦਾ ਨਾਅਰਾ ਨਹੀਂ ਮਾਰਿਆ।

ਇਜ਼ਰਾਈਲ ਵਿਚੋਂ ਜਿਹੜੇ ਮੁਸਲਮਾਨ ਬਾਰਡਰ ਪਾਰ ਕਰ ਕੇ ਦੂਜੇ ਦੇਸ਼ਾਂ ਵਿਚ ਚਲੇ ਜਾਂਦੇ, ਉਨ੍ਹਾਂ ਦੇ ਘਰ ਰਿਫਿਊਜੀਆਂ ਨੂੰ ਅਲਾਟ ਕਰ ਦਿੱਤੇ ਜਾਂਦੇ। ਜੇ ਪਹਿਲਾ ਮਾਲਕ ਵਾਪਸ ਆ ਜਾਂਦਾ, ਉਹਨੂੰ ਘਰ ਵਾਪਸ ਦੇ ਦਿੱਤਾ ਜਾਂਦਾ, ਜਾਂ ਉਹ ਕਿਸੇ ਹੋਰ ਵਧੀਕ ਸੁਰੱਖਿਅਤ ਥਾਂ 'ਤੇ ਰਹਿਣਾ ਚਾਹੁੰਦਾ, ਤਦ ਉਹਨੂੰ ਨਵਾਂ ਘਰ ਦਿੱਤਾ ਜਾਂਦਾ। ਮੁਆਵਜ਼ਾ ਮੰਗਦਾ ਤਾਂ ਮੁਆਵਜ਼ਾ ਦਿੱਤਾ ਜਾਂਦਾ। ਅਜਿਹਾ ਕਰਨ ਵੇਲੇ ਉਸ ਤੋਂ ਭਵਿੱਖ ਵਿਚ ਵਫਾਦਾਰ ਰਹਿਣ ਦਾ ਕੋਈ ਇਕਰਾਰਨਾਮਾ ਨਹੀਂ ਸੀ ਮੰਗਿਆ ਜਾਂਦਾ। ਕਈ ਵਾਰ ਕ੍ਰੋਧਵਾਨ ਹੋ ਕੇ ਯਹੂਦੀ ਰਿਫਿਊਜੀ ਚੀਕਦੇ- ਸਾਡੇ ਨਾਲੋਂ ਮੁਸਲਮਾਨਾਂ ਦੀ ਵਧੀਕ ਕਦਰ ਹੋ ਰਹੀ ਹੈ। ਹਇਫਾ ਸ਼ਹਿਰ ਦੇ ਮੁਸਲਮਾਨ ਹਿਜਰਤ ਕਰ ਕੇ ਬਾਰਡਰ ਪਾਰ ਕਰਨ ਲੱਗੇ। ਗੋਲਡਾ ਤੁਰੰਤ ਪੁੱਜੀ, ਰੁਕਣ ਲਈ ਅਰਜ਼ ਕੀਤੀ, ਸੁਰੱਖਿਆ ਦਾ ਭਰੋਸਾ ਦਿੱਤਾ, ਕਿਹਾ ਕਿ ਗੁਰਬਤ ਤੁਹਾਨੂੰ ਨਿਗਲ ਜਾਵੇਗੀ। ਮੁਸਲਮਾਨਾਂ ਨੇ ਕਿਹਾ, ਕਿਸੇ ਡਰ ਕਾਰਨ ਨਹੀਂ, ਬੀਬੀ ਸਾਨੂੰ ਸਾਡੇ ਅਰਬ ਭਰਾਵਾਂ ਨੇ ਹੁਕਮ ਦਿੱਤਾ ਹੈ ਕਿ ਇਜ਼ਰਾਈਲ ਵਿਚੋਂ ਨਿਕਲੋ, ਨਾ ਨਿਕਲੇ ਤਾਂ ਉਹ ਸਾਨੂੰ ਗੱਦਾਰ ਕਹਿਣਗੇ। 1948 ਦੇ ਅਖੀਰ ਤੱਕ ਛੇ ਲੱਖ ਮੁਸਲਮਾਨ ਹਿਜਰਤ ਕਰ ਗਏ; ਤਾਂ ਵੀ ਅਜੇ ਬਹੁਤ ਵੱਡੀ ਗਿਣਤੀ ਮੁਸਲਮਾਨਾਂ ਨੇ ਇਜ਼ਰਾਈਲ ਵਿਚ ਟਿਕੇ ਰਹਿਣ ਦਾ ਫੈਸਲਾ ਕੀਤਾ। ਹਾਂ, ਮੁਸਲਮਾਨਾਂ ਦੇ ਵੱਖਰੇ ਪਿੰਡ ਸਨ, ਯਹੂਦੀਆਂ ਦੇ ਵੱਖਰੇ। ਵੀਹ ਸਾਲ ਦੇ ਸਮੇਂ ਵਿਚ ਇਕ ਵੀ ਪਿੰਡ ਅਜਿਹਾ ਨਹੀਂ ਰਿਹਾ ਸੀ ਜਿਥੇ ਬਿਜਲੀ ਅਤੇ ਪਾਣੀ ਨਾ ਪੁੱਜਦਾ ਹੋਵੇ।

ਗੈਲੀਲੀ ਦੇ ਇਕ ਪਿੰਡ ਦੀ ਵਸੋਂ ਪਹਾੜੀ 'ਤੇ ਸੀ। ਸੜਕ ਨਹੀਂ ਸੀ, ਬਣਾ ਦਿੱਤੀ। ਉਦਘਾਟਨ ਵਾਸਤੇ ਗੋਲਡਾ ਪਿੰਡ ਗਈ। ਸਭ ਨੇ ਸ਼ੁਕਰਾਨਾ ਕੀਤਾ। ਰਿਵਾਜ ਦੇ ਉਲਟ ਕੋਈ ਮੁਸਲਮਾਨ ਔਰਤ ਖਲੋ ਕੇ ਬੋਲੀ- ਬੀਬੀ ਮਰਦਾਂ ਦੇ ਪੈਰਾਂ ਨੂੰ ਸੜਕ ਕਾਰਨ ਆਰਾਮ ਮਿਲਿਆ, ਸਹੀ; ਪਰ ਸਾਡੇ ਸਿਰਾਂ ਨੂੰ ਵੀ ਕਦੀ ਆਰਾਮ ਮਿਲੇਗਾ? ਮਤਲਬ, ਪਿੰਡ ਪਹਾੜੀ ਉਪਰ ਹੈ ਤੇ ਖੂਹ ਹੇਠਾਂ। ਅਗਲੇ ਸਾਲ ਟੂਟੀਆਂ ਦਾ ਉਦਘਾਟਨ ਕਰ ਆਈ।

ਪੰਜ ਸਾਲ ਦੀ ਮਿਆਦ ਪੂਰੀ ਕਰਨ ਪਿਛੋਂ ਪ੍ਰਧਾਨ ਮੰਤਰੀ ਗੁਰੀਓਂ ਨੇ ਐਲਾਨ ਕੀਤਾ ਕਿ ਹੁਣ ਬਾਕੀ ਸਮਾਂ ਆਰਾਮ ਕਰਾਂਗਾ, ਕਿਸੇ ਹੋਰ ਨੂੰ ਇਹ ਜ਼ਿੰਮੇਵਾਰੀ ਦਿਉ। ਉਹ ਗੱਲਾਂ ਨਾਲ ਸਹਿਮਤੀ ਹਾਸਲ ਕਰਨ ਦੀ ਥਾਂ ਫੈਸਲੇ ਕਰਦਾ ਹੁੰਦਾ ਸੀ ਜਿਹੜੇ ਆਖਰ ਸਹੀ ਸਾਬਤ ਹੁੰਦੇ। ਜਦੋਂ ਕੋਈ ਮੰਤਰੀ ਨਵੀਂ ਸਲਾਹ ਦਿੰਦਾ, ਉਹਦਾ ਇਕੋ ਸਵਾਲ ਹੁੰਦਾ- ਲੰਮੀ ਅਉਧ ਪਿਛੋਂ ਇਹ ਕੰਮ ਦੇਸ਼ ਲਈ ਲਾਭਦਾਇਕ ਰਹੇਗਾ? ਕਿਹਾ ਕਰਦਾ, ਮੈਨੂੰ ਲੋਕ ਤੇ ਵਿਸ਼ਵ ਰਾਇ ਦੀ ਪ੍ਰਵਾਹ ਨਹੀਂ। ਬਿਆਨਾਂ ਅਤੇ ਸੰਪਾਦਕੀਆਂ ਸਦਕਾ ਨਹੀਂ, ਸਹੀ ਕੰਮਾਂ ਸਦਕਾ ਇਜ਼ਰਾਈਲ ਦੁੱਖਾਂ ਤੋਂ ਮੁਕਤ ਹੋਵੇਗਾ। ਉਸ ਪਿਛੋਂ ਸ਼ੈਰੇ ਪ੍ਰਧਾਨ ਮੰਤਰੀ ਬਣਿਆ।

ਗੁਰੀਓਂ ਨੇ ਇਕ ਵਾਰ ਗੁੱਸੇ ਵਿਚ ਕਿਸੇ ਵਜ਼ੀਰ ਨੂੰ ਬੇਈਮਾਨ ਕਹਿ ਦਿੱਤਾ, ਗੋਲਡਾ ਬੋਲੀ, ਅਕਲਮੰਦ ਹੋਣਾ ਕਿਸੇ ਦੇ ਵੱਸ ਦੀ ਗੱਲ ਨਹੀਂ ਹੁੰਦੀ, ਕੋਈ ਬੰਦਾ ਜਮਾਂਦਰੂ ਬੇਈਮਾਨ ਨਹੀਂ ਹੁੰਦਾ। ਬੇਈਮਾਨੀ ਸਿੱਖਣੀ ਪੈਂਦੀ ਹੈ। ਮੈਨੂੰ ਫਖਰ ਹੈ ਕਿ ਸਾਡੇ ਵਿਚੋਂ ਕੋਈ ਬੇਈਮਾਨੀ ਦੀ ਸਿਖਲਾਈ ਲੈਣ ਸਕੂਲ ਨਹੀਂ ਗਿਆ।

1956 ਵਿਚ ਗੋਲਡਾ ਨੂੰ ਵਿਦੇਸ਼ ਮੰਤਰਾਲਾ ਦਿੱਤਾ ਗਿਆ। ਮਿਸਰ ਦੇ ਫਿਦਾਈਨ ਗੁਰੀਲੇ ਗਾਜ਼ਾ ਪੱਟੀ ਵਲੋਂ ਮਾਰੂ ਹਮਲੇ ਕਰਦੇ। ਜਾਰਡਨ, ਸੀਰੀਆ ਤੇ ਲੈਬਨਾਨ ਵਿਚ ਵੀ ਉਨ੍ਹਾਂ ਦੇ ਅੱਡੇ ਸਨ। ਉਹ ਇਜ਼ਰਾਈਲ ਦੇ ਐਨ ਵਿਚਕਾਰ ਤੱਕ ਪੁੱਜ ਕੇ ਮਾਰੋ-ਮਾਰ ਕਰਦੇ। ਕਰਨਲ ਨਾਸਰ ਨੇ ਮਿਸਰ ਦੀ ਹਕੂਮਤ ਸੰਭਾਲਦਿਆਂ ਕਿਹਾ, ਸਾਨੂੰ ਜਹਾਦ ਦਾ ਹੱਕ ਹੈ। ਕਾਹਿਰਾ ਰੇਡੀਓ ਤੋਂ ਐਲਾਨ ਆਉਂਦਾ- ਆਪਣੀ ਹੋਣੀ ਉਪਰ ਰੋ ਲੈ ਇਜ਼ਰਾਈਲ, ਤੇਰਾ ਅੰਤ ਨੇੜੇ ਹੈ।

ਚੈਕੋਸਲਵਾਕੀਆ ਉਪਰ ਰੂਸ ਦਾ ਕੰਟਰੋਲ ਸੀ। ਚੈਕ ਸਰਕਾਰ ਨੇ ਮਿਸਰ ਨਾਲ ਹਥਿਆਰਾਂ ਦੀ ਸੰਧੀ ਕਰ ਲਈ। ਰੂਸ ਨੇ ਟੈਂਕਾਂ ਸਮੇਤ ਭਾਰੀ ਮਾਤਰਾ ਵਿਚ ਮਿਸਰ ਨੂੰ ਹਥਿਆਰ ਸਪਲਾਈ ਕਰਨੇ ਸ਼ੁਰੂ ਕਰ ਦਿੱਤੇ ਜਿਹੜੇ ਆਖਰ ਇਜ਼ਰਾਈਲ ਵਿਰੁਧ ਵਰਤੇ ਜਾਣੇ ਸਨ। ਰੂਸ ਨੇ ਪਾਪੀ ਵਿਚਾਰਧਾਰਾ ਜ਼ੀਓਨਿਜ਼ਮ ਦਾ ਖਾਤਮਾ ਕਰਨਾ ਸੀ। ਮਾਸਕੋ ਤੋਂ 'ਡਾਕਟਰਾਂ ਦੀ ਸਾਜਿਸ਼' ਨਾਂ ਦੀ ਖਬਰ ਨਸ਼ਰ ਹੋਈ, ਨੌਂ ਡਾਕਟਰਾਂ ਨੇ ਸਤਾਲਿਨ ਸਮੇਤ ਹੋਰ ਲੀਡਰਾਂ ਨੂੰ ਕਤਲ ਕਰਨਾ ਚਾਹਿਆ ਸੀ ਜਿਨ੍ਹਾਂ ਵਿਚੋਂ ਛੇ ਯਹੂਦੀ ਸਨ। ਇਨ੍ਹਾਂ ਡਾਕਟਰਾਂ ਉਪਰ ਮੁਕੱਦਮਾ ਚਲਾਉਂਦਿਆਂ ਯਹੂਦੀਆਂ ਨੂੰ ਬਦਨਾਮ ਕੀਤਾ। ਫਿਰ ਤਲ ਅਵੀਵ ਸਥਿਤ ਰੂਸੀ ਦੂਤਾਵਾਸ ਦੇ ਅਹਾਤੇ ਵਿਚ ਬੰਬ ਫਟ ਗਿਆ। ਰੂਸ ਨੇ ਤਲਖੀ ਦਿਖਾਉਂਦਿਆਂ ਜ਼ਿੰਮੇਵਾਰੀ ਇਜ਼ਰਾਈਲੀ ਸਰਕਾਰ ਉਪਰ ਸੁੱਟ ਕੇ ਸਬੰਧ ਤੋੜ ਲਏ।

ਉਧਰ ਰੂਸ, ਮਿਸਰ ਨੂੰ ਧੜਾਧੜ ਮੁਫਤ ਹਥਿਆਰ ਦੇ ਰਿਹਾ ਸੀ, ਇਧਰ ਅਮਰੀਕਾ ਤੇ ਇੰਗਲੈਂਡ ਨੇ ਇਜ਼ਰਾਈਲ ਨੂੰ ਹਥਿਆਰ ਵੇਚਣ ਤੋਂ ਵੀ ਇਨਕਾਰ ਕਰ ਦਿੱਤਾ। ਅਮਰੀਕਾ ਨੇ ਕਹਿ

*(ਬਾਕੀ ਅਗਲੇ ਸਫੇ 'ਤੇ)*

ਦਿੱਤਾ, ਕੈਨੇਡਾ ਜਾਂ ਫਰਾਂਸ ਤੋਂ ਇਜ਼ਰਾਈਲ ਹਥਿਆਰ ਖਰੀਦ ਲਵੇ ਤਾਂ ਇਤਰਾਜ਼ ਨਹੀਂ। ਫਰਾਂਸ ਨੇ ਅਮਰੀਕਾ ਦੇ ਐਲਾਨ ਤੋਂ ਪਹਿਲਾਂ ਹੀ ਹਥਿਆਰ ਦੇਣ ਦਾ ਐਲਾਨ ਕਰ ਦਿੱਤਾ। ਉਧਰ, ਮਿਸਰ ਨਾਲ ਸੀਰੀਆ ਨੇ ਸੰਧੀ ਕਰ ਲਈ। ਮਿਸਰ ਨੇ ਸੁਏਜ਼ ਨਹਿਰ ਦਾ ਕੌਮੀਕਰਨ ਕਰ ਕੇ ਇਜ਼ਰਾਈਲ ਲਈ ਰਸਤਾ ਬੰਦ ਕਰ ਦਿੱਤਾ, ਇਸ ਨਾਲ ਫਰਾਂਸ ਤੇ ਇੰਗਲੈਂਡ ਦੇ ਵਪਾਰ ਵਿਚ ਵੀ ਵਿਘਨ ਪੈਂਦਾ ਸੀ; ਸੋ, ਦੋਹਾਂ ਲਈ ਇਜ਼ਰਾਈਲ ਦੀ ਮਦਦ ਕਰਨੀ ਮਜਬੂਰੀ ਬਣ ਗਈ। ਫੈਸਲਾ ਹੋ ਗਿਆ ਕਿ ਐਤਕਾਂ ਅਰਬਾਂ ਨੂੰ ਪਹਿਲ ਨਹੀਂ ਕਰਨ ਦੇਣੀ, 29 ਅਕਤੂਬਰ 1956 ਨੂੰ ਸ਼ਾਮੀਂ ਹਮਲਾ ਕਰ ਕੇ ਗਾਜ਼ਾ ਪੱਟੀ ਅਤੇ ਸਿਨਾਈ ਝੀਲ ਸਮੇਤ ਦੁਆਲੇ ਦੀ ਜ਼ਮੀਨ ਮਿਸਰ ਤੋਂ 100 ਘੰਟਿਆਂ ਅੰਦਰ ਖੋਹ ਲੈਣੀ ਹੈ। ਇਹ ਸਾਰਾ ਰਕਬਾ ਇਜ਼ਰਾਈਲ ਦੇ ਉਸ ਵੇਲੇ ਦੇ ਖੇਤਰ ਨਾਲੋਂ ਢਾਈ ਗੁਣਾ ਵੱਧ ਸੀ। ਛੇ ਦਿਨਾਂ ਬਾਅਦ ਜੰਗਬੰਦੀ ਹੋਵੇਗੀ, ਹੋਈ। ਇਜ਼ਰਾਈਲੀ ਫੌਜਾਂ ਬਾਜ਼ਾਂ ਵਾਂਗ ਝਪਟੀਆਂ। ਮਿਸਰ ਦੇ ਪੈਰ ਉਖੜ ਗਏ, ਫੌਜ ਦਾ ਤੀਜਾ ਹਿੱਸਾ ਤਬਾਹ। ਫਿਦਾਈਨ ਦੀਆਂ ਛੁਪਣਗਾਹਾਂ ਭੰਨ ਦਿੱਤੀਆਂ। ਲੱਖਾਂ ਹਥਿਆਰ ਅਤੇ ਕਰੋੜਾਂ ਦੀ ਰਕਮ ਦਾ ਅਣਵਰਤਿਆ ਅਸਲਾ ਖੋਹ ਲਿਆ। ਮਿਸਰ ਦੇ 30 ਹਜ਼ਾਰ ਸੈਨਿਕ ਮਾਰੂਥਲ ਵਿਚ ਘਿਰ ਗਏ। ਜੇ ਇਜ਼ਰਾਈਲ ਘੇਰਾਬੰਦੀ ਨਾ ਚੁੱਕਦਾ, ਇਨ੍ਹਾਂ ਨੇ ਪਿਆਸੇ ਮਰ ਜਾਣਾ ਸੀ। ਪੰਜ ਹਜ਼ਾਰ ਬੰਦੀ ਬਣਾ ਲਏ, ਬਾਕੀ ਛੱਡ ਦਿੱਤੇ। ਇਨ੍ਹਾਂ ਬੰਦੀਆਂ ਬਦਲੇ ਅਰਬਾਂ ਤੋਂ ਆਪਣੇ ਕੈਦੀ ਜੁ ਛੁਡਾਉਣੇ ਸਨ। ਇਜ਼ਰਾਈਲ ਦੇ 172 ਸੈਨਿਕ ਮਰੇ, 800 ਜ਼ਖਮੀ ਹੋਏ। ਜੇ ਹਮਲਾ ਕਰਨ ਵਿਚ ਅਰਬ ਪਹਿਲ ਕਰਦੇ, ਤਦ ਨੁਕਸਾਨ ਵੱਧ ਹੋਣਾ ਸੀ। ਛੇ ਦਿਨਾਂ ਦੇ ਇਸ ਯੁੱਧ ਨਾਲ ਅਰਬਾਂ ਨੂੰ ਅਕਲ ਆ ਗਈ, ਉਹ ਗੱਲ ਕਰਨ ਲਈ ਤਿਆਰ ਹੋ ਗਏ।

ਯੂ.ਐਨ.ਓ. ਦਾ ਹੁਕਮ ਆ ਗਿਆ ਕਿ ਜੰਗਬੰਦੀ ਕਰ ਕੇ ਜਿੱਤੇ ਇਲਾਕੇ ਖਾਲੀ ਕਰੋ, ਤੇ 1949 ਵਾਲਾ ਇਜ਼ਰਾਈਲ ਸੰਭਾਲੋ। ਫਰਾਂਸ ਤੇ ਇੰਗਲੈਂਡ ਵਲੋਂ ਸੈਨਿਕ ਮਦਦ ਇਜ਼ਰਾਈਲ ਨੂੰ ਕਿਉਂ ਦਿੱਤੀ ਗਈ, ਅਮਰੀਕਾ ਦਾ ਰਾਸ਼ਟਰਪਤੀ ਈਜ਼ਨਹਾਵਰ ਪੂਰੇ ਗੁੱਸੇ ਵਿਚ ਆ ਗਿਆ। ਜੇ ਜਿੱਤੀਆਂ ਥਾਂਵਾਂ ਇਜ਼ਰਾਈਲ ਨੇ ਨਾ ਛੱਡੀਆਂ ਤਾਂ ਯੂ.ਐਨ.ਓ. ਵਿਚ ਇਜ਼ਰਾਈਲ ਖਿਲਾਫ ਮਤਾ ਪਾਏਗਾ, ਧਮਕੀ ਦਿੱਤੀ। ਰੂਸ ਵੱਖਰਾ ਪਸੀਨੋ-ਪਸੀਨੀ ਹੋਈ ਫਿਰਦਾ ਸੀ, ਉਹਦੇ ਹਥਿਆਰ ਯਹੂਦੀਆਂ ਕੋਲ ਚਲੇ ਗਏ। ਉਹਨੇ ਧਮਕੀ ਦਿੱਤੀ ਕਿ ਹੁਣ ਜੇ ਇਜ਼ਰਾਈਲ ਪਿੱਛੇ ਨਾ ਹਟਿਆ ਤਾਂ ਰੂਸ ਖੁਦ ਯੁੱਧ ਵਿਚ ਉਤਰੇਗਾ।

ਗੋਲਡਾ ਨੂੰ ਯੂ.ਐਨ.ਓ. ਦੀ ਮੀਟਿੰਗ ਵਿਚ ਸ਼ਾਮਲ ਹੋਣ ਦਾ ਸੱਦਾ ਮਿਲਿਆ। ਉਹਨੇ ਫੈਸਲਾ ਕੀਤਾ, ਪਹਿਲਾਂ ਜਿੱਤੇ ਹੋਏ ਇਲਾਕੇ ਦੇਖਾਂਗੀ। ਗਾਜ਼ਾ ਪੱਟੀ ਵਿਚ ਫਿਦਾਈਨਾਂ ਦੇ ਮੋਰਚੇ ਖਿੱਲਰੇ ਪਏ ਸਨ। ਸਿਨਾਈ ਝੀਲ ਦਾ ਪਾਣੀ ਸਾਫ ਗੂੜ੍ਹਾ ਨੀਲਾ ਸੀ, ਪਹਾੜ ਲਾਲ, ਵੈਂਗਣੀ ਚਮਕੀਲੇ ਰੰਗਾਂ ਦੇ ਸਨ। ਢਾਈ ਲੱਖ ਗਰੀਬ ਮੁਸਲਮਾਨ ਤੰਬੂਆਂ ਵਿਚ ਭੁੱਖਮਰੀ ਨਾਲ ਜੂਝ ਰਹੇ ਸਨ। ਅਰਬ ਦੇਸ਼ ਇਨ੍ਹਾਂ ਨੂੰ ਯਹੂਦੀਆਂ ਵਲੋਂ ਕੱਢੇ ਰਿਫਿਊਜੀ ਕਹਿ ਕੇ ਦੁਨੀਆਂ ਤੋਂ ਧਨ ਅਤੇ ਹਥਿਆਰ ਮੰਗਦੇ ਸਨ।


ਗੋਲਡਾ ਮਾਇਰ

***ਗੋਲਡਾ ਮਾਇਰ ਕੈਨੇਡੀ ਦੇ ਜਨਾਜ਼ੇ ਵਿਚ ਸ਼ਾਮਲ ਹੋਈ, ਦੇਖਿਆ ਫਰਾਂਸੀਸੀ ਲੀਡਰ ਚਾਰਲਸ ਡੀ ਗਾਲ ਖਲੋਤਾ ਸੀ। ਉਹਨੇ ਗੋਲਡਾ ਨੂੰ ਦੇਖਿਆ, ਉਧਰ ਤੁਰ ਪਿਆ। ਕਿਹਾ ਜਾਂਦਾ ਸੀ, ਉਹ ਆਪ ਕਿਸੇ ਕੋਲ ਨਹੀਂ ਜਾਂਦਾ; ਜਿਸ ਨਾਲ ਕੰਮ ਹੋਵੇ, ਉਹਨੂੰ ਆਪਣੇ ਕੋਲ ਸੱਦਦਾ ਹੈ। ਉਚਾ ਲੰਮਾ ਸਰੂ ਕੱਦ ਡੀ ਗਾਲ ਕਿਸ ਵੱਲ ਚੱਲਿਐ? ਕੌਣ ਹੈ ਇੰਨਾ ਮਹਾਨ ਸ਼ਖਸ? ਗੋਲਡਾ ਕੋਲ ਆ ਕੇ ਰੁਕਿਆ। ਅੰਗਰੇਜ਼ੀ ਵਿਚ ਹਾਲ-ਚਾਲ ਪੁੱਛਿਆ ਤੇ ਕਿਹਾ, ਮੁਸ਼ਕਿਲ ਵਿਚ ਸਹਾਈ ਹੋਵਾਂਗਾ। ਗੋਲਡਾ ਨੇ ਕਿਹਾ, ਅੱਜ ਤਾਂ ਇਉਂ ਹੋਇਆ ਜਿਵੇਂ ਲਾਲ ਸਾਗਰ ਦੋ ਹਿੱਸਿਆਂ ਵਿਚ ਵੰਡਿਆ ਗਿਆ ਹੋਵੇ ਤੇ ਯਹੂਦੀ ਜਾਨਾਂ ਬਚਾ ਕੇ ਸੁੱਕੇ ਰੇਤ ਉਪਰ ਦੀ ਮਹਿਫੂਜ਼ ਲੰਘ ਜਾਣ!***


ਚਾਰਲਸ ਡੀ ਗਾਲ

ਉਹ ਇਨ੍ਹਾਂ ਨੂੰ ਆਸਾਨੀ ਨਾਲ ਆਪਣੇ ਦੇਸ਼ਾਂ ਵਿਚ ਵਸਾ ਕੇ ਕੁੰਭੀ ਨਰਕ ਵਿਚੋਂ ਕੱਢ ਸਕਦੇ ਸਨ ਪਰ ਇਸ ਨਾਲ ਉਨ੍ਹਾਂ ਨੂੰ ਸਿਆਸੀ ਪੈਂਤੜੇ ਤੋਂ ਨੁਕਸਾਨ ਸੀ। ਜੇ ਨਿਹੱਥਾ ਇਜ਼ਰਾਈਲ ਯਹੂਦੀ ਰਿਫਿਊਜੀਆਂ ਨੂੰ ਵਸਾ ਸਕਦਾ ਹੈ ਤਾਂ ਅਰਬ ਪਤੀ ਸ਼ੇਖ ਮੁਸਲਮਾਨਾਂ 'ਤੇ ਰਹਿਮ ਕਿਉਂ ਨਹੀਂ ਕਰਦੇ?

ਯੂ.ਐਨ.ਓ. ਵਿਚ ਬੋਲਣ ਦਾ ਮੌਕਾ ਮਿਲਿਆ, ਗੋਲਡਾ ਨੇ ਕਿਹਾ, ਮਾਰੂਥਲ ਵਿਚ ਇਜ਼ਰਾਈਲ ਨੇ ਬਾਗ ਲਾਏ, ਸੜਕਾਂ ਬਣਾਈਆਂ, ਖੂਹ ਪੁੱਟੇ, ਹਸਪਤਾਲ ਬਣਾਏ। ਅਰਬ, ਫਿਦਾਈਨ ਭੇਜ ਕੇ ਇਨ੍ਹਾਂ ਨੂੰ ਬੰਬਾਂ ਨਾਲ ਤੋੜਦੇ ਹਨ। ਮੌਤ ਦੇ ਮੂੰਹ ਵਿਚ ਜਾ ਰਹੇ ਯਹੂਦੀ ਬੱਚੇ ਲੱਖਾਂ ਦੀ ਗਿਣਤੀ ਵਿਚ ਬਚਾਏ; ਫਿਦਾਈਨ ਬੱਚਾ ਜੱਚਾ ਘਰ ਬੰਬਾਂ ਨਾਲ ਉਡਾ ਰਹੇ ਹਨ। ਪਾਣੀ ਤੇ ਬਿਜਲੀ ਦੀਆਂ ਲਾਈਨਾਂ ਉਡਾ ਰਹੇ ਹਨ; ਮੰਦਰ ਤੋੜ ਰਹੇ ਹਨ ਤੇ ਮਿਸਰ ਰਾਸ਼ਟਰਪਤੀ ਨਾਸਰ ਇਹਨੂੰ ਧਰਮ ਯੁੱਧ ਕਹਿੰਦਾ ਹੈ। ਜਹਾਦ। ਸਥਾਈ ਅਮਨ ਦੀ ਉਮੀਦ ਨਾਲ ਇਜ਼ਰਾਈਲ ਨੇ ਅਰਬਾਂ 'ਤੇ ਹੱਲਾ ਬੋਲਿਆ, ਕਿਉਂਕਿ ਲੁਕ-ਛੁਪ ਕੇ ਅਰਬ ਹਰ ਰਾਤ ਹੱਲੇ ਕਰਦੇ ਹਨ। ਅਸੀਂ ਮਿੱਤਰਤਾ ਲਈ ਅਰਬਾਂ ਨੂੰ 'ਵਾਜਾਂ ਮਾਰੀਆਂ, ਸਾਡੀ ਆਵਾਜ਼ ਦੀ ਗੂੰਜ ਵੀ ਵਾਪਸ ਨਹੀਂ ਆਈ। ਹਿਟਲਰ ਨੇ ਜਿਸ ਪਰੰਪਰਾ ਦੀ ਸ਼ੁਰੂਆਤ ਕੀਤੀ, ਉਹ ਜਾਰੀ ਰੱਖਣ ਦਾ ਫੈਸਲਾ ਹੁਣ ਅਰਬਾਂ ਨੇ ਆਪਣੇ ਹੱਥ ਲੈ ਲਿਆ ਹੈ। ਹਿਟਲਰ ਦੀ ਆਤਮ-ਕਥਾ ਅਰਬੀ ਜ਼ਬਾਨ ਵਿਚ ਛਾਪ ਕੇ ਹਰ ਇਕ ਫੌਜੀ ਦੇ ਹੱਥ ਫੜਾ ਰੱਖੀ ਹੈ। ਹੁਣ ਸਿਨਾਈ ਇਲਾਕਾ ਫਿਦਾਈਨ ਦੀਆਂ ਛੁਪਣਗਾਹਾਂ ਵਾਸਤੇ ਫਿਰ ਖਾਲੀ ਕਰ ਦੇਈਏ?

ਇਨ੍ਹਾਂ ਗੱਲਾਂ ਦਾ ਕਿਸੇ ਦੇਸ਼ ਦੇ ਨੁਮਾਇੰਦੇ ਉਪਰ ਅਸਰ ਨਹੀਂ ਹੋਇਆ। ਯੂ.ਐਨ.ਓ. ਦਾ ਸੈਕਟਰੀ ਬੋਲਿਆ, ਜੇ ਫੌਜਾਂ ਜਿੱਤੇ ਇਲਾਕੇ ਖਾਲੀ ਕਰ ਕੇ ਵਾਪਸ ਨਹੀਂ ਜਾਂਦੀਆਂ ਤਾਂ ਵਿਸ਼ਵ ਯੁੱਧ ਛਿੜੇਗਾ, ਤੇ ਇਜ਼ਰਾਈਲ ਜ਼ਿੰਮੇਵਾਰ ਹੋਵੇਗਾ। ਹਾਂ, ਅਸੀਂ ਇਹ ਯਕੀਨੀ ਬਣਾਵਾਂਗੇ ਕਿ ਇਜ਼ਰਾਈਲ ਦੇ ਸਮੁੰਦਰੀ ਜਹਾਜ ਨਹੀਂ ਰੋਕੇ ਜਾਣਗੇ ਤੇ ਗਾਜ਼ਾ ਪੱਟੀ, ਸਿਨਾਈ ਆਦਿਕ ਥਾਂਵਾਂ 'ਤੇ ਫੌਜੀ ਬੰਕਰ ਨਹੀਂ ਬਣਨਗੇ। ਇਹ ਕਹਿ ਕੇ, ਕਿ ਬਿਲਕੁਲ ਕੁਝ ਨਹੀਂ ਨਾਲੋਂ ਜਿੰਨਾ ਕੁ ਮਿਲਿਆ, ਉਸ ਉਪਰ ਸਬਰ ਕਰੀਏ, ਇਜ਼ਰਾਈਲ ਨੇ ਜਿੱਤੇ ਇਲਾਕੇ ਵਾਪਸ ਕਰਨ ਦੇ ਮਤੇ ਉਤੇ ਦਸਤਖ਼ਤ ਕਰ ਦਿੱਤੇ।

ਉਦਾਸ ਮਨ ਨਾਲ ਦਸਤਖਤ ਕਰਨ ਪਿਛੋਂ ਗੋਲਡਾ ਨੇ ਆਪਣੇ ਸਕੱਤਰ ਨੂੰ ਕਿਹਾ, ਅਰਬਾਂ ਨੂੰ ਦਿਖਾ ਦਿਤਾ ਹੈ ਕਿ ਜਦੋਂ ਯੁੱਧ ਛਿੜੇਗਾ, ਉਹ ਹਾਰਨਗੇ। ਇਹ ਕੋਈ ਮਾੜੀ ਪ੍ਰਾਪਤੀ ਨਹੀਂ। ਇਜ਼ਰਾਈਲ ਨਾਂ ਦੇ ਇਸ ਬੱਚੇ ਨੂੰ ਪੰਜ ਅਰਬ ਦੇਸ਼ਾਂ ਨੇ ਜੰਮਦਿਆਂ ਮਾਰਨ ਦਾ ਫੈਸਲਾ ਕੀਤਾ, ਇਹ ਬਚ ਗਿਆ। ਹੁਣ ਸੱਤ ਸਾਲ ਦੇ ਇਸ ਬੱਚੇ ਨੇ ਅਰਬਾਂ ਦਾ ਲੱਕ ਤੋੜ ਦਿੱਤਾ ਹੈ। ਹੁਣ ਸਾਡਾ ਨਕਸ਼ਾ ਕੋਈ ਨਹੀਂ ਮਿਟਾ ਸਕੇਗਾ।

ਅਮਰੀਕਾ ਵਿਚ ਕੈਨੇਡੀ ਰਾਸ਼ਟਰਪਤੀ ਚੁਣਿਆ ਗਿਆ, ਗੋਲਡਾ ਮਿਲਣ ਗਈ। ਵ੍ਹਾਈਟ ਹਾਊਸ ਵਿਚ ਮੀਟਿੰਗ ਦੌਰਾਨ ਦੋ ਆਦਮੀ ਹੋਰ ਸਨ। ਗੋਲਡਾ ਨੇ ਕਿਹਾ, ਮੈਂ ਇਜ਼ਰਾਈਲ ਵਾਸਤੇ ਹਥਿਆਰ ਮੰਗਣ ਆਈ ਹਾਂ ਪਰ ਪਹਿਲਾਂ ਦੱਸ ਦਿਆਂ, ਇਜ਼ਰਾਈਲ ਹੈ ਕੀ। ਅਸੀਂ ਤਿੰਨ ਹਜ਼ਾਰ ਸਾਲ ਪਹਿਲਾਂ ਦੇ ਯਹੂਦੀ ਹਾਂ ਜਿਨ੍ਹਾਂ ਕੋਲੋਂ ਸਾਡਾ ਦੇਸ਼ ਖੁੱਸ ਗਿਆ ਸੀ। ਉਦੋਂ ਹੋਰ ਕੌਮਾਂ ਵੀ ਸਨ- ਅਮੋਲੀ, ਮੋਆਬੀ, ਅਸੀਰੀਏ, ਬੇਬੀਲੋਨ ਆਦਿ। ਇਨ੍ਹਾਂ ਸਾਰਿਆਂ ਉਤੇ ਇੰਨੀਆਂ ਸਖਤੀਆਂ ਹੋਈਆਂ ਕਿ ਇਹ ਥੱਕ ਗਏ, ਖੁਰ ਗਏ, ਖਤਮ ਹੋ ਗਏ। ਸਖਤੀਆਂ ਯਹੂਦੀਆਂ ਉਪਰ ਵੀ ਹੋਈਆਂ, ਉਨ੍ਹਾਂ ਨੇ ਭਾਣਾ ਮਿੱਠਾ ਕਰ ਕੇ ਮੰਨਿਆ ਤੇ ਬਚ ਗਏ। ਹੁਣ ਉਹ ਆਪਣੇ ਦੇਸ਼ ਵਿਚ ਆ ਚੁੱਕੇ ਹਨ ਪਰ ਦਸ ਮੁਸਲਮਾਨ ਦੇਸ਼ਾਂ ਵਿਚ ਘਿਰੇ ਹੋਏ ਹਨ। ਹੁਣ ਫਿਰ ਉਨ੍ਹਾਂ ਦਾ ਬੀਜਨਾਸ ਕਰਨ ਦੀਆਂ ਵਿਉਂਤਾਂ ਬਣ ਰਹੀਆਂ ਨੇ। ਸੱਠ ਲੱਖ ਤਾਂ ਇਕੱਲੇ ਹਿਟਲਰ ਦੀ ਜਾੜ੍ਹ ਹੇਠ ਆ ਗਏ, ਬਾਕੀ ਅਰਬ ਖਾ ਜਾਣਗੇ। ਅਮਰੀਕਾ ਵਿਚ 56 ਲੱਖ ਯਹੂਦੀ ਨੇ। ਪਤਾ ਕਰਾਉ, ਉਨ੍ਹਾਂ ਨੇ ਅਮਰੀਕਾ ਦੀ ਖੁਸ਼ਹਾਲੀ ਲਈ ਜਾਨ ਮਾਰ ਕੇ ਕਿੰਨਾ ਕੰਮ ਕੀਤਾ ਹੈ। ਗੁਲਾਮ ਗਰੀਬ ਯਹੂਦੀਆਂ ਨੇ ਆਪਣੇ ਹੱਥਾਂ ਨਾਲ ਅਨੇਕ ਦੇਸ਼ ਅਮੀਰ ਕਰ ਦਿੱਤੇ। ਇਨ੍ਹਾਂ ਨੂੰ ਬਚਾਉ ਮਿਸਟਰ ਕੈਨੇਡੀ।

ਪੌਣਾ ਘੰਟਾ ਪੂਰੇ ਧਿਆਨ ਨਾਲ ਰਾਸ਼ਟਰਪਤੀ ਨੇ ਗੋਲਡਾ ਦੀ ਗੱਲ ਸੁਣੀ। ਫਿਰ ਉਠਿਆ, ਗੋਲਡਾ ਉਠੀ, ਉਹਦਾ ਹੱਥ ਆਪਣੇ ਹੱਥ ਵਿਚ ਫੜ ਕੇ ਕੈਨੇਡੀ ਨੇ ਕਿਹਾ, ਫਿਕਰ ਨਾ ਕਰ ਮਿਸਿਜ਼ ਗੋਲਡਾ ਮਾਇਰ। ਸਮਝ ਆ ਗਈ ਤੇਰੀ ਗੱਲ ਮੈਨੂੰ। ਇਜ਼ਰਾਈਲ ਦਾ ਵਾਲ ਵਿੰਗਾ ਨਹੀਂ ਹੋਵੇਗਾ। ਛੇਤੀ ਖਬਰ ਮਿਲੀ, ਕੈਨੇਡੀ ਦਾ ਕਤਲ ਹੋ ਗਿਆ। ਜਾਨਸਨ ਨੇ ਅਗਲੇ ਰਾਸ਼ਟਰਪਤੀ ਵਜੋਂ ਹਲਫ ਲਿਆ। ਸਮਾਂ ਮੁਕਰਰ ਕਰ ਕੇ ਗੋਲਡਾ ਮਿਲਣ ਗਈ। ਅਜੇ ਕੋਈ ਗੱਲ ਨਹੀਂ ਹੋਈ ਸੀ, ਬੋਲਿਆ, ਮੈਨੂੰ ਪਤੈ ਗੋਲਡਾ, ਇਕ ਮਿੱਤਰ ਦੇ ਵਿਛੋੜੇ ਕਾਰਨ ਤੁਸੀਂ ਦੁੱਖ ਵਿਚ ਹੋ। ਯਕੀਨ ਕਰਨਾ, ਸਾਬਤ ਕਰਾਂਗਾ ਮੈਂ ਵੀ ਤੁਹਾਡਾ ਮਿੱਤਰ ਹਾਂ। ਉਹਨੇ ਦੋਸਤੀ ਨਿਭਾਈ।

ਪੈਰਿਸ ਵਿਚ ਜਾ ਕੇ ਪ੍ਰਧਾਨ ਮੰਤਰੀ ਚਾਰਲਸ ਡੀ ਗਾਲ ਨੂੰ ਮਿਲੀ ਜਿਸ ਬਾਰੇ ਸੁਣਿਆ ਸੀ, ਬੜਾ ਸਵੈਭਿਮਾਨੀ ਹੈ। ਜਿਹੜਾ ਫਰੈਂਚ ਨਹੀਂ ਜਾਣਦਾ, ਉਸ ਨਾਲ ਗੱਲ ਕਰਨੀ ਪਸੰਦ ਨਹੀਂ ਕਰਦਾ। ਸਹਿਮੀ ਗੋਲਡਾ ਅੰਦਰ ਗਈ, ਡੀ ਗਾਲ ਗਰਮਜੋਸ਼ੀ ਨਾਲ ਮਿਲਿਆ, ਦੁਭਾਸ਼ੀਏ ਰਾਹੀਂ ਗੱਲਾਂ ਹੋਈਆਂ। ਅਖੀਰ ਵਿਚ ਕਿਹਾ, ਜਦੋਂ ਪੂਰੀ ਤਰ੍ਹਾਂ ਮੁਸੀਬਤ ਵਿਚ ਘਿਰ ਜਾਏਂ, ਉਦੋਂ 'ਵਾਜ ਮਾਰੀਂ ਗੋਲਡਾ, ਮਦਦ ਕਰਾਂਗਾ। ਜੇ ਤੂੰ ਆਪ ਹਮਲਾ ਕਰਨ ਦੀ ਪਹਿਲ ਕੀਤੀ, ਇਜ਼ਰਾਈਲ ਤਾਂ ਤਬਾਹ ਹੋਵੇਗਾ ਹੀ ਹੋਵੇਗਾ, ਸੰਸਾਰ ਯੁੱਧ ਯਕੀਨੀ ਹੈ।

ਕੈਨੇਡੀ ਦੇ ਜਨਾਜ਼ੇ ਵਿਚ ਸ਼ਾਮਲ ਹੋਈ; ਦੇਖਿਆ, ਡੀ ਗਾਲ ਵੀ ਖਲੋਤਾ ਸੀ। ਉਹਨੇ ਗੋਲਡਾ ਨੂੰ ਦੇਖਿਆ ਤੇ ਉਧਰ ਤੁਰ ਪਿਆ। ਕਿਹਾ ਜਾਂਦਾ ਸੀ, ਡੀ ਗਾਲ ਆਪ ਕਿਸੇ ਕੋਲ ਨਹੀਂ ਜਾਂਦਾ; ਜਿਸ ਨਾਲ ਕੰਮ ਹੋਵੇ, ਉਹਨੂੰ ਆਪਣੇ ਕੋਲ ਸੱਦਦਾ ਹੈ। ਉਚਾ ਲੰਮਾ ਸਰੂ ਕੱਦ ਡੀ ਗਾਲ ਕਿਸ ਵੱਲ ਚੱਲਿਐ? ਕੌਣ ਹੈ ਇੰਨਾ ਮਹਾਨ ਸ਼ਖਸ? ਗੋਲਡਾ ਕੋਲ ਆ ਕੇ ਰੁਕਿਆ। ਵਧੀਆ ਅੰਗਰੇਜ਼ੀ ਬੋਲਦਿਆਂ ਹਾਲ-ਚਾਲ ਪੁੱਛਿਆ ਤੇ ਕਿਹਾ, ਮੁਸ਼ਕਿਲ ਵਿਚ ਸਹਾਈ ਹੋਵਾਂਗਾ। ਗੋਲਡਾ ਨੇ ਕਿਹਾ, ਅੱਜ ਤਾਂ ਇਉਂ ਹੋਇਆ ਜਿਵੇਂ ਲਾਲ ਸਾਗਰ ਦੋ ਹਿੱਸਿਆਂ ਵਿਚ ਵੰਡਿਆ ਗਿਆ ਹੋਵੇ ਤੇ ਯਹੂਦੀ ਜਾਨਾਂ ਬਚਾ ਕੇ ਸੁੱਕੇ ਰੇਤ ਉਪਰ ਦੀ ਮਹਿਫੂਜ਼ ਲੰਘ ਜਾਣ!

***(ਚਲਦਾ)***

# ਸਿਰੁ ਦੀਜੈ ਕਾਣਿ ਨ ਕੀਜੈ

***(ਸਫਾ 23 ਦੀ ਬਾਕੀ)***

ਸ਼ਹਾਦਤ ਮਨੁੱਖਤਾ ਦੇ ਸਨਮਾਨ ਅਤੇ ਹਰ ਤਰ੍ਹਾਂ ਦੀ ਬੇਇਨਸਾਫੀ ਵਿਰੁਧ ਲੜ ਮਰਨ ਦੀ ਲੜਾਈ ਹੈ। ਗੁਰੂਆਂ ਦੀ ਸ਼ਹਾਦਤ ਜ਼ੁਲਮ, ਬੇਇਨਸਾਫੀ ਅਤੇ ਧਿੰਗੋਜ਼ੋਰੀ ਦੇ ਵਿਰੁਧ ਸੀ, ਕਿਸੇ ਖਾਸ ਧਰਮ ਤੇ ਮਨੁੱਖ ਵਿਰੁਧ ਨਹੀਂ। ਸਿੱਖ ਗੁਰੂਆਂ ਦੀ ਸ਼ਹੀਦੀ, ਵਿਚਾਰਾਂ ਦੀ ਆਜ਼ਾਦੀ ਲਈ ਸੀ। ਵਿਚਾਰਾਂ ਦੀ ਆਜ਼ਾਦੀ ਮਨੁੱਖਤਾ ਦਾ ਸਾਂਝਾ ਧਰਮ ਹੈ ਤੇ ਸਾਂਝੇ ਧਰਮ ਵਾਸਤੇ ਮਰ ਮਿਟਣਾ ਗੁਰੂਆਂ ਦੀ ਸਭ ਤੋਂ ਉਚੀ ਤੇ ਸੁੱਚੀ ਸ਼ਹਾਦਤ ਸੀ।

"ਸਿੱਖ ਕੌਮ ਨੂੰ ਸ਼ਹੀਦੀ ਵਿਰਸੇ ਵਿਚ ਮਿਲੀ ਹੈ। ਬਹਾਦਰ ਕੌਮਾਂ ਦੇ ਮਹਿਲ ਇੱਟਾਂ ਤੇ ਗਾਰੇ ਨਾਲ ਨਹੀਂ ਉਸਾਰੇ ਜਾਂਦੇ, ਸਗੋਂ ਸ਼ਹੀਦ ਦੀਆਂ ਹੱਡੀਆਂ, ਖੂਨ ਤੇ ਮਿੱਝ ਨਾਲ ਉਸਾਰੇ ਹੁੰਦੇ ਹਨ। ਇਹ ਮਹਿਲ ਜ਼ੁਲਮ ਦੇ ਝੱਖੜਾਂ ਨਾਲ ਗਿਰਦੇ ਨਹੀਂ ਸਗੋਂ ਕੌਮ ਦੇ ਲਤਾੜੇ ਤੇ ਪਛਾੜੇ ਲੋਕਾਂ ਨੂੰ ਸ਼ਰਨ ਦਿੰਦੇ ਹਨ। ਸ਼ਹੀਦ ਦਾ ਖੂਨ ਧਰਤੀ 'ਤੇ ਇਸੇ ਲਈ ਹੀ ਡੁੱਲ੍ਹਣ ਦਿੱਤਾ ਜਾਂਦਾ ਹੈ ਕਿਉਂਕਿ ਇਸ ਖੂਨ ਵਿਚ ਕ੍ਰਾਂਤੀ ਦੇ ਬੀਜ ਹੁੰਦੇ ਹਨ। ਇਸ ਨਾਲ ਕੌਮਾਂ ਵਿਚ ਪਰਿਵਰਤਨ ਆਉਂਦਾ ਹੈ, ਕੌਮ ਮੁੜ ਜਾਗ ਉਠਦੀ ਹੈ। ਅਜਿਹਾ ਸਾਹਸ ਜ਼ੁਲਮ ਦਾ ਖੁਰਾ-ਖੋਜ ਮਿਟਾਉਣ ਲਈ ਦਲੇਰੀ ਬਖਸ਼ਦਾ ਹੈ। ਚੜ੍ਹਦੀ ਕਲਾ ਸ਼ਹੀਦ ਦੇ ਖੂਨ ਦਾ ਬੁਨਿਆਦੀ ਤੱਤ ਹੁੰਦਾ ਹੈ।" (ਡਾ. ਸ਼ਮਸ਼ੇਰ ਸਿੰਘ)

ਸ਼ਹੀਦਾਂ ਨੂੰ ਭਾਵੇਂ ਅਸੀਂ ਕਿਸੇ ਨਿਯਮਬੱਧ ਸ਼੍ਰੇਣੀ ਵਿਚ ਨਹੀਂ ਰੱਖ ਸਕਦੇ ਪਰ ਸਿੱਖ ਧਰਮ ਅੰਦਰ ਇਕ ਤਾਂ ਉਹ ਸ਼ਹੀਦ ਹਨ ਜਿਨ੍ਹਾਂ ਨੇ ਧਰਮ, ਕੌਮ, ਸੱਚੇ ਤੇ ਸੁੱਚੇ ਆਦਰਸ਼ਾਂ ਲਈ ਸ਼ਾਂਤਮਈ ਰਹਿ ਕੇ ਕੁਰਬਾਨੀ ਦਿੱਤੀ। ਦੁੱਖ-ਤਕਲੀਫਾਂ ਨੂੰ ਖਿੜੇ ਮੱਥੇ ਕਬੂਲ ਕੀਤਾ। 'ਤੇਰਾ ਭਾਣਾ ਮੀਠਾ ਲਾਗੈ' ਦਾ ਸੰਕਲਪ ਸੁਰਜੀਤ ਕੀਤਾ। ਗੁਰੂ ਅਰਜਨ ਦੇਵ ਸੰਸਾਰ ਦੇ ਉਹ ਪਹਿਲੇ ਸ਼ਹੀਦ ਹਨ ਜਿਨ੍ਹਾਂ ਨੇ ਜ਼ੁਲਮ ਸਹਿੰਦਿਆਂ ਸ਼ਾਂਤਮਈ ਸ਼ਹੀਦੀ ਪ੍ਰਾਪਤ ਕੀਤੀ। ਦੂਜੇ ਸ਼ਹੀਦ ਉਹ ਹਨ ਜੋ ਮੈਦਾਨੇ-ਜੰਗ 'ਚ ਜੂਝਦੇ ਹਨ ਅਤੇ ਜ਼ੁਲਮ ਤੇ ਜ਼ਾਲਮ ਖਿਲਾਫ ਸ਼ਹੀਦੀ ਦਿੰਦੇ ਹਨ। ਗੁਰਬਾਣੀ ਦਾ ਫਰਮਾਨ ਹੈ,

ਮਰਣੁ ਮੁਣਸਾ ਸੂਰਿਆ ਹਕੁ ਹੈ
ਜੋ ਹੋਇ ਮਰਨਿ ਪਰਵਾਣੋ॥

ਬੰਦਾ ਸਿੰਘ ਬਹਾਦਰ ਸਿੱਖ ਕੌਮ ਦਾ ਪਹਿਲਾ ਨੇਤਾ ਸੀ ਜਿਸ ਨੇ ਲੜਾਈਆਂ ਮੁਗਲ ਰਾਜ ਨੂੰ ਨਕਾਰਾ ਕਰਨ ਲਈ ਹੀ ਨਹੀਂ ਲੜੀਆਂ ਸਗੋਂ ਇਸ ਦਾ ਖੁਰਾ-ਖੋਜ ਮਿਟਾਉਣ ਲਈ ਲੜੀਆਂ; ਇਸ ਕੰਮ ਵਿਚ ਭਾਵੇਂ ਉਹ ਆਪ ਸ਼ਹੀਦ ਹੋ ਗਏ ਪਰ ਇਹ ਚਿਣਗ ਸਿੱਖਾਂ ਨੂੰ ਲਾ ਦਿੱਤੀ ਕਿ ਮੁਗਲ ਅਜੇਤੂ ਨਹੀਂ ਹਨ। ਡਾ. ਗੰਡਾ ਸਿੰਘ ਲਿਖਦੇ ਹਨ, "ਬੰਦਾ ਸਿੰਘ ਦੇ ਲਗਭਗ 200 ਸਾਥੀ ਸਨ ਜੋ ਸਭ ਸੰਗਲਾਂ ਨਾਲ ਬੰਨ੍ਹੇ ਹੋਏ ਸਨ। ਅਬਦੁੱਲ ਸਮਦ ਖਾਂ ਦੇ ਪੁੱਤਰ ਜ਼ਕਰੀਆਂ ਖਾਂ ਜੋ ਇਸ ਕਾਰਵਾਈ ਦਾ ਇੰਚਾਰਜ ਸੀ, ਨੇ ਮਹਿਸੂਸ ਕੀਤਾ ਕਿ ਬਾਦਸ਼ਾਹ ਨੂੰ ਪੇਸ਼ ਕਰਨ ਲਈ ਇਹ 200 ਕੈਦੀ ਥੋੜ੍ਹੇ ਹਨ, ਇਸ ਲਈ ਉਸ ਨੇ ਰਸਤੇ ਵਿਚ ਆਉਂਦੇ ਪਿੰਡਾਂ ਵਿਚੋਂ ਕਈ ਹਜ਼ਾਰ ਹੋਰ ਆਦਮੀਆਂ ਨੂੰ ਆਪਣੀ ਲਪੇਟ ਵਿਚ ਲੈ ਲਿਆ ਜਿਸ ਕਾਰਨ ਕੈਦੀਆਂ ਦੀ ਗਿਣਤੀ 740 ਅਤੇ ਨੇਜ਼ਿਆਂ 'ਤੇ ਟੰਗੇ ਸਿਰਾਂ ਦੀ ਗਿਣਤੀ 2000 ਹੋ ਗਈ। ਇਨ੍ਹਾਂ ਤੋਂ ਇਲਾਵਾ ਸਿੱਖਾਂ ਦੇ ਸਿਰਾਂ ਨਾਲ ਲੱਦੇ ਹੋਏ 700 ਗੱਡੇ ਵੀ ਇਸ ਅਤਿ ਨਿਰਦਈ ਘਟਨਾ ਦਾ ਭਾਗ ਸਨ।" (ਸਿੱਖ ਇਤਿਹਾਸ, ਸਫਾ 98-99, ਪ੍ਰਿੰ. ਤੇਜਾ ਸਿੰਘ ਤੇ ਡਾ. ਗੰਡਾ ਸਿੰਘ)

ਗਿਆਨੀ ਗਿਆਨ ਸਿੰਘ ਅਨੁਸਾਰ, ਮੁਗਲ ਫੌਜਦਾਰਾਂ ਨੇ ਬਹੁਤ ਸਾਰੇ ਹਿੰਦੂ ਵੀ ਜੋ ਕੇਸ-ਦਾੜ੍ਹੀ ਵਾਲੇ ਸਨ, ਫੜ੍ਹ ਕੇ ਕੈਦੀਆਂ ਦੀ ਗਿਣਤੀ ਆਪਣੀ ਬਹਾਦਰੀ, ਚਲਾਕੀ ਵਿਖਾਉਣ ਲਈ ਵਧਾ ਲਈ। ਕੋਈ ਲਾਲਚ, ਕੋਈ ਦਿਲਾਸਾ ਉਨ੍ਹਾਂ ਨੂੰ ਬੇ-ਦੀਨ ਨਾ ਕਰ ਸਕਿਆ। ਉਹ ਅੰਦਰੋਂ ਇੰਨੇ ਦ੍ਰਿੜ ਸੰਕਲਪ ਸਨ ਕਿ ਉਨ੍ਹਾਂ ਬੇਕਸੂਰ ਹੁੰਦਿਆਂ ਵੀ ਨਾ ਤਾਂ ਕਿਸੇ ਹਾਕਮ ਅੱਗੇ ਫਰਿਆਦ ਕੀਤੀ ਅਤੇ ਨਾ ਹੀ ਆਪਣੀ ਜਾਨ ਬਖਸ਼ੀ ਲਈ ਕੋਈ ਹੋਰ ਯਤਨ ਕੀਤਾ। ਡਾ. ਗੋਕਲ ਚੰਦ ਨਾਰੰਗ ਨੇ ਫਾਰਸੀ ਸਰੋਤਾਂ ਦੇ ਹਵਾਲੇ ਨਾਲ ਇਸ ਘਟਨਾ ਦਾ ਮੁਲੰਕਣ ਕਰਦਿਆਂ ਲਿਖਿਆ ਹੈ, "ਉਨ੍ਹਾਂ ਨੇ ਪੂਰਨ ਨਿਰਲੇਪਤਾ ਨਾਲ ਸ਼ਹੀਦੀ ਕਬੂਲ ਕੀਤੀ ਸਗੋਂ ਉਨ੍ਹਾਂ ਨੇ ਇਕ-ਦੂਜੇ ਤੋਂ ਪਹਿਲਾਂ ਸ਼ਹੀਦੀ ਪ੍ਰਾਪਤ ਕਰਨ ਲਈ ਤਤਪਰਤਾ ਵਿਖਾਈ।" (ਗੋਕਲ ਚੰਦ ਨਾਰੰਗ, ਸਿੱਖ ਮਤ ਦਾ ਪਰਿਵਰਤਨ, ਸਫਾ 120)

ਸਿਦਕ ਨਾ ਹਾਰਨ ਵਾਲੇ ਅਤੇ ਧਰਮ ਯੁੱਧ ਵਿਚ ਸ਼ਹੀਦੀਆਂ ਦੇਣ ਵਾਲਿਆਂ ਦੀ ਸੂਚੀ ਵਿਚ ਭਾਈ ਤਾਰਾ ਸਿੰਘ (1702-25), ਭਾਈ ਮਨੀ ਸਿੰਘ, ਭਾਈ ਬੋਤਾ ਸਿੰਘ, ਭਾਈ ਗਰਜਾ ਸਿੰਘ, ਭਾਈ ਮਹਿਤਾਬ ਸਿੰਘ, ਭਾਈ ਸੁੱਖਾ ਸਿੰਘ, ਭਾਈ ਸੁਬੇਗ ਸਿੰਘ, ਭਾਈ ਸਹਿਬਾਜ਼ ਸਿੰਘ, ਬਾਬਾ ਗੁਰਬਖਸ਼ ਸਿੰਘ, ਬਾਬਾ ਰਾਮ ਸਿੰਘ ਬੇਦੀ ਅਤੇ ਬਾਬਾ ਦੀਪ ਸਿੰਘ ਵੀ ਸਨ। ਲੱਖਾਂ ਸਿੰਘ-ਸਿੰਘਣੀਆਂ ਦੀ ਸ਼ਹੀਦੀ ਰੋਜ਼ ਦਾ ਵਰਤਾਰਾ ਸੀ। ਇਨ੍ਹਾਂ ਸਿੰਘਾਂ-ਸਿੰਘਣੀਆਂ ਨੇ ਗੁਰੂ ਨਾਨਕ ਦੁਆਰਾ ਸਿੱਖੀ ਪ੍ਰਵੇਸ਼ ਲਈ ਪਹਿਲੀ ਸ਼ਰਤ ਦੀ ਪੂਰਤੀ ਕਰ ਵਿਖਾਈ,

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥
ਸਿਰੁ ਦੀਜੈ ਕਾਣਿ ਨ ਕੀਜੈ॥

(ਗੁਰੂ ਗ੍ਰੰਥ ਸਾਹਿਬ, ਸਫਾ 1412)

ਦੂਜੇ ਲੋਕਾਂ ਦਾ ਧਰਮ ਬਚਾਉਣ ਲਈ ਸ਼ਹੀਦ ਹੋਣਾ, ਸ਼ਹੀਦੀ ਦਾ ਉਤਮ ਦਰਜਾ ਹੈ। ਐਸੇ ਸ਼ਹੀਦ ਲਈ ਬਿਖੜੇ ਅਤੇ ਔਖੇ ਰਸਤੇ ਆਉਂਦੇ ਹਨ। ਹਕੂਮਤ ਵਲੋਂ ਕਈ ਪ੍ਰਕਾਰ ਦੇ ਲਾਲਚ ਅਤੇ ਡਰਾਵੇ ਦਿੱਤੇ ਜਾਂਦੇ ਹਨ ਜਿਨ੍ਹਾਂ ਦਾ ਜੁਆਬ ਉਹ ਕੁਰਬਾਨੀ ਰਾਹੀਂ ਦਿੰਦਾ ਹੈ। ਐਸੇ ਸ਼ਹੀਦ ਦਾ ਇਤਿਹਾਸ ਖੂਨ ਨਾਲ ਲਿਖਿਆ ਜਾਂਦਾ ਹੈ। ਲੋਕ ਸ਼ਹੀਦ ਦੀ ਮਿੱਟੀ ਨੂੰ ਸਜਦਾ ਕਰਦੇ ਹਨ ਤੇ ਮੱਥੇ 'ਤੇ ਲਾਉਂਦੇ ਹਨ। ਸਿੱਖ ਗੁਰੂਆਂ ਦੀ ਸ਼ਹੀਦੀ ਅਨੋਖੀ ਤੇ ਵਿਲੱਖਣ ਹੈ। ਉਨ੍ਹਾਂ ਨੇ ਸ਼ਹਾਦਤ ਆਪਣੇ ਧਰਮ ਲਈ ਹੀ ਨਹੀਂ ਦਿੱਤੀ ਸਗੋਂ ਸਮੁੱਚੀ ਮਾਨਵਤਾ ਦੇ ਜਮਹੂਰੀ ਹੱਕਾਂ ਲਈ ਦਿੱਤੀ। ਸ੍ਰੀ ਗੁਰੂ ਤੇਗ ਬਹਾਦਰ ਦੀ ਸ਼ਹਾਦਤ ਬਾਰੇ ਲਿਖਦਿਆਂ ਗੁਰੂ ਗੋਬਿੰਦ ਸਿੰਘ ਦਾ ਇਹ ਕਥਨ 'ਧਰਮ ਹੇਤ ਸਾਕਾ ਜਿਨ ਕੀਆ॥ ਸੀਸ ਦੀਆ ਪਰ ਸਿਰਰ ਨ ਦੀਆ॥' ਇਸੇ ਤੱਥ ਦੀ ਪੁਸ਼ਟੀ ਕਰਦਾ ਹੈ ਕਿ ਉਨ੍ਹਾਂ ਦੀ ਸ਼ਹਾਦਤ ਧਰਮ ਦੀ ਰੱਖਿਆ ਵਾਸਤੇ ਸੀ, ਭਾਵੇਂ ਉਹ ਧਰਮ ਕਿਸੇ ਦੂਜੇ ਦਾ ਹੀ ਸੀ। ਗੁਰੂ ਤੇਗ ਬਹਾਦਰ ਦਾ ਇਹ ਦ੍ਰਿੜ ਸੰਕਲਪ ਸੀ ਕਿ ਧਾਰਮਿਕ ਵਿਚਾਰਾਂ ਦੀ ਆਜ਼ਾਦੀ ਤੇ ਮਨੁੱਖੀ ਅਧਿਕਾਰ ਦੀ ਰਖਵਾਲੀ ਲਈ ਸਿਰ ਤਾਂ ਦਿੱਤਾ ਜਾ ਸਕਦਾ ਹੈ ਪਰ ਪਿਛੇ ਨਹੀਂ ਹਟਿਆ ਜਾ ਸਕਦਾ। ਸ਼ਹਾਦਤ ਤੋਂ ਪਹਿਲਾਂ ਗੁਰੂ ਸਾਹਿਬ ਅਤੇ ਵੱਡੇ ਕਾਜ਼ੀ ਵਿਚ ਹੋਈ ਵਾਰਤਾਲਾਪ ਇਸ ਗੱਲ ਦੀ ਪੁਸ਼ਟੀ ਕਰਦੀ ਹੈ,

ਇਹ ਮੇਰੀ ਸ਼ਹਾਦਤ ਜ਼ੁਲਮ ਦੇ ਵਿਰੁਧ ਹੈ,
ਨਾ ਕਿ ਇਸਲਾਮ ਦੇ ਵਿਰੁਧ।
ਔਰੰਗਜ਼ੇਬ ਮਜ਼ਲੂਮਾਂ ਉਤੇ
ਜ਼ੁਲਮ ਕਰ ਰਿਹਾ ਹੈ,
ਜੇ ਉਸ ਦੇ ਜ਼ੁਲਮ ਵਿਰੁਧ ਮੁਲਸਮਾਨ ਵੀ
ਮੇਰੇ ਕੋਲ ਸਹਾਇਤਾ ਲਈ ਆਉਂਦੇ,
ਤਾਂ ਮੈਂ ਆਪਣੀ ਜਾਨ ਉਨ੍ਹਾਂ ਲਈ ਵੀ
ਨਿਛਾਵਰ ਕਰ ਦਿੰਦਾ।

(ਡਾ. ਸਰਬਜਿੰਦਰ ਸਿੰਘ)

13 ਮੱਘਰ 1732 ਸੰਮਤ, ਭਾਵ ਦਸਬੰਰ 1675 ਈਸਵੀ ਵਿਚ ਗੁਰੂ ਤੇਗ ਬਹਾਦਰ ਜੀ ਨੂੰ ਦਿੱਲੀ ਦੇ ਚਾਂਦਨੀ ਚੌਕ ਵਿਚ ਸ਼ਹੀਦ ਕਰ ਦਿੱਤਾ ਗਿਆ। ਗੁਰੂ ਦੇ ਸਿੱਖਾਂ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਨੂੰ ਵੀ ਵੱਖ-ਵੱਖ ਤਰ੍ਹਾਂ ਸ਼ਹੀਦ ਕੀਤਾ ਗਿਆ।

ਸਬਰ, ਸਿਦਕ ਵਾਲੀ ਸ਼ਹੀਦੀ ਦਾ ਸਿਲਸਿਲਾ ਅਗਾਂਹ ਤੁਰਿਆ ਅਤੇ ਨੌਵੇਂ ਪਾਤਿਸ਼ਾਹ ਦੇ ਦੋ ਪੋਤਰਿਆਂ- ਸਾਹਿਬਜ਼ਾਦਾ ਜ਼ੋਰਾਵਰ ਸਿੰਘ ਤੇ ਸਾਹਿਬਜ਼ਾਦਾ ਫਤਹਿ ਸਿੰਘ ਨੇ ਚਮਕੌਰ ਦੀ ਲੜਾਈ ਵਿਚ ਦੁਸ਼ਮਣਾਂ ਨਾਲ ਲੜਦਿਆਂ ਸ਼ਹੀਦੀ ਪ੍ਰਾਪਤ ਕੀਤੀ। ਗੁਰੂ ਗੋਬਿੰਦ ਸਿੰਘ ਦੇ ਦੋ ਵੱਡੇ ਸਾਹਿਬਜ਼ਾਦਿਆਂ- ਅਜੀਤ ਸਿੰਘ ਤੇ ਜੁਝਾਰ ਸਿੰਘ ਨੇ ਲਾਸਾਨੀ ਸ਼ਹਾਦਤ ਦਿੱਤੀ ਕਿਉਂਕਿ ਉਨ੍ਹਾਂ ਦੀ ਸ਼ਹਾਦਤ ਨੂੰ ਧਰਮ ਨਾਲੋਂ ਤੋੜ ਕੇ ਹੋਰ ਕਿਸੇ ਪੱਖ ਤੋਂ ਦੇਖਣਾ ਬਿਲਕੁਲ ਅਸੰਭਵ ਹੈ। ਉਨ੍ਹਾਂ ਦੇ ਸਾਹਮਣੇ ਕੇਵਲ ਦੋ ਹੀ ਰਸਤੇ ਸਨ- ਜਾਂ ਧਰਮ ਤਿਆਗੋ, ਤੇ ਜਾਂ ਮੌਤ ਪ੍ਰਵਾਨ ਕਰੋ। ਉਨ੍ਹਾਂ ਹੱਸ ਕੇ ਮੌਤ ਕਬੂਲ ਕਰ ਲਈ ਅਤੇ ਧਰਮ ਵਾਸਤੇ ਸਭ ਕੁਝ ਕੁਰਬਾਨ ਕਰਨ ਦਾ ਸੰਦੇਸ਼ ਸੰਸਾਰ ਨੂੰ ਦੇ ਗਏ।

## ਸਿੱਖਾਂ ਦੀ ਅਰਦਾਸ

ਸਿੱਖ ਧਰਮ ਵਿਚ ਸ਼ਹੀਦੀ ਦੀ ਮਹਿਮਾ ਦਾ ਅੰਦਾਜ਼ਾ ਇਸੇ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਜਿਥੇ ਕਿਤੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਦੇ ਭੋਗ ਪੈਣ 'ਤੇ ਜਿਹੜੀ ਅਰਦਾਸ ਕੀਤੀ ਜਾਂਦੀ ਹੈ, ਉਨ੍ਹਾਂ ਵਿਚ ਸ਼ਹੀਦਾਂ ਦੀ ਸ਼ਹੀਦੀ ਦਾ ਸਮੂਹਕ ਗੁਣ-ਗਾਣ ਕੀਤਾ ਜਾਂਦਾ ਹੈ,

ਪੰਜਾਂ ਪਿਆਰਿਆਂ,
ਚੌਹਾਂ ਸਾਹਿਬਜ਼ਾਦਿਆਂ, ਚਾਲੀ ਮੁਕਤਿਆਂ,
ਹਠੀਆਂ, ਜਪੀਆਂ, ਤਪੀਆਂ
ਜਿਨ੍ਹਾਂ ਨਾਮ ਜਪਿਆ, ਵੰਡ ਛਕਿਆ,
ਦੇਗ ਚਲਾਈ, ਤੇਗ ਵਾਹੀ,
ਦੇਖ ਕੇ ਅਣਡਿੱਠਾ ਕੀਤਾ,
ਤਿਨ੍ਹਾਂ ਪਿਆਰਿਆਂ, ਸਚਿਆਰਿਆਂ ਦੀ
ਕਮਾਈ ਦਾ ਧਿਆਨ ਧਰ ਕੇ
ਖਾਲਸਾ ਜੀ, ਬੋਲੋ ਜੀ ਵਾਹਿਗੁਰੂ
ਜਿਨ੍ਹਾਂ ਸਿੰਘਾਂ, ਸਿੰਘਣੀਆਂ ਨੇ
ਧਰਮ ਹੇਤ ਸੀਸ ਦਿੱਤੇ,
ਬੰਦ-ਬੰਦ ਕਟਾਏ, ਖੋਪਰੀਆਂ ਲੁਹਾਈਆਂ,
ਚਰਖੜੀਆਂ 'ਤੇ ਚੜ੍ਹੇ,
ਆਰਿਆਂ ਨਾਲ ਸੀਸ ਚਿਰਾਏ,
ਸਿੱਖੀ ਕੇਸਾਂ, ਸੁਆਸਾਂ ਨਾਲ ਨਿਭਾਈ,
ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ
ਖਾਲਸਾ ਜੀ, ਬੋਲੋ ਜੀ ਵਾਹਿਗੁਰੂ।

ਅਰਦਾਸ ਵਿਚ ਪੇਸ਼ ਕੀਤੀ ਸ਼ਹੀਦੀਆਂ ਲਈ ਸ਼ਰਧਾ ਸਿੱਖ ਕੌਮ ਨੂੰ ਸ਼ਹੀਦਾਂ ਦੇ ਨਕਸ਼ੇ-ਕਦਮ 'ਤੇ ਚੱਲਣ ਦੀ ਪ੍ਰੇਰਨਾ ਦਿੰਦੀ ਹੈ, ਸ਼ਹੀਦੀ ਲਈ ਚਾਉ ਤੇ ਉਤਸ਼ਾਹ ਦੀ ਜੋਤ ਜਗਾਉਂਦੀ ਹੈ।




# ਅੱਠ ਮਾਰਚ ਤੋਂ ਅੱਠ ਮਾਰਚ

*ਕਾਨਾ ਸਿੰਘ ਨੇ ਮਹਿਲਾ ਦਿਵਸ (ਅੱਠ ਮਾਰਚ) ਨੂੰ ਸਮਰਪਿਤ ਇਸ ਲੇਖ ਵਿਚ ਆਪਣੀਆਂ ਮੁਢਲੀਆਂ ਸਾਹਿਤਕ ਸਰਗਰਮੀਆਂ ਦੇ ਨਾਲ-ਨਾਲ ਆਪਣੀ ਅਨੂਠੀ ਤੇ ਚਾਣਚੱਕ ਹੋਈ ਰੰਗਮੰਚ ਸਰਗਰਮੀ ਬਾਰੇ ਵੀ ਖੁਲਾਸਾ ਕੀਤਾ ਹੈ। ਕਾਨਾ ਸਿੰਘ ਆਪਣੀ ਹਰ ਰਚਨਾ ਵਿਚ ਗੱਲਾਂ ਵਿਚੋਂ ਗੱਲਾਂ ਦੇ ਗਲੋਟੇ ਉਧੇੜਦੀ ਚਲੀ ਜਾਂਦੀ ਹੈ, ਬਹੁਤ ਮਟਕ ਨਾਲ; ਤੇ ਇਹ ਮਟਕ ਸਮੁੱਚੀ ਲਿਖਤ ਵਿਚੋਂ ਝਾਤੀਆਂ ਮਾਰਦੀ ਦਿਸਦੀ ਹੈ। ਇੱਦਾਂ ਦਾ ਰੰਗ ਵਿਰਲੀਆਂ ਲਿਖਤਾਂ ਨੂੰ ਚੜ੍ਹਿਆ ਮਿਲਦਾ ਹੈ। ਇਸ ਪੱਖੋਂ ਕਾਨਾ ਸਿੰਘ ਦੀ ਝੰਡੀ ਹੈ। -ਸੰਪਾਦਕ*



ਚਿੱਤ ਚੇਤਾ

ਕਾਨਾ ਸਿੰਘ
ਫੋਨ: 91-95019-44944

28 ਜੁਲਾਈ, 1986 ਦੀ ਦੁਪਹਿਰ।

ਅਤਿਵਾਦ ਦੇ ਸਾਏ ਹੇਠ ਧੜਕਦੇ-ਸਹਿਮਦੇ ਪਿੰਡ ਜਿਹੇ ਮੁਹਾਲੀ ਸ਼ਹਿਰ ਵਿਚ ਟਿਕਿਆਂ ਮੈਨੂੰ ਤਿੰਨ ਮਹੀਨੇ ਹੋ ਚੁੱਕੇ ਸਨ। ਕਰਫਿਊ, ਗੋਲੀਆਂ ਦੇ ਸਾਏ ਹੇਠ ਤਿੰਨ ਵਰ੍ਹਿਆਂ ਤੋਂ ਵੀ ਲੰਮੇਰੇ, ਤਿੰਨ ਜੁਗਾਂ ਜਿਹੇ ਹੀ ਲਗਦੇ ਸਨ ਇਹ ਤਿੰਨ ਮਹੀਨੇ। ਦੀਪੀ ਬੇਟੇ ਨੇ ਚੰਡੀਗੜ੍ਹ ਦੇ ਇਕ ਹੋਟਲ ਵਿਚ ਰਿਸੈਪਸ਼ਨਿਸਟ ਦੀ ਨੌਕਰੀ ਫੜ ਲਈ ਸੀ।...18 ਵਰ੍ਹਿਆਂ ਦਾ ਕਿਸ਼ੋਰ ਬਾਲਕ, ਕੇਵਲ ਹਾਇਰ ਸੈਕੰਡਰੀ ਪਾਸ।

ਕਲਮੁਕੱਲੀ ਘਰ ਵਿਚ ਬੈਠੀ, ਮੁੰਬਈ ਦੀਆਂ ਯਾਦਾਂ ਵਿਚ ਹੌਕੇ ਭਰਦੀ, ਵੰਡੇ ਗਏ ਪਰਿਵਾਰ ਦੇ ਗ਼ਮ ਨੂੰ ਝੂਰਦੀ, ਬਿਟ-ਬਿਟ ਤਕਦੀ ਕੰਧਾਂ ਨਾਲ ਗੱਲਾਂ ਕਰਦੀ। ਨਾ ਕੋਈ ਮਿੱਤਰ, ਨਾ ਜਾਣੂੰ ਤੇ ਨਾ ਕੋਈ ਸਾਕ ਸਬੰਧੀ। ਆਪਣਾ ਪੰਜਾਬ, ਪੰਜਾਬ ਪਰਦੇਸ।

ਸਿਖ਼ਰ ਦੁਪਹਿਰ ਵਿਚ ਕੁਝ ਬੱਦਲ ਛਾ ਗਏ ਤੇ ਫਿਰ ਕਿਣਮਿਣ ਵੀ।...ਬਰਸਾਤ ਮੇਰੀ ਰੂਹ ਦੀ ਜਾਨ ਹੈ। ਮੁੰਬਈ ਦੇ ਚੌਮਾਸੇ ਦੀ ਮੂਸਲਾਧਾਰ ਬਾਰਿਸ਼ ਵਿਚ ਭਿੱਜਦੀ ਨੂੰ ਰੱਜ ਨਾ ਆਉਂਦਾ। ਇਸ ਬੂੰਦਾ-ਬਾਂਦੀ ਨੇ ਵੀ ਮੈਨੂੰ ਘਰੋਂ ਬਾਹਰ ਨਿਕਲਣ ਲਈ ਬੇਕਾਬੂ ਕਰ ਦਿੱਤਾ। ਮੈਂ ਬੱਸ ਫੜੀ ਤੇ ਜਾ ਪਹੁੰਚੀ ਚੰਡੀਗੜ੍ਹ। ਰੋਜ਼ ਗਾਰਡਨ ਦਾ ਨਾਂ ਸੁਣਿਆ ਹੋਇਆ ਸੀ, ਸੋਚਿਆ ਵੇਖ ਹੀ ਲਿਆ ਜਾਵੇ। ਚੱਕਰ ਕੱਟ ਕੇ ਬਾਹਰ ਨਿਕਲੀ ਤਾਂ ਬੋਰਡ ਪੜ੍ਹਿਆ ਪੰਜਾਬ ਕਲਾ ਭਵਨ ਦਾ। ਇਹ ਕੋਈ ਕਲਾ ਕਿਰਤਾਂ ਦਾ ਘਰ ਹੋਣਾ ਹੈ, ਕਿਆਫ਼ਾ ਲਾਇਆ ਤੇ ਅੰਦਰ ਜਾ ਵੜੀ। ਮੂਹਰਲੇ ਹਾਲ ਵਿਚ ਰਿਹਰਸਲ ਦਾ ਇਕੱਠ ਸੀ। ਮੈਨੂੰ ਅਜਨਬੀ ਨੂੰ ਵੇਖ ਉਹ ਠਠੰਬਰ ਗਏ। ਉਹ 'ਉਠੀਂ ਵੇ ਮਿਰਜ਼ਿਆ ਸੁੱਤਿਆ' ਨਾਟਕ ਦੀ ਰਿਹਰਸਲ ਕਰ ਰਹੇ ਸਨ।

"ਮੈਂ ਵੇਖ ਸਕਦੀ ਹਾਂ?"

"ਹਾਂ, ਜੰਮ-ਜੰਮ ਵੇਖੋ।" ਇਹ ਸਨ ਮਿੰਨੀ, ਬਾਲਾ, ਬਲਜੀਤ ਜ਼ਖਮੀ; ਨਾਟਕ ਦੇ ਤਿੰਨ ਡਾਇਰੈਕਟਰ ਤੇ ਲੇਖਕਾ ਰਮਾ ਰਤਨ।

ਗੱਲਬਾਤ ਦੌਰਾਨ ਮੈਂ ਦੱਸਿਆ ਕਿ ਮੈਂ ਮੁੰਬਈ ਦੇ ਪ੍ਰਿਥਵੀ ਥਿਏਟਰ ਦੀ ਪੱਕੀ ਦਰਸ਼ਕ ਸਾਂ। ਉਨ੍ਹਾਂ ਨੇ ਪੰਜ ਦਿਨਾਂ ਮਗਰੋਂ ਟੈਗੋਰ ਥੀਏਟਰ ਵਿਚ ਹੋ ਰਹੀ ਨਾਟਕ ਦੀ ਪਹਿਲੀ ਪੇਸ਼ਕਾਰੀ ਉਤੇ ਆਉਣ ਦਾ ਮੈਨੂੰ ਸੱਦਾ ਦਿੱਤਾ। ਸਾਰੇ ਹੀ ਨਿੱਘੇ ਸਨ। ਮੈਨੂੰ ਆਪਣੀ ਘੁਟਣ ਤੋਂ ਕੁਝ ਰਾਹਤ ਮਿਲੀ। ਝਟ ਪਲ ਮਗਰੋਂ ਉਨ੍ਹਾਂ ਤੋਂ ਵਿਦਾਇਗੀ ਲੈ ਕੇ ਮੈਂ ਮੁੜਨ ਦੀ ਕੀਤੀ।

ਬੱਸ ਸਟੈਂਡ ਉਤੇ ਪੁੱਜੀ ਹੀ ਸਾਂ ਕਿ ਯਾਦ ਆਇਆ ਕਿ ਛੱਤਰੀ ਤਾਂ ਮੈਂ ਕਲਾ ਭਵਨ ਵਿਚ ਹੀ ਭੁੱਲ ਆਈ ਸਾਂ। ਵਾਪਸ ਪਰਤੀ। ਹਾਲ ਵਿਚ ਵੜੀ ਹੀ ਸਾਂ ਕਿ ਉਹ ਸਾਰੇ ਜਿਵੇਂ ਖਿੜ ਜਿਹੇ ਗਏ।

"ਕੁਝ ਭੁੱਲ ਗਏ ਹੋ ਕੀ? ਅਸੀਂ ਤੁਹਾਡੇ ਬਾਰੇ ਹੀ ਸੋਚ ਰਹੇ ਸੀ ਕਿ ਤੁਹਾਡਾ ਪਤਾ ਤਾਂ ਪੁੱਛਿਆ ਹੀ ਨਹੀਂ", ਰਮਾ ਰਤਨ ਨੇ ਕਿਹਾ।

"ਹਾਂ ਛਤਰੀ।" ਤੇ ਮੈਂ ਸੋਫ਼ੇ ਦੀ ਢੋਅ ਨਾਲ ਉਂਜ ਦੀ ਉਂਜ ਲੱਗੀ ਛਤਰੀ ਚੁੱਕ ਲਈ। ਪੰਜਾਬ ਦੀ ਕੜਕਦੀ ਧੁੱਪ ਤੋਂ ਬਚਣ ਦਾ ਇਕ ਮਾਤਰ ਸਹਾਰਾ ਸੀ ਮੇਰੀ ਇਹ ਫੋਲਡਿੰਗ ਛਤਰੀ।

"ਜੇ ਤੁਸੀਂ ਇਸ ਨਾਟਕ ਵਿਚ ਸਾਹਿਬਾਂ ਦੀ ਮਾਂ ਦਾ ਰੋਲ ਕਰੋ ਤਾਂ?" ਕੇਵਲ ਪੰਜ ਦਿਨ ਹੀ ਰਹਿ ਗਏ ਸਨ ਖੇਡਣ ਵਿਚ। ਉਨ੍ਹਾਂ ਦੀ ਪੇਸ਼ਕਸ਼ ਨੇ ਮੈਨੂੰ ਹੈਰਾਨ ਕਰ ਦਿੱਤਾ।

"ਮੇਰਾ ਇਸ ਪਾਸੇ ਦਾ ਕੋਈ ਅਨੁਭਵ ਨਹੀਂ। ਨਾਟਕ ਵੇਖਣ ਦੀ ਸ਼ੌਕੀਨ ਜ਼ਰੂਰ ਹਾਂ ਪਰ ਖੇਡਿਆ ਕਦੇ ਨਹੀਂ। ਨਾਲੇ ਰਿਹਰਸਲਾਂ ਲਈ ਰੋਜ਼ ਚੰਡੀਗੜ੍ਹ ਆਉਣਾ...ਨਹੀਂ ਮੈਂ ਨਹੀਂ ਕਰ ਸਕਾਂਗੀ।" ਮੇਰਾ ਉਤਰ ਸੀ।

"ਕਰ ਸਕੋਗੇ ਜਾਂ ਨਹੀਂ, ਇਹ ਤੁਸੀਂ ਸਾਡੇ 'ਤੇ ਛੱਡ ਦਿਓ। ਬਸ ਹਾਂ ਕਰੋ। ਰਿਹਰਸਲਾਂ ਲਈ ਤੁਹਾਨੂੰ ਘਰੋਂ ਲਿਆਉਣ ਦੀ ਜ਼ਿੰਮੇਵਾਰੀ ਸਾਡੀ।"

ਮੈਂ ਨਿਰੁੱਤਰ ਸਾਂ। ਆਉਂਦੇ ਦੋ ਦਿਨ ਮੈਨੂੰ ਮੇਰਾ ਪਾਰਟ ਦੱਸਿਆ ਤੇ ਪਕਵਾਇਆ ਗਿਆ। ਡਾਇਰੈਕਟਰ ਤਿੰਨ ਤੇ ਸਿਖਾਂਦਰੂ ਅਦਾਕਾਰ ਮੈਂ, ਇਕੋ ਇਕ, ਡਰੀ-ਡਰੀ, ਅਹਿਸਾਸ-ਏ-ਕਮਤਰੀ ਦਾ ਸ਼ਿਕਾਰ।

ਤੀਜਾ ਦਿਨ ਵੀ ਲੰਘ ਗਿਆ, ਗੱਲ ਬਣਦੀ ਨਜ਼ਰ ਨਾ ਆਵੇ। ਮਿੰਨੀ ਇਕ ਤਰੀਕੇ ਨਾਲ ਡਾਇਲਾਗ ਬੋਲਣ ਲਈ ਆਖੇ, ਜ਼ਖ਼ਮੀ ਦੂਜੇ ਨਾਲ। ਉਧਰ ਸਾਹਿਬਾਂ ਦਾ ਪਿਉ ਲੰਮ-ਸਲੰਮਾ ਸਵਰਾਜ ਸੰਧੂ ਤੇ ਉਹਦੇ ਸਾਹਵੇਂ ਛਟਾਂਕੀ ਜਿਹੀ ਮੈਂ।...ਸਾਹਿਬਾਂ ਦੀ ਮਾਂ ਹੋਵੇ, ਤੇ ਇੰਨੀ ਭੀਚੋ ਜਿਹੀ! ਮੈਨੂੰ ਆਪਣੇ ਆਪ ਤੋਂ ਨਫ਼ਰਤ ਹੋਵੇ। ਆਖ਼ਿਰ ਮੈਂ ਸਾਫ਼-ਸਾਫ਼ ਕਹਿ ਦਿੱਤਾ, "ਕੇਵਲ ਦੋ ਦਿਨ ਹੀ ਰਹਿ ਗਏ ਹਨ ਤੇ ਮੈਥੋਂ ਕੁਝ ਹੋ ਨਹੀਂ ਰਿਹਾ। ਮੇਰੇ ਕਰ ਕੇ ਤੁਹਾਡਾ ਨਾਟਕ ਫੇਲ੍ਹ ਹੋ ਜਾਵੇਗਾ। ਪਲੀਜ਼ ਮੈਨੂੰ ਮਾਫ਼ ਕਰੋ।"

"ਹੱਛਾ, ਸਿਰਫ਼ ਕੱਲ੍ਹ ਦਾ ਦਿਨ ਹੋਰ ਵੇਖ ਲੈਂਦੇ ਹਾਂ।" ਉਨ੍ਹਾਂ ਦਾ ਜੁਆਬ ਸੀ। ਘਰ ਆਈ ਤੇ ਡਾਢੀ ਝੁੰਜਲਾਈ ਹੋਈ।

ਜ਼ਿੰਦਗੀ ਮੇਰੇ ਲਈ ਹਮੇਸ਼ਾਂ ਚੁਣੌਤੀ ਰਹੀ ਹੈ। ਇਕ ਪਾਸੇ ਸਵੈ-ਵਿਸ਼ਵਾਸ ਦੀ ਘਾਟ, ਤੇ ਦੂਜੇ ਪਾਸੇ ਜੇ ਸਿਰ 'ਤੇ ਆਣ ਬਣੇ ਤਾਂ ਜੂਝਣ ਦੀ ਅਮੋੜ ਜ਼ਿੱਦ ਵੀ। ਸ਼ੀਸ਼ਾ ਵੇਖਿਆ, ਤੇ ਆਪਣੀ ਅੱਖ ਨਾਲ ਅੱਖ ਨਾ ਮਿਲਾ ਸਕਾਂ। ਜੀ ਕੀਤਾ ਕਿ ਤੋੜ ਸੁੱਟਾਂ ਸ਼ੀਸ਼ਾ!

ਦੂਰ ਪਿੱਛੇ ਲੈ ਗਈ ਚੇਤੇ ਨੂੰ। ਉਮਰ ਦੇ ਚੌਧਵੇਂ ਸਾਲ ਵਿਚ ਜਦੋਂ ਮੱਥੇ ਤੇ ਜ਼ੁਲਫ਼ ਸੁੱਟਦੀ, ਕੱਜਲ ਦੀਆਂ ਧਾਰਾਂ ਕੱਢ ਕੇ ਨੈਣ ਮਟਕਾਉਂਦੀ, ਮੁਸ-ਮੁਸ ਸ਼ੀਸ਼ੇ ਵਿਚਲੇ ਆਪਣੇ ਅਕਸ ਉਤੇ ਮੰਤਰ ਮੁਗਧ ਇਕ ਟੱਕ ਬੇਖ਼ਬਰ ਹੋਈ ਉਤੇ ਮਾਂ ਨੇ ਭਬਕ ਮਾਰੀ ਸੀ, "ਸਮਿੱਜ ਕੇ ਰਹਿ! ਬਹੂੰ ਗੁਮਾਨ ਨਾ ਕਰ ਇਸ ਰੂਪ ਨਾ।" ਅਲੜ੍ਹ ਉਮਰ ਦੇ ਸਿਰ ਉਤੇ ਇਸ਼ਕ ਦਾ ਭੂਤ ਸ਼ਾਇਦ ਮਾਂ ਤੋਂ ਗੁੱਝਾ ਨਹੀਂ ਸੀ।

ਸ਼ੀਸ਼ੇ ਸਾਹਵੇਂ ਮੈਂ ਬਿਲਕੁਲ ਮਾਂ ਵਾਂਗ ਬਿਫ਼ਰ ਕੇ ਡਾਇਲਾਗ ਬੋਲਣ ਲੱਗੀ। ਆਪਣੀ ਹੀ ਧੁਨ ਵਿਚ, ਆਪਣੇ ਅੰਦਾਜ਼ ਵਿਚ। ਅਭਿਆਸ ਕੀਤਾ। ਕਰਦੀ ਰਹੀ। ਗੱਲ ਬਣਦੀ ਨਜ਼ਰ ਆਈ। ਅੱਜ ਮੇਰੀ ਅਦਾਕਾਰੀ 'ਤੇ ਸਾਰੇ ਖੁਸ਼ ਸਨ, ਗਦ-ਗਦ। ਦੂਜੇ ਦਿਨ ਟੈਗੋਰ ਥਿਏਟਰ ਵਿਚ ਨਾਟਕ ਖੇਡਿਆ ਗਿਆ ਤੇ ਵਾਹ-ਵਾਹ!

ਰਮਾ ਰਤਨ ਉਨ੍ਹੀਂ ਦਿਨੀ ਪੰਜਾਬ ਸਕੂਲ ਸਿੱਖਿਆ ਬੋਰਡ ਵਿਚ ਵਿਸ਼ਾ ਮਾਹਿਰ ਸੀ। ਸਿੱਖਿਆ ਬੋਰਡ, ਮੁਹਾਲੀ ਦੇ ਪਹਿਲੇ ਫੇਜ਼ ਵਿਚ ਸੀ; ਮੇਰੇ ਘਰ ਤੋਂ ਕੇਵਲ ਇਕ ਬੱਸ ਸਟੌਪ ਦੀ ਵਿੱਥ 'ਤੇ। ਰਮਾ ਨਾਲ ਮੇਰੀਆਂ ਬੈਠਕਾਂ ਆਮ ਹੋਣ ਲੱਗੀਆਂ। ਮੈਂ ਉਹਨੂੰ ਆਪਣੀਆਂ ਨਜ਼ਮਾਂ ਸੁਣਾਉਣ ਲੱਗੀ। ਰਮਾ ਦਾ ਹੁੰਗਾਰਾ ਮੇਰੇ ਲਈ ਅਸਚਰਜ ਸੀ। ਉਸ ਨੇ ਮੇਰੀ ਮੁਲਾਕਾਤ ਬੋਰਡ ਦੇ ਹੋਰ ਅਧਿਕਾਰੀਆਂ ਜੋਗਾ ਸਿੰਘ, ਜਨਕ ਰਾਜ ਤੇ ਸਰਬਜੀਤ ਬੇਦੀ ਆਦਿ ਨਾਲ ਕਰਾਈ।

'ਵਿਗਿਆਪਨ', 'ਬਣ ਜਾ ਗੁਆਂਢੀ', 'ਰੱਖ ਛੱਡੀ' ਵਰਗੀਆਂ ਜੋ ਨਜ਼ਮਾਂ ਮੈਨੂੰ ਬਸ ਐਵੇਂ ਜਿਹੀਆਂ ਹੀ ਲਗਦੀਆਂ ਸਨ, ਉਨ੍ਹਾਂ ਸਾਰਿਆਂ ਨੂੰ ਨਵੇਕਲੀਆਂ ਲੱਗੀਆਂ। ਉਹ ਮੇਰੀ ਵਿਅੰਗ-ਵਿਧਾ ਤੋਂ ਪ੍ਰਭਾਵਤ ਸਨ ਤੇ ਸਾਰੇ ਹੀ ਮੈਨੂੰ ਕਾਵਿ-ਸੰਗ੍ਰਿਹ ਛਪਵਾਉਣ ਲਈ ਪ੍ਰੇਰਨ ਲੱਗੇ।

ਇਧਰ ਰੋਜ਼ੀ-ਰੋਟੀ ਦਾ ਮਸਲਾ ਵੀ ਸੀ।



ਆਪਣੀ ਪੋਤੀ ਨਾਲ ਕਾਨਾ ਸਿੰਘ।

ਮੁੰਬਈ ਵਾਲਾ ਫਲੈਟ ਵੇਚ ਕੇ ਇਹ ਮਕਾਨ ਖਰੀਦਣ ਮਗਰੋਂ ਮੇਰੇ ਕੋਲ ਕੇਵਲ 70 ਹਜ਼ਾਰ ਰੁਪਏ ਹੀ ਬਚੇ ਸਨ ਜਿਸ ਦੇ ਵਿਆਜ ਨਾਲ ਘਰ ਚੱਲਣਾ ਸੀ। ਦੀਪੀ ਨੂੰ ਮੁਹਾਲੀ ਟਿਕਦਿਆਂ ਹੀ ਸਾਈਕਲ ਲੈ ਦਿੱਤੀ ਸੀ। ਉਹ ਰੋਜ਼ ਦੂਰ, ਸੁਖਨਾ ਲੇਕ ਤੱਕ ਰੇਸਿੰਗ ਕਰਦਾ ਤੇ ਲਈਅਰ ਵੈਲੀ ਵਿਚ ਕੁੰਗਫੂ ਕਰਾਟੇ ਦੀ ਪ੍ਰੈਕਟਿਸ ਵੀ। ਇਹ ਦੋਵੇਂ ਸ਼ੌਕ ਉਹ ਮੁੰਬਈਓਂ ਨਾਲ ਲਿਆਇਆ ਸੀ।

ਇਨ੍ਹੀਂ ਦਿਨੀਂ ਹੀ ਅਖ਼ਬਾਰ ਵਿਚੋਂ ਰਿਸੈਪਸ਼ਨਿਸਟ ਦਾ ਇਸ਼ਤਿਹਾਰ ਪੜ੍ਹ ਕੇ ਦੀਪੀ ਪੰਕਜ ਹੋਟਲ ਵਿਚ ਵੀ ਜਾ ਵੜਿਆ, ਤੇ ਸੱਤ ਸੌ ਮਾਹਵਾਰੀ ਤਨਖ਼ਾਹ 'ਤੇ ਉਸ ਨੌਕਰੀ ਫੜ ਕੇ ਮੈਨੂੰ ਚਾਣਚੱਕ ਹੈਰਾਨ ਕਰ ਦਿੱਤਾ। ਬਾਰ੍ਹਵੀਂ ਪਾਸ, 18 ਸਾਲ ਦਾ ਬਾਲਕ ਆਪਣਾ ਖਰਚ ਕੱਢਣ ਲਈ ਤਿਆਰ ਹੋ ਗਿਆ।

ਮੇਰੇ ਕੋਲ ਮੁੰਬਈ ਦਾ ਬਿਊਟੀ ਪਾਰਲਰ ਚਲਾਉਣ ਦਾ ਤਜਰਬਾ ਸੀ। ਘਰ ਵਿਚ ਇਕ ਕਮਰੇ ਵਿਚ ਸ਼ੀਸ਼ੇ ਫਿਟ ਕਰਾ ਕੇ ਕੰਮ ਸ਼ੁਰੂ ਕਰਨ ਬਾਰੇ ਸੋਚ ਹੀ ਰਹੀ ਸਾਂ ਕਿ ਬਿਊਟੀ ਪਾਰਲਰਾਂ ਨੂੰ ਅਤਿਵਾਦੀਆਂ ਵਲੋਂ ਧਮਕੀਆਂ ਦੀਆਂ ਖ਼ਬਰਾਂ ਮਿਲਣ ਲੱਗੀਆਂ। ਮੇਰਾ ਤਜਰਬਾ ਜ਼ਿਆਦਾ ਕਰ ਕੇ ਹੇਅਰ ਕਟਿੰਗ ਦਾ ਸੀ, ਤੇ ਪੰਜਾਬ ਵਿਚ ਇਹਦੀ ਗਾਹਕੀ ਦੀ ਵੀ ਗੁੰਜਾਇਸ਼ ਨਾ ਜਾਪੀ। ਸੋ, ਇਹ ਇਰਾਦਾ ਮੈਂ ਰੱਦ ਕਰ ਦਿੱਤਾ, ਤੇ ਇਸ ਦੀ ਥਾਂ ਹੈਲਥ ਕਲੱਬ ਤੇ ਯੋਗ ਸੈਂਟਰ ਖੋਲ੍ਹਣ ਦਾ ਮਨ ਬਣਾ ਲਿਆ।

ਮੁੰਬਈ ਤੋਂ ਕੂਚ ਕਰਨ ਤੋਂ ਪਹਿਲਾਂ ਮੈਂ ਫਿਲਮ ਐਕਟਰ ਦਿਲੀਪ ਤਾਹਿਲ ਦੇ ਪਿਤਾ ਜੀ.ਐਸ. ਤਾਹਿਲਰਮਾਨੀ ਜੋ ਮੇਰੇ ਬਜ਼ੁਰਗ ਮਿੱਤਰ, ਗੁਰੂ ਤੇ ਗਾਈਡ ਵੀ ਸਨ ਅਤੇ ਮੇਰੀ 'ਖੁਸ਼ਬੂ' ਕਹਾਣੀ ਦੇ ਮੁੱਖ ਪਾਤਰ ਵੀ, ਨਾਲ ਮੁੰਬਈ ਦੇ ਸੀ.ਸੀ.ਆਈ. ਕਲੱਬ ਦਾ ਹੈਲਥ ਸੈਂਟਰ ਵੇਖ ਚੁੱਕੀ ਸਾਂ। ਉਨ੍ਹਾਂ ਦੀ ਹਦਾਇਤ ਸੀ ਕਿ ਮੈਂ ਪੰਜਾਬ ਵਿਚ ਇਹ ਕੰਮ ਸ਼ੁਰੂ ਕਰਾਂ। ਇਹ ਕੰਮ ਮੇਰੇ ਯੋਗ-ਅਭਿਆਸ ਅਤੇ ਬਿਊਟੀ ਪਾਰਲਰ ਦੇ ਅਨੁਭਵ ਦੇ ਅਨੁਕੂਲ ਵੀ ਸੀ। ਮੈਂ ਚੰਡੀਗੜ੍ਹ ਦੇ ਹੈਲਥ ਕਲੱਬਾਂ ਦਾ ਸਰਵੇਖਣ ਕੀਤਾ। ਜੋਗਰ, ਟਵਿਸਟਰ ਵਾਇਬਰੇਟਰੀ ਬੈਲਟ ਤੇ ਸਟੀਮ ਬਾਥ ਆਦਿ ਦੀਆਂ ਮਸ਼ੀਨਾਂ ਖਰੀਦੀਆਂ ਤੇ 'ਗਰੋ ਯੰਗ ਹੈਲਥ ਕਲੱਬ' ਦਾ ਬੋਰਡ ਲਗਾ ਕੇ, ਪੈਂਫਲੈਟ ਵੰਡ ਕੇ, ਦੁਸਹਿਰੇ ਤੋਂ ਕੰਮ ਸ਼ੁਰੂ ਕਰ ਦਿੱਤਾ।

ਗਾਹਕ ਆਉਣੇ ਸ਼ੁਰੂ ਹੋ ਗਏ। ਤੀਵੀਆਂ ਵੀ ਤੇ ਮਰਦ ਵੀ। ਮਰਦਾਂ ਦਾ ਸਮਾਂ ਸਵੇਰ ਦਾ ਤੇ ਜਨਾਨੀਆਂ ਲਈ ਗਿਆਰਾਂ ਵਜੇ ਤੋਂ ਬਾਅਦ ਦਾ। ਦੋ-ਤਿੰਨ ਮਹੀਨਿਆਂ ਵਿਚ ਇੰਨੇ ਗਾਹਕ ਬਣ ਗਏ ਕਿ ਹੁਣ ਮੈਨੂੰ ਗਰੁਪ ਸ਼ਿਫ਼ਟਾਂ 'ਚ ਵੰਡਣੇ ਪੈ ਗਏ। ਹੈਲਥ ਕਲੱਬ ਨਾਲ ਯੋਗਾਸਨ ਦੀ ਸਿੱਖਿਆ ਲਾਜ਼ਮੀ ਸੀ।

ਜਿਉਂ-ਜਿਉਂ ਆਮਦਨ ਵਧਣ ਲੱਗੀ, ਘਰ ਦਾ ਸਮਾਨ ਬਣਨ ਲੱਗਾ। ਬੇਟਾ ਆਪਣੀ ਅਗਲੇਰੀ ਪੜ੍ਹਾਈ ਦਾ ਖਰਚ ਆਪੇ ਕੱਢਣ ਲੱਗਾ। ਚੰਦ ਮਹੀਨਿਆਂ ਵਿਚ ਹੀ ਉਸ ਨੂੰ ਮੈਡੀਕਲ ਰਿਪਰਜੈਂਟੇਟਿਵ ਦੀ ਨੌਕਰੀ ਮਿਲ ਗਈ, ਤੇ ਉਸ ਮੋਪੇਡ ਵੀ ਖਰੀਦ ਲਈ, ਅਰ ਨਾਲੇ-ਨਾਲ ਪੜ੍ਹਾਈ ਜਾਰੀ ਰੱਖੀ। ਮੈਨੂੰ ਵੀ ਸਾਹਿਤਕ ਮੀਟਿੰਗਾਂ ਵਿਚ ਛੱਡਣ-ਲੈਣ ਲੱਗਾ।

8 ਮਾਰਚ 1987 ਨੂੰ ਟੈਗੋਰ ਥਿਏਟਰ ਵਿਚ ਹੋ ਰਹੇ ਇਸਤਰੀ ਕਵੀ ਦਰਬਾਰ ਵਿਚ ਸ਼ਾਮਲ ਹੋਣ ਲਈ ਰਮਾ ਰਤਨ ਨੇ ਮੇਰਾ ਨਾਂ ਵੀ ਦੇ ਦਿੱਤਾ। ਮਨਜੀਤ ਟਿਵਾਣਾ, ਮਨਜੀਤ ਇੰਦਰਾ ਤੇ ਹੋਰ ਕਵਿੱਤਰੀਆਂ ਨਾਲ ਸਟੇਜ ਉਤੇ ਹੀ ਮੇਰਾ ਮੇਲ ਹੋਇਆ। 'ਵਿਗਿਆਪਨ' ਕਵਿਤਾ ਪੜ੍ਹ ਕੇ ਸਮਾਗਮ ਮਗਰੋਂ ਸਟੇਜੋਂ ਉਤਰ ਕੇ ਚੱਪਲ ਪਾ ਹੀ ਰਹੀ ਸਾਂ ਕਿ ਇਕ ਭਦਰ ਪੁਰਸ਼ ਨੇ ਅੱਗੇ ਵਧ ਕੇ 'ਸਤਿ ਸ੍ਰੀ ਅਕਾਲ' ਬੁਲਾਉਂਦਿਆਂ ਆਖਿਆ, "ਬੀਬਾ ਜੀ, ਅਸੀਂ ਤੁਹਾਡੀ ਕਵਿਤਾ ਦੀ ਕਿਤਾਬ ਛਾਪਣੀ ਚਾਹਵਾਂਗੇ। ਇਹ ਲਵੋ ਸਾਡਾ ਪਤਾ। ਛੇਤੀ ਮਿਲੋ।"

ਵਿਜ਼ਟਿੰਗ ਕਾਰਡ ਫੜਾਉਣ ਵਾਲੇ ਸਨ 'ਰਘਬੀਰ ਰਚਨਾ ਪ੍ਰਕਾਸ਼ਨ' ਦੇ ਮਾਲਕ ਰਘਬੀਰ ਸਿੰਘ। ਪਹਿਲੀ ਪੇਸ਼ਕਾਰੀ 'ਤੇ ਹੀ ਪ੍ਰਕਾਸ਼ਕ ਦੇ ਪ੍ਰਸਤਾਵ ਨੇ ਮੈਨੂੰ ਹੈਰਾਨ ਕਰ ਦਿੱਤਾ। ਮੈਂ ਕਾਵਿ-ਸੰਗ੍ਰਿਹ ਦੀ ਤਿਆਰੀ ਬਾਰੇ ਸੋਚਣ ਲੱਗੀ।

---

ਮਈ-ਜੂਨ, 1987 ਦੀ ਇਕ ਦੁਪਹਿਰ।

ਇਕ ਪਾਸੇ ਹੈਲਥ ਕਲੱਬ ਦੀਆਂ ਮਸ਼ੀਨਾਂ ਉਤੇ ਇਸਤਰੀਆਂ ਵਰਜਿਸ਼ ਕਰ ਰਹੀਆਂ ਸਨ, ਤੇ ਦੂਜੇ ਪਾਸੇ ਡਾਇਨਿੰਗ ਟੇਬਲ ਉਤੇ ਫਾਈਲਾਂ ਵਿਛਾ ਕੇ ਮੈਂ ਨਜ਼ਮਾਂ ਵੇਖਣ, ਪਰਖਣ, ਛਾਂਟਣ ਵਿਚ ਮਸ਼ਗੂਲ। ਫਾਸਟ ਮਿਊਜ਼ਿਕ ਦੀ ਉਚੀ-ਉਚੀ ਚਲ ਰਹੀ ਕੈਸੇਟ ਦੇ ਨਾਲ ਵਾਇਬਰੇਟਰੀ ਬੈਲਟ ਤੇ ਜੋਗਰ ਉਤੇ ਖੜੋਤੀਆਂ ਤੀਵੀਆਂ ਇਕ-ਦੂਜੀ ਨੂੰ ਪਛਾੜ ਦੇਣ ਦੀ ਧੁਨ ਵਿਚ ਸਨ ਜਦੋਂ ਨਾਟਕਕਾਰ ਆਤਮਜੀਤ ਨੇ ਆਪਣੇ ਸਹਾਇਕ ਬੀ.ਪੀ. ਸਿੰਘ ਦੇ ਨਾਲ ਪ੍ਰਵੇਸ਼ ਕੀਤਾ। 'ਉਠੀਂ ਵੇ ਮਿਰਜ਼ਿਆ ਸੁੱਤਿਆ' ਦੀ ਪੇਸ਼ਕਾਰੀ ਮਗਰੋਂ ਆਤਮਜੀਤ ਸਰਸਰੀ ਤੌਰ 'ਤੇ ਮੈਨੂੰ ਮਿਲ ਚੁੱਕੇ ਸਨ, ਤੇ ਉਸ ਤੋਂ ਬਾਅਦ ਛੇਤੀ ਹੀ ਉਨ੍ਹਾਂ ਵੱਲੋਂ ਖੇਡਿਆ ਨਾਟਕ 'ਰਿਸ਼ਤਿਆਂ ਦਾ ਕੀ ਰੱਖੀਏ ਨਾਂ' ਵੀ ਮੈਂ ਟੈਗੋਰ ਥਿਏਟਰ ਵਿਚ ਵੇਖ ਚੁੱਕੀ ਸਾਂ।

ਆਤਮਜੀਤ ਦਾ ਮੇਰੇ ਘਰ ਵਿਚ ਇਸ ਤਰ੍ਹਾਂ ਚਾਣਚੱਕ ਆਉਣਾ ਮੇਰੇ ਲਈ ਬੜੇ ਮਾਣ ਵਾਲੀ ਗੱਲ ਸੀ, ਧੰਨ ਭਾਗ ਵਰਗੀ।

ਮੈਂ ਰਸੋਈ ਵਿਚ ਚਾਹ ਬਣਾਉਣ ਗਈ ਤੇ ਉਹ ਮੇਜ਼ ਉਤੇ ਵਿਛੀਆਂ ਮੇਰੀਆਂ ਫਾਈਲਾਂ ਦੀਆਂ ਨਜ਼ਮਾਂ ਵੇਖਣ ਲੱਗੇ। ਚਾਹ ਦੀ ਟਰੇਅ ਲੈ ਕੇ ਜਦੋਂ ਮੈਂ ਕਮਰੇ ਵਿਚ ਦਾਖ਼ਲ ਹੋਈ ਤਾਂ ਆਤਮਜੀਤ ਦੇ ਪ੍ਰਤੀਕਰਮ ਨੇ ਜਿਵੇਂ ਮੈਨੂੰ ਚੁੰਧਿਆ ਦਿੱਤਾ। ਮੇਰੇ ਸਾਦ-ਮੁਰਾਦੇ ਗੀਤ ਤੇ ਨਜ਼ਮਾਂ ਨੂੰ ਉਚੀ-ਉਚੀ ਪੜ੍ਹਦਿਆਂ ਉਹ ਵਾਹ-ਵਾਹ ਕਰ ਰਹੇ ਸਨ, ਤੇ ਮੈਂ ਪਾਣੀਓਂ-ਪਾਣੀ, ਸ਼ਰਮਿੰਦੀ।

"ਕਾਨਾ ਜੀ, ਇਕ ਸੁਆਲ ਪਾਉਣ ਆਏ ਹਾਂ, ਤੇ ਨਾਂਹ ਨਹੀਂ ਸੁਣਨੀ।"

"ਦੱਸੋ ਡਾਕਟਰ ਸਾਹਿਬ, ਪਰ ਸੁਆਲ ਮੇਰੇ ਵਿੱਤ ਮੁਤਾਬਕ ਹੋਵੇ ਸਹੀ।"

"ਹੈ, ਬਿਲਕੁਲ ਹੈ।" ਤੇ ਆਤਮਜੀਤ ਨੇ ਆਪਣੇ ਤਿਆਰ ਹੋ ਰਹੇ ਬਾਲ ਨਾਟਕ 'ਗੁਬਾਰੇ' ਵਿਚ ਮੈਨੂੰ ਦਾਦੀ ਦਾ ਰੋਲ ਕਰਨ ਲਈ ਸੁਆਲ ਪਾਇਆ।

"ਡਾਕਟਰ ਸਾਹਿਬ ਮੇਰਾ ਬਿਜ਼ਨਸ... ਕੰਮ...ਰਿਹਰਸਲਾਂ ਕਿਵੇਂ ਕਿਵੇਂ...।" ਮੈਂ ਥਥਲਾਣ ਲੱਗੀ।

"ਆਹ ਹੈ ਤੁਹਾਡਾ ਪਾਰਟ।" ਉਨ੍ਹਾਂ ਕੈਸੇਟ ਮੇਰੇ ਟੇਪ ਰਿਕਾਰਡਰ ਵਿਚ ਪਾ ਕੇ ਚਲਾ ਦਿੱਤੀ। ਕੈਸੇਟ ਦਾ ਸੰਗੀਤ ਧਾਂਸੂ ਸੀ।

"ਬਸ ਸੁਣਦੇ ਰਹੋ ਤੇ ਆਪਣਾ ਕੰਮ ਵੀ ਕਰਦੇ ਰਹੋ। ਸ਼ਾਮੀਂ ਰਿਹਰਸਲਾਂ 'ਤੇ ਲਿਆਉਣਾ ਅਤੇ ਲਿਜਾਣਾ ਰਿਹਾ ਸਾਡਾ ਜ਼ੁੰਮਾ।" ਹੱਕੀ-ਬੱਕੀ ਰਹਿ ਗਈ ਮੈਂ।

ਨਾਟਕ ਖੇਡਿਆ ਗਿਆ 'ਗੁਬਾਰੇ' ਟੈਗੋਰ ਥਿਏਟਰ ਵਿਚ। ਦਕੀਆਨੂਸ ਬਜ਼ੁਰਗ ਦਾਦੀ ਨਾਲ ਵੀਹ ਬਾਲਕਾਂ ਦੀਆਂ ਝੜਪਾਂ ਕਾਵਿ-ਨਾਟ ਦੀ ਖੇਡ-ਖੇਡ ਵਿਚ। ਬਾਲ ਨਾਟਕ ਇਸ ਤੋਂ ਪਹਿਲਾਂ ਤੇ ਮਗਰੋਂ ਵੀ ਕਈ ਦੇਖੇ, ਪਰ 'ਗੁਬਾਰੇ' ਦੀ ਛਾਪ ਅਮਿਟ ਹੈ, ਤੇ ਇਸ ਦਾ ਸੰਗੀਤ ਹੁਣ ਵੀ ਉਂਜ ਦਾ ਉਂਜ ਹੀ ਕੰਨਾਂ ਵਿਚ ਗੂੰਜ ਰਿਹਾ ਹੈ।


ਟੈਗੋਰ ਥਿਏਟਰ ਤੋਂ ਬਾਅਦ ਲੁਧਿਆਣੇ, ਬਠਿੰਡੇ, ਬਰਨਾਲੇ ਤੇ ਫਿਰ ਬਟਾਲੇ ਅਤੇ ਦਿੱਲੀ ਖੇਡਣ ਜਾਣਾ ਸੀ। ਆਤਮਜੀਤ ਨੇ ਮੈਨੂੰ ਸਫ਼ਰ ਦੌਰਾਨ ਆਪਣੀਆਂ ਕਵਿਤਾਵਾਂ ਦੀ ਫਾਈਲ ਨਾਲ ਲਿਜਾਣ ਦੀ ਤਾਕੀਦ ਕੀਤੀ। ਬੱਸ ਵਿਚ ਨਾਟਕ ਦੀ ਟੀਮ ਅਤੇ ਬਾਲ ਨਾਟਕਕਾਰਾਂ ਨੂੰ ਉਹ ਮੇਰੀਆਂ ਨਜ਼ਮਾਂ ਸੁਣਾਉਂਦੇ ਜਾਣ। ਉਨ੍ਹਾਂ ਦੀ ਪੇਸ਼ਕਾਰੀ ਤੇ ਬਾਲਕਾਂ ਦੀ ਵਾਹ-ਵਾਹ ਸਭ ਕੁਝ ਇਨਾ ਆਪ-ਮੁਹਾਰਾ ਤੇ ਸਹਿਜ ਸੁਭਾਅ ਸੀ ਕਿ ਮੈਂ ਉਦੋਂ ਹੀ ਦੋ-ਟੁੱਕ ਫੈਸਲਾ ਕਰ ਲਿਆ ਕਿ ਮੇਰੇ ਕਾਵਿ-ਸੰਗ੍ਰਿਹ 'ਲੋਹਿਓਂ ਪਾਰਸ' ਦਾ ਮੁਖ ਬੰਦ ਆਤਮਜੀਤ ਲਿਖੇਗਾ।

ਆਤਮਜੀਤ ਨੇ ਬਹੁਤ ਨਾਂਹ-ਨੁੱਕਰ ਕੀਤੀ ਤੇ ਮੁੱਖ ਬੰਦ ਡਾ. ਹਰਿਭਜਨ ਸਿੰਘ ਤੋਂ ਲਿਖਵਾਉਣ ਲਈ ਆਪਣੀ ਜ਼ਿੰਮੇਵਾਰੀ ਦੀ ਪੇਸ਼ਕਸ਼ ਵੀ, ਪਰ ਮੈਂ ਟੱਸ ਤੋਂ ਮੱਸ ਨਾ ਹੋਈ। ਉਸ ਦਾ ਹੁੰਗਾਰਾ ਇੰਨਾ ਨਿਰਉਚੇਚ ਸੀ ਕਿ ਮੈਨੂੰ ਆਪਣੀ ਕਵਿਤਾ ਦੀ ਸਾਦਗੀ ਦੇ ਮੇਚ ਦਾ ਆਤਮਜੀਤ ਹੀ ਲੱਗਿਆ।

ਆਉਂਦੇ ਤਿੰਨ-ਚਾਰ ਮਹੀਨਿਆਂ ਵਿਚ ਇਕ ਪਾਸੇ ਸਾਹਿਤ ਸਭਾਵਾਂ ਵਿਚ ਕਵਿਤਾਵਾਂ ਵੀ ਸੁਣਾਈਆਂ ਗਈਆਂ, ਤੇ ਦੂਜੇ ਪਾਸੇ 'ਗੁਬਾਰੇ' ਦੀਆਂ ਥਾਂ-ਥਾਂ ਪੇਸ਼ਕਾਰੀਆਂ ਨਾਲ ਸਰੋਤੇ ਤੇ ਦਰਸ਼ਕ ਵੀ ਮਿਲਦੇ-ਜੁੜਦੇ ਗਏ।

ਸੰਨ 87 ਦੇ ਅੰਤ ਵਿਚ ਮੈਂ ਕਾਵਿ-ਸੰਗ੍ਰਿਹ ਦਾ ਖਰੜਾ ਰਘਬੀਰ ਰਚਨਾ ਪ੍ਰਕਾਸ਼ਨ ਦੇ ਹਵਾਲੇ ਕਰ ਦਿੱਤਾ। ਅੱਠ ਮਾਰਚ (1987) ਨੂੰ ਰਘਬੀਰ ਸਿੰਘ ਨੇ ਖਰੜਾ ਮੰਗਿਆ ਸੀ ਅਤੇ ਅੱਠ ਮਾਰਚ (1988) ਨੂੰ ਮੇਰਾ ਕਾਵਿ-ਸੰਗ੍ਰਿਹ 'ਲੋਹਿਓਂ ਪਾਰਸ' ਮੇਰੇ ਹੱਥ ਵਿਚ ਸੀ।

ਇਹ ਸੀ ਮੇਰਾ ਸਾਹਿਤਕ ਪ੍ਰਵੇਸ਼।



*ਨਾਟਕ ਖੇਡਿਆ ਗਿਆ 'ਗੁਬਾਰੇ' ਟੈਗੋਰ ਥਿਏਟਰ (ਚੰਡੀਗੜ੍ਹ) ਵਿਚ। ਦਕਿਆਨੂਸੀ ਦਾਦੀ (ਇਹ ਕਿਰਦਾਰ ਕਾਨਾ ਸਿੰਘ ਨੇ ਨਿਭਾਇਆ ਸੀ) ਨਾਲ ਵੀਹ ਬਾਲਕਾਂ ਦੀਆਂ ਝੜਪਾਂ ਕਾਵਿ-ਨਾਟ ਦੀ ਖੇਡ-ਖੇਡ ਵਿਚ। ਬਾਲ ਨਾਟਕ ਇਸ ਤੋਂ ਪਹਿਲਾਂ ਤੇ ਮਗਰੋਂ ਵੀ ਕਈ ਦੇਖੇ, ਪਰ 'ਗੁਬਾਰੇ' ਦੀ ਛਾਪ ਅਮਿਟ ਹੈ, ਤੇ ਇਸ ਦਾ ਸੰਗੀਤ ਹੁਣ ਵੀ ਉਂਜ ਦਾ ਉਂਜ ਹੀ ਕੰਨਾਂ ਵਿਚ ਗੂੰਜ ਰਿਹਾ ਹੈ।*

# ਸਚੁ ਤਰਾਜੀ ਤੋਲੁ

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਕਾਰੋਬਾਰੀ ਦੁਨੀਆਂ ਤੋਲਣ ਤੋਂ ਬਿਨਾਂ ਚੱਲ ਨਹੀਂ ਸਕਦੀ। ਸੌਦਾ ਤੋਲ ਕੇ ਹੀ ਵੇਚਿਆ-ਖਰੀਦਿਆ ਜਾਂਦਾ ਹੈ। ਜਦ ਦੁਕਾਨਦਾਰ ਸੌਦਾ ਤੋਲ ਰਿਹਾ ਹੁੰਦਾ ਹੈ ਤਾਂ ਗਾਹਕ ਦੀ ਨਿਗਾਹ ਤਕੜੀ ਦੀ ਡੰਡੀ 'ਤੇ ਟਿਕੀ ਹੁੰਦੀ ਹੈ, ਇਹ ਤਾੜਨ ਲਈ ਕਿ ਇਹ ਸਿੱਧੀ ਵੀ ਹੈ ਕਿ ਨਹੀਂ। ਦੁਕਾਨਦਾਰ ਦੀ ਚੋਰ ਅੱਖ ਗਾਹਕ ਦੀ ਅੱਖ 'ਤੇ ਹੁੰਦੀ ਹੈ, ਨਜ਼ਰ ਏਧਰ-ਉਧਰ ਫੇਰੇ ਕਿ ਉਹ ਹੁੰਗਾ ਮਾਰ ਲਵੇ, ਪਰ ਦੁਕਾਨਦਾਰ ਕੋਲ ਹੇਰ-ਫੇਰ ਕਰਨ ਦੇ ਹੋਰ ਬਹੁਤ ਢੰਗ ਹਨ ਜਿਵੇਂ ਡੰਡੀ ਨੂੰ ਹੀ ਇਕ ਪਾਸਿਓਂ ਵੱਡੀ-ਛੋਟੀ ਰੱਖਣਾ ਜਾਂ ਵੱਟੇ ਹਲਕੇ ਬਣਾ ਲੈਣੇ। ਉਂਜ ਕਾਰੋਬਾਰੀ ਸਦਾਚਾਰ ਅਜਿਹੇ ਵਿਹਾਰ ਦੀ ਨਿਖੇਧੀ ਕਰਦਾ ਹੈ। ਗੁਰੂ ਨਾਨਕ ਦੇਵ ਫਰਮਾਉਂਦੇ ਹਨ, "ਮਨੁ ਸਚ ਕਸਵਟੀ ਲਾਈਐ ਤੁਲੀਐ ਪੂਰੈ ਤੋਲਿ॥" ਇਸ ਪ੍ਰਸੰਗ ਵਿਚ ਵਾਰਿਸ ਸ਼ਾਹ ਵਲੋਂ ਰਾਂਝੇ ਦੇ ਮੂੰਹੋਂ ਸਹਿਤੀ ਨੂੰ ਕਹਾਏ ਬੋਲ ਸੁਣੋ,

ਸਰੋਂ ਖੈਰ ਸੋ ਹੱਸ ਕੇ ਆਣ ਦੀਚੇ,
ਲਏ ਦੁਆ ਤੇ ਮਿੱਠੜਾ ਬੋਲੀਏ ਨੀ।
ਲਏ ਅੱਖ ਚੜ੍ਹਾਇਕੇ ਦੁਧ ਪੈਸਾ,
ਪਰ ਤੋਲ ਥੀਂ ਘਟ ਨਾ ਤੋਲੀਏ ਨੀ।
ਬੁਰਾ ਬੋਲ ਨਾ ਰੱਬ ਦੇ ਪੂਰਿਆਂ ਨੂੰ,
ਨੀ ਬੇਸ਼ਰਮ ਕੁਪੱਤੀਏ ਲੂਲੀਏ ਨੀ।
ਮਸਤੀ ਨਾਲ ਫਕੀਰਾਂ ਨੂੰ ਦੇਂ ਗਾਲੀਂ,
ਵਾਰਸ ਸ਼ਾਹ ਦੋ ਠੋਕ ਮਨੋਲੀਏ ਨੀ।

ਜ਼ਿੰਦਗੀ ਦੇ ਵਰਤੋਂ ਵਿਹਾਰ ਵੀ ਇਕ ਤਰ੍ਹਾਂ ਕਾਰੋਬਾਰ ਦੇ ਨਿਆਈਂ ਹੀ ਹਨ ਜਿਥੇ ਫੈਸਲਿਆਂ ਦਾ ਤਰਕ ਤੇ ਵਿਵੇਕ ਦੀ ਤੱਕੜੀ ਵਿਚ ਤੋਲਣਾ ਬੜਾ ਜ਼ਰੂਰੀ ਹੁੰਦਾ ਹੈ। ਐਵੇਂ ਨਹੀਂ ਕਿਹਾ ਜਾਂਦਾ, "ਪਹਿਲੋਂ ਤੋਲੋ, ਫਿਰ ਬੋਲੋ।" ਤੋਲਣਾ ਦਾ ਆਮ ਅਰਥ ਭਾਰ ਜੋਖਣਾ ਹੈ ਤੇ ਲਾਖਣਿਕ ਜੋਹਣ ਜਾਚਣ ਕਰਨਾ।

ਤੋਲ ਦਾ ਧਾਤੂ ਹੈ 'ਤੁਲ' ਜਿਸ ਵਿਚ ਉਠਾਉਣ, ਚੁੱਕਣ, ਭਾਰ ਜੋਖਣ ਦੇ ਭਾਵ ਹਨ। ਧਿਆਨ ਦਿਓ ਕਿ ਅਸਲ ਵਿਚ ਭਾਰ ਵੀ ਕਿਸੇ ਚੀਜ਼ ਨੂੰ ਉਪਰ ਚੁੱਕਣ ਨਾਲ ਹੀ ਜੋਖਿਆ ਜਾਂਦਾ ਹੈ। ਵਿਆਹ ਸਮੇਂ ਜਦ ਮਿਲਣੀ ਹੁੰਦੀ ਹੈ ਤਾਂ ਤਕੜਾ ਮਾਮਾ ਮਾੜੇ ਮਾਮੇ ਨੂੰ ਤੋਲ ਹੀ ਦਿੰਦਾ ਹੈ। ਕਿਸੇ ਚੀਜ਼ ਨੂੰ ਉਪਰ ਚੁੱਕਣ ਨਾਲ ਅਸੀਂ ਉਸ ਦੇ ਭਾਰ ਦਾ ਮਾਨਸਿਕ ਤੌਰ 'ਤੇ ਅੰਦਾਜ਼ਾ ਲਾ ਸਕਦੇ ਹਾਂ। "ਪਰ ਤੋਲਣੇ" ਮੁਹਾਵਰੇ ਵਿਚ ਵੀ ਆਪਣੀ ਸ਼ਕਤੀ ਦਾ ਅਨੁਮਾਨ ਲਾਉਣ ਦਾ ਭਾਵ ਹੈ ਜਿਵੇਂ ਪੰਛੀ ਉਡਣ ਤੋਂ ਪਹਿਲਾਂ ਆਪਣੇ ਪਰਾਂ ਨੂੰ ਫੜਫੜਾ ਕੇ ਦੇਖਦਾ ਹੈ। ਤੋਲਣ ਦੇ ਚੁੱਕਣ ਵਾਲੇ ਅਰਥਾਂ ਤੋਂ ਹੀ ਤੁਲ ਸ਼ਬਦ ਦਾ ਇਕ ਅਰਥ ਲੀਵਰ ਜਿਹਾ ਹੈ ਅਰਥਾਤ ਕਿਸੇ ਡੰਡੇ ਆਦਿ ਨੂੰ ਇਕ ਬਿੰਦੂ 'ਤੇ ਟਿਕਾ ਕੇ ਤੇ ਇਕ ਪਾਸੇ ਜ਼ੋਰ ਲਾ ਕੇ ਕਿਸੇ ਬਹੁਤ ਭਾਰੀ ਚੀਜ਼ ਨੂੰ ਸੌਖਿਆਂ ਹੀ ਉਪਰ ਚੁੱਕਣਾ। ਆਰਕੀਮਿਦਸ ਨੇ ਕਿਹਾ ਸੀ ਕਿ ਮੈਨੂੰ ਖੜੇ ਹੋਣ ਨੂੰ ਥਾਂ ਦਿਓ ਤਾਂ ਮੈਂ ਤੁਲ ਨਾਲ ਧਰਤੀ ਚੁੱਕ ਸਕਦਾ ਹਾਂ।

ਗੁਰੂ ਨਾਨਕ ਸਾਹਿਬ ਦਾ ਕਥਨ ਹੈ, "ਧਰਿ ਤਾਰਾਜੀ ਅੰਬਰ ਤੋਲੀ ਪਿਛੈ ਟੰਕੁ ਚੜਾਈ॥" ਗੁਰੂ ਅਮਰ ਦਾਸ ਫਰਮਾਉਂਦੇ ਹਨ, "ਬਿਨੁ ਤਕੜੀ ਤੋਲੈ ਸੰਸਾਰਾ॥" 'ਤੁਲ ਦੇਣਾ' ਦਾ ਅਰਥ ਕਿਸੇ ਨੂੰ ਚੁਕਣਾ, ਭੜਕਾਉਣਾ ਹੁੰਦਾ ਹੈ। ਲੱਕੜਾਂ ਤੇ ਕਾਹੀ ਆਦਿਕ ਬੰਨ੍ਹ ਕੇ ਬਣਾਈ ਅਣਘੜਤ ਜਿਹੀ ਕਿਸ਼ਤੀ ਨੂੰ ਤੁਲ੍ਹਾ ਕਿਹਾ ਜਾਂਦਾ ਹੈ। ਇਹ ਸ਼ਬਦ ਵੀ ਭਾਰ ਉਠਾਉਣ ਦੇ ਭਾਵ ਤੋਂ ਹੀ ਵਿਕਸਿਤ ਹੋਇਆ ਹੈ। ਤੁਲ੍ਹਾ ਸਾਨੂੰ ਪਾਣੀ ਵਿਚ ਚੁੱਕੀ ਰੱਖਦਾ ਹੈ, "ਨਾ ਤਰ ਨਾ ਤੁਲਹਾ ਹਮ ਬੂਡਸਿ ਤਾਰਿ ਲੇਹਿ ਤਾਰਿ ਲੇਹਿ ਤਾਰਣ ਰਾਇਆ॥" (ਗੁਰੂ ਨਾਨਕ ਦੇਵ)। ਸ਼ਾਹ ਹੁਸੈਨ ਨੇ ਇਸ ਸ਼ਬਦ ਦੀ ਵਰਤੋਂ ਕੀਤੀ ਹੈ,



ਨੈਂ ਭੀ ਡੂੰਘੀ ਤੁਲ੍ਹਾ ਪੁਰਾਣਾ,
ਸ਼ੀਹਾਂ ਤਾਂ ਪੱਤਣ ਮੱਲੇ।
ਜੇ ਕੋਈ ਖ਼ਬਰ ਮਿੱਤਰਾਂ ਦੀ ਲਿਆਵੇ,
ਮੈਂ ਹੱਥ ਦੇ ਦੇਨੀ ਆਂ ਛੱਲੇ।

ਕਿਸੇ ਵਸਤੂ ਦੇ ਭਾਰ ਬਾਰੇ ਸੁਨਿਸਚਤ ਹੋਣ ਲਈ ਅਸੀਂ ਇਸ ਨੂੰ ਤੱਕੜੀ ਆਦਿ ਵਿਚ ਤੋਲਦੇ ਹਾਂ, "ਧਰ ਤਰਾਜੂ ਤੋਲੀਐ ਨਿਵੈ ਸੋ ਗਉਰਾ ਹੋਇ॥" (ਗੁਰੂ ਨਾਨਕ ਸਾਹਿਬ)। ਭਾਰ ਦੇ ਅਰਥਾਂ ਵਿਚ ਵੀ ਤੋਲ ਸ਼ਬਦ ਵਰਤਿਆ ਜਾਂਦਾ ਹੈ, "ਭਉ ਮੁਚੁ ਭਾਰਾ ਵਡਾ ਤੋਲੁ" (ਗੁਰੂ ਨਾਨਕ ਦੇਵ) ਅਰਥਾਤ ਪਰਮਾਤਮਾ ਦਾ ਭੈਅ ਭਾਰ ਵਿਚ ਬਹੁਤ ਜ਼ਿਆਦਾ ਹੁੰਦਾ ਹੈ। ਕਵਿਤਾ ਛੰਦ-ਬਧ ਵਿਧਾ ਹੈ ਜਿਸ ਦੀਆਂ ਤੁਕਾਂ ਦਾ ਤਵਾਜ਼ਨ ਦੇਖਣਾ ਪੈਂਦਾ ਹੈ। ਹਰ ਛੰਦ ਦੀ ਕਵਿਤਾ ਦੀਆਂ ਤੁਕਾਂ ਦਾ ਆਪਣਾ ਤੋਲ ਹੁੰਦਾ ਹੈ ਜੋ ਮਾਤਰਾਵਾਂ ਦੀ ਗਿਣਤੀ ਨਾਲ ਕੀਤਾ ਜਾਂਦਾ ਹੈ। ਤੋਲ-ਤੁਕਾਂਤ ਉਕਤੀ ਆਮ ਹੀ ਚਲਦੀ ਹੈ। ਕਈ ਲੋਕ ਗੱਲ ਵੀ ਨਾਪ ਤੋਲ ਕੇ ਹੀ ਕਰਦੇ ਹਨ। ਪੰਜਾਬੀ ਤਾਂ ਗਾਲਾਂ ਵੀ ਤੋਲ ਕੇ ਕੱਢਦੇ ਹਨ, ਮਣ ਮਣ ਪੱਕੇ ਦੀਆਂ। ਤੋਲਣ ਵਿਚ ਬਹੁਤ ਭਾਰੀ ਚੀਜ਼ ਚੁੱਕਣ ਦਾ ਭਾਵ ਵੀ ਹੈ ਇਸ ਲਈ ਕੁਫਰ ਤੋਲਿਆ ਜਾਂਦਾ ਹੈ, ਮਤਲਬ ਬਹੁਤ ਭਾਰੀ ਝੂਠ ਬੋਲਿਆ ਜਾਂਦਾ ਹੈ। ਤੁਲ ਤੋਂ ਬਣੇ ਤੁਲਨਾ ਦਾ ਭਾਵ ਹੈ- ਦੋ ਚੀਜ਼ਾਂ ਆਦਿ ਦੇ ਗੁਣਾਂ ਦਾ ਟਾਕਰਾ ਜਾਂ ਮੁਕਾਬਲਾ ਕਰਨਾ। ਤੱਕੜੀ 'ਤੇ ਤੋਲਦੇ ਸਮੇਂ ਵੱਟੇ ਅਤੇ ਚੀਜ਼-ਵਸਤ ਦੇ ਭਾਰ ਦੀ ਤੁਲਨਾ ਹੀ ਹੁੰਦੀ ਹੈ। ਅਸੀਂ ਓਨਾ ਚਿਰ ਤੁਲਣ ਵਾਲੀ ਵਸਤ ਦੀ ਹੋਰ ਮਾਤਰਾ ਪਾਉਂਦੇ ਜਾਂਦੇ ਹਾਂ ਜਿੰਨਾ ਚਿਰ ਤੱਕੜੀ ਦੀ ਡੰਡੀ ਸਿੱਧੀ ਨਾ ਹੋ ਜਾਵੇ। ਇਸ ਤਰ੍ਹਾਂ ਇਸ ਕਿਰਿਆ ਵਿਚ ਬਰਾਬਰੀ ਦੇ ਭਾਵ ਵੀ ਆ ਗਏ। ਜਿਵੇਂ 'ਦੁੱਧ ਵੇਚਣ ਨੂੰ ਪੁੱਤ ਵੇਚਣ ਦੇ ਤੁਲ ਮੰਨਿਆ ਜਾਂਦਾ ਸੀ', "ਕੀਤੀ ਤੁਲਿ ਨਾ ਹੋਵਨੀ" (ਜਪੁ ਜੀ ਸਾਹਿਬ)। ਤੁਲ ਦਾ ਇਕ ਅਰਥ ਤੱਕੜੀ ਵੀ ਹੈ, "ਆਪੇ ਤੁਲੁ ਪਰਵਾਣੁ" (ਗੁਰੂ ਰਾਮ ਦਾਸ)।

ਤੋਲਕ ਜਾਂ ਭਾਰ-ਤੋਲਕ ਨੂੰ ਅੱਜ ਕਲ੍ਹ ਵੇਟ ਲਿਫਟਰ ਦੇ ਅਰਥਾਂ ਵਿਚ ਵਰਤਿਆ ਜਾ ਰਿਹਾ ਹੈ। ਤੋਲਾ ਜਾਂ ਤੁਲਾਵਾ ਦਾ ਅਰਥ ਤੋਲਣ ਵਾਲਾ ਹੈ, ਖਾਸ ਤੌਰ 'ਤੇ ਬੋਹਲ। ਨਾਪ-ਤੋਲ ਦੀ ਇਕ ਛੋਟੀ ਇਕਾਈ ਤੋਲਾ ਜਾਂ ਇਸ ਦਾ ਰੂਪਾਂਤਰ ਤੋਲ੍ਹਾ ਹੈ। ਤੋਲ੍ਹਾ ਬਾਰਾਂ ਮਾਸੇ ਦਾ ਹੁੰਦਾ ਹੈ ਤੇ ਆਮ ਤੌਰ 'ਤੇ ਸੋਨਾ-ਚਾਂਦੀ ਜਿਹੀਆਂ ਕੀਮਤੀ ਧਾਤਾਂ ਤੋਲਣ ਲਈ ਵਰਤਿਆ ਜਾਂਦਾ ਹੈ, "ਪ੍ਰਣਵਤਿ ਨਾਨਕੁ ਦਾਸਨਿ ਦਾਸਾ ਖਿਨੁ ਤੋਲਾ ਖਿਨੁ ਮਾਸਾ॥" (ਗੁਰੂ ਨਾਨਕ ਦੇਵ)। ਚੰਚਲ ਸੁਭਾਅ ਵਾਲੇ ਬੰਦੇ ਨੂੰ "ਪਲ 'ਚ ਤੋਲਾ, ਪਲ 'ਚ ਮਾਸਾ" ਬਿਆਨਿਆ ਜਾਂਦਾ ਹੈ। ਤੁਲ ਸ਼ਬਦ ਦੇ ਵਿਪਰੀਤ ਅਤੁਲ ਦਾ ਅਰਥ ਜੋ ਤੋਲਿਆ ਨਾ ਜਾ ਸਕੇ ਅਰਥਾਤ ਬੇਸ਼ੁਮਾਰ, ਬਹੁਤ ਅਧਿਕ। "ਸਾਹਿਬ ਅਤੁਲੁ ਨ ਤੋਲੀਐ ਕਥਨਿ ਨ ਪਾਇਆ ਜਾਇ" ਜਦਕਿ ਅਤੋਲਾ ਦਾ ਅਰਥ ਜਿਸ ਦੇ ਤੁਲ ਜਾਂ ਬਰਾਬਰ ਕੋਈ ਨਹੀਂ, "ਸੰਗਿ ਸਹਾਈ ਛੋਡਿ ਨ ਓਹੁ ਅਗਹ ਅਤੋਲਾ॥" ਤੁਲ ਤੋਂ ਹੀ ਸੰਤੁਲਨ ਜਾਂ ਸਮਤੋਲ ਸ਼ਬਦ ਬਣੇ ਜਿਨ੍ਹਾਂ ਦਾ ਅਰਥ ਹੁੰਦਾ ਹੈ ਵਿਭਿੰਨ ਟਕਰਾਉਂਦੀਆਂ ਸ਼ਕਤੀਆਂ ਦੇ ਅਧੀਨ ਵਿਚਰਦਿਆਂ ਵੀ ਟਿਕਾਅ ਵਿਚ ਰਹਿਣਾ, ਤਵਾਜ਼ਨ।

ਇਨ੍ਹਾਂ ਸ਼ਬਦਾਂ ਦੇ ਹੋਰ ਹਿੰਦ-ਯੂਰਪੀ ਭਾਸ਼ਾਵਾਂ ਵਿਚ ਵੀ ਸੁਜਾਤੀ ਸ਼ਬਦ ਮਿਲ ਜਾਂਦੇ ਹਨ। ਇਨ੍ਹਾਂ ਦਾ ਭਾਰੋਪੀ ਮੂਲ ਹੈ Tele ਤੇ ਅਰਥ ਹੈ ਭਾਰ ਉਠਾਉਣਾ, ਚੁੱਕਣਾ। ਇਸ ਤੋਂ ਲਾਤੀਨੀ ਸ਼ਬਦ ਬਣਿਆ Tolerare ਜਿਸ ਦਾ ਸ਼ਾਬਦਿਕ ਅਰਥ ਹੁੰਦਾ ਹੈ, ਭਾਰ ਚੁੱਕਣਾ, ਉਠਾਉਣਾ, ਧਾਰਨ ਕਰਨਾ ਪਰ ਵਿਕਸਿਤ ਅਰਥ ਬਣਿਆ ਬਰਦਾਸ਼ਤ ਕਰਨਾ, ਸਹਾਰਨਾ, ਝੱਲਣਾ ਆਦਿ। ਅੰਗਰੇਜ਼ੀ Tolerate, Toleration ਜਾਂ Tolerance ਇਸੇ ਤੋਂ ਬਣੇ ਹਨ। ਇਹ ਸਮਝਣ ਵਾਲੀ ਗੱਲ ਹੈ ਕਿ (ਭਾਰ) ਚੁੱਕਣਾ ਦਾ ਭਾਵ ਬਰਦਾਸ਼ਤ ਕਰਨਾ ਵਿਚ ਕਿਵੇਂ ਵਿਕਸਿਤ ਹੋਇਆ ਹੋਵੇਗਾ। ਮਾੜੀ ਜਿਹੀ ਹੀ ਘੁੰਡੀ ਹੈ। ਬਰਦਾਸ਼ਤ ਕਰਨਾ ਵੀ ਇਕ ਤਰ੍ਹਾਂ ਮਾਨਸਿਕ ਬੋਝ ਚੱਕਣ ਵਾਲੀ ਗੱਲ ਹੀ ਹੈ ਜਾਂ ਇਉਂ ਕਿਹਾ ਜਾ ਸਕਦਾ ਹੈ ਕਿ ਜਦ ਅਸੀਂ ਕਿਸੇ ਭਾਰੀ ਚੀਜ਼ ਨੂੰ ਚੁੱਕਦੇ ਹਾਂ ਤਾਂ ਸਮਝੋ ਅਸੀਂ ਇਸ ਨੂੰ ਸਹਾਰਦੇ ਹੀ ਹਾਂ। ਸਹਾਰਾ ਸ਼ਬਦ ਹੀ ਲਵੋ। ਥੰਮੀ ਜੋ ਭਾਰ ਚੁੱਕਦੀ ਹੈ ਇਕ ਤਰ੍ਹਾਂ ਸਹਾਰਾ ਹੀ ਹੈ। ਸਹਾਰੇ ਵਿਚ ਥੰਮੀ ਦੇ ਭਾਵ ਵੀ ਹਨ। ਨੁਕਤੇ ਨੂੰ ਹੋਰ ਸਪਸ਼ਟ ਕਰਨ ਲਈ ਅਸੀਂ ਅਰਬੀ ਵਲੋਂ ਆਇਆ ਇਕ ਸ਼ਬਦ ਲੈਂਦੇ ਹੈ 'ਤਹੱਮਲ' ਜਿਸ ਦਾ ਅਰਥ ਹੁੰਦਾ ਹੈ ਧੀਰਜ, ਬਰਦਾਸ਼ਤ ਕਰਨ ਦੀ ਸ਼ਕਤੀ। ਅਰਬੀ ਵਿਚ ਇਸ ਸ਼ਬਦ ਦਾ ਅਰਥ ਭਾਰ ਚੁੱਕਣਾ ਵੀ ਹੁੰਦਾ ਹੈ ਤੇ ਬਰਦਾਸ਼ਤ ਕਰਨਾ ਵੀ। ਇਸ ਦਾ ਧਾਤੂ ਹੈ 'ਹਮਲ' ਜਿਸ ਦੇ ਮਾਅਨੇ ਹਨ ਭਾਰ ਚੁੱਕਣਾ। ਪੰਜਾਬੀ ਵਿਚ ਆਮ ਤੌਰ 'ਤੇ ਇਹ ਸ਼ਬਦ "ਹਮਲ ਗਿਰਨਾ" ਉਕਤੀ ਵਿਚ ਵਰਤਿਆ ਜਾਂਦਾ ਹੈ, ਮਤਲਬ ਹੈ ਗਰਭ ਡਿਗਣਾ। ਗਰਭ ਵੀ ਭਾਰ ਹੀ ਹੁੰਦਾ ਹੈ। ਹਾਮਲਾ ਅਰਬੀ ਵਿਚ ਗਰਭਵਤੀ ਨੂੰ ਆਖਦੇ ਹਨ ਤੇ ਅਰਬੀ ਹੱਮਾਲ ਦੇ ਮਾਅਨੇ ਹਨ ਭਾਰ ਢੋਣ ਵਾਲਾ, ਪਾਂਡੀ। ਸਮਾਨਅੰਤਰ ਵਿਕਾਸ ਦੀ ਇਕ ਹੋਰ ਉਦਾਹਰਣ ਪੇਸ਼ ਹੈ। ਅੰਗਰੇਜ਼ੀ ਸ਼ਬਦ Bear ਦਾ ਅਰਥ ਭਾਰ ਚੁੱਕਣਾ ਵੀ ਹੁੰਦਾ ਹੈ ਤੇ ਬਰਦਾਸ਼ਤ ਕਰਨਾ ਵੀ।

Tele ਮੂਲ ਤੋਂ ਬਣੇ ਅੰਗਰੇਜ਼ੀ ਦੇ ਸ਼ਬਦ Extoll ਦਾ ਮੁਢਲਾ ਅਰਥ ਤਾਂ ਉਪਰ ਚੁੱਕਣਾ ਹੀ ਹੈ ਪਰ ਵਿਕਸਿਤ ਅਰਥ ਹੈ ਵਡਿਆਈ ਕਰਨਾ ਜਾਂ ਸਲਾਹੁਣਾ। ਵਡਿਆਈ ਕਰਨ ਵਿਚ ਕਿਸੇ ਨੂੰ ਉਚਾ ਚੁੱਕਣ ਦਾ ਹੀ ਆਸ਼ਾ ਹੈ। ਇਕ ਅੰਗਰੇਜ਼ੀ ਸ਼ਬਦ ਹੈ Telamon ਜੋ ਆਦਮੀ ਦੀ ਸ਼ਕਲ ਦੇ ਥੰਮ ਨੂੰ ਆਖਦੇ ਹਨ। ਇਹ ਮਿਲਦੇ-ਜੁਲਦੇ ਗਰੀਕ ਸ਼ਬਦ ਤੋਂ ਬਣਿਆ ਹੈ ਜਿਸ ਦਾ ਮੁਢਲਾ ਭਾਵ ਵੀ ਸਹਾਰਾ ਦੇਣ ਵਾਲਾ ਹੁੰਦਾ ਹੈ। ਅਸਮਾਨ ਦੇ ਥੰਮਾਂ ਨੂੰ ਚੁੱਕਣ ਵਾਲੇ ਗਰੀਕ ਦੈਂਤ (ਟਾਈਟਨ) 'ਐਟਲਸ' ਵਿਚ ਵੀ ਇਹੀ ਮੂਲ ਬੋਲਦਾ ਹੈ। ਇਸ ਦਾ ਸ਼ਾਬਦਿਕ ਅਰਥ ਹੈ- ਅਸਮਾਨ ਨੂੰ ਚੁੱਕਣ ਵਾਲਾ। ਅਸਲ ਵਿਚ ਇਹ ਸ਼ਬਦ Telamon ਦਾ ਹੀ ਵਿਕਸਿਤ ਰੂਪ ਹੈ। ਅਸੀਂ ਐਟਲਸ ਨੂੰ ਨਕਸ਼ਿਆਂ ਦੀ ਕਿਤਾਬ ਵਜੋਂ ਜਾਣਦੇ ਹਾਂ ਪਰ ਇਸ ਅਰਥ ਵਿਚ ਇਹ ਸ਼ਬਦ ਇਸ ਲਈ ਪ੍ਰਚਲਿਤ ਹੋਇਆ ਕਿਉਂਕਿ ਸੋਲਵ੍ਹੀਂ ਸਦੀ ਵਿਚ ਪਹਿਲੀ ਵਾਰ ਦੁਨੀਆਂ ਦਾ ਐਟਲਸ ਛਪਵਾਉਣ ਵਾਲੇ ਨੇ ਇਹ ਸ਼ਬਦ ਵਰਤਿਆ ਸੀ। ਉਸ ਦੇ ਐਟਲਸ ਦੇ ਸਰਵਰਕ ਵਿਚ ਇਸ ਦਾਨਵ ਦਾ ਚਿੱਤਰ ਸੀ। ਮੌਰੀਟੇਨੀਆ (ਉਤਰ ਪੱਛਮੀ ਅਫਰੀਕਾ ਦਾ ਇਕ ਦੇਸ਼ ਜੋ ਐਟਲਾਂਟਿਕ ਸਾਗਰ ਦੇ ਨਾਲ ਲਗਦਾ ਹੈ) ਵਿਚ ਇਕ ਪਰਬਤ ਦਾ ਨਾਂ ਹੈ- ਮਾਊਂਟ ਐਟਲਸ। ਇਸ ਦੇ ਪ੍ਰਸੰਗ ਵਿਚ ਐਟਲਾਂਟਿਕ ਸ਼ਬਦ ਪ੍ਰਚਲਿਤ ਹੋਇਆ ਜੋ ਬਾਅਦ ਵਿਚ ਸਮੁਚੇ ਐਟਲਾਂਟਿਕ ਸਾਗਰ ਲਈ ਵਰਤਿਆ ਜਾਣ ਲੱਗਾ। ਅੰਗਰੇਜ਼ੀ ਤੇ ਹੋਰ ਹਿੰਦ-ਆਰਿਆਈ ਭਾਸ਼ਾਵਾਂ ਦੇ ਬਹੁਤ ਸਾਰੇ ਜਾਣੇ-ਪਛਾਣੇ ਸ਼ਬਦ ਇਸ ਮੂਲ ਨਾਲ ਜਾ ਜੁੜਦੇ ਹਨ ਜਿਨ੍ਹਾਂ ਦੀ ਵਿਆਖਿਆ ਫਿਰ ਕਦੇ ਕੀਤੀ ਜਾਵੇਗੀ।

## ਕਾਵਿ-ਜਗਤ

### ਤੁਰਿਆ ਚੱਲ

ਤੁਰਿਆ ਚੱਲ ਤੁਰਿਆ ਚੱਲ,
ਤੁਰਿਆ ਚੱਲ ਤੁਰਿਆ ਚੱਲ।
ਬਿਖੜਾ ਪੰਧ ਬਹੁਤ ਹੈ ਤੇਰਾ,
ਦੂਰ ਬੜੀ ਭਾਵੇਂ ਮੰਜ਼ਲ।

ਰਸਤੇ ਵਿਚ ਅੰਗਿਆਰ ਬੜੇ ਨੇ,
ਰਸਤੇ ਵਿਚ ਮੱਕਾਰ ਬੜੇ ਨੇ।
ਤੀਰ ਅਤੇ ਤਲਵਾਰ ਬੜੇ ਨੇ,
ਫੜਕੇ ਖੜ੍ਹੇ ਗੱਦਾਰ ਬੜੇ ਨੇ।
ਦੇਖ ਕਿਤੇ ਘਬਰਾ ਨਾ ਜਾਵੀਂ,
ਲਾ ਦੇ ਆਪਣਾ ਸਾਰਾ ਬਲ।
ਤੁਰਿਆ ਚੱਲ...।

ਦਿਲ ਦੇ ਵਿਚ ਅਰਮਾਨ ਨੇ ਤੇਰੇ,
ਪੈਰਾਂ ਵਿਚ ਤੂਫਾਨ ਨੇ ਤੇਰੇ।
ਹੌਂਸਲੇ ਬੜੇ ਜਵਾਨ ਨੇ ਤੇਰੇ,
ਨਾਲੇ ਖੜ੍ਹੇ ਬੇਈਮਾਨ ਨੇ ਤੇਰੇ।
ਚਾਰ ਚੁਫੇਰੇ ਤੁਰੀਂ ਵੇਖ ਕੇ,
ਹਰ ਪਾਸੇ ਫਿਰਦੇ ਕਾਤਲ।
ਤੁਰਿਆ ਚੱਲ...।

ਆਪਣੀ ਸਾਰੀ ਹਿੰਮਤ ਲਾ ਦੇ,
ਸੁੱਤੇ ਹੋਏ ਲੋਕ ਜਗਾ ਦੇ।
ਨਸ਼ਿਆਂ ਦੇ ਦਰਿਆ ਸੁਕਾ ਦੇ,
ਝੁੱਗੀਆਂ ਦੇ ਵਿਚ ਦੀਪ ਜਗਾ ਦੇ।
ਜ਼ਰਦੇ ਭੁੱਕੀਆਂ ਚਰਸਾਂ ਅਫ਼ੀਮਾਂ,
ਸਭ ਨਸ਼ਿਆਂ ਨੂੰ ਪਾ ਦੇ ਠੱਲ੍ਹ।
ਤੁਰਿਆ ਚੱਲ...।

ਬੇਈਮਾਨਾਂ ਦੇ ਰਾਜ ਬਦਲ ਦੇ,
ਸਿਰਾਂ ਦੇ ਉਤੋਂ ਤਾਜ ਬਦਲ ਦੇ।
ਮੁਰਦਾ ਜਿਹੇ ਸਮਾਜ ਬਦਲ ਦੇ,
ਭੈੜੇ ਰਸਮ ਰਿਵਾਜ਼ ਬਦਲ ਦੇ।
ਸੱਚ ਦੀ ਪਾਣ ਚੜ੍ਹੀ ਜਦ ਸਭ ਨੂੰ,
ਤਾਂ ਹੋਣੇ ਨੇ ਮਸਲੇ ਹੱਲ।
ਤੁਰਿਆ ਚੱਲ...।

ਜਾਗ ਨੀਂਦ ਤੋਂ ਸੁੱਤਿਆ ਸ਼ੇਰਾ,
ਲੁੱਟਿਆ ਗਿਆ ਪੰਜਾਬ ਹੈ ਤੇਰਾ।
ਨਸ਼ਿਆਂ ਦਾ ਹੁਣ ਤੋੜ ਦੇ ਘੇਰਾ,
ਵਾਪਸ ਲੈ ਆ ਨਵਾਂ ਸਵੇਰਾ।
ਗਰਜ ਤੇਰੀ ਨਾਲ ਧਰਤੀ ਹਿੱਲੇ,
ਹਰ ਪਾਸੇ ਮੱਚ ਜਾਏ ਹਲਚਲ।
ਤੁਰਿਆ ਚੱਲ...।

ਮਾਨਵਤਾ ਦੀ ਪ੍ਰੀਤ ਤੂੰ ਬਣ ਜਾ,
ਕੁਦਰਤ ਦਾ ਸੰਗੀਤ ਤੂੰ ਬਣ ਜਾ।
ਹਰ ਥਾਂ ਗੂੰਜੇ ਗੀਤ ਤੂੰ ਬਣ ਜਾ,
ਅੱਗੇ ਵਧ 'ਸੁਰਜੀਤ' ਤੂੰ ਬਣ ਜਾ।
ਭਗਤ ਸਿੰਘ ਤੇ ਊਧਮ ਬਣ ਕੇ,
ਪਾ ਦੇ ਦੁਨੀਆਂ ਵਿਚ ਤਰਥੱਲ।
ਤੁਰਿਆ ਚੱਲ...ਬਈ ਤੁਰਿਆ ਚੱਲ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ

---

### ਬਾਵਾ ਬਲਵੰਤ

ਤੇਰੀ ਕਲਮ
ਕਲਮ ਸੀ, ਤਲਵਾਰ ਸੀ,
ਇਨਕਲਾਬੀ ਗੀਤ ਸੀ
ਔਜ਼ਾਰ ਸੀ
ਮਹਾਂ ਨਾਦ ਦੀ ਧੁਨ ਸੀ
ਸਤਾਰ ਸੀ
ਮਹਾਂਦੀਪ ਅਪਾਰ ਸੀ।

ਤੂੰ ਪਾਰੋ ਨੂੰ ਕਿਹਾ,
'ਖੇਤ ਤੇਰੇ ਹੋਣ ਵਾਲੇ ਨੇ ਅਧੀਨ
ਮੁਲਕ ਤੇਰਾ ਹੋਣ ਵਾਲਾ ਏ ਗੁਲਾਮ'
ਤੂੰ ਆਤਮਾ ਦੀ ਗੋਦ ਦੇ
ਆਰਾਮ ਨੂੰ ਵੰਗਾਰਿਆ
ਤੇ ਇਕ ਪੈਗੰਬਰ ਵਾਂਗ ਕਿਹਾ,
ਦੇਸ਼ ਨੂੰ ਇਸ ਜ਼ਹਿਰ ਦੀ
ਅਯਾਸ਼ੀ ਨੇ ਮਾਰਿਆ।

ਜਦ ਤੇਰੇ ਰਕੀਬਾਂ
ਤੇਰੀ ਕਾਵਿ, ਤੇਰੀ ਕ੍ਰਿਸ਼ਨਾ ਦੇ
ਰੂਪ ਨੂੰ ਲਲਕਾਰਿਆ
ਤੂੰ ਕਾਵਿ ਨੂੰ
ਜ਼ਮੀਰੀ ਸੁਗੰਧ 'ਚ
ਧੋ ਧੋ ਨਿਖਾਰਿਆ
ਫਿਰ ਅਰਥ-ਹੀਣੇ
ਚੰਦਰੇ ਬੋਲਾਂ ਦੀ
ਕਿਸੇ ਨਾ ਸੁਣੀ ਪਾਹਰਿਆ।

ਤੇਰੇ ਸੀਸ 'ਚੋਂ
ਕਾਵਿ ਦੀ ਗੰਗਾ
ਵਹਿੰਦੀ ਰਹੀ
ਵਹਿੰਦੀ ਰਹੀ
ਭੁੱਖੀ ਆਂਦਰ ਨੂੰ
ਇਨਕਲਾਬੀ ਸ਼ਕਤੀ
ਕਹਿੰਦੀ ਰਹੀ
ਕਹਿੰਦੀ ਰਹੀ

ਤੂੰ ਬਾਗੀ ਰਹੀਂ
ਤੂੰ ਆਕੀ ਰਹੀਂ
ਇਨਕਲਾਬੀ ਫਰਿਸ਼ਤਿਆਂ ਦਾ
ਸਾਕੀ ਰਹੀਂ।

ਤੂੰ ਅੱਜ ਵੀ
ਸ਼ਾਇਰਾਂ ਦਾ ਸ਼ਾਇਰ
ਨਿਆਰਾ ਹੈਂ
ਕਾਵਿ ਦੇ ਆਕਾਸ਼ ਦਾ
ਇਕ ਸਦੀਵੀ ਤਾਰਾ ਹੈਂ।

-ਜਰਨੈਲ ਸਿੰਘ
ਕਲੋਵਿਸ, ਕੈਲੀਫੋਰਨੀਆ।
ਫੋਨ: 559-547-6038

## ਦੋ ਗਜ਼ਲਾਂ

ਮਨੋਹਰ ਸਿੰਘ ਮਾਰਕੋ

(1)

ਦਿਲ ਜਿਹੀ ਅਮੋੜ ਸ਼ੈ ਤੇ ਜੇ ਅਖਤਿਆਰ ਹੋਵੇ।
ਸ਼ਾਇਰ ਵੀ ਫਿਰ ਤਾਂ ਰਬ ਦਾ ਹੀ ਪੈਰੋਕਾਰ ਹੋਵੇ।
ਰਬ ਦੇ ਹਜ਼ੂਰ ਜੇ ਕੋਈ ਫਹਿਰਿਸਤ ਤਿਆਰ ਹੋਵੇ,
ਦੁਨੀਆਂ ਦੇ ਸੋਹਣਿਆਂ ਵਿਚ ਤੇਰਾ ਸ਼ੁਮਾਰ ਹੋਵੇ।
ਰਹਿੰਦੀ ਹੈ ਯਾਦ ਤੇਰੀ ਦਿਲ ਦਾ ਸਰੂਰ ਬਣ ਕੇ,
ਜਿਉਂ ਫੁੱਲ ਦੀ ਪੰਖੜੀ ਤੇ ਸ਼ਬਨਮ ਦਾ ਭਾਰ ਹੋਵੇ।
ਦਿਲ ਦਾ ਹਨੇਰ ਚਮਕੇ ਚਾਨਣ ਦੀ ਲੀਕ ਬਣ ਕੇ
ਜਿਉਂ ਕੰਡਿਆਂ ਦੀ ਪਿਠ ਤੇ ਖ਼ੁਸ਼ਬੂ ਸਵਾਰ ਹੋਵੇ।
ਫੁੱਲਾਂ ਤੇ ਭੌਰ ਉਡਦਾ ਅਕਸਰ ਮੈਂ ਦੇਖਿਆ ਹੈ,
ਜੀਕੂੰ ਹੁਸੀਨ ਅਖ ਵਿਚ ਕਜਲੇ ਦੀ ਧਾਰ ਹੋਵੇ।
ਜੋਬਨ ਦਾ ਹੜ੍ਹ ਜਿਹਾ ਇਕ, ਚੌ-ਤਰਫ ਫੈਲਿਆ ਹੈ,
ਮੇਰੇ ਨਸੀਬ ਦੀ ਜਿਉਂ ਪਹਿਲੀ ਬਹਾਰ ਹੋਵੇ।
ਰਸਤੇ ਉਲੀਕਣੇ ਸਨ ਪੈੜਾਂ ਹੀ ਮਿਟ ਗਈਆਂ ਨੇ,
ਲੰਘਿਆ ਹੈ ਕੋਈ ਰਾਹ ਤੋਂ ਜੀਕੂੰ ਗੁਬਾਰ ਹੋਵੇ।
ਅਜਲਾਂ ਤੋਂ ਪਥਰਾਂ 'ਚੋਂ ਚਸ਼ਮੇ ਨਿਕਲ ਰਹੇ ਨੇ,
ਫਿਰ ਸੰਗਦਿਲ ਦੀ ਅਖ ਕਿਉਂ ਨਾ ਅਸ਼ਕਬਾਰ ਹੋਵੇ।
ਮਰਨਾ ਬੁਰਾ ਨਹੀਂ ਹੈ, ਮਰਨੇ ਦੀ ਜਾਚ ਹੋਵੇ,
ਪਰ ਸ਼ਰਤ ਲਾਜ਼ਮੀ ਹੈ, ਇਕੋ ਹੀ ਵਾਰ ਹੋਵੇ।

(2)

ਅਜ ਸਵੇਰ ਵੇਲੇ, ਇਹ ਕੈਸੀ ਗੜਬੜੀ ਹੈ?
ਸ਼ਾਇਦ ਮੇਰੇ ਰਕੀਬਾਂ, ਸਾਜ਼ਿਸ਼ ਕੋਈ ਘੜੀ ਹੈ।
ਇਹ ਨਾਲ ਨਾਲ ਕਿਸ ਲਈ ਗਡੀਆਂ ਨੇ ਦੋ ਸਲੀਬਾਂ,
ਇਕ ਮੇਰੇ ਵਾਸਤੇ ਹੈ, ਪਰ ਦੂਜੀ ਕਿਉਂ ਖੜੀ ਹੈ?
ਮੇਰੇ ਹੀ ਮਾਰਨੇ ਦੀ ਤਜਵੀਜ਼ ਬਣ ਰਹੀ ਹੈ,
ਮੇਰੇ ਹੀ ਸ਼ਿਅਰਾਂ ਵਾਸਤੇ ਫਾਂਸੀ ਦੀ ਕੋਠੜੀ ਹੈ।
ਸ਼ਾਇਰਾਂ ਖਿਲਾਫ ਐਸਾ ਮਾਹੌਲ ਬਣ ਗਿਆ ਹੈ,
ਕਵਿਤਾ ਨੂੰ ਕੋਸਣੇ ਦੀ ਲੋਕਾਂ ਨੇ ਜ਼ਿਦ ਫੜੀ ਹੈ।
ਦੀਵੇ ਦੇ ਸਿਰ 'ਤੇ ਚਾਨਣ, ਚਾਨਣ ਦੀ ਲੋਅ ਬੜੀ ਹੈ,
ਪੈਰਾਂ 'ਚ ਉਸ ਦੇ ਭਾਵੇਂ ਨ੍ਹੇਰੇ ਦੀ ਛਪੜੀ ਹੈ।
ਸ਼ਾਬਾਸ਼ ਦੇਣ ਲਈ ਤਾਂ ਮਮਤਾ ਲਈ ਲੋੜ ਪੈਂਦੀ,
ਸ਼ਾਇਰ ਦਾ ਦਿਲ ਤਾਂ ਸਚਮੁਚ ਫੁੱਲਾਂ ਦੀ ਪੰਖੜੀ ਹੈ।
ਸ਼ਿਅਰਾਂ ਨੂੰ ਆਖਿਆ ਵੀ, ਮੇਰੀ ਉਮਰ ਹੰਢਾ ਲਉ,
ਸੰਤੁਸ਼ਟ ਹੋ ਕੇ ਬੋਲੇ, ਸਾਡੀ ਉਮਰ ਬੜੀ ਹੈ।

## ਗਜ਼ਲ

ਕਾਜ਼ੀ ਧੁੱਪੇ ਬੈਠ ਕੇ ਸੋਚੇ,
ਹੁਣ ਮੈਂ ਕਿੱਥੇ ਪੜ੍ਹਾਂ ਕੁਰਾਨ।
ਮਿਰਜ਼ੇ ਵੱਢ ਕੇ ਜੰਡ ਵੇਚ'ਤਾ,
ਲੱਕੜਹਾਰਾ ਵੀ ਹੈਰਾਨ।

ਜਿੱਥੇ ਜੰਗਲ ਵਿਚ ਸੀ ਮੰਗਲ,
ਉਹੀ ਜ਼ਮੀਨਾਂ ਹੁਣ ਵੀਰਾਨ।
ਆਮ ਆਦਮੀ ਨੇ ਦੜ ਵੱਟੀ,
ਰਾਜ ਕਰੇ ਨੇਤਾ ਸ਼ੈਤਾਨ।

ਕੁੜੀ ਡਰਦੀ ਰਾਤੀਂ ਤਰਨੋਂ,
ਸੜਕਾਂ 'ਤੇ ਫਿਰਦੇ ਨੇ ਹੈਵਾਨ।
'ਝਾੜੂ' 'ਤੇ ਕੀਤਾ ਵਿਸ਼ਵਾਸ,
ਦਿੱਲੀ ਰਹੀ ਨਾ ਹੁਣ ਨਾਦਾਨ।

-ਜੁਗਰਾਜ ਗਿੱਲ, ਸ਼ਾਰਲਟ
ਫੋਨ: 704-257-6693

## ਕਹਾਣੀ

# ਬਰਫ ਦਾ ਦਾਨਵ

*ਕਹਾਣੀਕਾਰ ਜਸਬੀਰ ਭੁੱਲਰ ਨੇ ਫੌਜੀ ਜੀਵਨ ਬਾਰੇ ਬੜੀਆਂ ਜਾਨਦਾਰ ਕਹਾਣੀਆਂ ਲਿਖੀਆਂ ਹਨ। ਉਹ ਖੁਦ ਫੌਜ ਵਿਚ ਰਿਹਾ ਹੈ ਅਤੇ ਫੌਜ ਦਾ ਇਹ ਸਿੱਧਾ ਅਨੁਭਵ ਹੀ ਉਹਦੀਆਂ ਕਹਾਣੀਆਂ ਵਿਚ ਰਚਿਆ ਹੋਇਆ ਹੈ। 'ਬਰਫ ਦਾ ਦਾਨਵ' ਨਾਂ ਦੀ ਕਹਾਣੀ ਸੰਸਾਰ ਦੇ ਸਭ ਤੋਂ ਉਚੇ ਜੰਗ ਦੇ ਮੈਦਾਨ ਸਿਆਚਿੰਨ ਗਲੇਸ਼ੀਅਰ ਦੀ ਵਾਰਤਾ ਬਿਆਨ ਕਰਦੀ ਹੈ। ਇਹ ਜੰਗ ਦਾ ਉਹ ਮੈਦਾਨ ਹੈ ਜਿਹੜਾ ਚਾਰ-ਚੁਫੇਰੇ ਖਾਲੀ ਪਿਆ ਹੈ, ਪਰ ਭਾਰਤ ਅਤੇ ਪਾਕਿਸਤਾਨ ਦੀਆਂ ਫੌਜਾਂ ਉਥੇ 'ਰਾਖੀ' ਲਈ ਲਗਾਤਾਰ ਡਟੀਆਂ ਹੋਈਆਂ ਹਨ। ਦੋਹਾਂ ਦੇਸ਼ਾਂ ਦੀ 'ਦੁਸ਼ਮਣੀ' ਦੀ ਬਦੌਲਤ ਬਰਫ ਦੀਆਂ ਤਹਿਆਂ ਵਿਚ ਲਿਪਟਿਆ ਜੰਗ ਦਾ ਇਹ ਮੈਦਾਨ ਉਥੇ 'ਲਾਸ਼ਾਂ ਦੀ ਫਸਲ' ਪੈਦਾ ਕਰ ਰਿਹਾ ਹੈ। ਲੇਖਕ ਨੇ ਉਥੋਂ ਦੇ ਹਾਲਾਤ ਦੀ ਬੜੀ ਮਾਰਮਿਕ ਤਸਵੀਰ ਆਪਣੀ ਇਸ ਕਹਾਣੀ ਵਿਚ ਖਿੱਚੀ ਹੈ। -ਸੰਪਾਦਕ*

ਝੱਖੜ ਬੜਾ ਮੂੰਹ ਜ਼ੋਰ ਸੀ।

ਬਰਫ਼ ਦੇ ਗੁਬਾਰ ਅੰਬਰ ਤੱਕ ਫੈਲ ਗਏ।

ਉਥੇ ਕੁਝ ਵੀ ਅਸਲੀ ਨਹੀਂ ਸੀ ਦਿਸ ਰਿਹਾ। ਜੋ ਅਸਲੀ ਸੀ ਵੀ ਤਾਂ ਚਿੱਟੀ ਬਰਫ਼ ਸੀ, ਜਾਂ ਫਿਰ ਬਰਫ਼ ਦਾ ਉਹ ਟਿੱਬਾ ਸੀ ਜੋ ਸਾਹ ਲੈ ਰਿਹਾ ਪ੍ਰਤੀਤ ਹੁੰਦਾ ਸੀ।

ਅਚਨਚੇਤੀ ਬਰਫ਼ ਦਾ ਉਹ ਟਿੱਬਾ ਤਿੜਕ ਗਿਆ। ਉਹਦੇ ਵਿਚੋਂ ਚਿੱਟੇ ਦਸਤਾਨੇ ਵਾਲਾ ਹੱਥ ਬਾਹਰ ਨਿਕਲਿਆ। ਉਸ ਹੱਥ ਨੇ ਹਵਾ ਨੂੰ ਫੜਨ ਦੇ ਜਤਨ ਵਿਚ ਵਾਰ-ਵਾਰ ਮੁੱਠ ਖੋਲ੍ਹੀ ਅਤੇ ਬੰਦ ਕੀਤੀ। ਪਤਾ ਨਹੀਂ, ਉਹ ਹੱਥ ਹਵਾ ਨੂੰ ਫੜ ਵੀ ਸਕਿਆ ਜਾਂ ਨਹੀਂ, ਪਰ ਇੰਨਾ ਜ਼ਰੂਰ ਹੋਇਆ ਕਿ ਦਸਤਾਨੇ ਵਾਲਾ ਦੂਜਾ ਹੱਥ ਵੀ ਬਰਫ਼ ਵਿਚੋਂ ਬਾਹਰ ਝਾਕਿਆ ਅਤੇ ਫਿਰ ਅਸਮਾਨ ਵੱਲ ਫੈਲ ਗਿਆ।

ਇਕ ਵਿਸ਼ਾਲ ਦੇਹ ਆਪਣੇ ਆਪ ਨੂੰ ਬਰਫ਼ ਦੀ ਕੈਦ ਤੋਂ ਮੁਕਤ ਕਰ ਕੇ ਬਾਹਰ ਆ ਗਈ। ਕੁਝ ਚਿਰ ਉਹ ਉਥੇ ਹੀ ਗੋਠੜੀਆਂ ਮੂਧੀਆਂ ਮਾਰੀ, ਸਿਰ ਸੁੱਟੀ ਲੰਮੇ-ਲੰਮੇ ਸਾਹ ਲੈਂਦਾ ਰਿਹਾ। ਸਾਹ ਕੁਝ ਸਾਵੇਂ ਹੋਏ ਤਾਂ ਉਹਨੇ ਸਿਰ ਛੰਡਿਆ। ਸਰੀਰ ਉਤੇ ਜ਼ੋਰ-ਜ਼ੋਰ ਦੀ ਮੁੱਕੀਆਂ ਮਾਰ ਕੇ ਲਹੂ ਨੂੰ ਹਰਕਤ ਦਿੱਤੀ ਅਤੇ ਫਿਰ ਤਣ ਕੇ ਖਲੋ



**ਜਸਬੀਰ ਭੁੱਲਰ**

ਗਿਆ, ਜਿਵੇਂ ਕੋਈ ਹਿਮ-ਮਾਨਵ ਆਪਣੇ ਚਿੱਟੇ ਰਾਜ ਭਾਗ ਉਤੇ ਨਿਗ੍ਹਾ ਮਾਰਨ ਉਠਿਆ ਹੋਵੇ।

ਕਿੰਨੀ ਸਾਰੀ ਬਰਫ਼ ਉਹਦੇ ਉਤੋਂ ਮਿੱਟੀ ਵਾਂਗੂੰ ਝੜ ਗਈ।

ਉਹਦਾ ਉਚਾ ਭਰਵਾਂ ਕੱਦ-ਕਾਠ ਗਲੇਸ਼ੀਅਰ ਉਤੇ ਪਾਉਣ ਵਾਲੇ ਵਿਸ਼ੇਸ਼ ਕੱਪੜਿਆਂ ਵਿਚ ਹੋਰ ਵੀ ਭਾਰਾ ਲੱਗ ਰਿਹਾ ਸੀ।

ਆਦਮ ਬੋਅ...ਆਦਮ ਬੋਅ...

ਤੂਫ਼ਾਨ ਦੀਆਂ ਚੀਕਾਂ ਕੰਨਾਂ ਦੇ ਪਰਦੇ ਪਾੜਨ ਲੱਗ ਪਈਆਂ।

ਦਾਣਾ ਖੰਡ ਵਰਗੀ ਬਰਫ਼ ਉਹਦੇ ਨਾਲ ਖਹਿ ਕੇ ਅਗਾਂਹ ਲੰਘ ਰਹੀ ਸੀ, ਉਹਦੇ ਨਾਲ ਵੱਜ ਕੇ ਰੁਕ ਰਹੀ ਸੀ। ਬਰਫ ਦੀ ਵਾਛੜ ਨਾਲ ਉਹਦੇ ਚਿਹਰੇ ਉਤੇ ਤਿੱਖੀਆਂ ਸੂਈਆਂ ਚੁਭ ਰਹੀਆਂ ਸਨ। ਝੱਖੜ ਦਾ ਵੇਗ ਇੰਨਾ ਤੇਜ਼ ਸੀ ਕਿ ਉਹਦੇ ਪੈਰ ਉਖੜ ਰਹੇ ਸਨ। ਜੇ ਉਹ ਟਾਹਣੀਉਂ ਟੁੱਟਾ ਪੱਤਾ ਹੁੰਦਾ ਤਾਂ ਹਵਾ ਦੀ ਗਤੀ ਨਾਲ ਉਡਦਾ ਤੁਰਿਆ ਜਾਂਦਾ, ਪਰ ਉਹ ਸੈਨਿਕ ਸੀ। ਉਹਦੇ ਲਈ ਘੋਰਨਾ ਪੁੱਟ ਕੇ ਬੈਠਣਾ ਜ਼ਿਆਦਾ ਵਾਜਬ ਸੀ। ਉਹ ਕਾਹਲੀ ਨਾਲ ਤੂਫ਼ਾਨ ਵੱਲ ਪਿੱਠ ਕਰ ਕੇ ਬੈਠ ਗਿਆ। ਮੁੱਠਾਂ ਮੀਟ ਕੇ ਉਸ ਨੇ ਬਰਫ਼ ਉਤੇ ਟਿਕਾ ਦਿੱਤੀਆਂ ਅਤੇ ਹਾਰੇ ਹੁੱਟੇ ਮਨੁੱਖ ਵਾਂਗ ਉਤੇ ਸਿਰ ਰੱਖ ਦਿੱਤਾ। ਕੁਝ ਚਿਰ ਉਹ ਉਸੇ ਤਰ੍ਹਾਂ ਹੀ ਪਿਆ ਰਿਹਾ। ਉਹਦੇ ਜ਼ਿਹਨ ਉਤੇ ਪਸਰੀ ਹੋਈ ਧੁੰਦ ਥੋੜ੍ਹੀ ਜਿਹੀ ਛਣੀ। ਉਹ ਕੁਝ ਆਪਣੇ ਆਪ ਵੱਲ ਪਰਤਿਆ ਤਾਂ ਪ੍ਰੇਸ਼ਾਨ ਜਿਹਾ ਹੋ ਗਿਆ।

ਉਹ ਕਿਥੇ ਸਨ?

ਤੁਰਨ ਵੇਲੇ ਉਹ ਪੂਰੇ ਬਾਰਾਂ ਸਨ, ਦਸ ਅਤੇ ਦੋ ਬਾਰਾਂ। ਤੇ ਹੁਣ?

ਉਸ ਪਲ ਉਹਨੇ ਜਿੰਨਾ ਕੁ ਵੇਖਣਾ ਸੀ, ਉਹ ਵੀ ਅਣਵੇਖਿਆ ਹੀ ਰਹਿ ਗਿਆ। ਉਹਦੀਆਂ ਖੋਪਿਆਂ ਵਰਗੀਆਂ ਐਨਕਾਂ ਉਤੇ ਬਰਫ਼ ਜੰਮ ਗਈ ਸੀ।

ਉਹਨੇ ਦਸਤਾਨੇ ਵਾਲਾ ਹੱਥ ਸ਼ੀਸ਼ਿਆ ਉਤੇ ਰਗੜ ਕੇ ਬਰਫ਼ ਪੂੰਝੀ।

ਬਰਫ਼ ਦੀ ਬੁਛਾੜ ਤੋਂ ਬਚਣ ਲਈ ਉਹਨੇ ਚਿਹਰੇ ਸਾਹਵੇਂ ਹੱਥਾਂ ਦਾ ਓਹਲਾ ਕਰ ਲਿਆ ਅਤੇ ਧੌਣ ਪਿਛਾਂਹ ਮੋੜੀ। ਹੱਥਾਂ ਨੇ ਬਰਫ਼ ਉਤੇ ਵਿਛਿਆ ਦ੍ਰਿਸ਼ ਢਕ ਦਿੱਤਾ ਸੀ। ਉਹਨੇ ਹੱਥ ਥੋੜ੍ਹਾ ਜਿਹਾ ਉਪਰ ਕੀਤਾ ਤਾਂ ਹੈਰਾਨ ਰਹਿ ਗਿਆ।

ਉਹਦੇ ਨੇੜੇ ਹੀ ਕਾਂ ਮਰਿਆ ਪਿਆ ਸੀ।

ਗਲੇਸ਼ੀਅਰ ਬਰਫ਼ ਸੀ, ਨਿਰੀ ਬਰਫ਼। ਉਥੇ ਮਿੱਟੀ ਨਹੀਂ ਸੀ। ਚਾਰ-ਪੰਜ ਹਜ਼ਾਰ ਫੁੱਟ ਹੇਠਾਂ ਤੱਕ ਵੀ ਮਿੱਟੀ ਨਹੀਂ ਸੀ। ਉਥੇ ਫੁੱਲ ਨਹੀਂ ਸਨ ਉਗਦੇ। ਉਥੇ ਕਰੂੰਬਲਾਂ ਨਹੀਂ ਸਨ ਫੁਟਦੀਆਂ। ਉਥੇ ਕੁਝ ਵੀ ਆਪਣੀ ਸਹਿਜ ਹਾਲਤ ਵਿਚ ਜਿਉਂਦਾ ਨਹੀਂ ਸੀ ਰਹਿ ਸਕਦਾ। ਅੰਤਾਂ ਦੀ ਸੀਤ ਵਿਚ ਬੱਸ ਇਹ ਲਦਾਖੀ ਕਾਂ ਹੀ ਸੀ ਜਿਸ ਨੂੰ ਕਦੀ ਕੁਝ ਨਹੀਂ ਸੀ ਹੁੰਦਾ। ਗਲੇਸ਼ੀਅਰ ਦੇ ਤੀਹ ਤੋਂ ਪੰਜਾਹ ਡਿਗਰੀ ਸੈਂਟੀਗਰੇਡ ਮਨਫ਼ੀ ਤਾਪਮਾਨ ਵਿਚ ਜੋ ਕੁਝ ਵੀ ਹੁੰਦਾ ਸੀ, ਆਦਮੀਆਂ ਨੂੰ ਹੁੰਦਾ ਸੀ। ਆਦਮੀਆਂ ਦੇ ਸੁਪਨਿਆਂ ਤੋਂ ਲੈ ਕੇ ਆਦਮੀਆਂ ਦੇ ਲਹੂ ਤੱਕ, ਉਥੇ ਸਭ ਕੁਝ ਜੰਮ ਜਾਂਦਾ ਸੀ।

ਖਾਣ-ਪੀਣ ਵਾਲੀਆਂ ਵਸਤਾਂ ਦੇ ਡੱਬੇ ਖਾਲੀ ਕਰ-ਕਰ ਕੇ ਫੌਜੀ ਸੁੱਟਦੇ ਰਹਿੰਦੇ ਸਨ। ਗੂੜ੍ਹੇ ਕਾਲੇ ਕਾਂ ਉਨ੍ਹਾਂ ਡੱਬਿਆਂ ਉਤੇ ਠੂੰਗੇ ਮਾਰਦੇ ਅਕਸਰ ਵਿਖਾਈ ਦੇ ਜਾਂਦੇ ਸਨ।

ਉਥੇ ਕਾਵਾਂ ਦੀ ਗਿਣਤੀ ਹੌਲੀ-ਹੌਲੀ ਵਧ ਰਹੀ ਸੀ।

ਮਰੇ ਹੋਏ ਕਾਂ ਨੂੰ ਬਰਫ਼ ਨੇ ਅੱਧ-ਪਚੱਧ ਢਕ ਲਿਆ ਸੀ। ਸੂਬੇਦਾਰ ਪੂਰਨ ਸਿੰਘ ਦੀ ਜੰਮੀ ਹੋਈ ਸੋਚ ਵਿਚ ਹੌਲੀ-ਹੌਲੀ ਗੋਲੀਆਂ ਦੀਆਂ ਆਵਾਜ਼ਾਂ ਜਾਗ ਪਈਆਂ। ਇਹ ਕੋਈ ਅਲੋਕਾਰ ਗੱਲ ਨਹੀਂ ਸੀ। ਉਹ ਭਖੀ ਹੋਈ ਜੰਗ ਦਾ ਮੁਹਾਜ਼ ਸੀ। ਉਥੇ ਦੋਹਾਂ ਧਿਰਾਂ ਵੱਲੋਂ ਗੋਲੀਆਂ ਚੱਲਦੀਆਂ ਹੀ ਰਹਿੰਦੀਆਂ ਸਨ, ਪਰ ਗੋਲੀ ਨਾਲ ਪਹਿਲਾਂ ਉਥੇ ਕਦੀ ਕੋਈ ਕਾਂ ਨਹੀਂ ਸੀ ਮਰਿਆ। ਹੁਣ ਕਾਂ ਮਰ ਹੀ ਗਿਆ ਸੀ ਤਾਂ ਇਹ ਗੱਲ ਸੌ ਵਿਸਵੇ ਪੱਕੀ ਸੀ ਕਿ ਸਿਰਫ਼ ਕਾਂ ਨਹੀਂ ਸੀ ਮਰਿਆ।

ਪਲਟਨਾਂ ਦੀ ਅਦਲਾ-ਬਦਲੀ ਮਿਥੀ ਤਰਤੀਬ ਅਨੁਸਾਰ ਹੀ ਚੱਲ ਰਹੀ ਸੀ। ਵਾਪਸ ਜਾ ਰਹੀਆਂ ਟੋਲੀਆਂ ਨੂੰ ਸੂਬੇਦਾਰ ਪੂਰਨ ਸਿੰਘ ਨੇ ਹੈਰਾਨ ਹੋ ਕੇ ਵੇਖਿਆ ਸੀ। ਉਨ੍ਹਾਂ ਸਾਰਿਆਂ ਦਾ ਜਿਵੇਂ ਇਕੋ ਹੀ ਚਿਹਰਾ ਸੀ। ਵਧੀ ਹੋਈ ਦਾੜ੍ਹੀ, ਥੱਕੇ ਹੋਏ ਉਦਾਸ ਚਿਹਰੇ, ਬੁਝੀਆਂ ਹੋਈਆਂ ਅੱਖਾਂ ਵਿਚ ਠਹਿਰੀ ਹੋਈ ਮੌਤ। ਗਲੇਸ਼ੀਅਰ ਤੋਂ ਜਿਉਂਦੇ ਵਾਪਸ ਜਾਣ ਲੱਗਿਆਂ ਵੀ ਉਨ੍ਹਾਂ ਨੂੰ ਆਪਣੇ ਜਿਉਂਦੇ ਹੋਣ ਦਾ ਯਕੀਨ ਨਹੀਂ ਸੀ। ਗਲੇਸ਼ੀਅਰ ਦੀ ਜਾਨਲੇਵਾ ਠੰਢ ਵਿਚ ਖੁਸ਼ੀ ਇੰਨੀ ਨੀਲੀ ਪੈ ਗਈ ਸੀ ਕਿ ਉਨ੍ਹਾਂ ਕੋਲੋਂ ਚਿਹਰੇ ਉਤੇ ਜੰਮੀ ਹੋਈ ਮੌਤ ਦੀ ਪਰਤ ਵੀ ਨਹੀਂ ਸੀ ਪੂੰਝੀ ਜਾ ਸਕੀ।

ਪਲਟਨਾਂ ਭਰੀਆ-ਪੂਰੀਆਂ ਗਲੇਸ਼ੀਅਰ ਉਤੇ ਆਈਆਂ ਸਨ, ਪਰ ਕਦੀ ਭਰੀਆਂ-ਪੂਰੀਆਂ ਵਾਪਸ ਨਹੀਂ ਸਨ ਗਈਆਂ। ਪ੍ਰੇਸ਼ਾਨ ਜਿਹਾ ਸਵਾਲ ਅਚੇਤੇ ਉਨ੍ਹਾਂ ਸੈਨਿਕਾਂ ਦੀਆਂ ਅੱਖਾਂ ਵਿਚ ਵੀ ਠਹਿਰ ਗਿਆ ਸੀ। ਕੀ ਉਹ ਗਲੇਸ਼ੀਅਰ ਤੋਂ ਵਾਪਸ ਪਰਤ ਸਕਣਗੇ?

ਗਲੇਸ਼ੀਅਰ ਵਿਸ਼ਾਲ ਦਾਨਵ ਸੀ, ਬਰਫ਼ ਦਾ ਦਾਨਵ। ਉਹ ਜਿਵੇਂ ਕਿਸੇ ਸਿੱਧੀ-ਪ੍ਰਾਪਤੀ ਲਈ ਹਜ਼ਾਰਾਂ ਸਾਲਾਂ ਤੋਂ ਤਪ ਕਰ ਰਿਹਾ ਸੀ।

ਹੁਣ ਕੁਝ ਸਾਲਾਂ ਤੋਂ ਸੈਨਿਕ ਇਸ ਦਾਨਵ ਦੇ ਤਪ ਨੂੰ ਭੰਗ ਕਰਨ ਦੀ ਜੁਰਅਤ ਕਰਨ ਲੱਗ ਪਏ ਸਨ ਅਤੇ ਬਦਲੇ ਵਿਚ ਉਹਦੇ ਕਰੋਧ ਨੂੰ ਭੁਗਤ ਰਹੇ ਸਨ।

'ਬਿਲਾ ਫੋਂਡ ਲਾ' ਉਤੇ ਹਾਲੇ ਵੀ ਜੈਕ.ਐਲ.ਆਈ. ਨੇ ਮੋਰਚੇ ਮੱਲੇ ਹੋਏ ਸਨ। ਡੋਗਰਾ ਦੀ ਅਲਫ਼ਾ ਕੰਪਨੀ ਨੇ 'ਬਿਲਾ ਫੋਂਡ ਲਾ' ਦਾ ਚਾਰਜ ਸੰਭਾਲਣ ਪਿਛੋਂ ਹੀ ਉਨ੍ਹਾਂ ਨੂੰ ਵਿਹਲਿਆਂ ਕਰਨਾ ਸੀ। ਜੈਕ.ਐਲ.ਆਈ ਦੇ ਗਾਈਡਾਂ ਨਾਲ ਅਲਫ਼ਾ ਕੰਪਨੀ ਦੀਆਂ ਤਿੰਨ ਟੋਲੀਆਂ 'ਬਿਲਾ ਫੋਂਡ ਲਾ' ਵੱਲ ਕੂਚ ਕਰ ਚੁੱਕੀਆਂ ਸਨ।

ਉਨ੍ਹਾਂ ਨੂੰ ਤੋਰ ਕੇ ਸੂਬੇਦਾਰ ਪੂਰਨ ਸਿੰਘ ਉਥੇ ਹੀ ਖਲੋਤਾ ਰਿਹਾ ਸੀ।

ਜਿਥੋਂ ਤੱਕ ਨਜ਼ਰ ਜਾਂਦੀ ਸੀ, ਬਰਫ ਸੀ। ਉਥੇ ਕੋਈ ਸ਼ਾਹਰਾਹ ਨਹੀਂ ਸੀ। ਕਿਸੇ ਸੜਕ ਦੇ ਬਣਨ ਦੀ ਕੋਈ ਸੰਭਾਵਨਾ ਵੀ ਨਹੀਂ ਸੀ। ਬਰਫ਼ ਨੂੰ ਬਜਰੀ ਅਤੇ ਪੱਥਰਾਂ ਵਿਚ ਨਹੀਂ ਸੀ ਬਦਲਿਆ ਜਾ ਸਕਦਾ।

ਪਹਿਲੀਆਂ ਦੋਵੇਂ ਟੋਲੀਆਂ ਉਹਦੀ ਨਜ਼ਰ ਦੀ ਹੱਦ ਟੱਪ ਕੇ ਬਰਫ਼ ਦੇ ਉਚੇ-ਉਚੇ ਢਾਇਆਂ ਉਹਲੇ ਗਵਾਚ ਗਈਆਂ ਸਨ। ਪਿਛਲੀ ਟੋਲੀ ਦੇ ਜਵਾਨ ਹਾਲੇ ਵੀ ਧੱਬਿਆ ਵਾਂਗ ਦਿਸ ਰਹੇ ਸਨ, ਜਿਵੇਂ ਭੋਜਨ ਦੀ ਭਾਲ ਵਿਚ ਜਾ ਰਹੀਆਂ ਕੀੜੀਆਂ ਦੀ ਕਤਾਰ ਹੁੰਦੀ ਹੈ।

ਉਹ ਵੀ ਪਹਿਲੀਆਂ ਟੋਲੀਆਂ ਦੀ ਮਿੱਧੀ ਹੋਈ ਬਰਫ਼ ਨੂੰ ਆਪਣੇ ਪੈਰਾਂ ਹੇਠ ਲਿਤਾੜਦੇ ਹੋਏ ਤੁਰੇ ਜਾ ਰਹੇ ਹਨ। ਗਲੇਸ਼ੀਅਰ ਦੇ ਖਤਰਿਆਂ ਨੂੰ ਧਿਆਨ ਵਿਚ ਰੱਖਦਿਆਂ ਇਕੋ ਰਾਹ ਵਰਤਣਾ ਹੀ ਹਿੱਤ ਵਿਚ ਸੀ, ਪਰ ਇਹ ਜ਼ਰੂਰੀ ਨਹੀਂ ਸੀ ਕਿ ਮਿਥਿਆ ਹੋਇਆ ਰਾਹ ਹਰ ਵਾਰ ਗਲੇਸ਼ੀਅਰ ਨੂੰ ਵੀ ਮਨਜ਼ੂਰ ਹੋਵੇ, ਇਸ ਗੱਲ ਦਾ ਸਭ ਨੂੰ ਪਤਾ ਸੀ। ਇਸੇ ਕਰ ਕੇ ਗਲੇਸ਼ੀਅਰ ਉਤੇ ਕਦੀ ਕੋਈ ਇਕੱਲਾ ਨਹੀਂ ਸੀ ਤੁਰਦਾ। ਉਸ ਟੋਲੀ ਵਿਚ ਵੀ ਪੰਜ ਜਣੇ ਸਨ। ਉਨ੍ਹਾਂ ਦੇ ਲੱਕ ਪਹਿਲੇ ਸੈਨਿਕ ਤੋਂ ਲੈ ਕੇ ਪਿਛਲੇ ਸੈਨਿਕ ਤੱਕ ਇਕੋ ਰੱਸੇ ਨਾਲ ਬੱਝੇ ਹੋਏ ਸਨ। ਇਕ-ਦੂਜੇ ਤੋਂ ਦੂਰ ਚੱਲਦਿਆਂ ਵੀ ਉਸ ਰੱਸੇ ਨੇ ਸਭ ਨੂੰ ਆਪਸ ਵਿਚ ਜੋੜਿਆ ਹੋਇਆ ਸੀ। ਇਸ ਤਰ੍ਹਾਂ ਉਹ ਲੋੜ ਪੈਣ ਉਤੇ ਇਕ-ਦੂਜੇ ਦੀ ਸਹਾਇਤਾ ਕਰ ਸਕਦੇ ਸਨ।

ਉਸ ਵੇਲੇ ਗਲੇਸ਼ੀਅਰ ਬੜਾ ਸ਼ਾਂਤ ਸੀ, ਬੜਾ ਚੁੱਪ ਸੀ। ਅਚਾਨਕ ਉਹ ਤ੍ਰਭਕਿਆ। ਉਹਨੇ ਮੱਧਮ ਜਿਹੀਆਂ ਚੀਕਾਂ ਦੀ ਆਵਾਜ਼ ਸੁਣੀ ਸੀ।

ਬਰਫ਼ ਦੀ ਹਿੱਕ ਉਤੇ ਇਕ ਹੋਰ ਪਾੜ ਪੈ ਚੁਕਿਆ ਸੀ।

ਬਰਫ਼, ਵਿਚਕਾਰਲੇ ਸੈਨਿਕ ਦੇ ਪੈਰਾਂ ਹੇਠੋਂ ਪਾਟੀ ਅਤੇ ਪਾੜ ਫੈਲ ਕੇ ਅਗਲੇ ਤੇ ਪਿਛਲੇ ਸੈਨਿਕ ਦੇ ਪੈਰਾਂ ਤੱਕ ਪਹੁੰਚ ਗਿਆ। ਇਸ ਤੋਂ ਪਹਿਲਾਂ ਕਿ ਬਾਕੀ ਜਣੇ ਸੰਭਲ ਕੇ ਬਚਾਅ ਦੀ ਕਾਰਵਾਈ ਕਰਦੇ, ਉਹ ਵਿਚਕਾਰਲੇ ਜਵਾਨ ਦੇ ਨਾਲ ਹੀ ਪਾੜ ਵਿਚ ਖਿੱਚੇ ਗਏ।

ਬਰਫ਼ ਦਾ ਇਹ ਪਾੜ ਹਜ਼ਾਰਾਂ ਫੁੱਟ ਡੂੰਘਾ ਸੀ। ਇਹੋ ਜਿਹਾ ਹਾਦਸਾ ਕੋਈ ਪਹਿਲੀ ਵਾਰ ਨਹੀਂ ਸੀ ਹੋਇਆ। ਬਰਫ਼ ਅਣਕਿਆਸੀਆਂ ਥਾਂਵਾਂ ਉਤੇ ਪਾਟਦੀ ਰਹਿੰਦੀ ਸੀ। ਸੈਨਿਕ ਇਨ੍ਹਾਂ ਪਾੜਾਂ ਵਿਚ ਸਮਾ ਜਾਂਦੇ ਸਨ। ਵਿਸ਼ੇਸ਼ ਕੱਪੜਿਆਂ ਦਾ ਨਿੱਘ ਉਨ੍ਹਾਂ ਨੂੰ ਕਈ-ਕਈ ਦਿਨ ਤੱਕ ਜਿਉਂਦਾ ਵੀ ਰੱਖਦਾ ਸੀ, ਪਰ ਪਾੜ ਅੰਦਰ ਆਖਰੀ ਨੀਂਦ ਸੌਣਾ ਉਨ੍ਹਾਂ ਦੀ ਹੋਣੀ ਸੀ।

ਅਣਗਿਣਤ ਸੈਨਿਕ ਹੁਣ ਤੱਕ ਗਲੇਸ਼ੀਅਰ ਦੇ ਪਾੜਾਂ ਵਿਚ ਸਮਾ ਚੁੱਕੇ ਸਨ। ਉਨ੍ਹਾਂ ਦੇ ਜਿਸਮਾਂ ਦੀ ਗਰਮੀ, ਉਨ੍ਹਾਂ ਦੇ ਅਹਿਸਾਸ ਦਾ ਨਿੱਘ ਨਾ ਬਰਫ ਦੀ ਫ਼ਿਤਰਤ ਹੀ ਬਦਲ ਸਕੇ ਅਤੇ ਨਾ ਗਲੇਸ਼ੀਅਰ ਦੀ ਭੁੱਖ ਹੀ ਮੁੱਕੀ ਸੀ।

ਉਹਨੇ ਹੈਰਾਨ ਜਿਹਾ ਹੋ ਕੇ ਅੱਖਾਂ ਮਲੀਆਂ। ਬਰਫ ਦਾ ਪਸਾਰ ਦੂਰ ਜਾ ਕੇ ਸਲੇਟੀ ਆਸਮਾਨ ਵਿਚ ਇਕਮਿਕ ਹੋ ਗਿਆ ਸੀ। ਚਿੱਟੀ ਬਰਫ਼ ਉਤੇ ਕਾਲੇ ਧੱਬਿਆਂ ਦਾ ਕੋਈ ਵੀ ਚਿੰਨ੍ਹ ਬਾਕੀ ਨਹੀਂ ਸੀ।

ਮਰਨ ਵਾਲਿਆਂ ਵਿਚ ਅਲ਼ਫਾ ਕੰਪਨੀ ਦਾ ਕਮਾਂਡਰ ਵੀ ਸੀ, ਪਰ ਇਹ ਵੇਲਾ ਸੱਥਰ ਵਿਛਾ ਕੇ ਬੈਠਣ ਦਾ ਨਹੀਂ ਸੀ। ਹਾਲੇ ਤਾਂ ਮੁੱਢ ਸੀ। ਕੁਝ ਦਿਨਾਂ ਨੂੰ ਇਹੋ ਜਿਹੀਆਂ ਘਟਨਾਵਾਂ ਆਮ ਵਾਂਗ ਜਾਪਣ ਲੱਗ ਪੈਣੀਆਂ ਸਨ। ਖਾਲੀ ਹੋ ਗਈਆਂ ਥਾਂਵਾਂ ਮੁੜ ਭਰ ਜਾਣਗੀਆਂ। ਜ਼ਿੰਦਗੀ ਨੇ ਪਹਿਲਾਂ ਵਾਂਗ ਹੀ ਤੁਰਦੇ ਰਹਿਣਾ ਸੀ।

ਮੋਇਆਂ ਦੇ ਫਿਕਰ ਨਾਲੋਂ ਵੀ ਪਹਿਲਾ ਫਿਕਰ 'ਬਿਲਾ ਫੋਂਡ ਲਾ' ਦੀ ਕਮਾਂਡ ਦਾ ਸੀ। ਪਲਟਨ ਦੇ ਕਮਾਨ ਅਫ਼ਸਰ ਕੋਲ ਇਸ ਵੇਲੇ ਕੋਈ ਵੀ ਵਾਧੂ ਅਫ਼ਸਰ ਨਹੀਂ ਸੀ ਜਿਹਨੂੰ 'ਬਿਲਾ ਫੋਂਡ ਲਾ' ਦੀ ਸੰਭਾਲ ਲਈ ਭੇਜਿਆ ਜਾ ਸਕੇ। ਸਾਰੇ ਅਫ਼ਸਰ ਆਪੋ-ਆਪਣੀ ਥਾਂਈਂ ਪੋਸਟਾਂ ਦੀ ਜ਼ਿੰਮੇਵਾਰੀ ਸੰਭਾਲੀ ਬੈਠੇ ਸਨ। ਹੁਣ ਇਸ ਤੋਂ ਬਿਨਾਂ ਹੋਰ ਕੋਈ ਰਾਹ ਨਹੀਂ ਸੀ ਕਿ ਫਿਲਹਾਲ ਸੂਬੇਦਾਰ ਪੂਰਨ ਸਿੰਘ ਨੂੰ 'ਬਿਲਾ ਫੋਂਡ ਲਾ' ਵਾਲੀ ਕੰਪਨੀ ਦੀ ਕਮਾਨ ਸੌਂਪ ਦਿੱਤੀ ਜਾਵੇ।

ਜਦੋਂ ਸੂਬੇਦਾਰ ਪੂਰਨ ਸਿੰਘ ਆਪਣੀ ਟੋਲੀ ਨੂੰ ਲੈ ਕੇ ਤੁਰਿਆ ਤਾਂ ਅੰਬਰ ਉਤੇ ਤਾਰੇ ਚਮਕ ਰਹੇ ਸਨ। ਚੰਨ ਚਾਨਣੀ ਵਿਚ ਬਰਫ਼ ਦੀ ਲਿਸ਼ਕੋਰ ਨਾਲ ਅੱਖਾਂ ਚੁੰਧਿਆ ਰਹੀਆਂ ਸਨ। ਬਰਫ਼ ਉਤੇ ਪੈਂਦੀਆਂ ਚੰਨ ਦੀਆਂ ਰਿਸ਼ਮਾਂ ਨੇ ਰਾਤ ਨੂੰ ਚਿੱਟੇ ਦਿਨ ਵਿਚ ਬਦਲ ਦਿੱਤਾ ਸੀ, ਪਰ ਉਸ ਦਿਨ ਦਾ ਸੁਭਾਅ ਕਾਲਾ ਸੀ।

ਉਹ ਲਗਾਤਾਰ ਤੁਰੀ ਗਏ। ਉਨ੍ਹਾਂ ਦੇ ਵੱਡੇ-ਵੱਡੇ ਬੂਟਾਂ ਨਾਲ ਬਰਫ਼ ਘੱਟੇ ਵਾਂਗੂੰ ਉਡਦੀ ਰਹੀ।

ਹੌਲੀ-ਹੌਲੀ ਚੰਨ-ਤਾਰੇ ਫਿੱਕੇ ਪੈ ਗਏ ਅਤੇ ਫਿਰ ਲੋਪ ਹੋ ਗਏ।

ਗਲੇਸ਼ੀਅਰ ਦੀ ਸੀਤ ਫ਼ਿਜ਼ਾ ਵਿਚ ਬਿੱਲੀਆਂ ਦੇ ਰੋਣ ਵਰਗੀ ਸੁਰ ਜਾਗ ਪਈ।

ਮੌਸਮ ਵਿਗੜ ਗਿਆ ਸੀ। ਇਸ ਤੋਂ ਪਹਿਲਾਂ ਕਿ ਉਹ ਆਉਣ ਵਾਲੇ ਤੂਫ਼ਾਨ ਤੋਂ ਬਚਣ ਬਾਰੇ ਸੋਚਦੇ, ਉਨ੍ਹਾਂ ਦੇ ਨੇੜੇ ਹੀ ਦੁਸ਼ਮਣ ਦੇ ਤੋਪਖਾਨੇ ਦਾ ਗੋਲਾ ਆ ਕੇ ਡਿਗਿਆ। ਬਰਫ਼ ਉਤਾਂਹ ਨੂੰ ਉਡੀ ਅਤੇ ਦਹਿਸ਼ਤ ਦਾ ਤਰੌਂਕਾ ਦੇ ਗਈ। ਇਹ ਅਣਕਿਆਸਿਆ ਹਮਲਾ ਸੀ। ਉਹ ਦੁਸ਼ਮਣ ਦੇ ਤੋਪਖਾਨੇ ਦੀ ਮਾਰ ਹੇਠ ਆ ਗਏ ਸਨ।

ਉਹ ਇਕਦਮ ਬਰਫ਼ ਉਤੇ ਢਹਿ ਪਏ ਅਤੇ ਓਟਾਂ ਭਾਲਣ ਲਈ ਇਧਰ-ਉਧਰ ਰੀਂਗਣ ਲੱਗੇ। ਛੇਤੀ ਹੀ ਤੋਪਖਾਨੇ ਦੀ ਗੋਲਾਬਾਰੀ ਵਿਚ ਨਿੱਕੇ ਹਥਿਆਰਾਂ ਦੀਆਂ ਆਵਾਜ਼ਾਂ ਵੀ ਸ਼ਾਮਲ ਹੋ ਗਈਆਂ।

ਤੇਜ਼ ਹਵਾ ਨੇ ਝੱਖੜ ਦਾ ਰੂਪ ਧਾਰ ਲਿਆ। ਤੂਫ਼ਾਨ ਦੇ ਵੇਗ ਨਾਲ ਬਰਫ਼ ਉਡਣ ਲੱਗ ਪਈ। ਸੂਬੇਦਾਰ ਪੂਰਨ ਸਿੰਘ ਨੇ ਨਜ਼ਰਾਂ ਨਾਲ ਦੁਸ਼ਮਣ ਵਾਲ ਪਾਸੇ ਦੀ ਪੁਣ-ਛਾਣ ਕਰਨ ਦਾ ਜਤਨ ਕੀਤਾ। ਉਹਨੂੰ ਝੱਖੜ ਦੇ ਬੁਣੇ ਜਾਲੇ ਵਿਚ ਧੁੰਦਲੀ ਜਿਹੀ ਹਰਕਤ ਦਿੱਸੀ। ਠਿੱਸ! ਉਹਦੀ ਸਟੇਨ ਚੱਲਣ ਤੋਂ ਮੁਨਕਰ ਹੋ ਗਈ। ਮਨਫ਼ੀ ਤਾਪਮਾਨ ਨੇ ਸਟੇਨ ਦੇ ਪੁਰਜ਼ੇ ਜਾਮ ਕਰ ਦਿੱਤੇ ਸਨ। ਇਕ ਵਾਰ ਗੋਲੀ ਚੱਲ ਜਾਂਦੀ ਤਾਂ ਬੈਰਲ ਗਰਮ ਹੋ ਜਾਂਦੀ। ਇਸ ਤੋਂ ਪਿਛੋਂ ਤਾਂ ਗੋਲੀਆਂ ਚੱਲਦੀਆਂ ਹੀ ਰਹਿਣੀਆਂ ਸਨ। ਬੈਰਲ ਨੇ ਗਰਮ ਹੀ ਰਹਿਣਾ ਸੀ। ਹੁਣ ਉਹ ਆਪਣੀ ਸਟੇਨ ਲਈ ਨਿੱਘ ਕਿਥੋਂ ਲੈ ਕੇ ਆਵੇ? ਉਹਨੇ ਇਧਰ-ਉਧਰ ਵੇਖਿਆ। ਕੁਝ ਜਵਾਨ ਮੋਰਚੇ ਸੰਭਾਲੀ ਗੋਲੀਆਂ ਦਾਗ ਰਹੇ ਸਨ। ਕੁਝ ਆਪਣੇ ਹਥਿਆਰਾਂ ਉਤੇ ਖਿਝੇ ਹੋਏ ਸਨ। ਕੁਝ ਨੇ ਇਨ੍ਹਾਂ ਝਗੜਿਆਂ ਤੋਂ ਬੇਲਾਗ ਹੋ ਕੇ ਆਖਰੀ ਹਿਚਕੀ ਲੈ ਲਈ ਸੀ।

ਸੂਬੇਦਾਰ ਪੂਰਨ ਸਿੰਘ ਨੇ ਮੂੰਹ ਨਾਲ ਗਰਨੇਡ ਦੀ ਪਿੰਨ ਖਿੱਚੀ ਅਤੇ ਅਗਾਂਹ ਨੂੰ ਸਰਕ ਰਹੇ ਦੁਸ਼ਮਣ ਦੇ ਸਿਪਾਹੀਆਂ ਉਤੇ ਪੂਰੇ ਤਾਣ ਨਾਲ ਗਰਨੇਡ ਦੇ ਮਾਰਿਆ। ਐਨ ਉਸੇ ਵੇਲੇ ਇਕ ਹੋਰ ਭਿਆਨਕ ਧਮਾਕਾ ਹੋਇਆ ਜੋ ਗਰਨੇਡ ਫਟਣ ਦੇ ਖੜਾਕ ਨਾਲੋਂ ਕਿਤੇ ਜ਼ਿਆਦਾ ਕੰਨ-ਪਾੜਵਾਂ ਸੀ। ਉਹਦੇ ਪਿਛੇ ਪਹਾੜੀ ਤਿੜਕ ਕੇ ਬਰਫ਼ ਹੇਠਾਂ ਨੂੰ ਰਿੱਬ ਵਾਂਗ ਵਗਣੀ ਸ਼ੁਰੂ ਹੋ ਗਈ ਸੀ। ਉਸ ਮੁੜ ਕੇ ਪਿਛਾਂਹ ਵੇਖਿਆ ਅਤੇ ਬਚਾਅ ਲਈ ਉਥੋਂ ਉਠ ਕੇ ਨੱਸਣਾ ਚਾਹਿਆ, ਪਰ ਬਰਫ਼ ਦੀ ਗਾਰ ਜਿਹੀ ਉਹਦੇ ਉਤੋਂ ਦੀ ਅਗਾਂਹ ਵਧ ਗਈ।

ਉਹਦੇ ਲਈ ਸਮੁੱਚਾ ਵਾਤਾਵਰਨ ਸ਼ਾਂਤ ਹੋ ਗਿਆ।

ਦੁਸ਼ਮਣ ਦੀ ਗੋਲੀ ਦਾ ਜਵਾਬ ਉਹ ਗੋਲੀ ਨਾਲ ਦੇ ਸਕਦੇ ਸਨ, ਪਰ ਗਲੇਸ਼ੀਅਰ ਦੀ ਦੁਸ਼ਮਣੀ ਦੇ ਜਵਾਬ ਵਿਚ ਉਨ੍ਹਾਂ ਕੋਲ ਬਚਾਅ ਦਾ ਬੱਸ ਤਰਲਾ ਜਿਹਾ ਸੀ। ਬਰਫ਼ ਹੇਠ ਦੱਬਿਆ ਉਹ ਅਚੇਤੇ ਹੀ ਜ਼ੋਰ-ਜ਼ੋਰ ਦੀ ਹੱਥ-ਪੈਰ ਮਾਰਨ ਲੱਗ ਪਿਆ, ਜਿਵੇਂ ਪਾਣੀ ਵਿਚ ਤਰ ਰਿਹਾ ਹੋਵੇ। ਇਸ ਤਰ੍ਹਾਂ ਕਰਨ ਨਾਲ ਇੰਨਾ ਕੁ ਹੋ ਗਿਆ ਕਿ ਉਹਦੇ ਸਾਹ ਲੈਣ ਜੋਗੀ ਥਾਂ ਬਣੀ ਰਹੀ। ਉਹਦੇ ਸਿਰੜ ਨੇ ਟੁੱਟਣ ਲੱਗੇ ਸਾਹ ਉਹਨੂੰ ਮੁੜ ਸੌਂਪ ਦਿੱਤੇ।

ਬਰਫ਼ ਤੋਂ ਬਾਹਰ ਆ ਕੇ ਉਹ ਕਿੰਨੀ ਦੇਰ ਤੱਕ ਢੇਰੀ ਹੋਇਆ ਉਥੇ ਹੀ ਪਿਆ ਰਿਹਾ। ਜਦੋਂ ਜ਼ਿਹਨ ਤੋਂ ਬੇਹੋਸ਼ੀ ਦੀ ਧੁੰਦ ਪੇਤਲੀ ਪਈ ਤਾਂ ਉਹ



ਆਪਣੇ ਆਪ ਵੱਲ ਪਰਤਿਆ।

ਉਸ ਵੇਲੇ ਵੀ ਬਰਫ਼ ਪੈ ਰਹੀ ਸੀ। ਝੱਖੜ ਦਾ ਜ਼ੋਰ ਵੀ ਘੱਟ ਨਹੀਂ ਸੀ ਹੋਇਆ।

ਦੋਹਾਂ ਧਿਰਾਂ ਵੱਲੋਂ ਗੋਲੀਆਂ ਚੱਲਣੀਆਂ ਬੰਦ ਹੋ ਚੁੱਕੀਆਂ ਸਨ, ਪਰ ਤੂਫ਼ਾਨ ਦਾ ਰੌਲਾ ਬਹੁਤ ਵਧ ਗਿਆ ਸੀ।

ਉਸ ਰੌਲੇ ਉਤੇ ਹਨੇਰੇ ਦਾ ਲੇਅ ਚੜ੍ਹਿਆ ਹੋਇਆ ਸੀ।

ਉਹਨੇ ਦਸਤਾਨੇ ਵਾਲੇ ਹੱਥ ਨਾਲ ਇਕ ਵਾਰੀ ਫਿਰ ਐਨਕ ਤੋਂ ਬਰਫ਼ ਸਾਫ਼ ਕੀਤੀ ਅਤੇ ਹੱਥਾਂ ਦਾ ਓਹਲਾ ਕਰ ਕੇ ਨਿਗ੍ਹਾ ਮਰੇ ਹੋਏ ਕਾਂ ਤੋਂ ਅਗਾਂਹ ਲੈ ਗਿਆ।

ਉਹਦਾ ਹੇਠਲਾ ਸਾਹ ਹੇਠਾਂ ਰਹਿ ਗਿਆ।

ਉਹਦੇ ਸਾਥੀਆਂ ਦੀਆਂ ਲਾਸ਼ਾਂ, ਇਧਰ-ਉਧਰ ਖਿਲਰੀਆਂ ਪਈਆਂ ਸਨ। ਬਰਫ਼ ਨੇ ਉਨ੍ਹਾਂ ਨੂੰ ਇੰਨਾ ਕੁ ਲੁਕਾ ਲਿਆ ਸੀ ਕਿ ਉਹ ਬੇਤਰਤੀਬ ਕਬਰਾਂ ਵਾਂਗ ਦਿਸ ਰਹੇ ਸਨ।

ਗਲੇਸ਼ੀਅਰ ਸਿਰਫ਼ ਬਰਫ਼ ਨਹੀਂ ਸੀ, ਉਥੇ ਫ਼ਸਲ ਵੀ ਉਗਦੀ ਸੀ। ਮੁਰਦਿਆਂ ਦੀ ਫ਼ਸਲ।

*(ਬਾਕੀ ਅਗਲੇ ਸਫੇ 'ਤੇ)*

# ਇਹ ਕਲਮ ਦੀ ਤਾਕਤ ਹੈ ਜਾਂ ਇੰਟਰਨੈਟ ਦਾ ਕਮਾਲ

ਵਿਚਲੀ ਗੱਲ

ਤਿੰਨ ਕੁ ਸਾਲ ਪਹਿਲਾਂ ਰੋਜ਼ਾਨਾ ਦੀ ਤਰ੍ਹਾਂ ਮੈਂ ਆਪਣੇ ਕੰਪਿਊਟਰ ਤੇ ਪੰਜਾਬੀ ਅਖਬਾਰਾਂ ਤੋਂ ਸ਼ੁਰੂ ਹੋ ਕੇ ਨਿਊ ਯਾਰਕ ਟਾਈਮਜ ਤੱਕ ਦੀ ਦੁਨੀਆਂ ਵੇਖ ਕੇ ਸੱਜਣਾਂ ਦੇ ਆਏ ਖਤਾਂ ਵੱਲ ਨਿਗਾਹ ਮਾਰੀ ਤਾਂ ਇੱਕ ਨਵੀਂ ਈ ਮੇਲ ਦਿੱਸੀ। "ਭਾਈ ਜਾਂਨ ਲੰਡਨ ਤੋਂ ਨਾਜਰ ਸ਼ੇਖ ਦੀ ਸਲਾਮ ਕਬੂਲ ਕਰੋ।" ਕੌਣ ਹੋਇਆ? ਉਤਸੁਕਤਾ ਵੱਸ ਮੈਂ ਪੜ੍ਹਨ ਲੱਗਾ। ਉਸ ਅੰਗਰੇਜੀ ਵਿਚ ਲਿਖਿਆ ਸੀ, "ਮੇਰਾ ਨਾਂ ਨਾਜਰ ਸ਼ੇਖ ਹੈ। ਮੈਨੂੰ ਪੰਜਾਬੀ ਪੜ੍ਹਨੀ ਨਹੀਂ ਆਉਂਦੀ। ਕੱਲ੍ਹ ਇੰਗਲੈਂਡ ਤੋਂ ਛਪਦੇ ਇੱਕ ਪਰਚੇ ਦੇ ਅੰਗਰੇਜੀ ਸੈਕਸ਼ਨ ਵਿਚ ਤੁਹਾਡੀ ਇੱਕ ਲਿਖਤ ਪੜੀ। (ਸਿੱਖ ਟਾਈਮਜ ਵਾਲਿਆਂ ਨੇ ਆਪਣੇ ਅੰਗਰੇਜੀ ਸੈਕਸ਼ਨ ਵਿਚ ਮੇਰੀ ਲਿਖਤ ਛਾਪੀ ਸੀ)। ਉਸ ਵਿਚ ਤੁਸੀਂ ਆਪਣੇ ਪਿੰਡ ਦਾ ਨਾਂ ਕੋਟ ਫੱਤਾ ਲਿਖਿਆ ਹੋਇਆ ਸੀ। ਬੱਸ ਫੇਰ ਮੈਂ ਨੈਟ 'ਤੇ ਤੁਹਾਡੇ ਬਾਰੇ ਸਾਰੀ ਜਾਣਕਾਰੀ ਲੱਭੀ। ਮੇਰਾ ਵੀ ਪਿੰਡ ਕੋਟ ਫੱਤਾ ਹੈ। ਮੈਂ ਦਸ ਕੁ ਸਾਲ ਦਾ ਸਾਂ ਜਦੋਂ ਅਸੀਂ ਵੰਡ ਵੇਲੇ ਪਾਕਿਸਤਾਨ ਚਲੇ ਗਏ। ਉਥੋਂ 1960 ਵਿਚ ਮੈਂ ਇੰਗਲੈਂਡ ਆ ਗਿਆ। ਇਥੇ ਸਵਿੱਟਜਰਲੈਂਡ ਦੀ ਗੋਰੀ ਨਾਲ ਸ਼ਾਦੀਸ਼ੁਦਾ ਹਾਂ। ਮੈਂ ਵੀ ਸਵਿੱਸ ਕੰਪਨੀ ਦਾ ਰਿਟਾਇਰਡ ਅਟੌਰਨੀ ਹਾਂ। ਮੇਰੀ ਦਾਦੀ ਦਾ ਨਾਂ ਰਾਧੀ ਸੀ। ਮੇਰੇ ਚਾਚੇ ਦਾ ਨਾਂ ਕਰੀਮ ਸ਼ੇਖ ਸੀ। ਮੈਂ ਜਿਸ ਮਦਰੱਸੇ ਵਿਚ ਪੜ੍ਹਦਾ ਸੀ, ਕੀ ਉਹ ਹੈਗਾ? ਉਸ ਦੇ ਕੋਲ ਇੱਕ ਖੂਹ ਹੁੰਦਾ ਸੀ ਉਹ ਕਿਵੇਂ ਹੈ? ਇਕ ਮੁੰਡਾ ਮੇਰਾ ਜਮਾਤੀ ਸੀ, ਉਸ ਦਾ ਨਾਂ ਚੂਹਾ ਸੀ। ਕੀ ਉਹ ਜਿੰਦਾ ਹੈ? ਤੁਸੀਂ ਮੈਨੂੰ ਧਰੂ ਤਾਰੇ ਵਾਂਗ ਲੱਭੇ ਹੋ। ਮੇਰੀ ਮੇਲ ਦਾ ਜਵਾਬ ਜਰੂਰ ਦੇਣਾ।" ਇਹ ਮੇਲ ਪੜ੍ਹ ਕੇ ਮੇਰਾ ਜਜਬਾਤੀ ਹੋਣਾਂ ਕੁਦਰਤੀ ਸੀ। ਮੈਂ 'ਬਾਰਡਰ' ਫਿਲਮ ਵਿਚਲੇ ਮਿੱਗ ਦੇ ਪਾਇਲਟ ਵਾਂਗ ਛੇਤੀ-ਛੇਤੀ ਦਿਨ ਚੜ੍ਹਨ ਦੀ ਉਡੀਕ ਕਰਨ ਲੱਗਾ। ਦੂਜੀ ਵਾਰ ਦੀ ਚਾਹ ਪੀਂਦਿਆਂ ਹੀ ਮੈਂ ਸ਼ਰੀਕੇ 'ਚੋਂ ਭਰਾ ਲੱਗਦੇ ਇੱਕ ਲੀਡਰ ਕਿਸਮ ਦੇ ਬਚਪਨ ਦੇ ਦੋਸਤ ਹਰਿੰਦਰ ਨੂੰ ਫੋਨ 'ਤੇ ਸਾਰੀ ਗੱਲ ਦੱਸ ਕੇ ਜਾਣਕਾਰੀ ਮੰਗੀ। ਉਹ ਸ਼ਾਮ ਤੱਕ ਉਡੀਕਣ ਲਈ ਕਹਿ ਕੇ ਵੱਢਾ-ਟੁੱਕੀ ਵਾਲਾ ਸਾਲ ਫਰੋਲਣ ਲੱਗ ਪਿਆ। ਸ਼ਾਮ ਨੂੰ ਉਸ ਦੱਸਿਆ, "ਲੈ ਬਾਈ! ਤੇਰਾ ਨਾਜਰ ਸ਼ੇਖ ਲੱਭ ਲਿਆ। ਉਸ ਨੂੰ ਦੱਸ ਦੇ, ਮਦਰੱਸਾ ਹੁਣ ਮੰਡੀ ਵਾਲੇ ਪਲੱਸ ਟੂ ਸਕੂਲ ਦਾ ਪ੍ਰਾਇਮਰੀ ਸਕੂਲ ਹੈ। ਖੂਹ ਵਿਚ ਇੱਕ ਦੋ ਬੰਦੇ ਡਿੱਗਣ ਕਰਕੇ ਲੈਂਟਰ ਪਾ ਕੇ ਬੰਦ ਕਰ ਦਿੱਤਾ ਸੀ। ਅਪਣੇ ਘਰਾਂ ਦੇ ਦੋ ਬਜੁਰਗ ਤੇ ਕੁਲਦੀਪ ਰਾਮ ਪੰਡਤ 95 ਸਾਲਾਂ ਦੇ ਹਨ ਜੋ ਇਨ੍ਹਾਂ ਸਾਰਿਆਂ ਨੂੰ ਜਾਣਦੇ ਹਨ। ਇਹਦਾ ਘਰ ਸ਼ੇਖਾਂ ਵਾਲੀ ਗਲੀ 'ਚ ਸੀ। ਕੁਲਦੀਪ ਰਾਮ ਪੰਡਤ ਨੇ ਦੱਸਿਆ ਕਿ ਇਹਦੀ ਦਾਦੀ ਆਪਣੇ ਪਿੰਡ ਦੀ ਸਭ ਤੋਂ ਸੋਹਣੀ ਤੀਵੀਂ ਸੀ। ਇਹਦਾ ਚਾਚਾ ਕਰੀਮ ਸ਼ੇਖ ਆਪਣੇ ਬੁੜ੍ਹਿਆਂ ਨਾਲ ਸ਼ਿਕਾਰ ਖੇਡਦਾ ਰਿਹਾ। ਤੇਰੇ ਬਾਬੇ ਦਾ ਆੜੀ ਸੀ। ਮੈਂ ਪਹਿਲਾਂ ਵੀ ਕਈ ਵਾਰੀ ਕਰੀਮ ਸ਼ੇਖ ਦਾ ਨਾਂ ਸੁਣਿਆ ਹੋਇਆ।"

**ਬੀ ਐਸ ਢਿੱਲੋਂ ਐਡਵੋਕੇਟ**
**ਫੋਨ: 91-99880-91463**
**ਈ ਮੇਲ :** dhillonak@yahoo. com

ਅਗਲੇ ਦਿਨ ਮੈਂ ਨਾਜਰ ਸ਼ੇਖ ਨੂੰ ਮੇਲ ਕਰਕੇ ਇਹ ਜਾਣਕਾਰੀ ਦਿੱਤੀ ਅਤੇ ਨਾਲ ਹੀ ਪਿੰਡ ਦੇ ਦੋ ਤਿੰਨ ਫੋਨ ਨੰਬਰ ਦੇ ਕੇ ਸਿੱਧੀ ਗੱਲਬਾਤ ਕਰਨ ਲਈ ਕਿਹਾ। ਇੰਜ ਸ਼ੇਖ ਦਾ 64 ਸਾਲ ਤੋਂ ਪਿੰਡ ਨਾਲੋਂ ਟੁੱਟਿਆ ਸੰਪਰਕ ਬਹਾਲ ਹੋ ਗਿਆ।

ਉਨ੍ਹਾਂ ਸ਼ੇਖ ਨੂੰ ਪਿੰਡ ਆਉਣ ਲਈ ਕਿਹਾ। ਫਿਰ ਇੱਕ ਦਿਨ ਮੈਨੂੰ ਸ਼ੇਖ ਨੇ ਫੋਨ 'ਤੇ ਦੱਸਿਆ ਕਿ ਉਹ ਭਾਰਤੀ ਅੰਬੈਸੀ ਗਿਆ ਸੀ, ਪਰ ਉਹ ਕਹਿੰਦੇ ਕਿਸੇ ਤੋਂ ਸੱਦਾ ਪੱਤਰ ਦੀ ਲੋੜ ਹੈ। ਸਾਡਾ ਪਿੰਡ ਦਿੱਲੀ ਰੇਲਵੇ ਲਾਈਨ 'ਤੇ ਬਠਿੰਡੇ ਤੋਂ ਦੂਸਰਾ ਸਟੇਸ਼ਨ ਹੈ। ਸਾਡੇ ਪਿੰਡ ਅੰਗਰੇਜਾਂ ਵੇਲੇ ਦਾ ਸਕੂਲ, ਡਾਕਖਾਨਾ, ਠਾਣਾ ਅਤੇ 1939 ਦੀ ਮਿਉਂਸੀਪਲ ਕਮੇਟੀ ਹੈ। ਪਿਛੋਕੜ ਬਾਦਲਾਂ ਨਾਲ ਜੁੜਦਾ ਹੋਣ ਕਾਰਨ ਉਨ੍ਹਾਂ ਵਰਗਾ ਹੀ ਸਿਆਸੀ ਟੇਸਟ ਹੈ। ਬਾਦਲਾਂ ਦੀ ਤਰ੍ਹਾਂ ਅਸੀਂ ਵੀ ਵੱਸ ਲੱਗਦੀ ਕਦੀ ਕਿਸੇ ਹੋਰ ਨੂੰ ਮਿਉਂਸੀਪਲ ਕਮੇਟੀ ਦੇ ਨੇੜੇ ਨਹੀਂ ਲੱਗਣ ਦਿੱਤਾ। ਹੁਣ ਸ਼ਰੀਕੇ 'ਚੋਂ ਲੱਗਦਾ ਮੇਰਾ ਚਾਚਾ ਤੀਜੀ ਵਾਰੀ ਕਮੇਟੀ ਦਾ ਪ੍ਰਧਾਨ ਬਣਿਆ ਹੋਇਆ ਸੀ। ਮੈਂ ਉਸ ਨੂੰ ਫੋਨ 'ਤੇ ਪਿੰਡ ਵੱਲੋਂ ਇੱਕ ਰਸਮੀਂ ਜਿਹੀ ਚਿੱਠੀ ਭੇਜਣ ਲਈ ਕਿਹਾ। ਉਹ ਪੰਜਾਬੀ ਅਖਬਾਰਾਂ ਪੜ੍ਹਨ ਜਿੰਨਾ ਕੁ ਪੜ੍ਹਿਆ ਹੈ। ਮੈਨੂੰ ਕਹਿਣ ਲੱਗਾ,"ਵਕੀਲ ਸਾਬ! ਇਹ ਵੀਜੇ ਵੂਜੇ ਲਵਾਉਣ ਦਾ ਕੰਮ ਤਾਂ ਅਜੰਟ ਜੇ ਕਰਦੇ ਹੁੰਦੇ ਨੇ। ਆਪਣਾ ਨੀ ਕਿਸੇ ਨੇ ਲਾਉਣਾ। ਮੈਥੋਂ ਤਾਂ ਜਿੱਥੇ ਮਰਜੀ ਦਸਕਤ ਕਰਾ ਲਾ। ਜੇ ਕਹੇਂ ਤਾਂ ਮਤਾ ਪਾ ਦਿਆਂਗੇ ਕਿ ਉਹ ਸਾਡੇ ਪਿੰਡ ਦਾ ਬੰਦਾ ਹੈ। ਨਹੀਂ ਭਤੀਜ! ਤੂੰ ਆਪੇ ਹੀ ਲਿਖ ਲੁਖ ਕੇ ਮੇਰੇ ਦਸਤਕਾਂ ਦੀ ਘੁੱਗੀ ਮਾਰ ਲਈਂ। ਜੇ ਕੋਈ ਪੁੱਛੂ ਤਾਂ ਮੈ ਕਹਿ ਦੂੰ ਕਿ ਮੇਰੇ ਹੀ ਦਸਤਕ ਆ। ਉਹਨੇ ਸੰਸਦ ਵਾਂਗ ਮਤਾ ਪਾਸ ਹੁੰਦੀ ਦੇਰੀ ਵੇਖ ਕੇ ਆਰਡੀਨੈਂਸ ਦਾ ਰਾਹ ਚੁਣ ਲਿਆ।" ਪ੍ਰਧਾਨ ਚਾਚੇ ਵੱਲੋਂ ਇੰਜ ਫੋਨ 'ਤੇ ਹੀ ਪਾਵਰਾਂ ਡੈਲੀਗੇਟ ਹੋਣ 'ਤੇ ਮੈਂ ਆਪਣੀ ਲੈਟਰ ਪੈਡ 'ਤੇ ਆਪਣੇ ਵੱਲੋਂ ਤੇ ਸਾਰੇ ਪਿੰਡ ਵੱਲੋਂ ਸ਼ੇਖ ਨੂੰ ਪੁਰਾਣਾ ਪਿੰਡ ਵੇਖਣ ਦਾ ਸੱਦਾ ਪੱਤਰ ਲਿਖ ਕੇ ਭੇਜ ਦਿੱਤਾ। ਇੱਕ ਕਾਪੀ ਲੰਡਨ ਹਾਈ ਕਮਿਸ਼ਨ ਨੂੰ ਮੇਲ ਕਰ ਦਿੱਤੀ। ਪੁਲਿਸ ਵੈਰੀਫਿਕੇਸ਼ਨ ਲਈ ਪੁਲਿਸ ਮਹਿਕਮੇਂ ਦੇ ਦੋਸਤ-ਮਿੱਤਰਾਂ ਨੂੰ ਕਿਹਾ। ਇੰਜ ਹੱਥੋ-ਹੱਥੀ ਸਾਰੀ ਦਫਤਰੀ ਕਾਗਜੀ ਕਾਰਵਾਈ ਮੁਕੰਮਲ ਕਰਕੇ ਭੇਜ ਦਿੱਤੀ। 15 ਕੁ ਦਿਨ ਵਿਚ ਹੀ ਸ਼ੇਖ ਆਪਣੇ ਅੱਧੇ ਗੋਰੇ ਬੇਟੇ ਸਮੇਤ ਦਿੱਲੀ ਆ ਉਤਰਿਆ। ਸ਼ਤਾਬਦੀ ਰਾਹੀਂ ਬਠਿੰਡੇ ਪਹੁੰਚਿਆਂ ਨੂੰ ਸਾਡੇ ਬੰਦੇ ਕਾਰ ਤੇ ਪਿੰਡ ਲੈ ਆਏ। ਚੁਬਾਰੇ ਵਿਚ ਮਹਿਮਾਨਾਂ ਨੂੰ ਠਹਿਰਾ ਦਿੱਤਾ ਗਿਆ। ਠੀਕ ਉਨ੍ਹਾਂ ਦਿਨਾਂ 'ਚ ਹੀ ਸਾਡੇ ਸ਼ਰੀਕੇ 'ਚੋਂ, ਮੇਰੇ ਬਚਪਨ ਦੇ ਦੋਸਤ ਤੇ ਜਮਾਤੀ ਰਹੇ ਜਥੇਦਾਰ ਦੇ ਮੁੰਡੇ ਦਾ ਵਿਆਹ ਸੀ। ਉਸ ਨੇ ਲੇਡੀ ਸੰਗੀਤ ਤੋਂ ਲੈ ਕੇ ਰਿਸੈਪਸ਼ਨ ਤੱਕ ਮੈਨੂੰ ਸਾਰੇ ਫੰਕਸ਼ਨਾਂ ਲਈ ਕਾਰਡ ਭੇਜਿਆ ਸੀ। ਉਧਰ ਕਲੱਬ ਵਾਲੇ ਮੁੰਡਿਆਂ ਵੱਲੋਂ ਕਬੱਡੀ ਦਾ ਟੂਰਨਾਮੈਂਟ ਵੀ ਕਰਵਾਇਆ ਜਾ ਰਿਹਾ ਸੀ। 'ਸੱਦੀ ਹੋਈ ਮਿੱਤਰਾਂ ਦੀ ਪੈਰ ਜੁੱਤੀ ਨਾ ਪਾਵਾਂ' ਵਾਂਗ ਮੈਂ ਹਫਤੇ ਦਾ ਪ੍ਰੋਗਰਾਮ ਬਣਾ ਕੇ ਪਿੰਡ ਪਹੁੰਚ ਗਿਆ। ਵਿਆਹਾਂ ਦੀ ਰੁੱਤ ਸੀ। ਸ਼ੇਖ ਹੋਰੀਂ ਤੁਰ ਫਿਰ ਕੇ ਪਿੰਡ ਵੇਖਣ ਲੱਗੇ। ਸ਼ੇਖਾਂ ਵਾਲੀ ਗਲੀ 'ਚ ਅੱਖਾਂ ਮੀਟ ਕੇ ਗਵਾਚਿਆ ਵਕਤ ਯਾਦ ਕਰਦਿਆਂ ਭਾਵੁਕ ਹੋ ਗਏ। ਵੱਢਾ-ਟੁੱਕੀ ਵੇਲੇ ਪਿੰਡ ਤੇ ਲੁਟੇਰੇ ਬਦਮਾਸ਼ਾਂ ਨੇ ਹੱਲਾ ਕਰ ਦਿੱਤਾ ਸੀ। ਸ਼ੇਖ ਦੀਆਂ ਦੋ ਬਹੁਤ ਸੋਹਣੀਆਂ ਭੂਆ ਨੂੰ ਗਵਾਂਢੀ ਪਿੰਡ ਦੇ ਜੱਟ ਚੁੱਕ ਕੇ ਲੈ ਗਏ ਸਨ। ਇੱਕ ਭੂਆ ਅਜੇ ਜਿੰਦਾ ਹੈ। ਉਹ ਆਪਣੇ ਦੋ ਪੁਤਰਾਂ ਸਮੇਤ ਮਿਲਣ ਆਈ। ਅੱਸੀ ਸਾਲਾ ਬੁੱਢੀ ਨੇ ਸ਼ੇਖ ਨੂੰ ਜੱਫੀ ਪਾ ਕੇ ਕਿਹਾ, "ਤੂੰ ਮੇਰਾ ਆਪਣਾ ਖੂਨ ਹੈਂ। ਮੇਰੇ ਭਰਾ ਦੀ ਨਿਸ਼ਾਨੀ। ਇਹ ਦੋਨੋ ਮੇਰੇ ਨਹੀਂ ਹਨ।"



ਮਾਈ ਦੇ ਇੱਦਾਂ ਕਹਿਣ ਨਾਲ ਮੈਂ ਪੈਰਾਂ ਤੱਕ ਹਿੱਲ ਗਿਆ ਕਿ ਖੂਨ ਤੇ ਧਰਮ ਕਿੰਨਾ ਗਹਿਰਾ ਅਸਰ ਰੱਖਦੇ ਨੇ। ਉਹ ਅੱਜ ਵੀ ਆਪਣੇ ਪੇਕੇ ਘਰ 'ਚ ਜੀਅ ਰਹੀ ਸੀ। ਜਬਰੀ ਬਣੇ ਸਹੁਰੇ ਘਰ ਨੂੰ ਸਾਰੀ ਉਮਰ ਉਸ ਆਪਣਾ ਨਹੀਂ ਮੰਨਿਆ। ਸ਼ੇਖ ਦੀ ਇੱਕ ਚਾਚੀ ਸਾਡੇ ਹੀ ਪਿੰਡ ਦੇ ਬੰਦੇ ਨੇ ਰੱਖ ਲਈ ਸੀ। ਕੁੱਝ ਸਾਲ ਪਹਿਲਾਂ ਉਹ ਮਰ ਚੁੱਕੀ ਸੀ। ਉਹਦਾ ਮੁੰਡਾ ਮਿਲਣ ਆਇਆ। ਖੁਸ਼ ਹੋ ਕੇ ਕਹਿਣ ਲੱਗਾ, "ਅੱਜ ਭਾਗਾਂ ਵਾਲਾ ਦਿਨ ਹੈ। ਭਰਾ ਮਿਲਿਆ ਹੈ।"

ਪਿੰਡ ਦੇ ਪੁਰਾਣੇ ਲੋਕਾਂ ਨੂੰ ਮਿਲ ਕੇ ਸ਼ੇਖ ਜਾਣਕਾਰੀ ਲੈਂਦਾ ਰਿਹਾ। ਮੁੰਡੇ ਨੂੰ ਕੋਈ ਦਿਲਚਸਪੀ ਨਹੀਂ ਸੀ। ਉਹ ਆਪਣੇ ਹਾਣੀਆਂ ਨਾਲ ਇੰਟਰਨੈਟ ਦੀ ਇੱਕੀਵੀਂ ਸਦੀ ਦੀਆਂ ਗੱਲਾਂ ਕਰਕੇ ਖੁਸ਼ ਸੀ। ਉਹ ਪੰਜਾਬੀ ਨਹੀਂ ਸਮਝਦਾ ਸੀ। ਆਪਣੇ ਹਾਣੀ ਮੁੰਡਿਆਂ ਨਾਲ ਅੰਗਰੇਜੀ ਵਿਚ ਗਿੱਟ-ਮਿੱਟ ਕਰਦਾ ਰਹਿੰਦਾ।

ਸਾਡੇ ਘਰਾਂ ਦੇ ਸਭ ਤੋਂ ਵਡੇਰੇ ਬਜੁਰਗ ਨੇ ਦੱਸਿਆ, "ਸ਼ੇਖ ਸਾਬ ਤੁਹਾਡਾ ਚਾਚਾ ਕਰੀਮ ਸ਼ੇਖ ਸਾਡੇ ਪਿੰਡ ਦਾ ਉਘਾ ਸ਼ਿਕਾਰੀ ਸੀ। ਓਦੋਂ ਜਮੀਨਾਂ ਬਰਾਨੀ ਸਨ ਤੇ ਪਿੰਡ ਦੇ ਪਾਸੀਂ ਸੰਘਣੀ ਝਿੜੀ ਹੁੰਦੀ ਸੀ। ਹਿਰਨ ਚੁਗਦੇ-ਚੁਗਦੇ ਪਿੰਡ ਦੀ ਜੂਹ 'ਚ ਆ ਜਾਂਦੇ। ਅਸੀਂ ਸ਼ਿਕਾਰ ਖੇਡਦੇ ਹੁੰਦੇ। ਬਾਪੂ ਜੀ ਦੱਸਿਆ ਕਰਦੇ ਸੀ ਕਿ ਕਰੀਮ ਇਕੱਲਾ ਬੰਦਾ ਸੀ ਜਿਹੜਾ ਦੋਨਾਲੀ ਨਾਲ ਮਿਰਗਾਂ ਦੀ ਦੌੜਦੀ ਡਾਰ 'ਤੇ ਤਿੰਨ ਵਾਰੀ ਫਾਇਰ ਕਰ ਲੈਂਦਾ ਸੀ। ਬੜਾ ਤੇਜ ਸ਼ਿਕਾਰੀ ਸੀ। ਬਹਿ ਜੇ ਬੇੜਾ ਲੀਡਰਾਂ ਦਾ। ਗਰੀਬ ਲੋਕ ਮਰਵਾਤੇ।"

ਅਸੀਂ ਜਦੋਂ ਵੀ ਨਾਜਰ ਨੂੰ ਦਾਰੂ ਪੀਣ ਲਈ ਕਹਿੰਦੇ। ਉਹ ਕਹਿੰਦਾ, "ਓ ਭਰਾਉ ਮੈਂ ਮੁਸਲਮਾਨ ਹਾਂ। ਕਿਉਂ ਮੇਰਾ ਇਮਾਨ ਗਵਾਉਂਦੇ ਹੋ?" ਅਖੀਰ ਮੇਰੇ ਬਾਪ ਦੀ ਉਮਰ ਦੇ, ਹੁਣ ਯਾਰ ਬਣੇ ਸ਼ੇਖ ਨੂੰ ਮੈ ਕਿਹਾ, "ਸ਼ੇਖ ਸਾਬ! ਪੰਜਾਹ ਸਾਲ ਤੋਂ ਇੰਗਲੈਂਡ ਰਹਿ ਰਹੇ ਹੋ। ਮੇਮ ਨਾਲ ਵਿਆਹੇ ਹੋ। ਮਸ਼ਹੂਰ ਅਟਾਰਨੀ ਹੋ। ਬਥੇਰੀਆਂ ਕੰਧਾਂ ਟੱਪੀਆਂ ਹੋਣਗੀਆਂ। ਅਜੇ ਵੀ ਇਮਾਨ ਬੋਝੇ ਪਾਈ ਫਿਰਦੇ ਹੋ? ਹੋ ਨਹੀਂ ਸਕਦਾ ਤੁਸੀਂ ਦਾਰੂ ਨਾ ਪੀਂਦੇ ਹੋਵੋ।" ਨਾਜਰ ਮੰਨ ਗਿਆ। ਕਹਿੰਦਾ, "ਕਈ ਸਾਲ ਹੋ ਗਏ, ਮੈਂ ਵਿੱਸਕੀ ਪੀਣੀ ਛੱਡ ਦਿੱਤੀ ਸੀ। ਹੁਣ ਰੈਡ ਵਾਈਨ ਪੀ ਲੈਂਦਾ ਹਾਂ।" ਅਸੀਂ ਗੱਡੀ ਭੇਜ ਕੇ ਦੋ ਬੋਤਲਾਂ ਬਠਿੰਡੇ ਤੋਂ ਰੈਡ ਵਾਈਨ ਮੰਗਵਾ ਲਈਆਂ। ਰਾਤ ਦੀ ਮਹਿਫਲ 'ਚ ਜਦੋਂ ਅੱਖਾਂ 'ਚ ਗੁਲਾਬੀ ਭਾਅ ਤੈਰਨ ਲੱਗੀ ਤਾਂ ਸ਼ੇਖ ਨੇ ਸਾਡੇ ਸਾਰੇ ਬੰਦਿਆਂ ਨੂੰ ਨਿਉਂਦਾ ਦਿੱਤਾ, "ਮੈਂ ਤੇ ਮੇਰੀ ਪਤਨੀ ਦੋਨੋਂ ਰਿਟਾਇਰ ਹਾਂ। ਬੇਟੀ-ਬੇਟਾ ਦੋਨੋਂ ਵਿਆਹੇ ਵਰੇ ਅਲੱਗ ਰਹਿੰਦੇ ਹਨ। ਬੇਟੀ ਬ੍ਰਿਟਿਸ਼ ਏਅਰਵੇਜ 'ਚ ਹੈ ਤੇ ਮੁੰਡਾ ਅਟਾਰਨੀ ਹੈ। ਅੱਲ੍ਹਾ ਦੀ ਬੜੀ ਮਿਹਰ ਹੈ। ਚਾਰ ਬੈਡਰੂਮ ਦਾ ਘਰ ਖਾਲੀ ਹੈ। ਤੁਸੀਂ ਜਦੋਂ ਵੀ ਕਦੀ ਇੰਗਲੈਂਡ ਆਓ ਮੇਰੇ ਕੋਲ ਰਹਿਣਾ। ਮਹੀਨਾ ਦੋ ਮਹੀਨੇ ਜਿੰਨਾ ਚਿਰ ਮਨ ਕਰੇ ਰਹਿਣਾ। ਮਰਸਡੀਜ਼ ਤੇ ਸਾਰੇ ਘੁੰਮਾਵਾਂਗਾ।"

ਸ਼ੇਖ ਘੁੰਮਦਾ ਬਹੁਤ ਹੈ। ਕਦੀ ਸਕਾਟਲੈਂਡ, ਕਦੀ, ਪੈਰਿਸ, ਕਦੀ ਅਮਰੀਕਾ ਆਪਣੀ ਮੇਮ ਨਾਲ ਸੈਰਾਂ ਕਰ ਰਿਹਾ ਹੁੰਦੈ। ਉਹਦੀ ਭੈਣ ਦਾ ਪਰਿਵਾਰ ਅਮਰੀਕਾ ਤੇ ਸਹੁਰਾ ਘਰ ਸਵਿਟਜਰਲੈਂਡ ਹੈ। ਉਹਦੇ ਨਾਲ ਕਦੀ ਮੈਂ ਵੀ ਸਵਿਸ ਬੈਂਕ ਦੇਖ ਲਵਾਂਗਾ। ਆਖਰ ਉਥੇ ਕਿਹੋ ਜਿਹੀ ਜਾਦੂਗਿਰੀ ਹੈ ਕਿ ਗੱਪਾਂ ਦੇ ਸਹਾਰੇ ਸਰਕਾਰਾਂ ਪਲਟ ਜਾਂਦੀਆਂ ਹਨ।

ਲੇਡੀਜ ਸੰਗੀਤ 'ਤੇ ਤਖਤ ਸ੍ਰੀ ਦਮਦਮਾਂ ਸਾਹਿਬ ਦੇ ਜਥੇਦਾਰ ਨੰਦਗੜ੍ਹ ਵੀ ਆਏ ਸਨ। ਉਨ੍ਹਾਂ ਨਾਜਰ ਦਾ ਇਹ ਪੁਰਾਣਾ ਪਿੰਡ ਸੁਣਦਿਆਂ, ਸ਼ੇਖ ਨੂੰ ਤਖਤ ਦਮਦਮਾਂ ਸਾਹਿਬ ਵੱਲੋਂ ਸਿਰੋਪਾ ਦਿੱਤਾ। ਜੈਕਾਰਾ ਬੁਲਾਉਣ ਪਿੱਛੋਂ ਗਲ ਪਾਏ ਸਿਰੋਪੇ ਵੱਲ ਵੇਖਦਿਆਂ ਸ਼ੇਖ ਹੱਸ ਕੇ ਕਹਿਣ ਲੱਗਾ, "ਵੰਡ ਵੇਲੇ ਤਾਂ ਮੈਂ ਬਚ ਕੇ ਨਿੱਕਲ ਗਿਆ ਸਾਂ ਪਰ ਲੱਗਦਾ ਹੁਣ ਤੁਸੀਂ ਮੈਨੂੰ ਸਿੱਖ ਬਣਾ ਦੇਣੈ।" ਵੰਡ ਤੋਂ ਬਹੁਤ ਪਿੱਛੋਂ ਜੰਮੇ ਹੋਏ, ਮੈਨੂੰ ਉਹਦੇ ਇਸ ਮਜਾਕ ਵਿਚੋਂ ਹੱਲੇ-ਗੁੱਲੇ ਵੇਲੇ ਮੱਚ ਰਿਹਾ ਚੀਖ ਚਿਹਾੜਾ ਸੁਣਿਆ।

ਨਾਜਰ ਆਪਣੀ ਸਕੂਲ ਵੇਲੇ ਦੀ ਜਨਮ ਮਿਤੀ ਵੇਖਣੀ ਚਾਹੁੰਦਾ ਸੀ। ਮੈਂ ਵਿਆਹ ਆਏ ਸਾਡੇ ਪੁਰਾਣੇ ਦੋਸਤ ਸਾਬਕਾ ਵਿਧਾਇਕ ਮੱਖਣ ਸਿੰਘ ਨੂੰ ਦੱਸਿਆ। ਉਹ ਸ਼ੇਖ ਨੂੰ ਆਪਣੀ ਇਨੋਵਾ ਗੱਡੀ 'ਚ ਸਾਰਾ ਦਿਨ ਬਠਿੰਡੇ ਜਿਲ੍ਹਾ ਪ੍ਰੀਸ਼ਦ, ਰਿਕਾਰਡ ਰੂਮ ਤੇ ਡੀ ਸੀ ਦਫਤਰਾਂ 'ਚ ਘੁੰਮਦਾ ਰਿਹਾ। ਉਸ ਸਾਲ ਦਾ ਰਜਿਸਟਰ ਲੱਭ ਨਹੀਂ ਸੀ ਰਿਹਾ ਪਰ ਸ਼ੇਖ ਆਪਣੇ ਜਨਮ ਅਤੇ ਮਦਰੱਸੇ ਦੇ ਦਾਖਲੇ ਦੀ ਫੋਟੋ ਕਾਪੀ ਲਿਜਾਣੀ ਚਾਹੁੰਦਾ ਸੀ।

ਰਿਸੈਪਸ਼ਨ ਵਾਲੇ ਦਿਨ ਅਸੀਂ ਸਾਰੇ ਮਹਿਮਾਨਾਂ ਨੂੰ ਮਿਲ ਰਹੇ ਸੀ ਤਾਂ ਇੱਕ ਥਾਂ ਸਾਬਕਾ ਐਮ ਪੀ ਜਗਮੀਤ ਸਿੰਘ ਬਰਾੜ ਨੂੰ ਮਿਲਦਿਆਂ ਸ਼ੇਖ ਨੇ ਮੇਰੀ ਲਿਖਤ 'ਚੋਂ ਪਿੰਡ ਦਾ ਨਾਂ ਪੜ੍ਹ ਕੇ ਵੀਜੇ ਵਾਲੀ ਸਾਰੀ ਕਹਾਣੀ ਸੁਣਾਈ। ਬਰਾੜ ਸਾਬ ਮੇਰੇ ਲੇਖ ਪੜ੍ਹਦੇ ਰਹਿੰਦੇ ਹਨ। ਹੱਸਦਿਆਂ ਜਗਮੀਤ ਬਰਾੜ ਨੇ ਕਿਹਾ, "ਸ਼ੇਖ ਸਾਹਿਬ! ਦੇਖੀ ਸਾਡੀ ਕਲਮ ਦੀ ਤਾਕਤ? ਤੁਹਾਨੂੰ ਸੱਤ ਸਮੁੰਦਰੋਂ ਪਾਰ ਤੋਂ ਆਪਣੇ ਪਿੰਡ ਲੈ ਆਈ।" ਮੈਂ ਕਿਹਾ, "ਕਹਿ ਨਹੀਂ ਸਕਦੇ ਕਿ ਇਹ ਕਲਮ ਦੀ ਤਾਕਤ ਹੈ ਜਾਂ ਇੰਟਰਨੈਟ ਦਾ ਕਮਾਲ। ਜੇ ਨੈਟ ਨਾ ਹੁੰਦਾ ਤਾਂ ਮੇਰੇ ਲੇਖ ਕਦੋਂ ਵਿਦੇਸ਼ਾਂ ਵਿਚ ਛਪਣੇ ਸਨ ਤੇ ਕਦੋਂ ਸ਼ੇਖ ਤੱਕ ਪਹੁੰਚਣੇ ਸਨ? ਨਾ ਹੀ ਮੇਰੇ ਬਾਰੇ ਜਾਣਕਾਰੀ ਗੂਗਲ 'ਤੇ ਹੋਣੀ ਸੀ। ਇਹ ਇੰਟਰਨੈਟ ਦਾ ਹੀ ਕਮਾਲ ਹੈ, ਜਿਸ ਨੇ ਸਾਰੇ ਵਿਸ਼ਵ ਨੂੰ ਪਿੰਡ ਬਣਾ ਦਿੱਤਾ ਹੈ।" ਲੰਮਾ-ਲੰਝਾ ਭਲਵਾਨੀ ਜੁੱਸੇ ਵਾਲਾ ਸ਼ੇਖ ਗੋਡਿਆਂ ਤਕ ਲੰਮੀਂ ਕਮੀਜ ਤੇ ਸਲਵਾਰ ਪਾਈ ਖੜ੍ਹਾ ਪਿੰਡ ਦਾ ਪ੍ਰਧਾਨ (ਸਰਪੰਚ) ਲੱਗ ਰਿਹਾ ਸੀ। 1947 ਹੁਣ ਬਹੁਤ ਪਿਛਾਂਹ ਰਹਿ ਗਿਆ ਸੀ।

# ਬਰਫ ਦਾ ਦਾਨਵ

*(ਪਿਛਲੇ ਸਫੇ ਦੀ ਬਾਕੀ)*

ਇਨ੍ਹਾਂ ਤੋਂ ਪਹਿਲਾਂ ਵੀ ਬਰਫ ਹੇਠ ਬਹੁਤ ਜਣੇ ਸਨ। ਕੁਝ ਚਿਰ ਨੂੰ ਇਨ੍ਹਾਂ ਉਤੇ ਵੀ ਬਰਫ ਦੀ ਮੋਟੀ ਪਰਤ ਜੰਮ ਜਾਵੇਗੀ। ਉਹ ਬਰਫ਼ ਦਾ ਹਿੱਸਾ ਹੋ ਜਾਣਗੇ। ਇਨ੍ਹਾਂ ਤੋਂ ਪਿਛੋਂ ਵੀ ਪਤਾ ਨਹੀਂ ਹੋਰ ਕੌਣ-ਕੌਣ ਆਉਣਗੇ। ਲਾਸ਼ਾਂ ਬਰਫ਼ ਦੀ ਰਜਾਈ ਤਾਣ ਕੇ ਹਮੇਸ਼ਾ ਲਈ ਪਈਆਂ ਰਹਿ ਜਾਣਗੀਆਂ।

ਉਹ ਉਨ੍ਹਾਂ ਨੂੰ ਏਡੀ ਛੇਤੀ ਨਹੀਂ ਮਰਨ ਦੇਵੇਗਾ।

ਉਹ ਨੇੜਲੀ ਲਾਸ਼ ਕੋਲ ਚਲਿਆ ਗਿਆ। ਬੈਠ ਕੇ ਉਸ ਲਾਸ਼ ਦੇ ਚਿਹਰੇ ਤੋਂ ਬਰਫ਼ ਸਾਫ਼ ਕੀਤੀ ਅਤੇ ਉਹਦੇ ਚਿਹਰੇ ਵੱਲ ਝੁਕ ਗਿਆ, ਜਿਵੇਂ ਕੋਈ ਗੱਲ ਕਹਿ ਰਿਹਾ ਹੋਵੇ। ਅਗਲੇ ਪਲ ਉਹ ਉਠ ਖਲੋਤਾ ਅਤੇ ਰਾਈਫਲ ਚੁੱਕ ਕੇ ਮੋਏ ਸੈਨਿਕ ਦੇ ਸਿਰਹਾਣੇ ਵਾਲੇ ਪਾਸੇ ਪੁੱਠੀ ਗੱਡ ਦਿੱਤੀ।

ਆਖਰੀ ਸਲੂਟ ਦੇਣ ਤੋਂ ਪਹਿਲਾਂ ਸੂਬੇਦਾਰ ਪੂਰਨ ਸਿੰਘ ਨੇ ਉਸ ਸੈਨਿਕ ਦੀ ਆਤਮਾ ਦੀ ਸ਼ਾਂਤੀ ਲਈ ਪ੍ਰਾਰਥਨਾ ਕਰਨੀ ਚਾਹੀ ਤਾਂ ਉਹਨੂੰ ਸੈਨਿਕ ਦਾ ਨਾਂ ਹੀ ਯਾਦ ਨਾ ਆਇਆ।

"ਖੈਰ! ਉਸ ਦਾ ਜੋ ਵੀ ਨੰਬਰ ਸੀ, ਨਾਂ ਸੀ, ਉਹ ਬਿਨਾਂ ਕੁਝ ਜਾਣਿਆਂ-ਸਮਝਿਆਂ ਬਹਾਦਰੀ ਨਾਲ ਲੜਿਆ ਅਤੇ ਮਰ ਗਿਆ।" ਸੂਬੇਦਾਰ ਪੂਰਨ ਸਿੰਘ ਨੇ ਉਸ ਸੈਨਿਕ ਨੂੰ ਲੜਦਿਆਂ ਹੋਇਆ ਨਹੀਂ ਸੀ ਵੇਖਿਆ, ਪਰ ਇੰਨੀ ਕੁ ਪ੍ਰਾਰਥਨਾ ਕਰਨੀ ਤਾਂ ਵਾਜਬ ਹੀ ਸੀ।

ਉਹਨੇ ਸੈਨਿਕ ਦੀ ਲਾਸ਼ ਸਾਂਭਣ ਲਈ ਟੋਇਆ ਪੁੱਟਣ ਬਾਰੇ ਸੋਚਿਆ ਅਤੇ ਫਿਰ ਖਿਆਲ ਤਿਆਗ ਦਿੱਤਾ। ਅੱਜ ਤੋਂ ਪਹਿਲਾਂ ਵੀ ਮੋਇਆਂ ਲਈ ਕਦੀ ਕਿਸੇ ਨੇ ਟੋਆ ਨਹੀਂ ਸੀ ਪੁਟਿਆ।

ਸੈਨਿਕਾਂ ਦੀਆਂ ਲਾਸ਼ਾਂ ਨੂੰ ਸਾਂਭਣ ਦਾ ਕੰਮ ਹੁਣ ਬਰਫ਼ ਦਾ ਸੀ।

ਉਹਨੇ ਵਿਦਾਇਗੀ ਸਲੂਟ ਦਿੱਤਾ ਅਤੇ ਅਗਲੇ ਸੈਨਿਕ ਦੀ ਲਾਸ਼ ਵੱਲ ਅਹੁਲਿਆ। ਹਰ ਇਕ ਦੀ ਲਾਸ਼ ਉਤੇ ਉਹਨੇ ਇਕੋ ਕਾਰਵਾਈ ਦੁਹਰਾਈ ਤੇ ਫਿਰ...।

...ਤੇ ਫਿਰ ਇਕ ਲਾਸ਼ ਉਤੇ ਉਹ ਝੁਕਿਆ ਹੀ ਰਹਿ ਗਿਆ। ਉਸ ਲਾਸ਼ ਦਾ ਅੱਧਾ ਸਿਰ ਹੀ ਗਾਇਬ ਸੀ। ਗੋਲੇ ਦਾ ਕੋਈ ਟੁਕੜਾ ਸਰੀਰ ਦਾ ਉਹ ਹਿੱਸਾ ਹੀ ਤੋੜ ਕੇ ਲੈ ਗਿਆ ਸੀ।

ਉਹ ਫਿਰ ਵੀ ਉਸ ਅਲੂੰਏਂ ਚਿਹਰੇ ਨੂੰ ਪਛਾਣ ਸਕਦਾ ਸੀ। ਉਹ ਨਿਰਸੰਦੇਹ ਕੋਈ ਹੋਰ ਨਹੀਂ ਸੀ, ਜਿੰਦਰ ਸੀ।

ਜਿਨ੍ਹੀਂ ਦਿਨੀਂ ਉਨ੍ਹਾਂ ਦੀ ਪਲਟਨ ਨੂੰ ਗਲੇਸ਼ੀਅਰ ਉਤੇ ਜਾਣ ਦਾ ਹੁਕਮ ਮਿਲਿਆ ਸੀ, ਉਨ੍ਹੀਂ ਦਿਨੀਂ ਹੀ ਉਹ ਕੁਝ ਦਿਨਾਂ ਲਈ ਪਿੰਡ ਛੁੱਟੀ ਗਿਆ ਸੀ। ਧੀ ਹੁਣ ਨਿੱਕੀ ਨਹੀਂ ਸੀ, ਪਰ ਇੰਨੀ ਵੱਡੀ ਵੀ ਨਹੀਂ ਸੀ ਕਿ ਫਿਕਰ ਨੂੰ ਮੱਥੇ ਦੇ ਮੁੜ੍ਹਕੇ ਵਾਂਗ ਪੂੰਝ ਦੇਵੇ। ਸੂਬੇਦਾਰ ਪੂਰਨ ਸਿੰਘ ਨੇ ਉਦੋਂ ਧੀ ਦੇ ਸੰਸਿਆਂ ਨੂੰ ਆਪਣੀ ਦਲੀਲ ਨਾਲ ਮਾਰਨਾ ਚਾਹਿਆ ਸੀ, "ਫਿਕਰ ਕਾਹਦਾ ਹੈ? ਬਰਫ਼ ਅੱਗ ਤਾਂ ਨਹੀਂ ਹੁੰਦੀ। ਫਿਰ ਮੈਂ ਵੀ ਕਿਹੜਾ ਜਿੰਦਰ ਤੋਂ ਕੋਈ ਦੂਰ ਬੈਠਾ ਹੋਇਆ ਹਾਂ।"

ਉਸ ਠੀਕ ਹੀ ਕਿਹਾ ਸੀ। ਉਸ ਵੇਲੇ ਉਹ ਇੰਨਾ ਕੁ ਕਰੀਬ ਬੈਠਾ ਹੋਇਆ ਸੀ ਕਿ ਧੀ ਦੇ ਸੁਹਾਗ ਦੀ ਲਾਸ਼ ਨੂੰ ਆਪਣੇ ਅੰਦਰ ਮਹਿਸੂਸ ਕਰ ਰਿਹਾ ਸੀ।

ਤੋਪਾਂ ਬੰਦੂਕਾਂ ਦਾ ਘੋੜਾ ਦੱਬਣ ਵਾਲੇ ਹੱਥ ਸੈਨਿਕਾਂ ਦੇ ਜਿਸਮ ਨਾਲ ਜ਼ਰੂਰ ਲਟਕ ਰਹੇ ਸਨ, ਪਰ ਉਨ੍ਹਾਂ ਦੇ ਆਪਣੇ ਨਹੀਂ ਸਨ। ਉਹ ਆਪਣੇ ਹੱਥਾਂ ਦੀ ਬੇਵਸੀ ਉਤੇ ਖਿਝ ਗਿਆ। ਉਹਨੇ ਅੰਬਰ ਵੱਲ ਮੂੰਹ ਕਰ ਕੇ ਉਚੀ ਸਾਰੀ ਗਾਲ੍ਹ ਕੱਢੀ, ਪਰ ਉਥੇ ਸੁਣਨ ਵਾਲਾ ਕੌਣ ਸੀ?

ਉਹ ਬਰਫ਼ ਦੇ ਉਚੇ ਟਿੱਲੇ ਉਤੇ ਜਾ ਚੜ੍ਹਿਆ ਅਤੇ ਫਿਰ ਲਗਾਤਾਰ ਉਚੀ-ਉਚੀ ਗਾਲ੍ਹਾਂ ਕੱਢੀ ਗਿਆ।

ਉਹਦੀਆਂ ਸਾਰੀਆਂ ਦੀਆਂ ਸਾਰੀਆਂ ਗਾਲ੍ਹਾਂ ਬਰਫ਼ੀਲੇ ਤੂਫ਼ਾਨ ਦੀਆਂ ਆਵਾਜ਼ਾਂ ਵਿਚ ਗਵਾਚ ਗਈਆਂ।

ਉਹਨੇ ਪਿਛਾਂਹ ਭੌਂ ਕੇ ਵੇਖਿਆ, ਸ਼ਹੀਦੀ ਦੀ ਫਸਲ ਬਰਫ਼ ਦੀ ਮਾਰ ਹੇਠ ਆਈ ਹੋਈ ਸੀ। ਪੁੱਠੀਆਂ ਗੱਡੀਆਂ ਹੋਈਆਂ ਰਾਈਫ਼ਲਾਂ ਹੌਲੀ-ਹੌਲੀ ਬਰਫ਼ ਹੇਠ ਲੁਕ ਜਾਣਗੀਆਂ।

ਬਰਫ਼ ...!ਬਰਫ਼...!...ਬਰਫ਼!

ਕੀਹਨੂੰ ਕਿੰਨੀ ਬਰਫ਼ ਚਾਹੀਦੀ ਸੀ, ਇਹਦਾ ਕੋਈ ਹਿਸਾਬ ਨਹੀਂ ਸੀ। ਜਿੰਨੀ ਕੁ ਬਰਫ਼ ਦੋਹੀਂ ਪਾਸੀ ਪਈ ਹੋਈ ਸੀ, ਇਹਦਾ ਵੀ ਕੋਈ ਹਿਸਾਬ ਨਹੀਂ ਸੀ। ਉਹ ਫਿਰ ਵੀ ਲੜ ਰਹੇ ਸਨ, ਬਰਫ਼ ਖਾਤਰ ਲੜ ਰਹੇ ਸਨ।

ਬਰਫ਼ ਦਾ ਤੂਫ਼ਾਨ ਪਹਿਲਾਂ ਵਾਂਗ ਹੀ ਮੂੰਹ ਜ਼ੋਰ ਸੀ, ਪਰ ਜਿਹੜਾ ਤੂਫ਼ਾਨ ਉਹਦੇ ਅੰਦਰ ਜਾਗ ਪਿਆ ਸੀ, ਉਹ ਬਾਹਰਲੇ ਤੂਫਾਨ ਨਾਲੋਂ ਕਿਤੇ ਵੱਡਾ ਸੀ। ਉਹ ਉਚੀ ਆਵਾਜ਼ ਵਿਚ ਚੀਕਿਆ, "ਭੁੱਖਿਓ! ਕਿੰਨੀ ਬਰਫ਼ ਚਾਹੀਦੀ ਹੈ ਤੁਹਾਨੂੰ?

ਉਹਦੇ ਸਵਾਲ ਦੇ ਜਵਾਬ ਵਿਚ ਤੂਫ਼ਾਨ ਜਿਵੇਂ ਛਿਣ ਲਈ ਖਲੋ ਗਿਆ।

ਉਹ ਝੁਕ ਕੇ ਦਾਣਾ ਖੰਡ ਵਰਗੀ ਬਰਫ਼ ਸਾਹਮਣੇ ਝੱਟਣ ਲਗ ਪਿਆ, "ਐਹ ਲਵੋ!...ਹੋਰ ਲਵੋ!...ਹੋਰ...।"

ਉਹਨੂੰ ਅਚਾਨਕ ਜਿਵੇਂ ਕੁਝ ਯਾਦ ਆ ਗਿਆ। ਉਹਦੇ ਹੱਥ ਥਾਂਏਂ ਰੁਕ ਗਏ। ਉਹ ਇਕ ਛਿਣ ਅਧ-ਝੁਕਿਆ ਜਿਹਾ ਖਲੋਤਾ ਰਿਹਾ ਅਤੇ ਫਿਰ ਮੁੜ ਕੇ ਪਿਛਲੇ ਪਾਸੇ ਬਰਫ਼ ਝੱਟਣ ਲੱਗ ਪਿਆ, "ਲਓ!...ਤੁਸੀਂ ਵੀ ਲਓ!...ਤੁਸੀਂ ਭੁੱਖੇ ਓ...! ਐਹ ਲਓ...।"

ਉਹ ਬਰਫ਼ ਦੇ ਟਿੱਬੇ ਉਤੇ ਖਲੋਤਾ ਪਾਗਲਾਂ ਵਾਂਗ ਕਦੀ ਇਕ ਪਾਸੇ ਬਰਫ਼ ਸੁੱਟਣ ਲੱਗ ਪੈਂਦਾ ਅਤੇ ਕਦੀ ਦੂਜੇ ਪਾਸੇ। ਉਹ ਬੋਲੀ ਜਾ ਰਿਹਾ ਸੀ, ਪਰ ਉਹਦੇ ਬੋਲ ਬਰਫ਼ ਵਿਚ ਹੀ ਠਰ ਰਹੇ ਸਨ। ਉਹਦੀ ਆਵਾਜ਼ ਕਿਤੇ ਨਹੀਂ ਸੀ ਪਹੁੰਚ ਰਹੀ।

ਠੀਛੂੰ!

ਆਖਰੀ ਸਾਹ ਗਿਣ ਰਹੇ ਕਿਸੇ ਜ਼ਖਮੀ ਸਿਪਾਹੀ ਦੀ ਗੋਲੀ ਬਰਫ਼ ਦੀ ਚਾਦਰ ਪਾੜ ਕੇ ਉਹਦੇ ਆਰ-ਪਾਰ ਹੋ ਗਈ। ਉਹ ਉਥੇ ਹੀ ਡਿੱਗ ਪਿਆ। ਉਹਨੇ ਉਠਣ ਦਾ ਜਤਨ ਕੀਤਾ ਅਤੇ ਮੁੜ ਢੇਰੀ ਹੋ ਗਿਆ।

ਉਸ ਵੇਲੇ ਪਤਾ ਨਹੀਂ ਉਹ ਮਨੁੱਖ ਦੀ ਜ਼ਮੀਰ ਸੀ ਕਿ ਬਰਫ਼ਾਂ ਵਿਚ ਭਟਕਦੀ ਕੋਈ ਰੂਹ! ਇਕ ਮੌਤ ਹੀ ਸੀ, ਜਿਹੜੀ ਉਸ ਬੇਘਰੇ ਨੂੰ ਆਪਣੇ ਘਰ ਰੱਖ ਸਕਦੀ ਸੀ।

...ਤੇ ਉਹ ਮਰ ਗਿਆ।

ਗਲੇਸ਼ੀਅਰ ਦੀ ਚੀਕਾਂ ਮਾਰਦੀ ਤੇਜ਼ ਹਵਾ ਅਲਾਹੁਣੀਆਂ ਗਾਉਂਦੀ-ਗਾਉਂਦੀ ਹੌਲੀ-ਹੌਲੀ ਡੁਸਕਣ ਲੱਗ ਪਈ।

ਬਰਫ਼ ਉਹਦੀ ਦੇਹ ਨੂੰ ਹੌਲੀ-ਹੌਲੀ ਢਕ ਰਹੀ ਸੀ।

ਅਚਨਚੇਤੀ ਬਰਫ਼ ਉਹਦੇ ਇਕ ਪਾਸਿਓਂ ਹੇਠਾਂ ਬੈਠ ਗਈ। ਟਿੱਲੇ ਉਤੇ ਪਈ ਮੁਰਦਾ ਦੇਹ ਟੇਢੀ ਹੋ ਗਈ ਅਤੇ ਫਿਰ ਦੁਸ਼ਮਣ ਵਾਲੇ ਪਾਸੇ ਰਿੜ੍ਹ ਗਈ।

ਉਹ ਰਿੜ੍ਹ ਕੇ ਇਧਰਲੇ ਪਾਸੇ ਵੀ ਆ ਜਾਂਦਾ ਤਾਂ ਕੋਈ ਫਰਕ ਨਹੀਂ ਸੀ ਪੈਣਾ। ਉਹ ਵਰਤਣ ਵਾਲੀ ਸ਼ੈਅ ਸੀ ਅਤੇ ਵਰਤਿਆ ਜਾ ਚੁੱਕਿਆ ਸੀ।

# ਬੂਹਾ ਦਿਲ ਵਾਲਾ ਕਦੀ ਨਹੀਂਓਂ ਢੋਈਦਾ...

## ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

ਵਕਤ ਦੀਆਂ ਮਾਰਾਂ ਜਦੋਂ ਪੈਂਦੀਆਂ ਹਨ ਤਾਂ ਬਚਪਨ ਵਿਚ ਹੀ ਦੁੱਖਾਂ ਦੇ ਹਲਟ ਗੇੜਨੇ ਪੈ ਜਾਂਦੇ ਹਨ। ਖੇਡਣ ਦੇ ਦਿਨਾਂ ਵਿਚ ਹੀ ਹਲ ਦੀ ਹੱਥੀ ਫੜਨੀ ਪੈ ਜਾਂਦੀ ਹੈ। ਲੋਰੀਆਂ ਦੀ ਥਾਂ ਜ਼ਿੰਮੇਵਾਰੀਆਂ ਕੰਨਾਂ ਵਿਚ ਪੈਣ ਲੱਗਦੀਆਂ ਹਨ। ਮਾਂਵਾਂ ਦੀ ਗੋਦ ਵਾਲੀ ਥਾਂ ਖੇਤ ਦਾ ਖੁੱਲ੍ਹਾ ਵਾਹਣ ਲੈ ਲੈਂਦਾ ਹੈ। ਬੱਚੇ ਨੂੰ ਜਿਥੇ ਮਾਂ ਦੀ ਨਿੱਘੀ ਗੋਦ ਦੀ ਤਾਂਘ ਹੁੰਦੀ ਹੈ, ਉਥੇ ਬਾਪ ਦੇ ਪਿਆਰ ਵਾਲੇ ਹੱਥਾਂ ਦੀ ਸਦਾ ਹੀ ਲੋੜ ਰਹਿੰਦੀ ਹੈ। ਇਸ ਵਾਰ ਦਿਆਲ ਵਲੋਂ ਸੁਣਾਈ ਹੱਡ-ਬੀਤੀ ਸਾਂਝੀ ਕਰਨ ਲੱਗਾ ਹਾਂ:

ਮੈਂ ਅਜੇ ਤੋਤਲੀਆਂ ਗੱਲਾਂ ਹੀ ਕਰਦਾ ਸਾਂ ਕਿ ਬਾਪ ਦਾ ਸਾਇਆ ਸਿਰ ਤੋਂ ਉਠ ਗਿਆ। ਮਾਂ ਦੇ ਕੀਰਨੇ ਸਮਝ ਤੋਂ ਬਾਹਰ ਸਨ ਪਰ ਮਾਂ ਨੂੰ ਦੇਖ ਕੇ ਮੈਂ ਵੀ ਰੋ ਰਿਹਾ ਸੀ। ਬਾਪ ਆਤਮ-ਹੱਤਿਆ ਕਰ ਗਿਆ ਸੀ ਜਾਂ ਕਿਸੇ ਨੇ ਕਰਵਾ ਦਿੱਤੀ ਸੀ। ਸਾਰਾ ਪਿੰਡ ਹੀ ਰੋਂਦਾ ਹੋਇਆ ਬਾਪ ਨੂੰ ਸਿਵਿਆਂ ਤੱਕ ਛੱਡ ਕੇ ਆਇਆ ਸੀ। ਬਾਪ ਦੀ ਸਿਆਣਪ ਦੀਆਂ ਗੱਲਾਂ ਹਰ ਇਕ ਮੂੰਹ ਕਰ ਰਿਹਾ ਸੀ। ਕਈ ਰਿਸ਼ਤੇਦਾਰਾਂ ਨੇ ਮਾਂ ਨੂੰ ਮੇਰੇ ਤਾਏ ਦੇ ਸਿਰ ਬਿਠਾਉਣਾ ਚਾਹਿਆ ਜੋ ਪਹਿਲਾਂ ਵੀ ਵਿਆਹਿਆ ਹੋਇਆ ਸੀ ਪਰ ਮੇਰੀ ਮਾਂ ਨਹੀਂ ਮੰਨੀ। ਉਸ ਨੇ ਮੇਰੇ ਸਿਰ 'ਤੇ ਹੱਥ ਰੱਖਦਿਆਂ ਕਿਹਾ ਸੀ, "ਮੈਂ ਆਪਣੇ ਪੁੱਤ ਦੇ ਸਿਰ 'ਤੇ ਬੁਢੇਪਾ ਕੱਟ ਲਊਂਗੀ।" "ਪੁੱਤ! ਇਹ ਸਭ ਕਹਿਣ ਦੀਆਂ ਗੱਲਾਂ ਨੇ, ਪੰਧ ਲੰਮੇਰਾ ਹੈ। ਅਜੇ ਵੀ ਸੋਚ ਲੈ।" ਮੇਰੀ ਨਾਨੀ ਨੇ ਮਾਂ ਨੂੰ ਕਿਹਾ ਸੀ। ਮੇਰੀ ਮਾਂ ਨੇ ਮੈਨੂੰ ਗੋਦ ਬਿਠਾਉਂਦਿਆਂ ਫਿਰ ਸਭ ਨੂੰ ਨਾਂਹ ਕਰ ਦਿੱਤੀ।

ਬਾਪ ਦੀਆਂ ਅੰਤਿਮ ਰਸਮਾਂ ਪੂਰੀਆਂ ਹੋ ਗਈਆਂ ਸਨ। ਸਭ ਆਪੋ-ਆਪਣੇ ਘਰਾਂ ਨੂੰ ਜਾ ਚੁਕੇ ਸਨ। ਮੇਰੀ ਮਾਂ ਮੈਨੂੰ ਹਿੱਕ ਨਾਲ ਲਾ ਕੇ ਅਸਮਾਨ ਵੱਲ ਦੇਖਦੀ, ਸ਼ਾਇਦ ਆਪਣਾ ਤੇ ਮੇਰਾ ਭਵਿੱਖ ਦੇਖਣਾ ਚਾਹੁੰਦੀ ਸੀ। ਉਹ ਮੈਨੂੰ ਚਾਰ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਹਾਲ ਸੁਣਾਉਂਦੀ। ਮੇਰਾ ਬਾਪ ਵੀ ਧਾਰਮਿਕ ਖਿਆਲਾਂ ਦਾ ਬੰਦਾ ਸੀ ਅਤੇ ਮਾਂ ਵੀ ਗੁਰਬਾਣੀ ਤੋਂ ਬਾਹਰ ਦੀ ਕੋਈ ਗੱਲ ਨਾ ਕਰਦੀ। ਤਾਇਆ ਮੁਖਬਰ ਸੁਭਾਅ ਦਾ ਸੀ। ਉਹਨੇ ਕਈ ਵਾਰ ਪੁੱਠੇ-ਸਿੱਧੇ ਹੱਥਕੰਡੇ ਅਪਨਾਉਣੇ ਚਾਹੇ ਪਰ ਮਾਂ ਦੇ ਸਖਤ ਸੁਭਾਅ ਨੇ ਤਾਏ ਨੂੰ ਸ਼ਰਮਿੰਦਗੀ ਹੀ ਦਿੱਤੀ ਸੀ। ਫਿਰ ਤਾਇਆ ਆਨੇ-ਬਹਾਨੇ ਮਾਂ ਅਤੇ ਮੇਰੇ ਉਤੇ ਮਾਨਸਿਕ ਤੇ ਸਰੀਰਕ ਤਸ਼ੱਦਦ ਕਰਨ ਤੋਂ ਨਹੀਂ ਸੀ ਹਟਦਾ। ਮਾਂ ਮੈਨੂੰ ਹਰੀ ਸਿੰਘ ਨਲੂਆ ਦੀ ਬਹਾਦਰੀ ਦੇ ਕਿੱਸੇ ਸੁਣਾਉਂਦੀ ਰਹਿੰਦੀ। ਮੇਰੇ ਅੰਦਰ ਬਦਲੇ ਦੀ ਅੱਗ ਭੜਕ ਜਾਂਦੀ, ਮੈਂ ਤਾਏ ਨੂੰ ਜਿਉਂਦਾ ਜਲਾ ਦੇਣਾ ਚਾਹੁੰਦਾ ਸੀ ਪਰ ਮੇਰੀ ਮਾਂ ਫਿਰ ਮੈਨੂੰ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਸਾਕਾ ਸੁਣਾਉਂਦੀ।

ਦੂਜੇ ਬੰਨ੍ਹੇ ਮੈਂ ਪੜ੍ਹਾਈ ਦੇ ਨਾਲ-ਨਾਲ ਤਾਏ ਨਾਲ ਖੇਤੀ ਦੇ ਕੰਮ ਵੀ ਕਰਵਾਉਂਦਾ ਪਰ ਸਾਨੂੰ ਖੇਤੀ ਦੀ ਆਮਦਨ ਦਾ ਕੋਈ ਹਿਸਾਬ-ਕਿਤਾਬ ਨਾ ਮਿਲਦਾ। ਬੱਸ ਦੋ ਰੋਟੀਆਂ ਖਾ ਕੇ ਗੁਜ਼ਾਰਾ ਕਰ ਲੈਂਦੇ। ਤਾਈ ਦੇ ਪੇਕੇ ਯੂ.ਪੀ. ਵਿਚ ਰਹਿੰਦੇ ਸਨ। ਤਾਏ ਨੇ ਉਨ੍ਹਾਂ ਨੂੰ ਸੱਦ ਕੇ ਸਾਨੂੰ ਡਰਾਉਣਾ-ਧਮਕਾਉਣਾ ਸ਼ੁਰੂ ਕਰ ਦਿੱਤਾ। ਤਾਏ ਨੇ ਮਾਂ 'ਤੇ ਇਲਜ਼ਾਮ ਲਾ ਦਿੱਤਾ ਕਿ ਇਹ ਮੇਰੇ ਸਾਲੇ 'ਤੇ ਚਾਦਰ ਪਾਉਣਾ ਚਾਹੁੰਦੀ ਹੈ। ਮਾਂ ਦੇ ਸਿਰ 'ਤੇ ਜਿਵੇਂ ਪਹਾੜ ਟੁੱਟ ਗਿਆ ਹੋਵੇ। ਉਹਨੇ ਕਿਸੇ ਹੱਥ ਸੁਨੇਹਾ ਭੇਜ ਕੇ ਮੇਰੇ ਮਾਮੇ ਸੱਦ ਲਏ। ਮਾਮਿਆਂ ਨੇ ਤਾਇਆ ਗਜ਼ ਵਾਂਗ ਸਿੱਧਾ ਕਰ ਦਿੱਤਾ ਸੀ ਤੇ ਘਰ ਦੇ ਵਿਚਕਾਰ ਕੰਧ ਕੱਢ ਦਿੱਤੀ। ਖੇਤੀ ਸਾਂਝੀ ਹੋਣ ਕਾਰਨ ਅਸੀਂ ਤਾਏ ਨੂੰ ਇਕ ਸੀਰੀ ਦੇ ਪੈਸੇ ਦਿੰਦੇ ਸਾਂ। ਹਾੜ੍ਹੀ-ਸਾਉਣੀ ਦਾ ਹਿਸਾਬ ਮੇਰੇ ਮਾਮੇ ਆ ਕੇ ਤਾਏ ਨਾਲ ਕਰ ਜਾਂਦੇ। ਤਾਇਆ ਉਪਰੋਂ-ਉਪਰੋਂ ਤਾਂ ਸਿੱਧਾ ਹੋ ਗਿਆ ਸੀ ਪਰ ਅੰਦਰੋਂ ਜਲੇਬੀ ਵਾਂਗ ਹੀ ਸੀ।

ਮਾਂ ਦੇ ਸਾਊ ਤੇ ਸਿਰੜੀ ਸੁਭਾਅ ਦੀਆਂ ਗੱਲਾਂ ਸਾਰਾ ਪਿੰਡ ਕਰਦਾ ਸੀ। ਮਾਂ ਨੇ ਦੁੱਖਾਂ-ਕਲੇਸ਼ਾਂ ਦੀਆਂ ਹਨੇਰੀਆਂ ਵਿਚੋਂ ਗੁਜ਼ਰਦਿਆਂ ਮੈਨੂੰ ਵਿਆਹੁਣ ਜੋਗਾ ਕਰ ਲਿਆ। ਮੇਰੀ ਮਾਮੀ ਨੇ ਰਿਸ਼ਤਾ ਕਰਵਾ ਦਿੱਤਾ। ਮੈਂ, ਮੇਰੀ ਘਰਵਾਲੀ ਜੀਤੋ ਤੇ ਮਾਂ- ਤਿੰਨੇ ਜਣੇ ਕੇਸਗੜ੍ਹ ਸਾਹਿਬ ਤੋਂ ਅੰਮ੍ਰਿਤਪਾਨ ਕਰ ਆਏ। ਮਾਂ ਦੀਆਂ ਧਾਰਮਿਕ ਸਿੱਖਿਆਵਾਂ ਨੇ ਮੈਨੂੰ ਪਹਿਲਾਂ ਹੀ ਧਾਰਮਿਕਤਾ ਬਖਸ਼ੀ ਹੋਈ ਸੀ। ਸਾਡੇ ਵਿਹੜੇ ਵਿਚ ਮਸਾਂ ਖੁਸ਼ੀਆਂ ਆਈਆਂ ਸਨ ਅਤੇ ਤਾਏ ਦੀ ਹਿੱਕ 'ਤੇ ਸੱਪ ਲੇਟਣ ਲੱਗ ਪਿਆ ਸੀ। ਤਾਏ ਦੇ ਦੋਵੇਂ ਮੁੰਡੇ ਵੀ ਮੇਰੇ ਵੱਲ ਦੁਸ਼ਮਣਾਂ ਵਾਂਗ ਦੇਖਦੇ। ਹੁਣ ਅਸੀਂ ਖੇਤੀਬਾੜੀ ਵੀ ਵੱਖੋ-ਵੱਖ ਕਰਨ ਲੱਗ ਪਏ ਸਾਂ। ਤਾਏ ਨੇ ਮਾੜੀ ਜ਼ਮੀਨ ਸਾਡੀ ਝੋਲੀ ਪਾ ਦਿੱਤੀ। ਮਾਂ ਨੇ ਇਕ ਵਾਰੀ ਫਿਰ ਸਬਰ ਦਾ ਘੁੱਟ ਭਰਦਿਆਂ ਮੈਨੂੰ ਚੁੱਪ ਕਰਵਾ ਦਿੱਤਾ। ਮੈਂ ਖੇਤੀ ਮਿੱਟੀ ਨਾਲ ਮਿੱਟੀ ਹੋਇਆ ਰਹਿੰਦਾ। ਮੇਰੇ ਸਹੁਰੇ ਤੇ ਮਾਮੇ ਬਹੁਤ ਮਦਦ ਕਰਦੇ। ਇਕ ਵਾਰੀ ਤਾਏ ਨੇ ਸਾਡੇ ਖੇਤੀ ਸ਼ਰਾਬ ਦੀ ਭੱਠੀ ਦਾ ਸਮਾਨ ਰੱਖ ਕੇ ਪੁਲਿਸ ਸੱਦ ਲਈ। ਮੈਨੂੰ ਤਾਏ ਦੀ ਚਾਲ ਸਮਝ ਆ ਗਈ। ਮੈਂ ਅਤੇ ਮੇਰੇ ਸਾਲੇ ਨੇ ਥਾਣੇ ਤੋਂ ਆਉਂਦਿਆਂ ਹੀ ਤਾਇਆ ਸੁੱਟ ਲਿਆ, ਤੇ ਉਹ ਮੰਨ ਵੀ ਗਿਆ ਕਿ ਸਾਰਾ ਸਾਮਾਨ ਉਹਨੇ ਹੀ ਰੱਖਿਆ ਸੀ।

ਪਰਮਾਤਮਾ ਨੇ ਦੁੱਖਾਂ 'ਤੇ ਮਲ੍ਹਮ ਲਾਉਂਦਿਆਂ ਮੈਨੂੰ ਪੁੱਤਰ ਦੀ ਦਾਤ ਬਖਸ਼ ਦਿੱਤੀ। ਮਾਂ ਦਾਦੀ ਬਣ ਕੇ ਬਹੁਤ ਖੁਸ਼ ਹੋਈ, ਤੇ ਤਾਏ ਦੇ ਘਰ ਮਾਤਮ ਛਾਇਆ ਰਿਹਾ ਸੀ। ਤਾਏ ਦੇ ਦੋਵੇਂ ਪੁੱਤ ਅਜੇ ਕੁਆਰੇ ਸਨ। ਕੋਈ ਰਿਸ਼ਤੇ ਵਾਲਾ ਨਹੀਂ ਸੀ ਢੁੱਕ ਰਿਹਾ।

ਉਨ੍ਹਾਂ ਦਿਨਾਂ ਵਿਚ ਖਾੜਕੂ ਸੰਘਰਸ਼ ਜ਼ੋਰਾਂ 'ਤੇ ਸੀ। ਦਿਨੇ ਪੁਲਿਸ ਘੁੰਮਦੀ ਰਹਿੰਦੀ, ਰਾਤਾਂ ਦੇ ਰਾਜੇ ਖਾੜਕੂ ਸਨ। ਮਾਂ ਹਮੇਸ਼ਾ ਡਰਦੀ ਰਹਿੰਦੀ ਕਿ ਤਾਇਆ ਕਿਤੇ ਕੋਈ ਚੁਗਲੀ ਨਾ ਲਾ ਦੇਵੇ ਕਿ ਦਿਆਲੇ ਕੋਲ ਖਾੜਕੂ ਆਉਂਦੇ ਹਨ; ਝੂਠ ਦੀ ਮੁਖਬਰੀ ਕਿਤੇ ਪੁੱਤ ਦੇ ਸਿਰ ਨਾ ਪੈ ਜਾਵੇ! ਮੈਂ ਇਸ ਗੱਲ ਤੋਂ ਨਿਧੜਕ ਹੋ ਕੇ ਖੇਤ ਆਉਂਦਾ-ਜਾਂਦਾ। ਫਿਰ ਇਕ ਦਿਨ ਨਹਿਰ ਦੀ ਪਟੜੀ 'ਤੇ ਖਾੜਕੂਆਂ ਨੇ ਦੋ ਮੁਖਬਰ ਮਾਰ-ਮੁਕਾਏ। ਪੁਲਿਸ ਨੇ ਸਾਡਾ ਪਿੰਡ ਛਾਉਣੀ ਵਿਚ ਬਦਲ ਦਿੱਤਾ। ਮੈਂ ਪਿੰਡ ਨਹੀਂ ਸੀ। ਪੁਲਿਸ ਆਈ ਸੀ ਘਰ, ਤੇ ਪੁੱਛ ਕੇ ਮੁੜ ਗਈ।

ਖਾੜਕੂਆਂ ਨੂੰ ਤਾਏ ਬਾਰੇ ਵੀ ਪਤਾ ਲੱਗ ਗਿਆ ਸੀ ਕਿ ਇਹ ਵੀ ਥਾਣੇ ਆਉਂਦਾ-ਜਾਂਦਾ ਹੈ। ਤਾਏ ਨੂੰ ਧਮਕੀ ਭਰਿਆ ਖਤ ਵੀ ਆ ਗਿਆ ਸੀ ਪਰ ਤਾਇਆ ਮੈਨੂੰ ਪੁਲਿਸ ਤੋਂ ਮਰਵਾ ਕੇ ਮੇਰੀ ਜ਼ਮੀਨ 'ਤੇ ਕਬਜ਼ਾ ਕਰਨਾ ਚਾਹੁੰਦਾ ਸੀ। ਫਿਰ ਇਕ ਦਿਨ ਤਾਇਆ ਖਾੜਕੂਆਂ ਦੇ ਹੱਥੇ ਚੜ੍ਹ ਗਿਆ। ਪੁਲਿਸ ਦਾ ਕਹਿਣਾ ਸੀ ਕਿ ਇਹ ਕੰਮ ਦਿਆਲੇ ਦੇ ਕਹਿਣ 'ਤੇ ਹੋਇਆ ਹੈ। ਮੈਂ ਜੀਤੋ ਨੂੰ ਲੈ ਕੇ ਸ਼ਹਿਰ ਦੇ ਹਸਪਤਾਲ ਵਿਚ ਸੀ। ਪਰਮਾਤਮਾ ਨੇ ਸਾਨੂੰ ਧੀ ਦੀ ਦਾਤ ਬਖਸ਼ੀ ਸੀ। ਪੁਲਿਸ ਮੈਨੂੰ ਲੱਭ ਰਹੀ ਸੀ। ਮਾਮਿਆਂ ਅਤੇ ਸਹੁਰਿਆਂ ਨੇ ਕਿਸੇ ਵੱਡੇ ਅਫਸਰ ਅੱਗੇ ਮੈਨੂੰ ਪੇਸ਼ ਕਰ ਦਿੱਤਾ ਅਤੇ ਨਿਰਦੋਸ਼ ਸਾਬਤ ਕਰਕੇ ਛੁਡਾ ਲਿਆ ਪਰ ਮਾਂ ਨੂੰ ਡਰ ਪੈ ਗਿਆ ਕਿ ਪੁੱਤ ਦਾ ਪਿੰਡ ਰਹਿਣਾ ਖਤਰੇ ਤੋਂ ਖਾਲੀ ਨਹੀਂ। ਮੈਂ ਛੇ ਕੁ ਮਹੀਨਿਆਂ ਵਿਚ ਹੀ ਮੁੰਬਈ ਤੋਂ ਜਹਾਜ ਚੜ੍ਹ ਅਮਰੀਕਾ ਆ ਗਿਆ। ਮਾਂ, ਜੀਤੋ ਤੇ ਦੋਵੇਂ ਬੱਚੇ ਪਿੰਡ ਸਨ; ਮਾਂ ਕੋਲ ਬਿਰਧ ਨਾਨੀ ਵੀ ਆ ਗਈ। ਤਾਏ ਦੇ ਘਰ ਦਾ ਹਾਲ ਬੁਰਾ ਸੀ। ਮੁੰਡਿਆਂ ਨੇ ਕਰਜ਼ੇ ਦੀ ਪੰਡ ਭਾਰੀ ਕਰ ਲਈ ਸੀ ਜਿਹੜੀ ਦੋ ਕਿੱਲੇ ਜ਼ਮੀਨ ਬੈਅ ਕਰਵਾ ਕੇ ਵੀ ਹੌਲੀ ਨਾ ਹੋਈ, ਤੇ ਮੁੰਡਿਆਂ ਨੂੰ ਨਾ ਕੋਈ ਰਿਸ਼ਤਾ ਹੋਇਆ। ਇੱਧਰ ਮੈਂ ਇਥੇ ਆ ਕੇ ਗੁਰਦੁਆਰੇ ਵਿਚ ਪਨਾਹ ਲੈ ਲਈ, ਤੇ ਹੌਲੀ-ਹੌਲੀ ਟਰੱਕ ਦਾ ਲਾਇਸੈਂਸ ਬਣਵਾ ਲਿਆ। ਫਿਰ ਕੀ ਸੀ! ਚੱਲ ਸੋ ਚੱਲ! ਡਾਲਰ ਤਾਂ ਜਿਵੇਂ ਤੰਗਲੀ ਨਾਲ ਇਕੱਠੇ ਕਰ ਲਏ ਹੋਣ। ਬੱਸ ਮਾਂ ਦੀ ਇਕ ਗੱਲ ਹਮੇਸ਼ਾ ਯਾਦ ਰੱਖੀ ਕਿ ਕਿਸੇ ਦਾ ਬੁਰਾ ਨਹੀਂ ਕਰਨਾ, ਝੂਠ ਨਹੀਂ ਬੋਲਣਾ, ਬੇਈਮਾਨੀ ਨਹੀਂ ਕਰਨੀ, ਧਰਮ ਦੀ ਕਿਰਤ ਕਰਨੀ।

ਸਮਾਂ ਬੀਤਦਾ ਗਿਆ ਪਰ ਪੇਪਰ ਨਾ ਬਣੇ। ਮੈਂ ਵਿਛੋੜੇ ਦੀ ਭੱਠੀ ਵਿਚ ਭੁੱਜਣ ਲੱਗਾ। ਮਾਂ ਦੀ ਯਾਦ ਹਮੇਸ਼ਾ ਦਿਲ ਦੇ ਬੂਹੇ ਖੋਲ੍ਹਦੀ ਰਹਿੰਦੀ। ਬੱਚਿਆਂ ਦਾ ਮੋਹ ਤੇ ਜੀਤੋ ਦੀ ਯਾਦ ਨੇ ਫਿਰ ਇਕ ਦਿਨ ਪਿੰਡ ਦੀ ਟਿਕਟ ਕਟਵਾ ਦਿੱਤੀ।

ਪੂਰੇ ਬਾਰਾਂ ਸਾਲਾਂ ਬਾਅਦ ਮੈਂ ਪਿੰਡ ਗਿਆ। ਸਭ ਤੋਂ ਪਹਿਲਾਂ ਤਾਈ ਆ ਕੇ ਗਲ ਨੂੰ ਚੁੰਬੜੀ। ਰੋਣ ਦਾ ਹੜ੍ਹ ਵਗਦਾ ਰਿਹਾ। ਤਾਏ ਦੇ ਪੁੱਤ ਵੀ ਆ ਕੇ ਪੈਰੀਂ ਡਿੱਗ ਪਏ। ਮੈਂ ਸਭ ਨੂੰ ਗਲ ਨਾਲ ਲਾਇਆ। ਤਾਏ-ਚਾਚੇ ਦੇ ਪੁੱਤ ਜਿਵੇਂ ਸਕੇ ਭਰਾ ਬਣ ਗਏ ਹੋਣ। ਮੇਰੇ ਬੱਚੇ ਵੀ ਵੱਡੇ ਹੋ ਗਏ ਸਨ। ਮਾਂ ਉਨ੍ਹਾਂ ਨੂੰ ਸੁਘੜ ਸਿੱਖਿਆ ਦਿੰਦੀ ਰਹੀ ਸੀ, ਉਹ ਸਿੱਖੀ ਸਰੂਪ ਵਿਚ ਸਨ। ਤਾਏ ਦੇ ਵੱਡੇ ਮੁੰਡੇ ਨੂੰ ਮੈਂ ਖੁਦ ਰਿਸ਼ਤਾ ਕਰਵਾ ਦਿੱਤਾ। ਛੋਟਾ ਪਹਿਲਾਂ ਵਿਆਹਿਆ ਗਿਆ ਸੀ। ਉਹਨੂੰ ਆਪਣੇ ਕੋਲੋਂ ਪੈਸੇ ਲਾ ਕੇ ਦੁਬਈ ਭੇਜ ਦਿੱਤਾ। ਮੈਂ ਅਮਰੀਕਾ ਦੀ ਕਮਾਈ ਨਾਲ ਬਾਰਾਂ ਕਿੱਲੇ ਜ਼ਮੀਨ ਖਰੀਦ ਲਈ ਅਤੇ ਘਰ ਵੀ ਵਧੀਆ ਬਣਾ ਲਿਆ। ਬਾਪ ਤੇ ਤਾਇਆ ਵਾਪਸ ਤਾਂ ਨਹੀਂ ਸਨ ਆਉਣੇ ਪਰ ਸਾਡਾ ਆਪਸੀ ਪਿਆਰ ਵਾਪਸ ਆ ਗਿਆ ਸੀ।

ਪਿੰਡ ਵਾਲੇ ਮੈਨੂੰ ਆਖਦੇ, "ਤੂੰ ਅਮਰੀਕਾ ਕਿਉਂ ਛੱਡ ਆਇਆਂ? ਲੋਕ ਤਾਂ ਤਰਸਦੇ ਹਨ ਉਥੇ ਜਾਣ ਲਈ!" ਮੈਂ ਸੋਚਦਾ ਕਿ ਸਭ ਕੁਝ ਪੈਸਾ ਹੀ ਨਹੀਂ ਹੁੰਦਾ। ਕਈ ਰਿਸ਼ਤੇ ਪੈਸੇ ਨਾਲੋਂ ਵੱਧ ਕੀਮਤੀ ਹੁੰਦੇ ਹਨ। ਮੈਂ ਹੋਰ ਤਾਂ ਕੁਝ ਨਾ ਕਰ ਸਕਿਆ ਪਰ ਤਾਈ ਦੇ ਚਿਹਰੇ 'ਤੇ ਜ਼ਰੂਰ ਰੌਣਕ ਲਿਆ ਦਿੱਤੀ। ਤਾਏ ਦੀਆਂ ਮਾੜੀਆਂ ਕਰਤੂਤਾਂ ਕਰ ਕੇ ਤਾਈ ਉਹਨੂੰ ਹੁਣ ਯਾਦ ਨਹੀਂ ਸੀ ਰੱਖਣਾ ਚਾਹੁੰਦੀ, ਤੇ ਮੇਰੇ ਬਾਪ ਦੇ ਚੰਗੇ ਸੁਭਾਅ ਕਰ ਕੇ ਮੇਰੀ ਮਾਂ ਉਹਨੂੰ ਕਦੇ ਭੁੱਲੀ ਨਹੀਂ ਸੀ।

ਮੇਰੇ ਬੱਚੇ ਜਵਾਨ ਹੋਏ। ਅਮਰੀਕਾ ਰਹਿੰਦਾ ਮੇਰਾ ਇਕ ਮਿੱਤਰ ਆਪਣੀ ਧੀ ਦਾ ਰਿਸ਼ਤਾ ਮੇਰੇ ਪੁੱਤਰ ਨੂੰ ਕਰ ਆਇਆ। ਛੇ ਮਹੀਨਿਆਂ ਵਿਚ ਪੁੱਤਰ ਅਮਰੀਕਾ ਆ ਗਿਆ, ਇਸੇ ਤਰ੍ਹਾਂ ਧੀ ਦਾ ਰਿਸ਼ਤਾ ਵੀ ਅਮਰੀਕਾ ਹੋ ਗਿਆ। ਮਾਂ ਅੱਖਾਂ ਭਰ ਕੇ ਪਰਮਾਤਮਾ ਦਾ ਲੱਖ-ਲੱਖ ਸ਼ੁਕਰ ਮਨਾਉਂਦੀ। ਤਾਏ ਦੇ ਪੁੱਤ ਨੇ ਵੀ ਦੁਬਈ ਜਾ ਕੇ ਚੰਗੀ ਕਮਾਈ ਕੀਤੀ ਅਤੇ ਆਪਣੇ ਛੋਟੇ ਭਰਾ ਨੂੰ ਆਪਣੇ ਕੋਲ ਸੱਦ ਲਿਆ। ਜੀਤੋ ਮਾਂ ਦੀ ਬਹੁਤ ਸੇਵਾ ਕਰਦੀ। ਮੈਂ ਫਿਰ ਅਮਰੀਕਾ ਆ ਗਿਆ ਸਾਂ, ਪਰ ਜੀਤੋ ਕਹਿੰਦੀ, 'ਮੈਂ ਮਾਂ ਨੂੰ ਛੱਡ ਕੇ ਨਹੀਂ ਜਾਣਾ।' ਪਰਦੇਸਾਂ ਬਿਨਾਂ ਸਰਦਾ ਨਹੀਂ, ਪਰ ਮਾਂ-ਬਾਪ ਵੀ ਹਮੇਸ਼ਾ ਬੈਠੇ ਨਹੀਂ ਰਹਿੰਦੇ। ਚੰਗੇ ਮਾੜੇ ਦਿਨ ਤਾਂ ਬੰਦੇ ਦੀ ਜ਼ਿੰਦਗੀ ਵਿਚ ਆਉਂਦੇ-ਜਾਂਦੇ ਰਹਿੰਦੇ ਹਨ।

ਤਾਈ ਦੇ ਆਖਰੀ ਸਾਹਾਂ ਵੇਲੇ ਮੈਂ ਉਸ ਦੇ ਕੋਲ ਸੀ। ਤਾਈ ਮਰਨ ਲੱਗੀ ਆਪਣੀ ਹਿੱਕ ਤੋਂ ਮਣਾਂ ਮੂੰਹੀਂ ਭਾਰ ਉਤਾਰ ਗਈ ਸੀ, "ਪੁੱਤ! ਆਪਣੀ ਮਾਂ ਨੂੰ ਨਾ ਦੱਸੀਂ...ਤੇਰੇ ਪਿਉ ਨੂੰ ਜ਼ਹਿਰ ਤੇਰੇ ਤਾਏ ਨੇ ਦਿੱਤੀ ਸੀ!"

ਤਾਈ ਸਦਾ-ਸਦਾ ਲਈ ਜਾ ਚੁੱਕੀ ਸੀ ਪਰ ਮੈਂ ਅੱਜ ਵੀ ਤਾਏ ਦੀ ਕੀਤੀ ਨੂੰ ਨਹੀਂ ਭੁੱਲਿਆ।

# ਪਰਚਾ-ਪਰਚੀ ਜ਼ਿੰਦਾਬਾਦ !

## ਵਿਅੰਗ

ਮੇਰੀ ਪਤਨੀ ਜੋ ਇਕ ਸਕੂਲ ਅਧਿਆਪਕਾ ਹੈ, ਕਹਿਣ ਲੱਗੀ, "ਵੇਖੋ ਜੀ! ਸਾਡੇ ਸਕੂਲ ਵਿਚ ਸਾਲਾਨਾ ਪਰਚੇ ਹੋ ਰਹੇ ਹਨ ਤੇ ਸ਼ਰੇਆਮ ਪਰਚੀਆਂ ਚੱਲ ਰਹੀਆਂ ਹਨ। ਭਾਵੇਂ ਪੰਜ-ਪੰਜ ਤਰ੍ਹਾਂ ਦੇ ਪਰਚੇ ਪਾਏ ਜਾ ਰਹੇ ਹਨ ਤੇ ਹਾਈ ਸਕੂਲਾਂ ਦੀ ਦਸਵੀਂ ਤੇ ਸੀਨੀਅਰ ਸੈਕੰਡਰੀ ਸਕੂਲਾਂ ਦੀ ਬਾਰ੍ਹਵੀਂ ਦੀ ਪ੍ਰੀਖਿਆ ਵਿਚ ਪ੍ਰਾਇਮਰੀ ਸਕੂਲਾਂ ਦਾ ਸਟਾਫ ਤੇ ਪ੍ਰਾਇਮਰੀ ਦੀ ਪ੍ਰੀਖਿਆ ਵਿਚ ਹਾਈ ਸਕੂਲਾਂ ਦਾ ਸਟਾਫ ਲਾਇਆ ਗਿਆ ਹੈ ਤਾਂ ਵੀ ਪੂਰੀ ਤਰ੍ਹਾਂ ਲੁੱਟ ਮੱਚੀ ਹੋਈ ਹੈ।

ਵੇਖੋ ਨਾ ਜੀ! ਪਰਚਾ ਵੀ ਨਿਗੂਣਾ ਜਿਹਾ ਸੀ

ਪ੍ਰੋ. ਜਸਵੰਤ ਸਿੰਘ ਕੈਲਵੀ

ਮਾਤ ਭਾਸ਼ਾ ਦਾ ਯਾਨਿ ਪੰਜਾਬੀ ਦਾ, ਫੇਰ ਵੀ ਗਾਈਡਾਂ ਦੇ ਵਰਕੇ ਇਉਂ ਪੁੱਟੇ ਗਏ ਜਿਵੇਂ ਥਾਣੇ ਵਿਚ ਬਦਮਾਸ਼ਾਂ ਦੇ ਜੁੰਡੇ ਪੁੱਟੇ ਜਾਂਦੇ ਹਨ। ਮੈਂ ਤਾਂ ਕਹਿਨੀ ਆਂ- ਨੇਰ੍ਹ ਮੱਚਿਆ ਪਿਐ।"

"ਕਾਹਦਾ ਨੇਰ੍ਹ ਮੱਚਿਆ ਪਿਐ? ਭਲੀਏ ਲੋਕੇ! ਸ਼ਾਂਤ ਹੋ ਜਾ। ਕੋਈ ਅਲੋਕਾਰ ਗੱਲ ਨਹੀਂ। ਕੁਦਰਤੀ ਵਰਤਾਰਾ ਹੈ ਕੁਦਰਤੀ!"

"ਵਾਹ ਜੀ ਵਾਹ! ਤੁਸੀਂ ਇਹਨੂੰ ਕੁਦਰਤੀ ਵਰਤਾਰਾ ਕਿਵੇਂ ਕਹਿ ਰਹੇ ਹੋ? ਹੋਸ਼ ਵਿਚ ਤਾਂ ਹੋ?"

"ਹਾਂ ਹਾਂ, ਪੂਰੀ ਤਰ੍ਹਾਂ। ਭਲੀਏ ਲੋਕੇ! ਪਰਚਾ ਭਾਵੇਂ ਸਕੂਲ ਦਾ ਹੋਵੇ ਜਾਂ ਠਾਣੇ ਦਾ, ਪਰਚੇ ਦੇ ਮਗਰ ਠੁਮਕ ਠੁਮਕ ਪੱਬ ਧਰਦੀ ਪੂਰੇ ਨਾਜ਼ਾਂ ਨਖਰਿਆਂ ਨਾਲ ਪਰਚੀ ਜ਼ਰੂਰ-ਬਰ-ਜ਼ਰੂਰ ਪਹੁੰਚ ਜਾਂਦੀ ਹੈ। ਇਨ੍ਹਾਂ ਦਾ ਸਬੰਧ ਨਹੁੰ-ਮਾਸ ਦਾ ਸਬੰਧ ਹੈ। ਸੂਰਜ ਤੇ ਤਪਸ਼ ਦਾ ਸਬੰਧ ਹੈ। ਫੇਰ ਕੀ ਤੂੰ ਭਲਾ ਦੱਸੇਂਗੀ ਕਿ ਮਾਤ ਭਾਸ਼ਾ ਹੁੰਦੀ ਕੀ ਹੈ?"

"ਹਾਂ-ਹਾਂ, ਮਾਤ ਭਾਸ਼ਾ ਉਹ ਭਾਸ਼ਾ ਹੈ ਜੋ ਬੱਚਾ ਆਪਣੀ ਮਾਂ ਤੋਂ ਸਿਖਦਾ ਤੇ ਗ੍ਰਹਿਣ ਕਰਦਾ ਹੈ।"

ਠੀਕ ਹੈ- ਕਦੀ ਇਸ ਤਰ੍ਹਾਂ ਸੀ ਪਰ ਹੁਣ ਪਰਿਭਾਸ਼ਾ ਬਦਲ ਗਈ ਹੈ। ਹੁਣ ਏਹਦਾ ਮਤਲਬ ਹੈ ਉਹ ਭਾਸ਼ਾ ਜੋ ਕੇਵਲ ਮਾਂ ਹੀ ਬੋਲਦੀ ਹੈ ਤੇ ਮਾਂ ਹੀ ਜਾਣਦੀ ਹੈ। ਬੱਚੇ ਦਾ ਇਹਦੇ ਨਾਲ ਕੋਈ ਸਰੋਕਾਰ ਨਹੀਂ, ਸੋ ਜੇ ਮਾਂ ਪ੍ਰੀਖਿਆ ਵਿਚ ਬੈਠੇ ਤਾਂ ਸ਼ਾਇਦ ਪਰਚਾ ਹੱਲ ਕਰ ਲਵੇ। ਬੱਚੇ ਲਈ ਤਾਂ ਇਹ ਫਾਰਸੀ-ਫਰਾਂਸੀਸੀ ਹੈ, ਨਾ ਉਸ ਨੇ ਮਾਂ-ਬੋਲੀ ਸੁਣੀ ਹੈ, ਨਾ ਸਿੱਖੀ ਹੈ। ਜੰਮਦੇ ਦੇ ਕੰਨੀਂ 'ਏ ਫਾਰ ਐਪਲ' ਦੀ ਧੁਨੀ ਗੂੰਜਦੀ ਹੈ। ਅੰਕਲ, ਆਂਟੀ ਵਰਗੇ ਸ਼ਬਦਾਂ ਨੇ ਸਾਰੇ ਰਿਸ਼ਤਿਆਂ ਦੀ ਫੱਟੀ ਪੋਚ ਕੇ ਰੱਖ ਦਿੱਤੀ ਹੈ। ਜੇ ਅਸੀਂ ਕਹੀਏ, ਬੇਟਾ! ਸਕੂਲ ਦਾ ਕੰਮ ਕਰ ਲੈ, ਅਸੀਂ ਤੈਨੂੰ ਚਾਰ ਲੱਡੂ ਦਿਆਂਗੇ ਤਾਂ ਬੱਚਾ ਆਪਣੀ ਮੰਮੀ ਨੂੰ ਭੌਰ ਭੌਰ ਹੋ ਕੇ ਪੁਛਦਾ ਹੈ, "ਵੱਟ ਡੂ ਯੂ ਮੀਨ ਬਾਈ ਚਾਰ? ਇਜ਼ ਇਟ ਥਰੀ ਆਰ ਫਾਈਵ, ਹਾਊ ਮੈਨੀ?" ਭਾਵ ਮੰਮੀ ਚਾਰ ਦਾ ਕੀ ਮਤਲਬ ਹੈ? ਗਿਣਤੀ ਵਿਚ ਕਿੰਨੇ? ਸੋ ਇਹ ਹਾਲ ਹੋਇਆ ਪਿਆ ਹੈ ਮਾਂ-ਬੋਲੀ ਦਾ।



ਬਾਕੀ ਇਹ ਵੀ ਤੇਰਾ ਭੁਲੇਖਾ ਹੈ ਕਿ ਠਾਣੇ ਵਿਚ ਚੋਰ ਬਦਮਾਸ਼ਾਂ ਦੇ ਜੁੰਡੇ ਪੁੱਟੇ ਜਾਂਦੇ ਹਨ। ਇਹ ਤਾਂ ਉਨ੍ਹਾਂ ਲਈ ਆਰਾਮਗਾਹਾਂ, ਐਸ਼ਗਾਹਾਂ ਤੇ ਪਨਾਹਗਾਹਾਂ ਹਨ। ਇਹ ਤਾਂ ਭਲੇਮਾਣਸਾਂ ਦੇ ਜੁੰਡੇ ਪੁੱਟਣ ਵਾਲੇ ਥਾਂ ਹਨ। ਚੋਰਾਂ-ਗੁੰਡਿਆਂ ਨਾਲ ਤਾਂ ਪੁਲਿਸ ਦੀ ਗੂੜ੍ਹੀ ਸਾਕੇਦਾਰੀ ਜੱਗ ਜ਼ਾਹਰ ਹੈ। ਸਗੋਂ ਭਰੋਸੇ ਨਾਲ ਕਿਹਾ ਜਾ ਸਕਦਾ ਹੈ ਕਿ ਦੋਵੇਂ ਧਿਰਾਂ ਘਿਓ ਖਿਚੜੀ ਵਾਂਗ ਹੁੰਦੀਆਂ ਹਨ। ਜਦੋਂ ਕੋਈ ਚੋਰ ਬਦਮਾਸ਼ ਭੁੱਲ-ਭੁਲੇਖੇ ਫੜਿਆ ਠਾਣੇ ਪਹੁੰਚ ਜਾਂਦਾ ਹੈ ਤਾਂ ਉਹਦੇ ਪਹੁੰਚਣ ਸਾਰ ਹੀ ਪਰਚੀ ਛੂਟ ਵੱਟ ਕੇ ਠਾਣੇ ਪਹੁੰਚਦੀ ਹੈ ਤੇ ਠਾਣੇਦਾਰ ਦੇ ਕੰਨ ਵਿਚ ਕਹਿੰਦੀ ਹੈ- ਇਹ ਮੇਰਾ ਮਿੱਤਰ ਹੈ, ਇਹਨੂੰ ਜਾਣ ਦਿਓ। ਅਗਲੇ ਉਹਨੂੰ ਮਾਸੀ ਦਾ ਪੁੱਤ ਸਮਝ ਕੇ ਤੱਤਾ ਠੰਡਾ ਛਕਾ ਕੇ, ਮਾਫੀ ਮੰਗ ਕੇ ਮਾਣ ਇੱਜ਼ਤ ਨਾਲ ਤੋਰ ਦਿੰਦੇ ਨੇ।

ਸੁਆਲ ਹੈ- ਪਰਚੀ ਕੌਣ ਭੇਜਦਾ ਹੈ? ਇਹ ਵੀ ਇਕ ਪਰਚਾ ਹੀ ਹੈ। ਚਲੋ, ਇਹ ਤੁਸੀਂ ਹੱਲ ਕਰਕੇ ਵਿਖਾਓ, ਵੇਖੀਏ ਕਿ ਤੁਸੀਂ ਕਿੰਨੇ ਕੁ ਨੰਬਰ ਲੈਂਦੇ ਹੋ। ਇੰਟੈਲੀਜੈਂਟ ਹੋ ਕਿ ਨਿਰੇ ਡਫਰ। ਮੁਆਫ ਕਰਨਾ ਜੇ ਤੁਸਾਂ ਵੀ ਸੱਜੇ-ਖੱਬੇ ਤੋਂ ਪਰਚੀਆਂ ਦੀ ਝਾਕ ਰੱਖੀ ਜਾਂ ਗਾਈਡਾਂ ਦੇ ਵਰਕੇ ਪਾੜੇ ਤਾਂ ਤੁਹਾਡੇ ਖਿਲਾਫ ਵੀ ਪਰਚਾ ਦਰਜ ਕੀਤਾ ਜਾਵੇਗਾ।

ਇਕ ਵਾਰ ਦਾ ਆਪਣਾ ਤਜਰਬਾ ਤੁਹਾਡੇ ਨਾਲ ਸਾਂਝਾ ਕਰਦਾ ਹਾਂ, ਸੁਣੋ ਵੀ ਤੇ ਜਿਹੜਾ ਪਰਚਾ ਤੁਹਾਨੂੰ ਪਾਇਆ ਹੈ, ਉਹਦਾ ਉਤਰ ਵੀ ਲਿਖੋ। ਸਾਨੂੰ ਇਕ ਵਾਰ ਕਿਸੇ ਪ੍ਰੀਖਿਆ ਕੇਂਦਰ ਦਾ ਨਿਰੀਖਕ ਲਗਾ ਦਿੱਤਾ ਗਿਆ। ਦਸਵੀਂ-ਬਾਰ੍ਹਵੀਂ ਦੀ ਪ੍ਰੀਖਿਆ ਚੱਲ ਰਹੀ ਸੀ ਜਦੋਂ ਅਸੀਂ ਪ੍ਰੀਖਿਆ ਹਾਲ ਦੇ ਦਰਵਾਜ਼ੇ ਵਿਚ ਖੜ੍ਹੇ ਵਿਦਿਆਰਥੀਆਂ ਉਤੇ ਨਿਗਾਹ ਟਿਕਾਈ ਉਨ੍ਹਾਂ ਨੂੰ ਵਾਚ ਰਹੇ ਸਾਂ ਤਾਂ ਦਰਵਾਜ਼ੇ ਮੁਹਰਿਉਂ ਇਕ ਲੜਕੇ ਦਾ ਡੈਡੀ (ਬਾਪੂ) ਜੋ ਉਸਤਾਦ ਵੀ ਸੀ ਤੇ ਚਲਦਾ ਪੁਰਜ਼ਾ ਲੀਡਰ ਵੀ- ਗੇੜੇ 'ਤੇ ਗੇੜਾ ਦਿੰਦਾ ਲੰਘਦਾ ਰਿਹਾ। ਜਦੋਂ ਵੀ ਸਾਡਾ ਧਿਆਨ ਉਧਰ ਜਾਂਦਾ ਉਹ 'ਸਤਿ ਸ੍ਰੀ ਅਕਾਲ' ਪੁਕਾਰਦਾ। ਹਾਰ ਕੇ ਕਹਿਣ ਲੱਗਾ, "ਜੀ! ਆਪਣਾ ਕਾਕਾ ਪ੍ਰੀਖਿਆ ਦੇ ਰਿਹਾ ਹੈ, ਉਹਦਾ ਜ਼ਰਾ ਧਿਆਨ ਰੱਖਣਾ, ਥੋੜ੍ਹਾ ਕਮਜ਼ੋਰ ਹੈ।"

ਅਸਾਂ ਸਿਰ ਹਿਲਾ ਕੇ ਖਹਿੜਾ ਛੁਡਾਇਆ। ਉਸ ਲੜਕੇ ਦੇ ਅਸੀਂ ਕੋਲ ਜਾ ਖਲੋਤੇ। ਕਮਜ਼ੋਰ ਤਾਂ ਉਹ ਨਹੀਂ ਸੀ ਸਗੋਂ ਨਿਰ ਫੁੱਟ ਬਾਲ ਹੀ ਸੀ। ਵੇਖਿਆ, ਉਸ ਨੇ ਤਾਂ ਇਕ ਹਰਫ ਤਕ ਵੀ ਨਹੀਂ ਲਿਖਿਆ। ਬਿਟਰ ਬਿਟਰ ਸੱਜੇ-ਖੱਬੇ ਝਾਕੀ ਜਾਂਦਾ ਸੀ, ਪਿਆਰੀ ਪਿਆਰੀ ਪਰਚੀ ਦੀ ਉਡੀਕ ਵਿਚ। ਅਸਾਂ ਕਿਹਾ, "ਕਾਕਾ! ਤੇਰੀ ਵੱਡੀ ਸਿਫਾਰਸ਼ ਆਈ ਹੈ। ਅਸਾਂ ਤੇਰਾ ਖਿਆਲ ਰੱਖਣਾ ਹੈ। ਦੱਸ ਤੈਨੂੰ ਚਾਹ ਮੰਗਵਾ ਕੇ ਦੇਈਏ ਕਿ ਠੰਢਾ?"

ਲੜਕਾ ਸ਼ਰਮਿੰਦਾ ਜਿਹਾ ਹੋ ਕੇ ਕਹਿਣ ਲੱਗਾ, "ਅੰਕਲ ਪਰਚਾ ਮੁਸ਼ਕਲ ਏ, ਇਹਦਾ ਕੋਈ...।"

ਅਸਾਂ ਕਿਹਾ, "ਮੂਰਖਾ ਪਰਚੇ ਨੂੰ ਮੋਏ ਪੜ੍ਹਦੇ ਨੇ। ਉਥੇ ਸਭ ਗਿੱਠਾਂ ਮਿਣ ਮਿਣ ਕੇ ਨੰਬਰ ਲਾਉਂਦੇ ਨੇ। ਤੂੰ ਆਹ ਜੋ ਤੈਨੂੰ ਪ੍ਰਸ਼ਨ ਪੱਤਰ ਦਿੱਤਾ ਹੈ, ਇਸ ਨੂੰ ਖੁੱਲ੍ਹਾ-ਖੁੱਲ੍ਹਾ ਕਰਕੇ ਪੂਰੇ ਦਾ ਪੂਰਾ ਛਾਪ ਦੇ। ਮੁੰਡੇ ਨੇ ਹੌਲੀ-ਹੌਲੀ ਅੱਖਰ ਅੱਖਰ ਪ੍ਰਸ਼ਨ ਪੱਤਰ ਬੇਢੰਗੇ ਜਿਹੇ ਢੰਗ ਨਾਲ, ਜਿਵੇਂ ਕੱਚੀ ਪੱਕੀ ਦੇ ਜੁਆਕ ਦੀ ਲਿਖਾਈ ਹੋਵੇ, ਸਾਰਾ ਹੀ ਛਾਪ ਦਿੱਤਾ। ਸਮਾਂ ਮੁੱਕੇ ਤੇ ਜਦੋਂ ਉਹ ਪ੍ਰੀਖਿਆ ਹਾਲ 'ਚੋਂ ਬਾਹਰ ਨਿਕਲਿਆ ਤਾਂ ਖੁਸ਼ੀ ਨਾਲ ਇਉਂ ਉਛਲ ਰਿਹਾ ਸੀ, ਜਿਵੇਂ ਹਾਕੀ ਦਾ ਗੋਲਡ ਕੱਪ ਜਿੱਤਣ ਵਾਲੀ ਟੀਮ ਦਾ ਕੈਪਟਨ ਹੋਵੇ। ਆਪਣੇ ਸਾਥੀਆਂ ਤੇ ਆਪਣੇ ਬਾਪੂ ਨੂੰ ਕਹਿ ਰਿਹਾ ਸੀ, "ਸਰ ਜੀ ਨੇ ਬੜੀ ਮਦਦ ਕੀਤੀ। ਮੈਂ ਤਾਂ ਪਰਚਾ ਪੂਰੀ ਤਰ੍ਹਾਂ ਗੱਡ ਆਇਆਂ, ਗੱਡ। ਆਪਾਂ ਤੇ ਵੱਟ 'ਤੇ ਪਾਸ ਆਂ।"

ਬਥੇਰੇ ਵਿਦਿਆਰਥੀ ਅਜਿਹੇ ਹਨ ਜੋ ਜੇਬ ਵਿਚ ਤੁੰਨੀਆਂ ਪਰਚੀਆਂ ਕਢਦੇ ਸਮੇਂ ਬਿਜਲੀ ਦਾ ਬਿਲ ਵੀ ਪਰਚੇ ਵਿਚ ਛਾਪ ਆਉਂਦੇ ਨੇ। ਵਿਗਿਆਨ ਦੇ ਪਰਚੇ ਵਿਚ ਰਾਮਾਇਣ ਦੀ ਸਟੋਰੀ ਲਿਖ ਆਉਂਦੇ ਨੇ। ਗੁਰੂ ਨਾਨਕ ਨੂੰ ਵਲਾਇਤ ਵਿਚ ਬੈਰਿਸਟਰੀ ਦੀ ਪੜ੍ਹਾਈ ਕਰਨ ਲਈ ਤੋਰ ਦਿੰਦੇ ਨੇ। ਮੇਰਾ ਵਿਚਾਰ ਹੈ ਕਿ ਜਦੋਂ ਤਕ ਪੜ੍ਹਾਈ ਰਹੇਗੀ, ਪ੍ਰੀਖਿਆ ਰਹੇਗੀ, ਪਰਚੇ ਰਹਿਣਗੇ, ਨਾਲ ਪਰਚੀਆਂ ਵੀ ਜ਼ਰੂਰ ਰਹਿਣਗੀਆਂ। 'ਪਰਚਾ ਪਰਚੀ ਜ਼ਿੰਦਾਬਾਦ' ਰਹੇਗੀ। ਸਰਕਾਰ ਨੂੰ ਚਾਹੀਦੈ ਕਿ ਅੱਜ-ਕਲ੍ਹ ਦੇ ਨੌਜਵਾਨਾਂ ਨੂੰ ਪਰਚੀ ਟੈਕਨੀਕ ਵਿਚ ਮਾਹਿਰ ਬਣਾਉਣ ਲਈ ਇੰਸਟੀਚਿਊਟ ਆਫ ਪਰਚੀ ਟੈਕਨਾਲੋਜੀ ਖੋਲ੍ਹੇ। ਇਸ ਸਮੇਂ ਪ੍ਰੀਖਿਆਰਥੀਆਂ ਨੂੰ ਪਰਚੀਆਂ ਤਿਆਰ ਕਰਦੇ ਸਮੇਂ ਬਹੁਤ ਦਿੱਕਤਾਂ ਆ ਰਹੀਆਂ ਹਨ। ਕੰਪਿਊਟਰ ਦਾ ਯੁੱਗ ਹੋਵੇ ਤੇ ਉਹ ਵਿਚਾਰੇ ਹੱਥੀ ਪਰਚੀਆਂ ਲਿਖਦੇ ਟੱਕਰਾਂ ਮਾਰਨ। ਪਰਚੀ ਕਿਵੇਂ ਤਿਆਰ ਕੀਤੀ ਜਾਵੇ? ਕਿਵੇਂ ਛੁਪਾਈ ਜਾਵੇ? ਕਿਵੇਂ ਕੱਢੀ ਤੇ ਵਰਤੀ ਜਾਵੇ? ਕਿਵੇਂ ਲੁਕਾਈ ਜਾਵੇ? ਕਿਵੇਂ ਬਿਲੇ-ਟਿਕਾਣੇ ਲਗਾਈ ਜਾਵੇ? ਇਸ ਦੀ ਕਲਾ ਜ਼ਰੂਰ ਸਿਖਾਈ ਜਾਵੇ ਤੇ ਦੇਸ਼ ਦੀ ਕਿਸਮਤ ਘੜੀ-ਘੜਾਈ ਜਾਵੇ। ਇਹ ਅੱਜ ਦੇ ਸਮੇਂ ਦੀ ਮੰਗ ਹੈ।

# ਇਰਾਨੀ ਅਦਾਕਾਰਾ ਫਰਹਾਨੀ ਬਣੇਗੀ ਅਨੂਪ ਦੀ ਨਾਇਕਾ



ਕੀਰਤ ਕਾਸ਼ਣੀ

ਪੰਜਾਬੀ ਫਿਲਮ 'ਕਿੱਸਾ' ਤੋਂ ਬਾਅਦ ਫਿਲਮਸਾਜ਼ ਅਨੂਪ ਸਿੰਘ ਨੇ ਨਵੀਂ ਫਿਲਮ ਦਾ ਐਲਾਨ ਕਰ ਦਿੱਤਾ ਹੈ। ਇਸ ਫਿਲਮ ਵਿਚ ਉਹ ਖ਼ੂਬਸੂਰਤ ਇਰਾਨੀ ਅਦਾਕਾਰਾ ਗਲਸ਼ਿਫ਼ਤਹਿ ਫਰਹਾਨੀ ਨੂੰ ਲੈ ਰਿਹਾ ਹੈ। ਇਸ ਵਿਚ 'ਕਿੱਸਾ' ਵਿਚ ਕਿਰਦਾਰ ਨਿਭਾਉਣ ਵਾਲੇ ਅਦਾਕਾਰ ਇਰਫ਼ਾਨ ਖ਼ਾਨ ਨੂੰ ਵੀ ਲਿਆ ਗਿਆ ਹੈ। ਅਨੂਪ ਸਿੰਘ ਦਾ ਕਹਿਣਾ ਹੈ ਕਿ 'ਕਿੱਸਾ' ਫਿਲਮ ਬਣਾਉਣ ਵਿਚ ਭਾਵੇਂ 12 ਸਾਲ ਲੱਗ ਗਏ ਪਰ ਫਿਲਮ ਦੀ ਸਫਲਤਾ ਨਾਲ ਫਾਈਨਾਂਸਰਾਂ ਦੀ ਮੁਸ਼ਕਿਲ ਕੱਟੀ ਗਈ ਹੈ, ਹੁਣ ਅਗਲੀ ਫਿਲਮ ਉਹ 12 ਮਹੀਨਿਆਂ ਵਿਚ ਪੂਰੀ ਕਰੇਗਾ। ਇਹ ਫਿਲਮ ਅਕਤੂਬਰ ਵਿਚ ਸ਼ੁਰੂ ਹੋ ਰਹੀ ਹੈ। ਅਨੂਪ ਸਿੰਘ ਮੁਤਾਬਕ, "ਫਿਲਮ 'ਕਿੱਸਾ' ਇਕ ਫਿਲਮ ਮੇਲੇ ਵਿਚ ਦੇਖਣ ਤੋਂ ਬਾਅਦ ਗਲਸ਼ਿਫ਼ਤਹਿ ਖ਼ੁਦ ਉਹਦੇ ਕੋਲ ਆਈ, ਮੈਨੂੰ ਤੇ ਇਰਫਾਨ ਖਾਨ ਨੂੰ ਵਧੀਆ ਫਿਲਮ ਬਣਾਉਣ ਦੀਆਂ ਸ਼ੁਭ-ਕਾਮਨਾਵਾਂ ਦਿੱਤੀਆਂ ਤੇ ਨਾਲ ਹੀ ਬੋਲੀ, ਜੇ ਮੌਕਾ ਮਿਲਿਆ ਤਾਂ ਮੈਂ ਤੁਹਾਡੀ ਅਗਲੀ ਫਿਲਮ ਵਿਚ ਕੰਮ ਕਰਨਾ ਚਹਾਂਗੀ।" ਅਨੂਪ ਸਿੰਘ ਨੇ ਦੱਸਿਆ ਕਿ ਫਰਹਾਨੀ ਦੀ ਦਿੱਖ ਉਹਨੂੰ ਰਾਜਸਥਾਨੀ ਕੁੜੀ ਵਰਗੀ ਲੱਗੀ। ਉਹਦੀ ਫਿਲਮ ਕਿਉਂਕਿ ਰਾਜਸਥਾਨ 'ਤੇ ਹੀ ਆਧਾਰਤ ਹੈ, ਇਸ ਲਈ ਫੈਸਲਾ ਹੋ ਗਿਆ ਕਿ ਫਿਲਮ ਦੀ ਹੀਰੋਇਨ ਫਰਹਾਨੀ ਹੀ ਹੋਵੇਗੀ। ਫਰਹਾਨੀ ਨੂੰ ਫਿਲਮ ਦੀ ਸਕਰਿਪਟ ਸੁਣਾਈ, ਉਹਨੇ ਤੁਰੰਤ 'ਹਾਂ' ਕਰ ਦਿੱਤੀ।

ਫਰਹਾਨੀ ਦਾ ਜਨਮ 10 ਜੁਲਾਈ 1983 ਨੂੰ ਇਰਾਨ ਵਿਚ ਹੋਇਆ ਸੀ। ਉਹ ਅਦਾਕਾਰਾ ਤੋਂ ਇਲਾਵਾ ਸੰਗੀਤਕਾਰ ਅਤੇ ਗਾਇਕਾ ਵੀ ਹੈ। ਅੱਜ ਕੱਲ੍ਹ ਉਹ ਫਰਾਂਸ ਦੇ ਸ਼ਹਿਰ ਪੈਰਿਸ ਵਿਚ ਵਸਦੀ ਹੈ। ਉਹਦੇ ਪਿਤਾ ਬਹਿਜ਼ਾਦ ਫਰਹਾਨੀ ਇਰਾਨ ਦੇ ਪ੍ਰਸਿੱਧ ਅਦਾਕਾਰ ਤੇ ਰੰਗਕਰਮੀ ਹਨ। ਉਹਦੀ ਵੱਡੀ ਭੈਣ ਸ਼ਗਾਈ ਫਰਹਾਨੀ ਵੀ ਅਦਾਕਾਰਾ ਹੈ। ਗਲਸ਼ਿਫ਼ਤਹਿ ਫਰਹਾਨੀ ਉਦੋਂ ਮਸਾਂ ਪੰਜ ਵਰ੍ਹਿਆਂ ਦੀ ਸੀ ਜਦੋਂ ਉਹਨੇ ਸੰਗੀਤ ਦੀ ਸਿਖਲਾਈ ਸ਼ੁਰੂ ਕਰ ਦਿੱਤੀ ਸੀ। ਹੁਣ ਤੱਕ ਉਹ 25 ਤੋਂ ਵਧੇਰੇ ਫਿਲਮਾਂ ਵਿਚ ਕੰਮ ਕਰ ਚੁੱਕੀ ਹੈ ਅਤੇ ਉਹਨੂੰ ਕਈ ਵੱਕਾਰੀ ਇਨਾਮਾਂ ਨਾਲ ਸਨਮਾਨਤ ਕੀਤਾ ਜਾ ਚੁੱਕਾ ਹੈ। ਹਾਲ ਹੀ ਵਿਚ ਉਹ ਇਕ ਵਿਵਾਦ ਵਿਚ ਵੀ ਘਿਰ ਗਈ ਸੀ। ਇਕ ਪਰਚੇ ਲਈ ਖਿਚਵਾਈ ਨਿਊਡ ਫੋਟੋ ਕਰ ਕੇ ਉਸ ਬਾਰੇ ਬੜੀ ਚਰਚਾ ਛਿੜੀ ਅਤੇ ਇਰਾਨ ਸਰਕਾਰ ਨੇ ਉਸ ਦੇ ਦੇਸ਼ ਵਿਚ ਦਾਖ਼ਲੇ ਉਤੇ ਤੁਰੰਤ ਪਾਬੰਦੀ ਲਾ ਦਿੱਤੀ। ਇਸ ਤੋਂ ਪਹਿਲਾਂ 2012 ਵਿਚ ਵੀ ਉਹ ਨਿਊਡ ਫੋਟੋ ਕਰ ਕੇ ਚਰਚਾ ਵਿਚ ਆਈ ਸੀ। ਫਰਹਾਨੀ ਦੀ ਪਹਿਲੀ ਫਿਲਮ 'ਦਰਖਤ-ਏ-ਗੁਲਾਬੀ' 1997 ਵਿਚ ਆਈ ਸੀ। ਇਹ ਫਿਲਮ ਸ਼ਿਕਾਗੋ ਫਿਲਮ ਮੇਲੇ ਵਿਚ ਸਰਵੋਤਮ ਫਿਲਮ ਚੁਣੀ ਗਈ ਅਤੇ ਫਰਹਾਨੀ ਨੂੰ ਇਸ ਫਿਲਮ ਲਈ ਫਜਰ ਫਿਲਮ ਮੇਲੇ ਦਾ ਸਰਵੋਤਮ ਅਦਾਕਾਰਾ ਦਾ ਪੁਰਸਕਾਰ ਮਿਲਿਆ ਸੀ। ਪਹਿਲੀ ਹੀ ਫਿਲਮ ਵਿਚ ਸਭ ਉਸ ਦੀ ਅਦਾਕਾਰੀ ਤੋਂ ਦੰਗ ਰਹਿ ਗਏ ਸਨ। ਉਸ ਵੇਲੇ ਉਹਦੀ ਉਮਰ ਸਿਰਫ 14 ਸਾਲਾਂ ਦੀ ਸੀ। ਇਸ ਤੋਂ ਬਾਅਦ ਉਹ ਵੱਖ-ਵੱਖ ਫਿਲਮਾਂ ਵਿਚ ਆਪਣੀ ਅਦਾਕਾਰੀ ਦੇ ਝੰਡੇ ਗੱਡਦੀ ਚਲੀ ਗਈ।





*ਇਰਾਨੀ ਅਦਾਕਾਰਾ ਗਲਸ਼ਿਫਤਹਿ ਫਰਹਾਨੀ ਦੇ ਵੱਖ-ਵੱਖ ਅੰਦਾਜ਼ ਜੋ ਪੰਜਾਬੀ ਫਿਲਮ 'ਕਿੱਸਾ' ਫੇਮ ਫਿਲਮਸਾਜ਼ ਅਨੂਪ ਸਿੰਘ ਨਾਲ ਫਿਲਮ ਕਰ ਰਹੀ ਹੈ*



## ਕੰਗਨਾ ਕਹੇਗੀ ਇਕ ਹੋਰ ਕਹਾਣੀ

ਸੋਹਣੀ-ਸੁਨੱਖੀ ਅਦਾਕਾਰਾ ਕੰਗਨਾ ਰਾਣਾਵਤ ਇਨ੍ਹੀਂ ਦਿਨੀਂ ਚੜ੍ਹਦੀਆਂ ਕਲਾਂ ਵਿਚ ਹੈ। 'ਕੁਈਨ' ਵਰਗੀ ਜਾਨਦਾਰ ਫਿਲਮ ਨਾਲ ਉਹ ਪਹਿਲੀ ਕਤਾਰ ਦੀਆਂ ਨਾਇਕਾਵਾਂ ਵਿਚ ਆ ਗਈ ਹੈ। ਹੁਣ ਉਹ ਕਈ ਨਵੇਂ ਪ੍ਰਾਜੈਕਟਾਂ ਵਿਚ ਰੁਝੀ ਹੋਈ ਹੈ। ਸਨੀ ਦਿਓਲ ਨਾਲ ਉਸ ਦੀ ਕਾਮੇਡੀ ਫਿਲਮ 'ਆਈ ਲਿਵ ਨਿਊ ਯੀਅਰ' ਰਿਲੀਜ਼ ਹੋਣ ਲਈ ਤਿਆਰ ਹੈ। ਹਿੱਟ ਫਿਲਮ 'ਤਨੂ ਵੈਡਸ ਮਨੂ' ਦੀ ਸੀਕੁਅਲ 'ਤਨੂ ਵੈਡਸ ਮਨੂ ਰਿਟਰਨਜ਼' ਦੀ ਸ਼ੂਟਿੰਗ ਜ਼ੋਰ-ਸ਼ੋਰ ਨਾਲ ਚੱਲ ਰਹੀ ਹੈ। ਫਿਲਮਸਾਜ਼ ਨਿਖਿਲ ਅਡਵਾਨੀ ਨਾਲ ਵੀ ਇਕ ਫਿਲਮ ਕਰ ਰਹੀ ਹੈ। ਇਸ ਫਿਲਮ ਵਿਚ ਉਸ ਦਾ ਸਕਰੀਨ ਹੀਰੋ ਇਮਰਾਮ ਖ਼ਾਨ ਹੈ। ਪ੍ਰਸਿੱਧ ਅਦਾਕਾਰ ਇਰਫਾਨ ਖਾਨ ਨਾਲ ਉਹ 'ਡਿਵਾਈਨ ਲਵਰਜ਼' ਫਿਲਮ ਕਰ ਰਹੀ ਹੈ। ਇਸ ਤੋਂ ਇਲਾਵਾ ਹੁਣੇ-ਹੁਣੇ 'ਕਹਾਨੀ' ਫਿਲਮ ਵਾਲੇ ਫਿਲਮਸਾਜ਼ ਸੰਜੇ ਘੋਸ਼ ਨੇ ਉਸ ਨੂੰ ਆਪਣੀ ਨਵੀਂ ਫਿਲਮ ਲਈ ਸੈਫ ਅਲੀ ਖ਼ਾਨ ਨਾਲ ਸਾਈਨ ਕੀਤਾ ਹੈ। ਇਹ ਫਿਲਮ ਇਕ ਪ੍ਰਸਿੱਧ ਜਪਾਨੀ ਨਾਵਲ ਉਤੇ ਆਧਾਰਤ ਹੈ। ਇਹੀ ਨਹੀਂ, ਕੰਗਨਾ ਰਾਣਾਵਤ ਖ਼ੁਦ ਦਸਤਾਵੇਜ਼ੀ ਫਿਲਮ 'ਦਿ ਟੱਚ' ਵੀ ਬਣਾ ਰਹੀ ਹੈ। ਇਹ ਫਿਲਮ ਚਾਰ ਸਾਲ ਦੇ ਬੱਚੇ ਅਤੇ ਕਤੂਰੇ ਦੀ ਬੜੀ ਭਾਵੁਕ ਕਹਾਣੀ 'ਤੇ ਆਧਾਰਤ ਹੈ। ਇਸ ਫਿਲਮ ਦੀ ਨਿਰਮਾਤਾ ਅਤੇ ਨਿਰਦੇਸ਼ਕ ਖ਼ੁਦ ਕੰਗਨਾ ਹੀ ਹੈ। ਉਹ ਹਿੱਟ ਫਿਲਮਸਾਜ਼ ਹੰਸਲ ਮਹਿਤਾ ਨਾਲ ਵੀ ਇਕ ਫਿਲਮ ਕਰ ਰਹੀ ਹੈ। ਯਾਦ ਰਹੇ, ਕੰਗਨਾ ਰਾਣਾਵਤ ਮੁੱਢ ਤੋਂ ਹੀ ਫਿਲਮਾਂ ਦੀ ਚੋਣ ਬਾਰੇ ਬੜੀ ਚੇਤੰਨ ਰਹੀ ਹੈ। ਫਿਲਮਾਂ ਦੀ ਗਿਣਤੀ ਦੀ ਥਾਂ ਉਹ ਮਿਆਰ ਨੂੰ ਫਿਲਮ ਦਿੰਦੀ ਆਈ ਹੈ।

## ਅਦਾਕਾਰੀ ਦਾ ਨਵਾਬ

## ਨਵਾਜ਼ੂਦੀਨ ਸਿੱਦੀਕੀ

ਫਿਲਮ 'ਬਦਲਾਪੁਰ' ਵਿਚ ਦਮਦਾਰ ਕਿਰਦਾਰ ਨਿਭਾ ਕੇ 'ਕਾਲਾ-ਕਲੂਟਾ' ਨਵਾਜ਼ੂਦੀਨ ਸਿੱਦੀਕੀ ਛਾਅ ਗਿਆ ਹੈ। ਉਹਦੀ ਅਦਾਕਾਰੀ ਦਾ ਲੋਹਾ ਤਾਂ ਫਿਲਮ ਜਗਤ ਦੇ ਲੋਕ ਅਤੇ ਦਰਸ਼ਕ ਪਹਿਲਾਂ ਹੀ ਮੰਨ ਚੁੱਕੇ ਸਨ ਪਰ 'ਬਦਲਾਪੁਰ' ਵਿਚ ਉਸ ਨੇ ਜਿਹੜਾ ਕਿਰਦਾਰ ਨਿਭਾਇਆ ਹੈ, ਉਸ ਦੀ ਬੱਲੇ-ਬੱਲੇ ਹੋ ਗਈ ਹੈ। ਇਸ ਕਿਰਦਾਰ ਕਰ ਕੇ ਉਹਦੀ ਇੰਨੀ ਜ਼ਿਆਦਾ ਤਾਰੀਫ ਹੋਈ ਹੈ ਕਿ ਇਸ ਫਿਲਮ ਦਾ ਅਸਲ ਹੀਰੋ ਵਰੁਨ ਧਵਨ ਵੀ ਬਹੁਤ ਪਿਛਾਂਹ ਰਹਿ ਗਿਆ ਹੈ।

ਨਵਾਜ਼ੂਦੀਨ ਖ਼ੁਦ ਨੂੰ ਕਾਲਾ-ਕਲੂਟਾ ਹੀ ਆਖਦਾ ਹੈ ਅਤੇ ਕਹਿੰਦਾ ਹੈ ਕਿ ਉਸ ਦੀ ਸ਼ਕਲ ਸੂਰਤ ਦੇ ਹਿਸਾਬ ਨਾਲ ਫਿਲਮ ਦੁਨੀਆਂ ਵਿਚ ਮੁਕਾਮ ਹਾਸਲ ਕਰਨ ਵਿਚ ਉਸ ਨੂੰ ਬੜੀ ਦਿੱਕਤ ਆਉਣੀ ਸੀ ਪਰ ਆਪਣੀ ਅਦਾਕਾਰੀ ਕਰ ਕੇ ਉਹ ਹਰ ਮੁਸ਼ਕਿਲ ਨੂੰ ਪਾਰ ਕਰ ਗਿਆ। ਨਵਾਜ਼ ਉਤਰ ਪ੍ਰਦੇਸ਼ ਦੇ ਮੁਜ਼ੱਫ਼ਰਨਗਰ ਜ਼ਿਲ੍ਹੇ ਦੇ ਛੋਟੇ ਜਿਹੇ ਪਿੰਡ ਬੁਢਾਣਾ ਵਿਚ 19 ਮਈ 1974 ਨੂੰ ਇਕ ਕਿਸਾਨ ਪਰਿਵਾਰ ਵਿਚ ਜਨਮਿਆ ਸੀ। ਉਹਨੇ ਹਰਦੁਆਰ ਤੋਂ ਗ੍ਰੈਜੂਏਸ਼ਨ ਕੀਤੀ ਅਤੇ ਕੁਝ ਸਮੇਂ ਲਈ ਇਕ ਪੈਟਰੋ-ਕੈਮੀਕਲ ਕੰਪਨੀ ਵਿਚ ਬਤੌਰ ਕੈਮਿਸਟ ਨੌਕਰੀ ਕੀਤੀ ਪਰ ਛੇਤੀ ਹੀ ਉਹ ਇਸ ਕੰਮ ਧੰਦੇ ਤੋਂ ਅੱਕ ਗਿਆ ਅਤੇ ਦਿੱਲੀ ਜਾ ਪੁੱਜਾ। ਦਿੱਲੀ ਪੁੱਜ ਕੇ ਉਹਨੂੰ ਪਹਿਲਾਂ ਪਹਿਲ ਚੌਕੀਦਾਰ ਦੀ ਨੌਕਰੀ ਮਿਲੀ। ਫਿਰ ਉਹ ਇਕ ਥਿਏਟਰ ਗਰੁਪ ਨਾਲ ਚੌਕੀਦਾਰ ਲੱਗ ਗਿਆ ਪਰ ਉਥੇ ਇਹ ਚੌਕੀਦਾਰੀ ਵੱਖਰੀ ਕਿਸਮ ਦੀ ਹੋ ਗਈ। ਇਸ ਚੌਕੀਦਾਰੀ ਦੇ ਨਾਲ-ਨਾਲ ਉਹਨੂੰ ਉਥੇ ਨਾਟਕ




ਦੇਖਣ ਦਾ ਮੌਕਾ ਮਿਲਿਆ। ਨਾਟਕਾਂ ਵਿਚ ਉਹਦੀ ਰੁਚੀ ਅਤੇ ਲਗਨ ਇੰਨੀ ਜ਼ਿਆਦਾ ਵਧ ਗਈ ਕਿ ਅਗਾਂਹ ਜਾ ਕੇ ਉਹਨੇ ਦਿੱਲੀ ਦੀ ਪ੍ਰਸਿੱਧ ਸੰਸਥਾ ਨੈਸ਼ਨਲ ਸਕੂਲ ਆਫ ਡਰਾਮਾ (ਐਨ.ਐਸ.ਡੀ.) ਤੋਂ ਗ੍ਰੈਜੂਏਸ਼ਨ (1996 ਵਿਚ) ਵੀ ਕਰ ਲਈ। 2004 ਵਿਚ ਉਹ ਮੁੰਬਈ ਚਲਾ ਗਿਆ। ਇਹ ਉਹਦੇ ਲਈ ਬਹੁਤ ਔਖ ਭਰੇ ਦਿਨ ਸਨ। ਉਸ ਕੋਲ ਕਮਰੇ ਦਾ ਕਿਰਾਇਆ ਦੇਣ ਜੋਗੇ ਪੈਸੇ ਵੀ ਨਹੀਂ ਸਨ ਹੁੰਦੇ। ਐਨ.ਐਸ.ਡੀ. ਦੇ ਆਪਣੇ ਇਕ ਸੀਨੀਅਰ ਨਾਲ ਉਹ ਉਹਦੇ ਕਮਰੇ ਵਿਚ ਰਿਹਾ ਅਤੇ ਨਵਾਜ਼ ਨੇ ਉਹਦੇ ਲਈ ਰੋਟੀਆਂ ਵੀ ਪਕਾਈਆਂ।

1999 ਵਿਚ ਉਹਨੂੰ ਆਮਿਰ ਖ਼ਾਨ ਦੀ ਫਿਲਮ 'ਸਰਫ਼ਰੋਸ਼' ਵਿਚ ਨਿੱਕਾ ਜਿਹਾ ਰੋਲ ਮਿਲਿਆ। ਇਸ ਤੋਂ ਬਾਅਦ ਉਹ ਕਾਫੀ ਦੇਰ ਫਿਲਮੀ ਹਸਤੀਆਂ ਕੋਲ ਚੱਕਰ ਕੱਢਦਾ ਰਿਹਾ। ਫਿਰ ਕਿਤੇ 2003 ਵਿਚ ਜਾ ਕੇ ਉਹਨੂੰ ਫਿਲਮ 'ਦਿ ਬਾਈਪਾਸ' ਮਿਲੀ ਜਿਸ ਵਿਚ ਇਰਫਾਨ ਖ਼ਾਨ ਦਾ ਲੀਡ ਰੋਲ ਸੀ। ਇਨ੍ਹਾਂ ਦਿਨੀਂ ਉਹ ਐਕਟਿੰਗ ਵਰਕਸ਼ਾਪਾਂ ਲਾ ਕੇ ਗੁਜ਼ਾਰਾ ਕਰ ਰਿਹਾ ਸੀ। 2004 ਵਿਚ ਫਿਲਮਸਾਜ਼ ਅਨੁਰਾਗ ਕਸ਼ਿਅਪ ਦੀ ਫਿਲਮ 'ਬਲੈਕ ਫਰਾਈਡੇ' ਵਿਚ ਉਹਨੇ ਬੜਾ ਜ਼ੋਰਦਾਰ ਰੋਲ ਨਿਭਾਇਆ। ਫਿਰ 'ਪਤੰਗ' ਵਿਚ ਉਹਨੂੰ ਮੁੱਖ ਰੋਲ ਮਿਲਿਆ। ਇਸ ਤੋਂ ਬਾਅਦ ਤਾਂ ਫਿਰ ਚੱਲ ਸੋ ਚੱਲ! ਉਹਨੂੰ 'ਨਿਊ ਯਾਰਕ', 'ਪੀਪਲੀ ਲਾਈਵ', 'ਕਹਾਨੀ, 'ਗੈਂਗਜ਼ ਆਫ ਵਾਸੇਪੁਰ' ਵਰਗੀਆਂ ਫਿਲਮਾਂ ਮਿਲੀਆਂ। ਹੁਣ ਉਹ 'ਬਜਰੰਗੀ ਭਾਈਜਾਨ', 'ਫਰਜ਼ੀ' ਅਤੇ 'ਰਈਸ' ਫਿਲਮਾਂ ਵਿਚ ਕੰਮ ਕਰ ਰਿਹਾ ਹੈ।


SAVE $99
Regular Pay-Per-View Price $99.99
LIMITED-TIME OFFER
ICC CRICKET WORLD CUP 2015
AN ESPN PRODUCTION
GET DISH AND ADD LIVE CRICKET FOR ONLY 99 CENTS.
Now - March 28
Requires 24-month commitment, credit qualification and subscription to qualifying International and/or American programming. New customers only.
Chak de phatte! Follow all the remaining matches and cheer Team India! Sign up for the Punjabi Mega Pack and any America's Top package to take advantage of this amazing offer. Must mention Offer Code CRICKET99.
Punjabi Mega Pack
$24.99 mo
America's Top 120
$59.99 mo Everyday Price
$29.99 mo for 12 months
LOCAL CHANNELS
Enjoy these FAVORITES, plus more
Requires 24-month commitment and credit qualification.
MOST CRICKET ANYWHERE
THE WORLD'S BEST CRICKET IS ON DISH!
Enjoy non-stop cricket action on Willow HD, included in the Punjabi Mega Pack.
Requires 24-month commitment, credit qualification, Hopper receiver and qualifying American programming starting at $29.99/mo. for 12 months and World Pack for $5/mo.
LIMITED-TIME OFFER
ORDER NOW!
1-888-926-3488
MUST MENTION OFFER CODE AT TIME OF ORDER
CRICKET99
Cannot be combined with other Offer Codes
dish
All matches are subject to delays and/or cancellations and such matches may not be replayed or replaced.
Most cricket anywhere claim based on remote viewing capabilities available with major TV providers as of 12/01/14.
International programming requires additional $10/mo International Basic package or any America's Top package.
Important Terms and Conditions: ICC Cricket World Cup for 99 Cents Offer: The cost of the Pay-Per-View is $99.99. By providing Offer Code CRICKET99 you will receive an immediate credit of $99. In some cases it may take up to 36 hours for the Pay-Per-View to become available. Promotional Offers: Must provide Promotional Code at time of order. All prices, fees, charges, packages, programming, features, functionality and offers subject to change without notice. After any applicable promotional period, then-current everyday monthly price applies and is subject to change. ETF: If you cancel service during first 24 months, early termination fee of $20 for each month remaining applies.
Additional Requirements: Hopper: Monthly fees: Hopper, $12; Joey, $7; Super Joey, $10. Watching live and recorded TV anywhere requires an Internet-connected, Sling-enabled DVR and compatible mobile device. Installation/ Equipment Requirements: A second dish antenna may be required to view both International and American programming. Free Standard Professional Installation only. Leased equipment must be returned to DISH upon cancellation or unreturned equipment fees apply. Upfront and additional monthly fees may apply. Miscellaneous: Offers available for new and qualified former customers only, and subject to terms of applicable Promotional and Residential Customer agreements. State reimbursement charges may apply. Additional restrictions and taxes may apply. Offer ends 3/30/15.
© 2015 DISH Network L.L.C. All rights reserved. ESPN is a registered trademark of ESPN, Inc.
3488-0182-WorldCup-February